

Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at low Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty First Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 48, November 28, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਮੋਦੀ ਹਕੂਮਤ ਕਿਸਾਨਾਂ ਨਾਲ ਟਕਰਾਅ ਦੇ ਰਾਹ

**ਚੰਡੀਗੜ੍ਹ:** ਪੰਜਾਬ ਦੀ ਹੋਂਦ ਲਈ ਖਤਰਾ ਬਣੇ ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਸੂਬੇ ਦੀਆਂ ਸਮੂਹ ਕਿਸਾਨ ਧਿਰਾਂ ਵੱਲੋਂ ਪਿਛਲੇ ਪੌਣੇ ਦੋ ਮਹੀਨਿਆਂ ਤੋਂ ਵਿੱਢਿਆ ਸੰਘਰਸ਼ ਹੁਣ ਕੇਂਦਰ ਸਰਕਾਰ ਦੀ ਅੜੀ ਕਾਰਨ ਟਕਰਾਅ ਵਾਲੇ ਰਾਹ ਤੁਰ ਪਿਆ ਹੈ। ਇਕ ਪਾਸੇ ਕਿਸਾਨਾਂ ਨੂੰ 4 ਦਸੰਬਰ ਨੂੰ ਗੱਲਬਾਤ ਦਾ ਸੱਦਾ ਦੇ ਕੇ ਦੂਜੇ ਪਾਸੇ ਹਰਿਆਣਾ ਵਿਚ ਧੜਾ ਧੜਾ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਤੋਂ ਤੈਅ ਹੋ ਗਿਆ ਹੈ ਕਿ ਹੁਣ ਮੋਦੀ ਸਰਕਾਰ ਗੱਲਬਾਤ ਨਾਲ ਮਸਲੇ ਦੇ ਹੱਲ ਦੀ ਥਾਂ ਟਕਰਾਅ ਵਾਲੇ ਰਾਹ ਨੂੰ ਪਹਿਲ ਦੇ ਰਹੀ ਹੈ।

ਯਾਦ ਰਹੇ ਕਿ ਦੇਸ਼ ਦੀਆਂ ਪੰਜ ਸੌ ਤੋਂ ਵੱਧ ਕਿਸਾਨ ਜਥੇਬੰਦੀਆਂ ਵੱਲੋਂ 'ਦਿੱਲੀ ਵੱਲ ਕੂਚ ਕਰੋ' ਦਾ ਸੱਦਾ ਦਿੱਤਾ ਗਿਆ। ਇਸ ਸੱਦੇ ਨੂੰ ਇੰਨਾ ਭਰਵਾਂ ਹੁੰਗਾਰਾ ਮਿਲਿਆ ਹੈ ਕਿ ਸਰਕਾਰ ਨੂੰ ਭੱਜਣ ਲਈ ਰਾਹ ਨਹੀਂ ਲੱਭ ਰਿਹਾ ਹੈ। ਖੇਤੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਦੌਰਾਨ ਕੇਂਦਰ ਸਰਕਾਰ ਨੇ ਗੱਲਬਾਤ ਰਾਹੀਂ ਨਿਬੇੜੇ ਦੀ ਥਾਂ ਪੰਜਾਬ ਸਰਕਾਰ ਉਤੇ ਕਿਸਾਨਾਂ ਨਾਲ ਸਖਤੀ ਕਰਨ ਲਈ ਦਬਾਅ ਬਣਾਇਆ, ਸੂਬੇ ਦੀ ਵਿੱਤੀ ਘੇਰਾਬੰਦੀ, ਰੇਲਾਂ ਬੰਦ ਕਰਨੀਆਂ ਇਸੇ ਰਣਨੀਤੀ ਦਾ ਹਿੱਸਾ ਸਨ। ਹੁਣ ਪੰਜਾਬ ਵਿਚ ਗੱਲ ਨਾ ਬਣਦੀ ਦੇਖ ਆਪਣੇ ਹਕੂਮਤੀ ਰਾਜ ਹਰਿਆਣਾ ਸਰਕਾਰ ਸਿਰ ਇਹ ਜ਼ਿੰਮਾ ਸੁੱਟਿਆ ਜਾਪਦਾ ਹੈ।

ਕਿਸਾਨਾਂ ਨੇ ਦਿੱਲੀ ਪੁਲਿਸ ਕੋਲੋਂ ਰਾਮਲੀਲਾ ਮੈਦਾਨ ਵਿਚ ਸ਼ਾਂਤਮਈ ਰੈਲੀ ਕਰਨ ਦੀ ਇਜਾਜ਼ਤ ਮੰਗੀ ਸੀ ਪਰ ਇਸ ਤੋਂ ਪਹਿਲਾਂ ਹੀ ਹਰਿਆਣਾ ਸਰਕਾਰ ਨੇ ਪੰਜਾਬ ਨਾਲ ਲੱਗਦੀਆਂ ਹੱਦਾਂ ਸੀਲ ਕਰ ਦਿੱਤੀਆਂ ਤੇ ਕਿਸਾਨ ਆਗੂਆਂ ਦੀਆਂ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਹਰਿਆਣਾ ਦੇ ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਉਤੇ ਸਖਤੀ ਕਰਨ ਦਾ ਸੰਕੇਤ ਦਿੱਤਾ। ਹਰਿਆਣਾ



ਪੁਲਿਸ ਨੇ ਪੰਜਾਬ ਦੀ ਸਰਹੱਦ ਨਾਲ ਲੱਗਦੇ ਸੂਬੇ ਦੇ ਛੇ ਜ਼ਿਲ੍ਹਿਆਂ ਉਤੇ ਫੋਰਸ ਤਾਇਨਾਤ ਕਰ ਦਿੱਤੀ ਅਤੇ ਅੰਤਰਰਾਜੀ ਸਰਹੱਦ 'ਤੇ ਬੈਰੀਕੇਡ ਲਗਾ ਦਿੱਤੇ ਗਏ। ਹਰਿਆਣਾ ਦੇ ਸੈਂਕੜੇ ਕਿਸਾਨ ਆਗੂ ਰੂਪੋਸ਼ ਹੋ ਗਏ ਹਨ। ਹਰਿਆਣਾ ਸਰਕਾਰ ਦੀ ਇਸ ਪੇਸ਼ਕਦਮੀ ਤੋਂ ਪੰਜਾਬ ਦੇ ਕਿਸਾਨਾਂ 'ਚ ਰੋਹ ਤਿੱਖਾ ਹੋ ਗਿਆ।

ਦੂਜੇ ਪਾਸੇ ਕਿਸਾਨਾਂ ਦਾ ਸਵਾਲ ਹੈ ਕਿ ਉਹ ਪਿਛਲੇ ਪੌਣੇ ਦੋ ਮਹੀਨਿਆਂ ਤੋਂ ਪੂਰੇ ਸ਼ਾਂਤਮਈ ਤਰੀਕੇ ਨਾਲ ਆਪਣੀਆਂ ਮੰਗਾਂ ਰੱਖ ਰਹੇ ਹਨ ਤੇ ਇਹੀ ਮੰਗਾਂ ਸ਼ਾਂਤਮਈ ਢੰਗ ਨਾਲ ਕੇਂਦਰ ਦੇ ਕੰਨੀ ਪਾਉਣ ਲਈ ਦਿੱਲੀ ਜਾ ਰਹੇ ਹਨ। ਕਿਸਾਨ ਨੇ ਦਿੱਲੀ ਵੱਲ ਕੂਚ ਦਾ ਫੈਸਲਾ ਕੋਈ ਇਕਦਮ ਨਹੀਂ ਕੀਤਾ ਗਿਆ। ਪਿਛਲੇ ਇਕ ਮਹੀਨੇ ਤੋਂ ਇਸ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ, ਜੇਕਰ ਸਰਕਾਰ ਚਾਹੁੰਦੀ ਤਾਂ ਇੰਨੇ ਸਮੇਂ ਵਿਚ ਗੱਲਬਾਤ ਨਾਲ ਮਸਲੇ ਦਾ ਹੱਲ ਕੀਤਾ ਜਾ ਸਕਦਾ ਸੀ। ਦੇਸ਼ ਦਾ ਸੰਵਿਧਾਨ ਭਾਵੇਂ ਨਾਗਰਿਕਾਂ ਨੂੰ ਸ਼ਾਂਤਮਈ ਤਰੀਕੇ ਨਾਲ ਇਕੱਠੇ ਹੋਣ ਅਤੇ ਵਿਚਾਰ ਪ੍ਰਗਟਾਵੇ ਦਾ ਪੂਰਾ ਅਧਿਕਾਰ ਦਿੰਦਾ ਹੈ ਪਰ ਮੋਦੀ ਸਰਕਾਰ ਵੱਲੋਂ ਕੀਤੀ ਜਾ ਰਹੀ ਸਖਤੀ ਦੱਸ ਰਹੀ ਹੈ ਉਹ ਪੰਜਾਬ ਦੇ ਲੋਕਾਂ ਨੂੰ ਇਹ ਸੰਵਿਧਾਨਿਕ ਹੱਕ ਦੇਣ ਲਈ ਤਿਆਰ ਨਹੀਂ ਹੈ।

ਪਿਛਲੇ ਕੁਝ ਦਿਨਾਂ ਤੋਂ ਸਰਕਾਰ ਦਿੱਲੀ ਵਿਚ ਕਰੋਨਾ ਦਾ ਕਹਿਰ ਵਧਣ ਦੇ ਦਾਬੇ ਮਾਰ ਰਹੀ ਹੈ, ਪੰਜਾਬ ਵਿਚ ਕੇਂਦਰੀ ਟੀਮਾਂ ਭੇਜ ਕੇ ਦਾਅਵਾ ਕਰ ਰਹੀ ਹੈ ਕਿ ਇਸ ਮਹਾਮਾਰੀ ਨੇ ਫਿਰ ਤਬਾਹੀ ਵਾਲਾ ਰੁਖ ਅਖਤਿਆਰ ਕਰ ਲਿਆ ਹੈ ਪਰ ਸੰਘਰਸ਼ ਦੇ ਰਾਹ ਪਏ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ ਦੇ ਮਸਲੇ ਹੱਲ ਕਰਨ ਵਾਲੇ ਪਾਸੇ ਚੱਲਣ ਲਈ ਤਿਆਰ ਨਹੀਂ ਹੋਈ। ਖੇਤੀ ਮਸਲਿਆਂ ਨਾਲ ਜੁੜੇ ਮਾਹਰਾਂ ਦਾ ਤਰਕ ਹੈ ਕਿ ਜੇ ਸਰਕਾਰ ਮਹਾਮਾਰੀ ਬਾਰੇ ਗੰਭੀਰ ਹੈ ਤਾਂ ਇਨ੍ਹਾਂ ਕਾਨੂੰਨਾਂ ਨੂੰ ਕਰੋਨਾ ਦੇ ਖਾਤਮੇ ਤੱਕ ਮੁਅੱਤਲ ਕਰ ਕੇ ਕਿਸਾਨ ਜਥੇਬੰਦੀਆਂ ਨੂੰ ਸ਼ਾਂਤ ਕਰਨ ਵਾਲੀ ਰਣਨੀਤੀ ਵੀ ਅਪਣਾਈ ਜਾ ਸਕਦੀ ਸੀ ਪਰ ਕੇਂਦਰ ਸਰਕਾਰ ਹਰ ਵਾਰ ਕਿਸਾਨਾਂ ਨੂੰ ਦਿੱਲੀ ਸੱਦ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਇਹ ਕਾਨੂੰਨ ਕਿਸਾਨਾਂ ਦੀ ਭਲੇ ਲਈ ਹੀ ਬਣਾਏ ਗਏ ਹਨ।

ਅਸਲ ਵਿਚ, ਇਸ ਘੋਲ ਵਿਚ ਸੰਘਰਸ਼ੀ ਕਿਸਾਨਾਂ ਦੇ ਸਬਰ ਨੇ ਕੇਂਦਰ ਸਰਕਾਰ ਦੀ ਹਰ ਰਣਨੀਤੀ ਨੂੰ ਮਾਤ ਪਾਈ ਹੈ। ਕਿਸਾਨਾਂ ਨੂੰ ਦਿੱਲੀ



*(ਬਾਕੀ ਸਫਾ 6 ਉਤੇ)*


## ਸੰਘਰਸ਼ ਦੇ ਰੰਗ ਵਿਚ ਰੰਗਿਆ ਪੰਜਾਬ

ਕਿਸਾਨਾਂ ਦੇ ਦਿੱਲੀ ਕੂਚ ਦੇ ਸੱਦੇ ਨੂੰ ਮਿਲੇ ਹੁੰਗਾਰੇ ਨੇ ਕੇਂਦਰੀ ਹਕੂਮਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਠੰਢ ਤੇ ਕਰੋਨਾ ਮਹਾਮਾਰੀ ਦੀ ਪਰਵਾਹ ਕਿਤੇ ਬਿਨਾ ਜਿਸ ਤਰ੍ਹਾਂ ਪੰਜਾਬੀ ਸੰਘਰਸ਼ ਦੀ ਪਿੜ ਵਿਚ ਕੁੱਦੇ ਹਨ, ਇਸ ਦੀ ਸ਼ਾਇਦ ਕਿਸੇ ਸਿਆਸੀ ਧਿਰ ਨੂੰ ਉਮੀਦ ਨਹੀਂ ਸੀ। ਇਹ ਕਿਸਾਨ ਸੰਘਰਸ਼ ਦੀ ਜਿੱਤ ਹੀ ਹੈ ਕਿ ਪੰਜਾਬ ਦੀਆਂ ਕਈ ਸਿਆਸੀ ਧਿਰ ਨੇ ਆਪਣੇ ਪਾਰਟੀ ਦੇ ਝੰਡੇ ਦੀ ਥਾਂ ਸੰਘਰਸ਼ੀ ਜਥੇਬੰਦੀਆਂ ਦੇ ਝੰਡੇ ਥੱਲੇ ਦਿੱਲੀ ਚੱਲਣ ਦਾ ਫੈਸਲਾ ਕੀਤਾ ਹੈ। ਪਿੰਡ-ਪਿੰਡ ਕਿਸਾਨਾਂ ਨੇ ਟਰੈਕਟਰ ਤਿਆਰ ਕੀਤੇ ਤੇ ਆਪ ਮੁਹਾਰੇ ਠੰਢ ਤੋਂ ਬਚਣ ਲਈ ਟੈਂਟਾਂ, ਕੰਬਲਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਦਿੱਲੀ ਵੱਲ ਕੂਚ ਅਣਮਿਥੇ ਸਮੇਂ ਲਈ ਹੈ ਤੇ ਜਦ ਤੱਕ ਕਿਸਾਨ ਵਿਰੋਧੀ ਕਾਨੂੰਨ ਖਤਮ ਨਹੀਂ ਕੀਤੇ ਜਾਂਦੇ ਸਾਡਾ ਸੰਘਰਸ਼ ਜਾਰੀ ਰਹੇਗਾ। ਕਿਸਾਨਾਂ ਦੇ ਕਾਫਲੇ ਪੰਜਾਬ ਤੋਂ ਲਗਾਤਾਰ ਜਾਣਗੇ। ਪੰਜਾਬ ਵਿਚ ਇਸ ਸਮੇਂ ਮੌਹਾਲ ਇਹ ਹੈ ਕਿ ਪਿੰਡਾਂ ਵਿਚ ਬਸੰਤੀ ਚੁੰਨੀਆਂ ਦਾ ਹੜ੍ਹ ਆਇਆ ਹੋਇਆ ਹੈ। ਜਿਧਰ ਵੀ ਦੇਖੋ, ਹਰੀਆਂ ਤੇ ਕੇਸਰੀ ਪੱਗਾਂ ਦੂਰੋਂ ਨਜ਼ਰ ਪੈਂਦੀਆਂ ਹਨ। ਨੌਜਵਾਨਾਂ ਦੀਆਂ ਜੇਬ੍ਹਾਂ 'ਤੇ ਬੈਜ ਅਤੇ ਹੱਥਾਂ ਵਿਚ ਝੰਡੇ ਹਨ। ਵਰ੍ਹਿਆਂ ਮਗਰੋਂ ਜਵਾਨੀ ਤੇ ਕਿਸਾਨੀ ਨੇ ਹੱਥਾਂ ਵਿਚ ਹੱਥ ਪਾਏ ਹਨ। ਨਿੱਕੇ ਨਿੱਕੇ ਬੱਚੇ ਵੀ ਤੋਤਲੀਆਂ ਆਵਾਜ਼ਾਂ ਵਿਚ ਨਾਅਰੇ ਮਾਰ ਰਹੇ ਹਨ।




**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



Rajwinder Gill
(Your Real Estate Pro.)
MBA (Finance)
Red 1 Realty

**"Serving All Your Real Estate Needs"**

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

## ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਰੱਬ ਨੂੰ ਤੈਂ ਕੀ ਦਰਦੁ ਨ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

**Ph: 847-359-0746**

*e-mail: punjabtimes1@sbcglobal.net, website: www.punjabtimesusa.com*

# ਭਾਰਤ-ਚੀਨ ਵਿਚਾਲੇ ਗੱਲਬਾਤ ਫਿਲਹਾਲ ਰੁਕੀ



**ਨਵੀਂ ਦਿੱਲੀ:** ਪੂਰਬੀ ਲੱਦਾਖ ਵਿਚ ਸਰਹੱਦ ਵਿਵਾਦ ਨੂੰ ਲੈ ਕੇ ਭਾਰਤ-ਚੀਨ ਵਿਚਾਲੇ ਪੈਦਾ ਹੋਏ ਤਣਾਅ ਨੂੰ ਖਤਮ ਕਰਨ ਲਈ ਫੌਜ ਪੱਧਰੀ ਗੱਲਬਾਤ ਹਾਲ ਦੀ ਘੜੀ ਰੁਕ ਗਈ ਹੈ। ਗੱਲਬਾਤ ਲਈ ਨਵੀਆਂ ਤਰੀਕਾਂ ਤੈਅ ਕਰਨ ਲਈ ਦੋਵੇਂ ਪਾਸਿਓਂ ਹੌਟਲਾਈਨ ਉਤੇ ਵਿਚਾਰ ਚਰਚਾ ਚੱਲ ਰਹੀ ਹੈ। ਹਾਲਾਂਕਿ, ਹੁਣੇ ਤੱਕ ਕੋਈ ਰਸਮੀ ਤਰੀਕ ਨਹੀਂ ਐਲਾਨੀ ਗਈ ਹੈ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਗੱਲਬਾਤ ਹੋਵੇਗੀ, ਪਰ ਹੁਣ ਤੱਕ ਤਰੀਕਾਂ ਤੈਅ ਨਹੀਂ ਕੀਤੀਆਂ ਗਈਆਂ ਹਨ।

ਦੋਹਾਂ ਦੇਸ਼ਾਂ ਦੀਆਂ ਫੌਜਾਂ ਵਿਚਾਲੇ 6 ਜੂਨ ਤੋਂ ਚੱਲ ਰਹੀ ਗੱਲਬਾਤ ਦਾ ਪਿਛਲਾ ਅੱਠਵਾਂ ਗੇੜ ਜੋ ਕਿ ਦੋ ਹਫਤੇ ਪਹਿਲਾਂ 7 ਨਵੰਬਰ ਨੂੰ ਹੋਇਆ ਸੀ। ਇਹ ਆਸ ਕੀਤੀ ਜਾ ਰਾਹੀ ਹੈ ਕਿ ਗੱਲਬਾਤ ਦਾ ਅਗਲਾ ਗੇੜ ਵੀ ਜਲਦੀ ਹੋਵੇਗਾ ਅਤੇ ਇਸ ਲਈ ਕੁਝ ਨਿਯਮ ਤੈਅ ਕੀਤੇ ਜਾਣਗੇ। ਹੁਣ ਜਦੋਂ ਠੰਢ ਦਾ ਜ਼ੋਰ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਤਾਂ ਆਸ ਕੀਤੀ ਜਾ ਰਹੀ ਹੈ ਕਿ ਗੱਲਬਾਤ ਦਾ ਅਗਲਾ ਗੇੜ ਜਲਦੀ ਹੀ ਹੋਵੇਗਾ।

ਗੱਲਬਾਤ ਦੇ ਛੇਵੇਂ ਗੇੜ ਤੋਂ ਬਾਅਦ 21 ਸਤੰਬਰ ਨੂੰ ਦੋਵੇਂ ਦੇਸ਼ਾਂ ਦੀਆਂ ਫੌਜਾਂ ਇਸ ਗੱਲ ਉਤੇ ਸਹਿਮਤ ਹੋ ਗਈਆਂ ਸਨ ਕਿ ਸਰਹੱਦ ਉਤੇ ਮੂਹਰਲੀ ਕਤਾਰ ਦੇ ਨਾਲ ਹੋਰ ਜਵਾਨ ਨਹੀਂ ਲਗਾਏ ਜਾਣਗੇ ਅਤੇ ਇਕਜੁਟ ਹੋ ਕੇ ਅਸਲ ਕੰਟਰੋਲ ਰੇਖਾ ਦੇ ਨਾਲ ਜ਼ਮੀਨੀ ਹਕੀਕਤ ਬਦਲੀ ਜਾਵੇਗੀ।

ਉਧਰ, ਭਾਰਤੀ ਫੌਜ ਚੌਕਸ ਹੈ ਕਿਉਂਕਿ ਚੀਨ ਦੀ ਪੀਪਲਜ਼ ਲਿਬਰੇਸ਼ਨ ਪਾਰਟੀ ਜੂਨ ਮਹੀਨੇ ਵਿਚ ਅਸਲ ਕੰਟਰੋਲ ਰੇਖਾ ਤੋਂ ਫੌਜ ਪਿੱਛੇ ਹਟਾਉਣ ਦੇ ਸਮਝੌਤੇ ਤੋਂ ਮੁੱਕਰ ਗਈ ਸੀ। ਇਸ ਤੋਂ ਇਲਾਵਾ ਕੁਝ ਹੋਰ ਖੇਤਰ ਹਨ ਜਿਨ੍ਹਾਂ ਨੂੰ ਲੈ ਕੇ ਵਿਵਾਦ ਹੈ, ਜਿਵੇਂ ਪੈਂਗੌਂਗ ਝੀਲ ਦੇ ਦੱਖਣੀ ਹਿੱਸੇ ਦੇ ਨਾਲ 70 ਕਿਲੋਮੀਟਰ ਦਾ ਪੈਂਡਾ ਹੈ ਜਿੱਥੇ ਭਾਰਤ ਚੋਟੀਆਂ ਉਤੇ ਕਾਬਜ਼ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਪਿੱਛੇ ਹਟੇ, ਪਰ ਨਵੀਂ ਦਿੱਲੀ ਇਸ ਗੱਲ ਉਤੇ ਪੱਕਾ ਭਰੋਸਾ ਚਾਹੁੰਦੀ ਹੈ ਕਿ ਚੀਨ ਇਨ੍ਹਾਂ ਚੋਟੀਆਂ ਉਤੇ ਕਬਜ਼ਾ ਨਹੀਂ ਕਰੇਗਾ।

# ਵਾਤਾਵਰਨ ਤਬਦੀਲੀ ਖਿਲਾਫ ਸਾਂਝੀ ਲੜਾਈ ਦੀ ਲੋੜ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਨ ਤਬਦੀਲੀ ਖਿਲਾਫ ਵੱਖ-ਵੱਖ ਹੋ ਕੇ ਲੜਾਈ ਲੜਨ ਦੀ ਥਾਂ ਸਾਂਝੀ, ਵੱਡੀ ਤੇ ਸਮੁੱਚੀ ਸੋਚ ਨੂੰ ਅਪਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਾਰਾ ਸੰਸਾਰ ਤਾਂ ਹੀ ਤੇਜ਼ੀ ਨਾਲ ਤਰੱਕੀ ਕਰ ਸਕਦਾ ਹੈ ਜਦੋਂ ਵਿਕਾਸਸ਼ੀਲ ਦੇਸ਼ਾਂ ਨੂੰ ਵੱਡੇ ਪੱਧਰ ਉਤੇ ਤਕਨੀਕ ਤੇ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇ।

ਜੀ-20 ਸੰਮੇਲਨ ਵਿਚ 'ਧਰਤੀ ਦੀ ਸੁਰੱਖਿਆ' ਵਿਸ਼ੇ ਉਤੇ ਆਪਣੀ ਗੱਲ ਰੱਖਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਨਾ ਸਿਰਫ ਪੈਰਿਸ ਸਮਝੌਤੇ ਦੇ ਆਪਣੇ ਟੀਚੇ ਹਾਸਲ ਕਰ ਰਿਹਾ ਹੈ ਬਲਕਿ ਉਸ ਤੋਂ ਵੀ ਵੱਧ ਕਰ ਰਿਹਾ ਹੈ। ਉਨ੍ਹਾਂ ਕਿਹਾ, 'ਵਾਤਾਵਰਨ ਦੇ ਤਾਲਮੇਲ ਨਾਲ ਰਹਿਣ ਦੀ ਸਾਡੇ ਰਵਾਇਤੀ ਸੁਭਾਅ ਅਤੇ ਸਰਕਾਰ ਦੀ ਪ੍ਰਤੀਬੱਧਤਾ ਨਾਲ ਭਾਰਤ ਨੇ ਘੱਟ ਕਾਰਬਨ ਨਿਕਾਸੀ ਤੇ ਵਾਤਾਵਰਨ ਪੱਖੀ ਵਿਕਾਸ ਪ੍ਰਕਿਰਿਆ ਅਪਣਾਈ ਹੈ।'

ਉਨ੍ਹਾਂ ਕਿਹਾ ਕਿ ਸਾਰਾ ਸੰਸਾਰ ਤਾਂ ਹੀ ਤੇਜ਼ੀ ਨਾਲ ਤਰੱਕੀ ਕਰ ਸਕਦਾ ਹੈ ਜਦੋਂ ਵਿਕਾਸਸ਼ੀਲ ਦੇਸ਼ਾਂ ਨੂੰ ਵੱਡੇ ਪੱਧਰ ਉਤੇ ਤਕਨੀਕ ਤੇ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਵੇ। ਪ੍ਰਧਾਨ ਮੰਤਰੀ ਨੇ ਕਿਹਾ, 'ਮਨੁੱਖਤਾ ਦੀ ਖੁਸ਼ਹਾਲੀ ਲਈ ਹਰੇਕ ਨੂੰ ਖੁਸ਼ਹਾਲ ਹੋਣਾ ਪਵੇਗਾ। ਕਿਰਤ ਨੂੰ ਸਿਰਫ ਉਤਪਾਦਨ ਨਾਲ ਜੋੜ ਕੇ ਦੇਖਣ ਦੀ ਥਾਂ ਹਰ ਕਿਰਤੀ ਦੇ ਮਨੁੱਖੀ ਮਾਣ ਨੂੰ ਧਿਆਨ 'ਚ ਰੱਖਿਆ ਜਾਣਾ ਚਾਹੀਦਾ ਹੈ।'

ਉਨ੍ਹਾਂ ਕਿਹਾ ਕਿ ਅਜਿਹੇ ਨਜ਼ਰੀਏ ਨਾਲ ਹੀ ਧਰਤੀ ਦੀ ਰਾਖੀ ਯਕੀਨੀ ਬਣਾਈ ਜਾ ਸਕੇਗੀ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੇ ਦੌਰ ਵਿਚ ਜਦੋਂ ਲੋਕਾਂ ਦੀ ਜਾਨ ਬਚਾਉਣ ਤੇ ਆਰਥਿਕਤਾ ਨੂੰ ਸੰਭਾਲਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਇਸ ਦੇ ਨਾਲ ਨਾਲ ਵਾਤਾਵਰਨ ਤਬਦੀਲੀ ਨਾਲ ਨਜਿੱਠਣਾ ਵੀ ਬਰਾਬਰ ਜ਼ਰੂਰੀ ਹੈ। ਸਾਊਦੀ ਅਰਬ ਵੱਲੋਂ ਕਰਵਾਏ ਜਾ ਰਹੇ ਇਸ ਦੋ ਰੋਜ਼ਾ 15ਵੇਂ ਜੀ-20 ਸਿਖਰ ਸੰਮੇਲਨ 'ਚ ਸ੍ਰੀ ਮੋਦੀ ਨੇ ਪਹਿਲੇ ਦਿਨ ਵੀ ਸ਼ਮੂਲੀਅਤ ਕੀਤੀ ਸੀ। ਇਸ ਸਿਖਰ ਸੰਮੇਲਨ ਵਿਚ 19 ਮੈਂਬਰ ਮੁਲਕਾਂ ਦੇ ਨੁਮਾਇੰਦਿਆਂ, ਯੂਰਪੀ ਸੰਘ, ਹੋਰਨਾਂ ਸੱਦੇ ਗਏ ਮੁਲਕਾਂ ਤੇ ਕੌਮਾਂਤਰੀ ਜਥੇਬੰਦੀਆਂ ਨੇ ਹਿੱਸਾ ਲਿਆ। ਕਰੋਨਾ ਵਾਇਰਸ ਦੇ ਮੱਦੇਨਜ਼ਰ ਇਹ ਸੰਮੇਲਨ ਡਿਜੀਟਲ ਢੰਗ ਨਾਲ ਕਰਵਾਇਆ ਜਾ ਰਿਹਾ ਹੈ।


# Matrimonials

## ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055

47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com

44-

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***


# ਚੀਨ ਨੂੰ ਆਲਮੀ ਨੇਮਾਂ ਮੁਤਾਬਕ ਚੱਲਣਾ ਪਵੇਗਾ: ਬਾਇਡਨ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਵਜੋਂ ਚੁਣੇ ਗਏ ਜੋਅ ਬਾਇਡਨ ਨੇ ਕਿਹਾ ਹੈ ਕਿ ਉਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਚੀਨ ਨੇਮਾਂ ਮੁਤਾਬਕ ਚੱਲੇ। ਉਨ੍ਹਾਂ ਨਾਲ ਹੀ ਕਿਹਾ ਕਿ ਬਾਇਡਨ ਪ੍ਰਸ਼ਾਸਨ ਮੁੜ ਵਿਸ਼ਵ ਸਿਹਤ ਸੰਗਠਨ ਦਾ ਹਿੱਸਾ ਬਣੇਗਾ। ਬਾਇਡਨ ਨੇ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਜਿਸ ਤਰ੍ਹਾਂ ਚੀਨ ਵਿਹਾਰ ਕਰ ਰਿਹਾ ਹੈ, ਉਹ ਉਸ ਨੂੰ ਸਜ਼ਾ ਦੇਣ ਦੇ ਚਾਹਵਾਨ ਹਨ।

ਜ਼ਿਕਰਯੋਗ ਹੈ ਕਿ ਅਪਰੈਲ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਡਬਲਿਊ. ਐਚ. ਓ. ਤੋਂ ਅਮਰੀਕਾ ਦੇ ਬਾਹਰ ਹੋਣ ਦਾ ਐਲਾਨ ਕੀਤਾ ਸੀ। ਟਰੰਪ ਸੰਗਠਨ ਉਤੇ ਚੀਨ ਵਿਚੋਂ ਉਪਜੇ ਕਰੋਨਾ ਵਾਇਰਸ ਨਾਲ ਕਾਰਗਰ ਢੰਗ ਨਾਲ ਨਾ ਨਜਿੱਠਣ ਦਾ ਦੋਸ਼ ਲਾਉਂਦੇ ਰਹੇ ਹਨ।





# ਸ਼ੁਗਲ-ਸ਼ੁਗਲ 'ਚ ਜਿੱਤੇ ਪੰਜ ਸੌ ਡਾਲਰ

**ਨਿਊ ਯਾਰਕ (ਬਿਊਰੋ):** ਅਮਰੀਕਾ ਦੀ ਇਕ ਚਿਪਸ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਅੱਤ ਕੌੜਾ ਚਿਪਸ ਖਾਣ ਦੀ ਸ਼ਰਤ ਲਾ ਕੇ ਸਾਹਿਲ ਨਾਮ ਦੇ ਨੌਜਵਾਨ ਨੇ ਦੋਸਤਾਂ ਤੋਂ ਇਹ ਸ਼ਰਤ ਜਿੱਤਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਅਨੁਸਾਰ ਕੁਈਨਜ਼ ਕਾਉਂਟੀ ਵਿਚ ਇਕ ਸਟੋਰ 'ਤੇ ਅੱਤ ਦਰਜੇ ਦੇ ਕੌੜੇ ਚਿਪਸ ਮਾਰਕਿਟਿੰਗ ਤਜਰਬੇ ਵਜੋਂ ਆਏ ਸਨ। ਕੰਪਨੀ ਨੇ ਚਿਤਾਵਨੀ ਵੀ ਦਿੱਤੀ ਹੋਈ ਸੀ ਕਿ ਇਹ ਲੋੜੋਂ ਵੱਧ ਕੌੜੇ ਚਿਪਸ ਹਨ। ਇਸ ਨੂੰ ਸਿਰਫ ਆਪਣੀ ਹੀ ਜ਼ਿੰਮੇਵਾਰੀ 'ਤੇ ਖਾਧਾ ਜਾ ਸਕਦਾ ਹੈ।

ਸ਼ੁਗਲ-ਸ਼ੁਗਲ ਵਿਚ ਸਾਹਿਲ ਨੇ ਆਪਣੇ ਕੋ-ਵਰਕਰਾਂ ਨੂੰ ਇਹ ਚਿਪਸ ਖਾਣ ਦਾ ਕਹਿ ਦਿੱਤਾ। ਸਟੋਰ ਮੈਨੇਜਰ ਰਾਕੇਸ਼ ਕੁਮਾਰ ਦੇ ਦੱਸਣ ਮੁਤਾਬਕ ਸਾਹਿਲ ਨੂੰ ਕਿਹਾ ਕਿ ਜੇ ਉਹ ਇਹ ਚਿਪਸ ਖਾ ਲਵੇ ਤਾਂ ਕੋ-ਵਰਕਰਾਂ ਵਲੋਂ ਉਸ ਨੂੰ ਪੰਜ ਸੌ ਡਾਲਰ ਹੁਣੇ ਹੀ ਦੇ ਦਿੱਤੇ ਜਾਣਗੇ। ਸ਼ਰਤ ਵਿਚ ਇਹ ਵਾਅਦਾ ਵੀ ਸ਼ਾਮਿਲ ਕਰ ਲਿਆ ਗਿਆ ਕਿ ਚਿਪਸ ਖਾਣ ਮਗਰੋਂ ਸੱਤ ਮਿੰਟ ਤੱਕ ਨਾ ਕੋਈ ਚੀਜ਼ ਮੂੰਹ 'ਚ ਪਾਉਣੀ ਹੈ ਤੇ ਨਾ ਹੀ ਆਪਣੀ ਜਗ੍ਹਾ ਤੋਂ ਉਠਣਾ ਹੈ। ਜੇ ਇਹ ਵਾਅਦਾ ਟੁੱਟ ਗਿਆ ਤਾਂ ਸ਼ਰਤ ਜਿੱਤਣ ਦੀ ਥਾਂ ਉਸ ਨੂੰ ਕੋਲੋਂ ਦੋ ਸੌ ਡਾਲਰ ਦੇਣੇ ਪੈਣਗੇ।


ਸਾਹਿਲ

ਸਾਹਿਲ ਨਾਮ ਦੇ ਇਸ ਨੌਜਵਾਨ ਨੇ ਉਪਰੋਕਤ ਵਾਅਦੇ 'ਤੇ ਪੂਰਾ ਉਤਰਦਿਆਂ ਚਿਪਸ ਖਾ ਲਿਆ ਅਤੇ ਕੋ-ਵਰਕਰਾਂ ਤੋਂ ਨਕਦ ਪੰਜ ਸੌ ਡਾਲਰ ਜਿੱਤ ਲਏ। ਯਾਦ ਰਹੇ, ਇਸੇ ਸਟੋਰ ਦੀ ਆਇਸ਼ਾ ਅਮੀਨ ਵੀ ਹਾਸੇ-ਹਾਸੇ ਵਿਚ ਕੋ-ਵਰਕਰਾਂ ਤੋਂ ਪੰਜ ਸੌ ਡਾਲਰ ਜਿੱਤ ਚੁਕੀ ਹੈ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਖੇਤੀ ਕਾਨੂੰਨ: ਦਿੱਲੀ ਵੱਲ ਕੂਚ ਲਈ ਪੰਜਾਬੀਆਂ ਵਿਚ ਭਰਵਾਂ ਉਤਸ਼ਾਹ

**ਚੰਡੀਗੜ੍ਹ:** ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਦੇ 'ਦਿੱਲੀ ਚੱਲੋ' ਦੇ ਸੱਦੇ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਕਿਸਾਨਾਂ ਵਲੋਂ ਦਿਖਾਏ ਜਾ ਰਹੇ ਉਤਸ਼ਾਹ ਤੋਂ ਲੱਗਦਾ ਹੈ ਇਹ ਮਾਰਚ ਬੜਾ ਨਿਵੇਕਲਾ ਹੋਵੇਗਾ। ਪਿੰਡ-ਪਿੰਡ ਕਿਸਾਨ ਟਰੈਕਟਰ ਤਿਆਰ ਕਰ ਰਹੇ ਹਨ ਤੇ ਆਪ ਮੁਹਾਰੇ ਠੰਢ ਤੋਂ ਬਚਣ ਲਈ ਟੈਂਟਾਂ, ਕੰਬਲਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪਿੰਡ ਪੱਧਰ ਉਤੇ ਪਾਣੀਆਂ ਵਾਲੀਆਂ ਟੈਂਕੀਆਂ, ਗੈਸ ਸਿਲੰਡਰ ਜਾਂ ਲੱਕੜਾਂ ਤੇ ਖਾਣਾ ਬਣਾਉਣ ਵਾਲੇ ਬਰਤਨ ਵੀ ਇਕੱਠੇ ਕੀਤੇ ਜਾ ਰਹੇ ਹਨ। ਜਥੇਬੰਦੀਆਂ ਦਾ ਕਹਿਣਾ ਹੈ ਕਿ ਦਿੱਲੀ ਵੱਲ ਕਿਸਾਨਾਂ ਦਾ ਕੂਚ ਅਣਮਿਥੇ ਸਮੇਂ ਲਈ ਹੈ ਤੇ ਜਦ ਤੱਕ ਕਿਸਾਨ ਵਿਰੋਧੀ ਕਾਨੂੰਨ ਖਤਮ ਨਹੀਂ ਕੀਤੇ ਜਾਂਦੇ ਸਾਡਾ ਸੰਘਰਸ਼ ਜਾਰੀ ਰਹੇਗਾ। ਕਿਸਾਨਾਂ ਦੇ ਕਾਫਲੇ ਪੰਜਾਬ ਤੋਂ ਲਗਾਤਾਰ ਜਾਣਗੇ।

ਇਨ੍ਹਾਂ ਤਿਆਰੀਆਂ ਤਹਿਤ ਪੰਜਾਬ ਦੇ ਸੈਂਕੜੇ ਪਿੰਡਾਂ 'ਚ ਨੁੱਕੜ ਮੀਟਿੰਗਾਂ ਤੇ ਰੈਲੀਆਂ ਹੋਈਆਂ ਤੇ ਇਨ੍ਹਾਂ ਮੀਟਿੰਗਾਂ 'ਚ ਲੱਗੀ ਜ਼ਿੰਮੇਵਾਰੀ ਮੁਤਾਬਕ ਕਿਸਾਨਾਂ ਵਲੋਂ ਦਿੱਲੀ ਚਲੋ ਮਾਰਚ 'ਚ ਸ਼ਾਮਲ ਹੋਣ ਲਈ ਟਰੈਕਟਰ ਸ਼ਿੰਗਾਰੇ ਜਾ ਰਹੇ ਹਨ ਤੇ ਖਾਣ-ਪੀਣ ਲਈ ਕਈ ਦਿਨਾਂ ਲਈ ਰਸਦ ਵੀ ਨਾਲ ਹੀ ਟਰਾਲੀਆਂ ਵਿਚ ਲੱਦ ਕੇ ਲਿਜਾਈ ਜਾਵੇਗੀ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ 'ਪਿੰਡ ਹਿਲਾਓ ਪਿੰਡ ਜਗਾਓ' ਮੁਹਿੰਮ ਦੌਰਾਨ ਔਰਤਾਂ ਵਲੋਂ ਗਲੀ-ਮੁਜ਼ਾਹਰੇ ਤੇ ਸ਼ਾਮ ਨੂੰ ਨੌਜਵਾਨਾਂ ਵਲੋਂ ਮਸ਼ਾਲ ਮਾਰਚ ਕੀਤੇ ਗਏ। ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਮੋਦੀ ਸਰਕਾਰ ਵਿਰੁੱਧ ਅੰਤਾਂ ਦਾ ਰੋਹ ਪਾਇਆ ਜਾ ਰਿਹਾ ਹੈ ਤੇ ਦਿੱਲੀ ਚਲੋ ਲਈ ਬੇਹੱਦ ਉਤਸ਼ਾਹ ਹੈ। ਧਰਨਾਕਾਰੀਆਂ ਲਈ ਪਿੰਡਾਂ 'ਚ ਸੰਘਰਸ਼ ਫੰਡ,



ਰਾਸ਼ਨ, ਬਾਲਣ ਤੇ ਕੰਬਲ ਲੋਕਾਂ ਵਲੋਂ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 26 ਨਵੰਬਰ 12 ਵਜੇ ਤੱਕ ਇਕੱਠੇ ਹੋ ਕੇ ਦਿੱਲੀ ਵੱਲ ਕੂਚ ਲਈ ਡੱਬਵਾਲੀ ਤੇ ਖਨੌਰੀ ਦੋ ਥਾਵਾਂ ਉਪਰ ਦੋ ਲੱਖ ਦੇ ਰੱਖੇ ਟੀਚੇ ਦੇ ਵਧਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਕੂਚ ਲਈ ਸ਼ਾਂਤਮਈ ਢੰਗ ਨਾਲ ਹਰਿਆਣਾ ਵਿਚੋਂ ਲੰਘਣ ਲਈ ਪ੍ਰਵਾਨਗੀ ਵਾਸਤੇ ਹਰਿਆਣਾ ਸਰਕਾਰ ਨੂੰ 20 ਨਵੰਬਰ ਨੂੰ ਪੱਤਰ ਵੀ ਲਿਖਿਆ ਸੀ ਪਰ ਉਸ ਦਾ ਅਜੇ ਤੱਕ ਕੋਈ ਜਵਾਬ ਨਹੀਂ ਆਇਆ। 30 ਜਥੇਬੰਦੀਆਂ ਦੇ ਸਾਂਝੇ ਮੰਚ ਵਲੋਂ ਵੀ ਪਿੰਡ-ਪਿੰਡ ਮੀਟਿੰਗਾਂ, ਜਲਸੇ ਤੇ ਰੋਸ ਪ੍ਰਗਟਾਵੇ ਜਾਰੀ ਹਨ। ਇਸ ਮੰਚ ਦੇ ਆਗੂ ਡਾ. ਦਰਸ਼ਨਪਾਲ ਨੇ ਦੱਸਿਆ ਕਿ 26 ਨਵੰਬਰ ਨੂੰ ਪੰਜਾਬ ਦੇ ਹਰਿਆਣਾ ਰਾਹੀਂ ਦਿੱਲੀ ਜਾਣ ਵਾਸਤੇ 8 ਮੁੱਖ ਲਾਂਘਿਆਂ ਰਾਹੀਂ ਕਿਸਾਨ ਕਾਫਲੇ ਰਵਾਨਾ ਹੋਣਗੇ। ਉਨ੍ਹਾਂ ਦੱਸਿਆ ਕਿ ਸ਼ੰਭੂ, ਖਨੌਰੀ, ਰਤੀਆ, ਮੂਨਕ, ਮੰਡੀ ਕਾਲਿਆਂਵਾਲੀ ਤੇ ਡੱਬਵਾਲੀ ਵਿਖੇ ਕਿਸਾਨ ਇਕੱਤਰ ਹੋ ਕੇ ਦਿੱਲੀ ਵੱਲ ਕੂਚ ਕਰਨਗੇ। ਦਿੱਲੀ ਜਾਣ ਲਈ ਕਿਸਾਨਾਂ ਵਲੋਂ ਮੁੱਖ ਰੂਪ 'ਚ ਟਰੈਕਟਰਾਂ ਦੀ ਹੀ ਤਿਆਰੀ ਕੀਤੀ ਜਾ ਰਹੀ ਹੈ। ਉਂਝ ਆਪੋ-ਆਪਣੇ ਵਾਹਨ ਲੈ ਕੇ ਵੀ ਕਿਸਾਨ ਨਾਲ ਚੱਲਣਗੇ।

ਕਿਸਾਨ ਜਥੇਬੰਦੀਆਂ ਦੇ ਮੰਚ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਕਿਸਾਨਾਂ ਵਲੋਂ ਦਿਖਾਏ ਜਾ ਰਹੇ ਉਤਸ਼ਾਹ ਤੋਂ ਲੱਗਦਾ ਹੈ ਇਹ ਮਾਰਚ ਬੜਾ ਨਿਵੇਕਲਾ ਹੋਵੇਗਾ। ਪਿੰਡ-ਪਿੰਡ ਕਿਸਾਨ ਟਰੈਕਟਰ ਤਿਆਰ ਕਰ ਰਹੇ ਹਨ ਤੇ ਆਪ ਮੁਹਾਰੇ ਠੰਢ ਤੋਂ ਬਚਣ ਲਈ ਟੈਂਟਾਂ, ਕੰਬਲਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪਿੰਡ ਪੱਧਰ ਉਤੇ ਪਾਣੀਆਂ ਵਾਲੀਆਂ ਟੈਂਕੀਆਂ, ਗੈਸ ਸਿਲੰਡਰ ਜਾਂ ਲੱਕੜਾਂ ਤੇ ਖਾਣਾ ਬਣਾਉਣ ਵਾਲੇ ਬਰਤਨ ਵੀ ਇਕੱਠੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਵੱਲ ਕਿਸਾਨਾਂ ਦਾ ਕੂਚ ਅਣਮਿਥੇ ਸਮੇਂ ਲਈ ਹੈ ਤੇ ਜਦ ਤੱਕ ਕਿਸਾਨ ਵਿਰੋਧੀ ਕਾਨੂੰਨ ਖਤਮ ਨਹੀਂ ਕੀਤੇ ਜਾਂਦੇ ਸਾਡਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਕਾਫਲੇ ਪੰਜਾਬ ਤੋਂ ਲਗਾਤਾਰ ਜਾਣਗੇ। ਕਿਰਤੀ ਕਿਸਾਨ ਯੂਨੀਅਨ ਵੀ 26-27 ਦੇ ਦਿੱਲੀ ਕੂਚ ਵਿਚ ਸ਼ਾਮਲ ਹੋਣ ਲਈ ਵਿਸ਼ਾਲ ਲਾਮਬੰਦੀ ਕਰ ਰਹੀ ਹੈ। ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਯੂਥ ਵਿੰਗ ਦੇ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪਿੰਡਾਂ 'ਚ ਰੈਲੀਆਂ, ਮੀਟਿੰਗਾਂ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਯੂਨੀਅਨ ਦੇ ਸੱਦੇ ਉਪਰ ਵੱਡੀ ਗਿਣਤੀ ਵਿਚ ਕਿਸਾਨ ਸ਼ੰਭੂ, ਖਨੌਰੀ ਤੇ ਸਰਦੂਲਗੜ੍ਹ ਦੇ ਰਸਤਿਓਂ ਦਿੱਲੀ ਨੂੰ ਕੂਚ ਕਰਨਗੇ। ਉਨ੍ਹਾਂ ਦੱਸਿਆ ਕਿ ਵਲੰਟੀਅਰ ਟੀਮਾਂ ਬਣਾ ਕੇ ਰਾਸ਼ਨ ਤੇ ਦੁੱਧ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

## *ਪਾਰਟੀ ਝੰਡੇ ਤੋਂ ਬਿਨਾ ਸ਼ਾਮਲ ਹੋਣਗੇ 'ਆਪ' ਆਗੂ*

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਦੇ ਕਾਲੇ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਵੱਲੋਂ ਦਿੱਲੀ ਜਾ ਕੇ ਮੁਜ਼ਾਹਰਾ ਕਰਨ ਸਬੰਧੀ ਬਣਾਏ ਪ੍ਰੋਗਰਾਮ ਵਿਚ 'ਆਪ' ਆਗੂ ਬਿਨਾਂ ਪਾਰਟੀ ਦੇ ਝੰਡੇ ਤੋਂ ਕਿਸਾਨਾਂ ਦੀ ਅਗਵਾਈ ਹੇਠ ਸ਼ਾਮਲ ਹੋਣਗੇ। ਮਾਨ ਨੇ ਕਿਹਾ ਕਿ ਕਿਸਾਨ ਪੰਜਾਬ ਲਈ ਰੀੜ੍ਹ ਦੀ ਹੱਡੀ ਹਨ, ਜਿਨ੍ਹਾਂ ਦੇ ਸਹਾਰੇ ਸੂਬੇ ਦੀ ਹਰ ਚੀਜ਼ ਖੜ੍ਹੀ ਹੈ। ਕਿਸਾਨਾਂ ਤੋਂ ਬਗੈਰ ਪੰਜਾਬ ਨੂੰ ਅੱਗੇ ਨਹੀਂ ਲਿਜਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਵਿਚ 'ਆਪ' ਰਾਜਨੀਤੀ ਤੋਂ ਉਪਰ ਉਠ ਕੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੋਵੇਗੀ। 'ਆਪ' ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਅੱਜ ਜਦੋਂ ਸਾਡੇ ਕਿਸਾਨ, ਮਾਵਾਂ-ਭੈਣਾਂ ਆਪਣੀ ਜ਼ਮੀਨ ਬਚਾਉਣ ਲਈ ਠੰਢੀਆਂ ਰਾਤਾਂ ਖੁੱਲ੍ਹੇ ਅਸਮਾਨ ਹੇਠ ਸੜਕਾਂ ਉਤੇ ਕੱਟ ਰਹੇ ਹਨ ਤਾਂ ਅਸੀਂ ਚੈਨ ਨਾਲ ਨਹੀਂ ਬੈਠ ਸਕਦੇ।

## *ਕਿਸਾਨ ਬੀਬੀਆਂ ਵੱਲੋਂ ਦਿੱਲੀ ਕੂਚ ਕਰਨ ਦਾ ਹੋਕਾ*

**ਸੰਗਰੂਰ:** ਭਾਕਿਯੂ ਏਕਤਾ ਉਗਰਾਹਾਂ ਦੇ ਝੰਡੇ ਹੇਠ ਵੱਖ-ਵੱਖ ਪਿੰਡਾਂ ਵਿਚ ਮਾਰਚ ਕਰਦਿਆਂ ਕਿਸਾਨ ਬੀਬੀਆਂ ਵਲੋਂ ਦਿੱਲੀ ਮੋਰਚੇ 'ਚ ਭਰਵੀਂ ਸ਼ਮੂਲੀਅਤ ਦਾ ਘਰ-ਘਰ ਹੋਕਾ ਦਿੱਤਾ ਗਿਆ। ਉਨ੍ਹਾਂ ਖੇਤੀ ਕਾਨੂੰਨਾਂ ਅਤੇ ਮੋਦੀ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਕਿਸਾਨ ਅੰਦੋਲਨ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਲੋਕਾਂ ਨੂੰ ਲਾਮਬੰਦ ਕਰਨ ਲਈ ਕੱਢੇ ਗਏ ਮਾਰਚਾਂ 'ਚ ਵੱਡੀ ਗਿਣਤੀ ਕਿਸਾਨ ਬੀਬੀਆਂ ਅਤੇ ਬੱਚਿਆਂ ਨੇ ਵੀ ਸ਼ਮੂਲੀਅਤ ਕੀਤੀ। ਇਥੋਂ ਨੇੜਲੇ ਪਿੰਡ ਬਡਰੁੱਖਾਂ ਵਿਚ ਕਿਸਾਨ ਬੀਬੀਆਂ ਦੇ ਹੱਥਾਂ ਵਿਚ ਜਥੇਬੰਦੀ ਦੇ ਝੰਡੇ ਸਨ ਜੋ ਗਲੀਆਂ 'ਚ ਰੋਸ ਮਾਰਚ ਕਰ ਕੇ ਦਿੱਲੀ ਪੁੱਜਣ ਲਈ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਸਨ।

# ਸੰਯੁਕਤ ਕਿਸਾਨ ਮੋਰਚਾ ਆਰ-ਪਾਰ ਦੀ ਲੜਾਈ ਦੇ ਰੌਂਅ ਵਿਚ

**ਚੰਡੀਗੜ੍ਹ:** ਕੇਂਦਰ ਵਲੋਂ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵਲੋਂ ਬਣਾਇਆ 'ਸੰਯੁਕਤ ਕਿਸਾਨ ਮੋਰਚਾ' ਆਰ-ਪਾਰ ਲੜਾਈ ਦੇ ਰੌਂਅ 'ਚ ਨਜ਼ਰ ਆ ਰਿਹਾ ਹੈ। 500 ਕਿਸਾਨ ਜਥੇਬੰਦੀਆਂ ਦੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਹੈ ਕਿ ਜੇਕਰ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਕਿਤੇ ਵੀ ਰੋਕਿਆ ਤਾਂ ਉਹ ਅਣਮਿਥੇ ਸਮੇਂ ਲਈ ਦਿੱਲੀ ਘੇਰਨਗੇ। ਉਨ੍ਹਾਂ ਐਲਾਨ ਕੀਤਾ ਕਿ ਦਿੱਲੀ ਚਲੋ ਅੰਦੋਲਨ ਭਾਵੇਂ ਸ਼ਾਂਤੀਪੂਰਨ ਹੋਵੇਗਾ ਪਰ ਉਨ੍ਹਾਂ ਨੂੰ ਖੁਦ ਨਹੀਂ ਪਤਾ ਕਿ ਇਹ ਅੰਦੋਲਨ ਕਿੰਨਾ ਸਮਾਂ ਚੱਲੇਗਾ। ਉਨ੍ਹਾਂ ਕਿਹਾ ਕਿ ਕਿਸਾਨ 5-5 ਮਹੀਨੇ ਦਾ ਰਾਸ਼ਨ ਲੈ ਕੇ ਪੱਕੇ ਮੋਰਚੇ ਦੀ ਤਿਆਰੀ ਨਾਲ ਦਿੱਲੀ ਜਾਣਗੇ ਤੇ ਪੰਜ ਮੁੱਖ ਮਾਰਗਾਂ ਰਾਹੀਂ ਦਿੱਲੀ ਪੁੱਜਿਆ ਜਾਵੇਗਾ। ਯੋਗਿੰਦਰ ਯਾਦਵ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਦਾ ਪਹਿਲਾ ਵੱਡਾ ਕਿਸਾਨ ਸੰਘਰਸ਼ ਇਤਿਹਾਸਕ ਬਣਦਾ ਜਾ ਰਿਹਾ ਹੈ ਅਤੇ ਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ ਕਿ 500 ਤੋਂ ਵੀ ਜ਼ਿਆਦਾ ਕਿਸਾਨ ਸੰਗਠਨ ਇਕ ਝੰਡੇ ਹੇਠ ਇਕੱਠੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਵੱਡੀ ਕਿਸਾਨ ਏਕਤਾ ਪਿਛਲੇ 50-60 ਸਾਲਾਂ ਤੋਂ ਦੇਖਣ ਨੂੰ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਦੇਸ਼ ਦੇ ਕਿਸਾਨਾਂ ਨੂੰ ਬਿਨਾਂ ਪੁੱਛੇ ਤੇ ਭਰੋਸੇ 'ਚ ਲਏ ਕਾਲੇ ਖੇਤੀ ਕਾਨੂੰਨ ਲਾਗੂ ਕਰ ਦਿੱਤੇ ਜਿਸ ਦਾ ਜਵਾਬ ਕਿਸਾਨਾਂ ਨੇ ਇਸ ਇਤਿਹਾਸਕ ਕਦਮ ਨਾਲ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ 26 ਨਵੰਬਰ ਨੂੰ ਸੰਵਿਧਾਨ ਦਿਵਸ ਵਾਲੇ ਦਿਨ ਦੇਸ਼ ਭਰ ਦੇ ਕਿਸਾਨ ਕੇਂਦਰ ਸਰਕਾਰ ਤੋਂ ਆਪਣੇ ਸੰਵਿਧਾਨਕ ਹੱਕ ਦੀ ਮੰਗ ਕਰਦਿਆਂ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਆਵਾਜ਼ ਬੁਲੰਦ ਕਰਨਗੇ।

ਪਰਾਲੀ ਸਾੜਨ ਦੇ ਨਾਂ ਉਤੇ ਥੋਪੇ ਜਾ ਰਹੇ ਸਖਤ ਨਿਯਮ ਵੀ ਰੱਦ ਕਰਨ ਦੀ ਮੰਗ ਕੇਂਦਰ ਅੱਗੇ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਸ਼ਾਂਤੀ ਪੂਰਨ ਮਾਰਚ ਲਈ ਦਿੱਲੀ ਜਾ ਰਹੇ ਹਨ ਅਤੇ ਉਹ ਕੇਂਦਰ ਨੂੰ ਅਪੀਲ ਕਰਦੇ ਹਨ ਕਿ ਸਰਕਾਰ ਉਨ੍ਹਾਂ ਨੂੰ ਆਪਣੀ ਆਵਾਜ਼ ਚੁੱਕਣ ਦੀ ਇਜਾਜ਼ਤ ਦੇਵੇ ਨਹੀਂ ਤਾਂ ਜਿਥੇ ਵੀ ਉਨ੍ਹਾਂ ਨੂੰ ਰੋਕਿਆ ਗਿਆ ਉਥੇ ਹੀ ਪੱਕੇ ਮੋਰਚੇ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਰੇਲ ਬੰਦੀ ਖਿਲਾਫ ਵੀ ਦੇਸ਼ ਭਰ ਦੇ ਕਿਸਾਨ ਇਕ ਹਨ। ਕਿਸਾਨ ਆਗੂ ਸ਼ਿਵ ਕੁਮਾਰ ਸ਼ਰਮਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਅਜਿਹਾ ਅੰਦੋਲਨ ਦੇਖਣ ਨੂੰ ਮਿਲ ਰਿਹਾ ਹੈ ਜਿਸ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਹੈ ਅਤੇ ਪੰਜਾਬ ਨੇ ਸਾਰੇ ਰਾਜਾਂ ਨੂੰ ਰਾਹ ਦਿਖਾਇਆ ਹੈ ਅਤੇ ਦੇਸ਼ ਭਰ ਦੇ ਕਿਸਾਨ ਇਕ ਆਵਾਜ਼ 'ਚ ਦਿੱਲੀ ਚਲੋ ਦਾ ਨਾਅਰਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਅੰਦੋਲਨ 'ਚ ਆਮ ਜਨਤਾ ਵੀ ਪੂਰਾ ਸਾਥ ਦੇ ਰਹੀ ਹੈ। ਗੁਰਨਾਮ ਸਿੰਘ ਨੇ ਕਿਹਾ ਕਿ ਇਹ ਅੰਦੋਲਨ ਪਹਿਲਾਂ ਪੰਜਾਬ ਨੇ ਸ਼ੁਰੂ ਕੀਤਾ ਫਿਰ ਹਰਿਆਣਾ ਦੇ ਕਿਸਾਨ ਮੂਹਰੇ ਆਏ ਪਰ ਹਰਿਆਣਾ 'ਚ ਕਿਸਾਨਾਂ ਉਤੇ ਅੰਨ੍ਹਾ ਤਸ਼ੱਦਦ ਹੋਇਆ, ਕਿਸਾਨਾਂ ਉਤੇ ਪਰਚੇ ਪਾਏ ਗਏ ਤੇ ਲਾਠੀਚਾਰਜ ਹੋਇਆ। ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠ ਲੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਕਿੰਨੀ ਦੇਰ ਚੱਲੇਗਾ ਨਹੀਂ ਕਹਿ ਸਕਦੇ ਪਰ ਜੇ ਉਨ੍ਹਾਂ ਨੂੰ ਰੋਕਿਆ ਗਿਆ ਤਾਂ ਦਿੱਲੀ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਜਾਣਗੇ। ਪੰਜਾਬ ਦੇ ਕਿਸਾਨ ਆਗੂ ਸ. ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਦੇਸ਼ ਕਿਸਾਨੀ ਦੇ ਇਤਿਹਾਸਕ ਸੰਘਰਸ਼ ਦੀ ਗਵਾਹੀ ਦੇਵੇਗਾ ਅਤੇ ਕੇਂਦਰ ਸਰਕਾਰ ਵਲੋਂ ਕਿਸਾਨਾਂ ਉਤੇ ਲਗਾਏ ਗਏ ਕਿਸਾਨ ਵਿਰੋਧੀ ਕਾਨੂੰਨਾਂ ਵਿਰੁੱਧ ਲਹਿਰ ਹੁਣ ਇਕ ਨਿਰਣਾਇਕ ਪੜਾਅ ਉਤੇ ਪਹੁੰਚ ਗਈ ਹੈ। ਦੇਸ਼ ਭਰ ਦੇ ਕਿਸਾਨ ਆਰ-ਪਾਰ ਦੀ ਲੜਾਈ ਲੜਨ ਲਈ 'ਦਿੱਲੀ ਚਲੋ' ਦੇ ਸੱਦੇ ਤਹਿਤ ਅਣਮਿਥੇ ਸੰਘਰਸ਼ ਲਈ



ਰਾਸ਼ਟਰੀ ਰਾਜਧਾਨੀ ਪਹੁੰਚ ਰਹੇ ਹਨ। ਇਸ ਸੰਯੁਕਤ ਕਿਸਾਨ ਮੋਰਚੇ ਨੂੰ ਦੇਸ਼ ਦੀਆਂ 500 ਤੋਂ ਵੱਧ ਕਿਸਾਨ ਜਥੇਬੰਦੀਆਂ ਦਾ ਸਮਰਥਨ ਪ੍ਰਾਪਤ ਹੈ। ਜਿਵੇਂ ਪੰਜਾਬ ਦੇਸ਼ ਭਰ ਦੇ ਅਨਾਜ ਦਾ 60 ਫੀਸਦੀ ਦੇ ਰਿਹਾ ਹੈ ਉਥੇ ਇਸ ਅੰਦੋਲਨ 'ਚ ਕੁੱਲ ਕਿਸਾਨਾਂ ਦਾ 60 ਫੀਸਦੀ ਕਿਸਾਨ ਪੰਜਾਬ ਤੋਂ ਸ਼ਾਮਲ ਹੋਵੇਗਾ। ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 26 ਨਵੰਬਰ ਨੂੰ ਗੁਆਂਢੀ ਰਾਜਾਂ ਦੇ ਕਿਸਾਨ ਪੰਜ ਵੱਡੇ ਰੂਟਾਂ ਰਾਹੀਂ ਦਿੱਲੀ ਪਹੁੰਚਣਗੇ। ਕਿਸਾਨ ਅੰਮ੍ਰਿਤਸਰ ਦਿੱਲੀ ਨੈਸ਼ਨਲ ਹਾਈਵੇ (ਕੁੰਡਲੀ ਬਾਰਡਰ), ਹਿਸਾਰ ਦਿੱਲੀ ਹਾਈਵੇ (ਬਹਾਦੁਰਗੜ੍ਹ), ਜੈਪੁਰ ਦਿੱਲੀ ਹਾਈਵੇ (ਧਾਰੂਹੇੜਾ), ਬਰੇਲੀ ਦਿੱਲੀ ਹਾਈਵੇ (ਹਾਪੁੜ), ਆਗਰਾ ਦਿੱਲੀ ਹਾਈਵੇ (ਬੱਲਭਗੜ੍ਹ) ਵਿਖੇ ਇਕੱਤਰ ਹੁੰਦੇ ਹੋਏ ਦਿੱਲੀ ਵੱਲ ਮਾਰਚ ਕਰਨਗੇ। ਉਨ੍ਹਾਂ ਕਿਹਾ ਕਿ ਜੇ ਕਿਸਾਨਾਂ ਨੂੰ ਕਿਸੇ ਜਗ੍ਹਾ ਉਤੇ ਰੋਕਿਆ ਗਿਆ ਤਾਂ ਕਿਸਾਨ ਉਥੇ ਸ਼ਾਂਤਮਈ ਧਰਨਾ ਦੇ ਕੇ ਵਿਰੋਧ ਕਰਨਗੇ। ਉਨ੍ਹਾਂ ਕਿਹਾ ਕਿ ਰੇਲ ਤੇ ਬੱਸ ਆਵਾਜਾਈ ਦੀ ਘਾਟ ਕਾਰਨ, ਕਿਸਾਨ ਵੱਡੀ ਗਿਣਤੀ 'ਚ ਆਪਣੇ ਟਰੈਕਟਰ ਟਰਾਲੀ ਲੈ ਕੇ ਦਿੱਲੀ ਵੱਲ ਯਾਤਰਾ ਕਰਨਗੇ।

ਇਸ ਮੌਕੇ ਮੁੱਖ ਤੌਰ ਉਤੇ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ, ਰਾਸ਼ਟਰੀ ਕਿਸਾਨ ਮਹਾਂਸੰਘ ਤੇ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਤੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਤੇ ਦੇਸ਼ ਦੇ ਕਈ ਹੋਰ ਕਿਸਾਨ ਸੰਗਠਨਾਂ ਦੇ ਨੁਮਾਇੰਦੇ ਸ਼ਾਮਲ ਹੋਏ। ਕਿਸਾਨ ਆਗੂਆਂ ਨੇ ਕਿਹਾ ਕਿ 27 ਨਵੰਬਰ ਨੂੰ ਕੇਂਦਰ ਦੇ ਸਰਕਾਰੀ ਦਫਤਰਾਂ ਅੱਗੇ ਵੀ ਪ੍ਰਦਰਸ਼ਨ ਕੀਤੇ ਜਾਣਗੇ। ਦੱਸਣਯੋਗ ਹੈ ਕਿ ਪੰਜਾਬ ਦੀਆਂ 30 ਕਿਸਾਨ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਨੇ ਇਸ ਪ੍ਰੋਗਰਾਮ 'ਚ ਜ਼ੋਰਦਾਰ ਢੰਗ ਨਾਲ ਹਿੱਸਾ ਲੈਣ ਦਾ ਐਲਾਨ ਕੀਤਾ ਸੀ। ਉਨ੍ਹਾਂ ਪੰਜਾਬ ਦੇ ਲੋਕਾਂ ਦੀ ਕੇਂਦਰ ਸਰਕਾਰ ਵਲੋਂ ਆਰਥਿਕ ਨਾਕਾਬੰਦੀ ਖੋਲ੍ਹਣ ਤੇ ਮਾਲ ਗੱਡੀਆਂ ਤੁਰਤ ਚਾਲੂ ਕਰਨ ਦੀ ਮੰਗ ਦਾ ਸਮਰਥਨ ਕੀਤਾ। ਇਸ ਅੰਦੋਲਨ ਦੌਰਾਨ ਜਿਥੇ ਵੀ ਦੇਸ਼ 'ਚ ਕਿਸਾਨਾਂ ਵਿਰੁੱਧ ਮੁਕੱਦਮੇ ਦਰਜ ਕੀਤੇ ਗਏ ਹਨ, ਉਨ੍ਹਾਂ ਕੇਸਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਰੱਖੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਸਾਂਝੇ ਕਿਸਾਨ ਮੋਰਚੇ ਦੀ ਇਕੋ ਮੰਗ ਹੈ ਕਿ ਕੇਂਦਰ ਸਰਕਾਰ ਤੋਂ ਬਿਨਾਂ ਪੁੱਛੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਤੇ ਪ੍ਰਸਤਾਵਿਤ ਬਿਜਲੀ ਕਾਨੂੰਨਾਂ ਨੂੰ ਤੁਰਤ ਰੱਦ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਐਨ.ਸੀ.ਆਰ. ਦੇ ਪ੍ਰਦੂਸ਼ਣ ਕਾਨੂੰਨ ਤੋਂ ਬਾਹਰ ਰੱਖਿਆ ਜਾਵੇ। ਇਹ ਕਾਨੂੰਨ ਕਿਸਾਨਾਂ ਲਈ ਨਹੀਂ ਬਲਕਿ ਕਾਰਪੋਰੇਟਰਾਂ ਦੇ ਹਿਤਾਂ ਦੀ ਸੇਵਾ ਲਈ ਬਣਾਇਆ ਗਿਆ ਹੈ। ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਇਨ੍ਹਾਂ ਚਾਰ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਦੀਆਂ ਹਨ।

# ਪੰਜਾਬ ਵਿਚ ਯੂਰੀਆ ਖਾਦ ਦੀ ਘਾਟ ਬਹਾਨੇ ਕਿਸਾਨਾਂ ਦੀ ਲੁੱਟ

**ਚੰਡੀਗੜ੍ਹ:** ਕੇਂਦਰ ਵਲੋਂ ਪੰਜਾਬ 'ਚ ਮਾਲ ਗੱਡੀਆਂ ਦੀ ਬੰਦ ਕੀਤੀ ਆਵਾਜਾਈ ਕਾਰਨ ਪੰਜਾਬ 'ਚ ਯੂਰੀਆ ਖਾਦ ਦਾ ਪੈਦਾ ਹੋਇਆ ਸੰਕਟ ਕਿਸਾਨਾਂ ਦੀ ਲੁੱਟ ਦਾ ਸਬੱਬ ਬਣ ਗਿਆ ਹੈ। ਕਮੀ ਦੇ ਪੈਦਾ ਹੋਏ ਇਸ ਮਾਹੌਲ 'ਚ ਜਿਥੇ ਵਿਕਰੇਤਾ ਕਿਸਾਨਾਂ ਨੂੰ ਖਾਦ ਦੇ ਥੈਲਿਆਂ ਉਤੇ ਵੱਧ ਭਾਅ ਵਸੂਲੀ ਕਰ ਰਹੇ ਹਨ, ਉਥੇ ਕਈ ਕਿਸਾਨਾਂ ਨੂੰ ਖਾਦ ਨਾਲ ਹੋਰ ਨਦੀਨ ਨਾਸ਼ਕ ਤੇ ਹੋਰ ਦਵਾਈਆਂ ਵੀ ਮਹਿੰਗੇ ਭਾਅ ਮੜ੍ਹੀਆਂ ਜਾ ਰਹੀਆਂ ਹਨ।

ਪੰਜਾਬ ਵਿਚ ਬੀਜੀ ਕਣਕ ਦੀ ਫਸਲ ਨੂੰ ਪਹਿਲਾਂ ਪਾਣੀ ਦੇਣ ਦਾ ਸਮਾਂ ਜ਼ੋਰ ਫੜਦਾ ਜਾ ਰਿਹਾ ਹੈ, ਜਿਸ ਮੌਕੇ ਕਿਸਾਨਾਂ ਨੇ ਕਣਕ ਦੀ ਫਸਲ ਲਈ ਖਾਦ ਪਾਉਣੀ ਹੁੰਦੀ ਹੈ, ਉਸ ਸਮੇਂ ਇਕ ਦਮ ਵੱਡੇ ਪੱਧਰ ਉਤੇ ਖਾਦ ਦੀ ਜ਼ਰੂਰਤ ਪੈਂਦੀ ਹੈ। ਇਸ ਦੇ ਨਾਲ ਹੀ ਆਲੂ ਤੇ ਮਟਰਾਂ ਦੀ ਫਸਲ ਲਈ ਵੀ ਖਾਦ ਦੀ ਲੋੜ ਹੈ। ਖੇਤੀਬਾੜੀ ਵਿਭਾਗ ਪੰਜਾਬ ਦੇ ਅੰਕੜਿਆਂ ਮੁਤਾਬਕ ਵਰਤਮਾਨ ਸਮੇਂ ਵਿਚ ਕਿਸਾਨਾਂ ਨੂੰ 8 ਲੱਖ ਟਨ ਯੂਰੀਆ ਖਾਦ ਦੀ ਜ਼ਰੂਰਤ ਹੈ ਪਰ ਫਿਲਹਾਲ 2 ਟਨ ਦੇ ਕਰੀਬ ਤੱਕ ਪੂਰਤੀ ਜੋਗੀ ਖਾਦ ਮੌਜੂਦ ਹੈ। ਇਸ ਲਈ ਖਾਦ ਦੀ ਕਮੀ ਕਾਰਨ ਵੱਡੇ ਪੱਧਰ ਉਤੇ ਪੰਜਾਬ ਦੇ ਕਿਸਾਨ ਹਰਿਆਣਾ ਤੋਂ ਵੀ ਖਾਦ ਬਲੈਕ 'ਚ ਵੱਧ ਰੇਟਾਂ ਉਤੇ ਖਰੀਦਣ ਲਈ ਮਜਬੂਰ ਹਨ।

ਜਾਣਕਾਰੀ ਮੁਤਾਬਕ ਹਰਿਆਣਾ 'ਚ 270 ਰੁਪਏ ਪ੍ਰਤੀ ਖਾਦ ਦਾ ਥੈਲਾ 350 ਰੁਪਏ ਤੱਕ ਵੀ ਵੇਚਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਖਾਦ ਦੀ ਖਰੀਦ ਮੌਕੇ ਡੀਲਰ ਮਨਮਰਜ਼ੀ ਦੀ



ਕੰਪਨੀ ਤੇ ਮਨ ਮਰਜ਼ੀ ਦੀਆਂ ਦਵਾਈਆਂ ਮਹਿੰਗੇ ਭਾਅ ਕਿਸਾਨਾਂ ਨੂੰ ਨਾਲ ਮੜ੍ਹ ਰਹੇ ਹਨ। ਇਸ ਸਭ ਦੇ ਬਾਵਜੂਦ ਵੀ ਅੰਮ੍ਰਿਤਸਰ ਤੱਕ ਦੇ ਕਿਸਾਨ ਮਜਬੂਰਨ ਕਿਰਾਏ ਆਦਿ ਦੇ ਖਰਚੇ ਝੱਲ ਕੇ ਵੀ ਹਰਿਆਣਾ ਤੱਕ ਖਾਦ ਖਰੀਦਣ ਲਈ ਪਹੁੰਚ ਕਰ ਰਹੇ ਹਨ।

ਇਸੇ ਤਰ੍ਹਾਂ ਹੀ ਪੰਜਾਬ ਦੇ ਡੀਲਰ ਵੀ ਜਿਥੇ ਆਪਣੇ ਕਿਸਾਨਾਂ ਤੋਂ ਤੈਅ ਰੇਟਾਂ ਤੋਂ ਮਹਿੰਗੀ ਖਾਦ ਵੇਚ ਰਹੇ ਹਨ, ਉਥੇ ਨਾਲ ਹੀ ਮਨਮਰਜ਼ੀ ਦੀਆਂ ਦਵਾਈਆਂ ਵੀ ਉਨ੍ਹਾਂ ਨੂੰ ਲੈਣ ਲਈ ਮਜਬੂਰ ਕਰ ਰਹੇ ਹਨ। ਇਸ ਤੋਂ ਇਲਾਵਾ ਕਈ ਮਾਤੜ ਕਿਸਾਨ ਅਜਿਹੇ ਵੀ ਹਨ, ਜਿਨ੍ਹਾਂ ਨੂੰ ਇਸ ਸਭ ਦੇ ਬਾਵਜੂਦ ਵੀ ਖਾਦ ਨਹੀਂ ਮਿਲ ਰਹੀ ਤੇ ਉਹ ਵੱਖ-ਵੱਖ ਥਾਵਾਂ ਉਤੇ ਖੱਜਲ-ਖੁਆਰ ਹੋ ਰਹੇ ਹਨ।

# ਪੰਜਾਬ ਭਾਜਪਾ ਆਗੂਆਂ ਲਈ ਚੁਣੌਤੀ ਬਣਿਆ ਕਿਸਾਨੀ ਸੰਘਰਸ਼

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਇਆ ਕਿਸਾਨ ਸੰਘਰਸ਼ ਪੰਜਾਬ ਵਿਚ ਭਾਜਪਾ ਆਗੂਆਂ ਲਈ ਚੁਣੌਤੀ ਬਣ ਗਿਆ ਹੈ। ਕਿਸਾਨਾਂ ਨੇ ਜਿਥੇ ਪਿਛਲੇ ਡੇਢ ਮਹੀਨੇ ਤੋਂ ਭਾਜਪਾ ਦੇ ਸੀਨੀਅਰ ਆਗੂਆਂ ਦੇ ਘਰਾਂ ਨੂੰ ਘੇਰਿਆ ਹੋਇਆ ਹੈ, ਉਥੇ ਆਗੂਆਂ ਦੀਆਂ ਸਿਆਸੀ ਗਤੀਵਿਧੀਆਂ ਨੂੰ ਵੀ ਬਰੇਕ ਲਾਉਣ ਸ਼ੁਰੂ ਕਰ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਚੋਣ ਤਿਆਰੀਆਂ ਦੇ ਮੱਦੇਨਜ਼ਰ ਸੂਬੇ ਵਿਚ ਦਫਤਰ ਖੋਲ੍ਹਣ ਦਾ ਐਲਾਨ ਪੁੱਠਾ ਪੈ ਗਿਆ। ਕਿਸਾਨ ਅੰਦੋਲਨ ਦੌਰਾਨ ਭਾਜਪਾ ਵੱਲੋਂ ਪੰਜਾਬ ਵਿਚ ਜ਼ਿਲ੍ਹਾ ਪੱਧਰ ਉਤੇ ਸਿਆਸੀ ਦਫਤਰ ਉਸਾਰੇ ਜਾਣ ਦੀ ਸੰਕੇਤਕ ਸ਼ੁਰੂਆਤ ਨੂੰ ਕਿਸਾਨਾਂ ਨੇ ਚੁਣੌਤੀ ਵਜੋਂ ਲਿਆ ਹੈ।

ਕਿਸਾਨਾਂ ਨੇ ਪਹਿਲਾਂ ਹੀ ਦਫਤਰਾਂ ਵਾਲੀਆਂ ਥਾਵਾਂ ਉਤੇ ਧਾਵਾ ਬੋਲ ਦਿੱਤਾ ਜਿਸ ਕਾਰਨ ਪ੍ਰੋਗਰਾਮ ਰੱਦ ਕਰਨਾ ਪਿਆ। ਬਠਿੰਡਾ ਵਿਚ ਮਿੱਤਲ ਮਾਲ ਨੇੜੇ ਭਾਰਤੀ ਜਨਤਾ ਪਾਰਟੀ ਵੱਲੋਂ ਦਫਤਰ ਦਾ ਨੀਂਹ ਪੱਥਰ ਰੱਖਣ ਦੀ ਸੂਚਨਾ ਮਿਲਣ ਉਤੇ ਤਤਕਸਾਰ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਸਮਾਗਮ ਵਾਲੀ ਜਗ੍ਹਾ 'ਤੇ ਧਰਨਾ ਲਾ ਦਿੱਤਾ। ਧਰਨੇ ਦੀ ਅਗਵਾਈ ਕਰ ਰਹੇ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਮੋਹਣ ਸਿੰਘ ਕੋਟੜਾ ਨੇ ਆਖਿਆ ਕਿ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਇਥੇ ਪਾਰਟੀ ਦਫਤਰ ਦਾ ਨੀਂਹ ਪੱਥਰ ਰੱਖਣ ਲਈ ਆਉਣਾ ਸੀ। ਸੁਵਖਤੇ ਹੀ ਇਸ ਦਾ ਪਤਾ ਲੱਗਣ

## ਸਿਆਸੀ ਸਰਗਰਮੀਆਂ ਵੀ ਹੋਈਆਂ ਠੱਪ



ਉਤੇ ਸਾਰੇ ਕਿਸਾਨਾਂ ਨੂੰ ਸੁਨੇਹੇ ਪਹੁੰਚਾ ਕੇ ਸਮਾਗਮ ਵਾਲੀ ਥਾਂ ਇਕੱਠੇ ਹੋਣ ਲਈ ਕਿਹਾ ਗਿਆ। ਪਿੰਡਾਂ 'ਚੋਂ ਕਿਸਾਨ ਫੌਰੀ ਸਬੰਧਤ ਥਾਂ ਉਤੇ ਵਹੀਰਾਂ ਘੱਤ ਕੇ ਪਹੁੰਚ ਗਏ ਅਤੇ ਸਮਾਗਮ ਵਾਲੀ ਜਗ੍ਹਾ ਅੱਗੇ ਧਰਨਾ ਲਾ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਨ੍ਹਾਂ ਜਾਬਰ ਹਥਕੰਡਿਆਂ ਖਿਲਾਫ ਪੰਜਾਬ ਦੀ ਕਿਸਾਨੀ ਵਿਰੋਧ ਕਰ ਰਹੀ ਹੈ ਪਰ ਪੰਜਾਬ ਵਿਚ ਮੱਚੀ ਹਾਹਾਕਾਰ ਦੌਰਾਨ ਭਾਜਪਾ ਆਪਣੇ ਆਗੂਆਂ ਨੂੰ ਇਥੇ ਭੇਜ ਕੇ ਬਲਦੀ ਉਤੇ ਤੇਲ ਪਾ ਰਹੀ ਹੈ ਤਾਂ ਕਿ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕੀਤਾ ਜਾ ਸਕੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਕੇਂਦਰੀ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਉਦੋਂ ਤੱਕ ਭਾਜਪਾ ਵੱਲੋਂ ਦਫਤਰ ਖੋਲ੍ਹਣੇ ਤਾਂ ਦੂਰ ਦੀ ਗੱਲ, ਅੱਕੇ ਹੋਏ ਲੋਕ ਭਾਜਪਾਈਆਂ ਨੂੰ ਪੰਜਾਬ 'ਚ ਪੈਰ ਵੀ ਨਹੀਂ ਧਰਨ ਦੇਣਗੇ।

ਧਰਨੇ ਦੌਰਾਨ ਹੀ ਟੈਂਟ ਵਾਲਿਆਂ ਨੇ ਸਜੇ ਪੰਡਾਲ ਨੂੰ ਸਮੇਟਣਾ ਸ਼ੁਰੂ ਕਰ ਦਿੱਤਾ ਅਤੇ ਵੇਖਦਿਆਂ-ਵੇਖਦਿਆਂ ਹੀ ਕਾਫੀ ਸਾਜ਼ੋ-ਸਾਮਾਨ ਰੇਹੜਿਆਂ 'ਤੇ ਲੱਦ ਲਿਆ। ਇਸ ਪਿੱਛੋਂ ਧਰਨਾਕਾਰੀਆਂ ਨੇ ਉਥੋਂ ਸ਼ਹਿਰ ਵਿਚ ਰੋਸ ਮਾਰਚ ਕਰਨ ਲਈ ਚਾਲੇ ਪਾ ਲਏ। ਨਾਅਰੇਬਾਜ਼ੀ ਕਰਦਿਆਂ ਉਨ੍ਹਾਂ ਪੁਰਾਣੇ ਬੱਸ ਅੱਡੇ ਤੱਕ ਰੋਸ ਮੁਜ਼ਾਹਰਾ ਕੀਤਾ।

ਸੰਗਰੂਰ ਵਿਚ ਵੀ ਕਿਸਾਨ ਜਥੇਬੰਦੀਆਂ ਨੇ ਭਾਜਪਾ ਵੱਲੋਂ ਦਫਤਰ ਖੋਲ੍ਹੇ ਜਾਣ ਦੇ ਉਲੀਕੇ ਪ੍ਰੋਗਰਾਮ ਦੇ ਵਿਰੋਧ ਵਿਚ ਰੋਸ ਮਾਰਚ ਕੀਤਾ ਗਿਆ ਜਦਕਿ ਭਾਕਿਯੂ (ਏਕਤਾ ਉਗਰਾਹਾਂ) ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਨੇ ਸਾਰਾ ਦਿਨ ਭਾਜਪਾ ਦਫਤਰ ਅੱਗੇ ਰੋਸ ਧਰਨਾ ਦਿੱਤਾ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਤੇ ਕਿਸਾਨ ਬੀਬੀਆਂ ਨੇ ਭਾਜਪਾ ਦੇ ਦਫਤਰ ਵਾਲੀ ਥਾਂ ਦਾ ਘਿਰਾਓ ਕਰਦਿਆਂ ਰੋਸ ਧਰਨਾ ਦਿੱਤਾ ਜੋ ਸ਼ਾਮ ਤੱਕ ਜਾਰੀ ਰਿਹਾ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਗੋਬਿੰਦਰ ਸਿੰਘ ਮੰਗਵਾਲ ਨੇ ਕਿਹਾ ਕਿ ਪੰਜਾਬ ਦੀ ਬਰਬਾਦੀ ਲਈ ਖੇਤੀ ਕਾਨੂੰਨ ਲਿਆਉਣ ਵਾਲੀ ਭਾਜਪਾ ਵਿਰੁੱਧ ਪੰਜਾਬ ਭਰ ਵਿਚ ਰੋਸ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਦਾ ਪੰਜਾਬ ਦੇ ਪੇਂਡੂ ਖੇਤਰ 'ਚੋਂ ਸਫਾਇਆ ਕਰ ਦਿੱਤਾ ਗਿਆ ਹੈ ਅਤੇ ਹੁਣ ਭਾਜਪਾ ਨੂੰ ਸ਼ਹਿਰਾਂ 'ਚੋਂ ਵੀ ਖਦੇੜਿਆ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਸ਼ਹਿਰਾਂ ਵਿਚ ਭਾਜਪਾ ਨੂੰ ਦਫਤਰ ਨਹੀਂ ਖੋਲ੍ਹਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 26 ਤੇ 27 ਨਵੰਬਰ ਦੇ ਦਿੱਲੀ ਮੋਰਚੇ ਲਈ ਤਿਆਰੀਆਂ ਵੱਡੇ ਪੱਧਰ ਉਤੇ ਜਾਰੀ ਹਨ।

## ਪੰਜਾਬ ਭਾਜਪਾ ਕਿਸਾਨਾਂ ਦਾ ਪੱਖ ਕੇਂਦਰ ਨੂੰ ਦੱਸੇ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਪੰਜਾਬ ਭਾਜਪਾ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਘੱਟੋ-ਘੱਟ ਇਸ ਮਾਮਲੇ ਵਿਚ ਆਪਣਾ ਰੁਖ ਸਪੱਸ਼ਟ ਕਰੇ ਤੇ ਖੇਤੀ ਕਾਨੂੰਨਾਂ ਦੇ ਗੁਣਗਾਣ ਦੀ ਥਾਂ ਕਿਸਾਨਾਂ ਦਾ ਪੱਖ ਕੇਂਦਰ ਸਰਕਾਰ ਕੋਲ ਰੱਖੇ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਲਾਗੂ ਕਰ ਕੇ ਕੇਂਦਰ ਸਰਕਾਰ ਨੇ ਵੱਡਾ ਧੱਕਾ ਕੀਤਾ ਹੈ ਅਤੇ ਇਸ ਨਾਲ ਪੰਜਾਬ ਦੀ ਕਿਸਾਨੀ ਨੂੰ ਵੱਡਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਨੂੰ ਕਿਸਾਨਾਂ ਦਾ ਪੱਖ ਸੁਣਨਾ ਚਾਹੀਦਾ ਹੈ ਅਤੇ ਕੇਂਦਰ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ ਤਾਂ ਕਿ ਮਸਲੇ ਦਾ ਜਲਦੀ ਹੱਲ ਕੱਢਿਆ ਜਾ ਸਕੇ।

## ਰੇਲਾਂ ਰੋਕਣ ਕਾਰਨ ਸੂਬੇ ਨੂੰ 40 ਹਜ਼ਾਰ ਕਰੋੜ ਦਾ ਘਾਟਾ ਪਿਆ: ਕੈਪਟਨ



**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਨੁਮਾਇੰਦਿਆਂ ਨੂੰ ਵਾਅਦਾ ਕੀਤਾ ਕਿ ਕਿਸਾਨਾਂ ਦੀਆਂ ਹੋਰ ਮੰਗਾਂ ਵੱਲ ਵੀ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਗੰਨੇ ਦੀ ਕੀਮਤ ਵਿਚ ਵਾਧੇ, ਬਕਾਏ ਦੀ ਅਦਾਇਗੀ ਅਤੇ ਨਾੜ ਸਾੜਨ ਦੇ ਮਾਮਲੇ ਵਿਚ ਦਰਜ ਐਫ.ਆਈ.ਆਰਜ਼. ਰੱਦ ਕਰਨ ਜਿਹੇ ਮੁੱਦਿਆਂ ਉਤੇ ਅਗਲੇ ਇਕ ਹਫਤੇ ਵਿਚ ਗੱਲਬਾਤ ਕਰਨਗੇ। ਇਸ ਮਾਮਲੇ ਉਤੇ ਵਿਚਾਰ ਵਟਾਂਦਰੇ ਲਈ ਉਹ ਅਧਿਕਾਰੀਆਂ ਦੀ ਇਕ ਕਮੇਟੀ ਬਣਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਵਿਚ ਦਖਲ ਨਹੀਂ ਦੇਵੇਗੀ ਕਿਉਂਕਿ ਕੇਂਦਰ ਨੂੰ ਖੇਤੀ ਕਾਨੂੰਨਾਂ ਬਾਰੇ ਸਟੈਂਡ ਉਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਣਾ ਪਿਆ ਹੈ। ਕੇਂਦਰੀ ਕਾਨੂੰਨਾਂ ਖਿਲਾਫ ਲੜਾਈ ਨੂੰ ਸੂਬਾ ਸਰਕਾਰ ਅਤੇ ਕਿਸਾਨਾਂ ਵਿਚਾਲੇ ਭਾਈਵਾਲ ਕਰਾਰ ਦਿੰਦਿਆਂ ਉਨ੍ਹਾਂ ਕਿਹਾ, "ਸਾਨੂੰ ਮਿਲ ਕੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨੀ ਪਵੇਗੀ।" ਉਨ੍ਹਾਂ ਕਿਹਾ ਕਿ ਰੇਲਾਂ ਰੋਕਣ ਨਾਲ ਹੁਣ ਤੱਕ ਸੂਬੇ ਨੂੰ 40,000 ਕਰੋੜ ਰੁਪਏ ਦਾ ਘਾਟਾ ਪਿਆ ਹੈ। ਜ਼ਰੂਰੀ ਵਸਤਾਂ ਸਮੇਤ ਕੋਲਾ, ਖਾਦ, ਯੂਰੀਆ ਦੀ ਘਾਟ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੱਚੇ ਮਾਲ ਦੀ ਥੁੜ੍ਹ ਕਾਰਨ ਲੁਧਿਆਣਾ ਅਤੇ ਜਲੰਧਰ ਵਿਚ ਵੱਡੀ ਗਿਣਤੀ ਵਿਚ ਯੂਨਿਟ ਬੰਦ ਹੋ ਚੁੱਕੇ ਹਨ ਜਿਸ ਨਾਲ 6 ਲੱਖ ਪਰਵਾਸੀ ਕਾਮੇ ਆਪੋ-ਆਪਣੇ ਪਿੱਤਰੀ ਸੂਬਿਆਂ ਨੂੰ ਵਾਪਸ ਜਾ ਰਹੇ ਹਨ। ਕਿਸਾਨ ਜਥੇਬੰਦੀਆਂ ਵੱਲੋਂ ਰੇਲਾਂ ਰੋਕਣ ਦੇ ਫੈਸਲੇ ਨੂੰ ਵਾਪਸ ਲੈਣ ਦੇ ਐਲਾਨ ਦਾ ਸਵਾਗਤ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬੇ ਅਤੇ ਕਿਸਾਨਾਂ ਦੇ ਹਿੱਤ ਵਿਚ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ।

## ਖੇਤੀ ਕਾਨੂੰਨ: ਪੰਜਾਬ ਸਰਕਾਰ ਨੂੰ ਕੇਂਦਰ ਤੋਂ ਉਮੀਦ ਨਹੀਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਨਾਲ ਧੱਕੇਸ਼ਾਹੀ 'ਚ ਕੇਂਦਰ ਸਰਕਾਰ ਸਭ ਹੱਦਾਂ ਬੰਨ੍ਹੇ ਟੱਪ ਗਈ ਹੈ ਜਿਸ ਕਰ ਕੇ ਕੇਂਦਰ ਸਰਕਾਰ ਤੋਂ ਖੇਤੀ ਕਾਨੂੰਨਾਂ ਦਾ ਮਾਮਲਾ ਹੱਲ ਹੋਣ ਦੀ ਬਹੁਤੀ ਉਮੀਦ ਨਹੀਂ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਲੰਮੀ ਲੜਾਈ ਲੜਨੀ ਪਵੇਗੀ ਅਤੇ ਸਿਆਸੀ ਲੜਾਈ ਬਿਨਾਂ ਵੀ ਇਸ ਮਸਲੇ ਦਾ ਕੋਈ ਹੱਲ ਨਹੀਂ ਜਾਪਦਾ ਹੈ।

ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਸਾਲ 2024 ਤੱਕ ਇਹ ਮਾਮਲਾ ਲਟਕਿਆ ਰਹੇ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਿਸਾਨ ਧਿਰਾਂ ਨੂੰ ਵੀ ਕੇਂਦਰ ਦੀ ਚਾਲ ਸਮਝਣੀ ਚਾਹੀਦੀ ਹੈ। ਜਿਸ ਤਰ੍ਹਾਂ ਕਿਸਾਨ ਅੰਦੋਲਨ ਨੂੰ ਹਰ ਤਬਕੇ ਦਾ ਸਹਿਯੋਗ ਮਿਲਿਆ ਹੈ, ਉਸ ਨੂੰ ਦੇਖਦੇ ਹੋਏ ਕਿਸਾਨ ਧਿਰਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਲ ਗੱਡੀਆਂ ਦੀ ਬੰਦੀ ਕਰਕੇ ਪੰਜਾਬ ਦਾ ਸਮੁੱਚਾ ਅਰਥਚਾਰਾ ਡਾਵਾਂਡੋਲ ਹੋ ਗਿਆ ਹੈ।



ਉਨ੍ਹਾਂ ਕਿਹਾ ਕਿ ਵਪਾਰੀ ਵਰਗ ਦੇ ਹਿੱਤ ਵੀ ਗੱਡੀਆਂ ਦੇ ਬੰਦ ਹੋਣ ਨਾਲ ਪ੍ਰਭਾਵਿਤ ਹੋ ਰਹੇ ਹਨ। ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਇਸੇ ਤਾਕ ਵਿਚ ਹੈ ਕਿ ਕਿਸਾਨੀ ਅੰਦੋਲਨ ਨਾਲੋਂ ਦੂਸਰੇ ਵਰਗਾਂ ਦੀ ਹਮਦਰਦੀ ਖਤਮ ਹੋ ਜਾਵੇ। ਕਿਸਾਨਾਂ ਧਿਰਾਂ ਨੂੰ ਇਹ ਗੱਲ ਸਮਝਣੀ ਪਵੇਗੀ। ਉਨ੍ਹਾਂ ਕਿਹਾ ਕਿ ਲੰਮੀ ਲੜਾਈ ਨਾਲ ਹੀ ਜੰਗ ਜਿੱਤੀ ਜਾ ਸਕਦੀ ਹੈ। ਜਾਖੜ ਨੇ ਕਿਹਾ ਕਿ ਉਹ ਤਾਂ ਲੋਕ ਕਚਹਿਰੀ ਵਿਚ ਇਸ ਮੁੱਦੇ ਨਾਲ ਜਾਣਗੇ ਕਿਉਂਕਿ ਕੇਂਦਰ ਨੇ ਆਰਥਿਕ ਤਾਲਾਬੰਦੀ ਕਰਕੇ ਪੰਜਾਬ ਦੇ ਸਾਹ ਸੂਤ ਦਿੱਤੇ ਹਨ ਅਤੇ ਕਿਸਾਨੀ ਦਾ ਦਮ ਘੁੱਟ ਦਿੱਤਾ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਆਗੂ ਤਰੁਣ ਚੁੱਘ ਦਾ ਇਹ ਕਹਿਣਾ ਕਿ ਬਿਹਾਰ ਚੋਣਾਂ ਦੇ ਨਤੀਜੇ ਕਿਸਾਨੀ ਦੇ ਮੂੰਹ ਉਤੇ ਚਪੇੜ ਹੈ, ਤੋਂ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਕਿਸਾਨੀ ਬਾਰੇ ਕੀ ਸੋਚ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਆਪਣਾ ਵਤੀਰਾ ਛੱਡਣਾ ਚਾਹੀਦਾ ਹੈ ਕਿਉਂਕਿ ਉਹ ਭਾਜਪਾ ਦੇ ਨਹੀਂ ਬਲਕਿ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਕਿਸਾਨਾਂ ਦੇ ਦਰਦ ਸਮਝਣਾ ਉਨ੍ਹਾਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਅੜੀਅਲ ਰਵੱਈਏ ਨੇ ਸਭ ਵਰਗਾਂ ਨੂੰ ਸੱਟ ਮਾਰੀ ਹੈ ਜਿਸ ਦਾ ਖਮਿਆਜ਼ਾ ਆਗਾਮੀ ਚੋਣਾਂ ਵਿਚ ਭਾਜਪਾ ਨੂੰ ਭੁਗਤਣਾ ਪਵੇਗਾ।

# ਸਿਆਸੀ ਦਫਤਰਾਂ ਲਈ ਸਸਤੇ ਭਾਅ ਜ਼ਮੀਨਾਂ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਹਕੂਮਤੀ ਧਿਰਾਂ ਨੂੰ ਸਿਆਸੀ ਦਫਤਰ ਬਣਾਉਣ ਲਈ ਸਸਤੇ ਭਾਅ 'ਤੇ ਦਿੱਤੀਆਂ ਜ਼ਮੀਨਾਂ ਦਾ ਮਾਮਲਾ ਜੱਗ-ਜ਼ਾਹਿਰ ਹੋ ਗਿਆ ਹੈ। ਵਿਰੋਧੀ ਧਿਰਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਦਫਤਰਾਂ ਲਈ ਦਿੱਤੀਆਂ ਜ਼ਮੀਨਾਂ ਦੀ ਅਲਾਟਮੈਂਟ ਰੱਦ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਹੈ ਕਿ ਜੇਕਰ ਜ਼ਮੀਨ ਅਲਾਟਮੈਂਟ ਦੀ ਪਾਲਿਸੀ ਬਣੀ ਸੀ ਤਾਂ ਬਾਕੀ ਸਿਆਸੀ ਧਿਰਾਂ ਉਤੇ ਵੀ ਇਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਸੀ। ਗੱਠਜੋੜ ਸਰਕਾਰ ਵੇਲੇ ਬਾਕੀ ਸਿਆਸੀ ਧਿਰਾਂ ਨੂੰ ਓਹਲੇ ਵਿਚ ਰੱਖ ਕੇ ਸਿਰਫ ਦੋ ਸਿਆਸੀ ਧਿਰਾਂ ਨੂੰ ਜ਼ਮੀਨ ਅਲਾਟ ਕੀਤੀ ਗਈ ਜੋ ਇਕ ਧੋਖਾ ਹੈ।

ਸਥਾਨਕ ਸਰਕਾਰਾਂ ਵਿਭਾਗ ਨੇ 6 ਅਪਰੈਲ 2010 ਨੂੰ ਨੋਟੀਫਿਕੇਸ਼ਨ ਨੰਬਰ 5,10,09 (5) 3 ਐਲ ਜੀ 2,528 ਜਾਰੀ ਕਰ ਕੇ ਨਿਯਮਾਂ ਵਿਚ ਸੋਧ ਕੀਤੀ ਸੀ ਕਿ ਮਾਨਤਾ ਪ੍ਰਾਪਤ ਪਾਰਟੀਆਂ ਨੂੰ ਜ਼ਿਲ੍ਹਾ ਪੱਧਰ ਉਤੇ ਪਾਰਟੀ ਦਫਤਰ ਬਣਾਉਣ ਲਈ ਜ਼ਮੀਨ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਨੇ ਦਰਜਨਾਂ ਸਿਆਸੀ ਦਫਤਰਾਂ ਲਈ ਰਾਤੋ- ਰਾਤ ਜ਼ਮੀਨਾਂ ਰਾਖਵੀਂ ਕੀਮਤ ਤੋਂ ਵੀ ਕਾਫੀ ਘੱਟ ਭਾਅ ਉਤੇ ਅਲਾਟ ਕਰ ਦਿੱਤੀਆਂ ਸਨ। ਨਗਰ ਸੁਧਾਰ ਟਰੱਸਟ ਬਠਿੰਡਾ ਨੇ ਭਾਜਪਾ ਨੂੰ 698 ਗਜ਼ ਜ਼ਮੀਨ 2000 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦਿੱਤੀ ਸੀ ਜੋ ਕਿ ਉਸ ਵੇਲੇ 25 ਹਜ਼ਾਰ ਰੁਪਏ ਪ੍ਰਤੀ ਗਜ਼ ਮਾਰਕੀਟ ਭਾਅ ਵਾਲੀ ਸੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ 1180 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ 3978 ਗਜ਼ ਜਗ੍ਹਾ ਅਲਾਟ ਕੀਤੀ ਗਈ ਸੀ ਜਦੋਂਕਿ ਉਸ ਵੇਲੇ ਮਾਰਕੀਟ ਭਾਅ 20 ਹਜ਼ਾਰ ਰੁਪਏ ਗਜ਼ ਸੀ। ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਨੇ ਭਾਜਪਾ ਨੂੰ ਪਾਰਟੀ ਦਫਤਰ ਲਈ 746.66 ਗਜ਼ ਜ਼ਮੀਨ 24.03 ਲੱਖ ਰੁਪਏ ਅਤੇ ਅਕਾਲੀ ਦਲ ਨੂੰ 21.84 ਲੱਖ ਵਿਚ 746.66 ਗਜ਼ ਜ਼ਮੀਨ ਅਲਾਟ ਕਰ ਦਿੱਤੀ ਸੀ। ਇਸੇ ਤਰ੍ਹਾਂ ਨਗਰ ਸੁਧਾਰ ਟਰੱਸਟ ਜਲੰਧਰ ਨੇ ਭਾਜਪਾ ਅਤੇ ਅਕਾਲੀ ਦਲ ਨੂੰ ਚਾਰ-ਚਾਰ ਕਨਾਲ ਜ਼ਮੀਨ ਕ੍ਰਮਵਾਰ 2717 ਰੁਪਏ ਪ੍ਰਤੀ ਗਜ਼ ਅਤੇ 1097 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਅਲਾਟ ਕੀਤੀ ਸੀ। ਨਗਰ ਸੁਧਾਰ ਟਰੱਸਟ ਸੰਗਰੂਰ ਨੇ ਵੀ ਭਾਜਪਾ ਨੂੰ ਬਹੁਤ ਸਸਤੇ ਭਾਅ ਵਿਚ 747.33 ਗਜ਼ ਜਗ੍ਹਾ ਅਲਾਟ ਕੀਤੀ ਸੀ। ਅੰਮ੍ਰਿਤਸਰ ਤੇ ਲੁਧਿਆਣਾ ਵਿਚ ਵੀ ਭਾਜਪਾ ਨੂੰ ਸਸਤੇ ਭਾਅ ਉਤੇ ਪਾਰਟੀ ਦਫਤਰਾਂ ਲਈ ਜ਼ਮੀਨ ਅਲਾਟ ਕੀਤੀ ਗਈ ਸੀ। ਫਰੀਦਕੋਟ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਪਠਾਨਕੋਟ ਵਿਚ ਭਾਜਪਾ ਨੂੰ ਪਲਾਟ ਅਲਾਟ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ। ਇਸੇ ਤਰ੍ਹਾਂ ਫਗਵਾੜਾ ਵਿਚ ਹੋਇਆ ਸੀ।

ਬਰਨਾਲਾ ਵਿਚ ਰੌਲਾ ਪੈਣ ਕਰ ਕੇ ਤਤਕਾਲੀ ਹਾਕਮ ਧਿਰਾਂ ਦੀ ਦਾਲ ਗਲ ਨਹੀਂ ਸਕੀ ਸੀ। ਹੁਣ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਸਸਤੇ ਭਾਅ ਵਿਚ ਮਿਲੀ ਇਸ ਜ਼ਮੀਨ ਉਤੇ ਦਫਤਰ ਉਸਾਰਨ ਲਈ ਨੀਂਹ ਪੱਥਰ ਰੱਖਣ ਦਾ ਪ੍ਰੋਗਰਾਮ ਉਲੀਕਿਆ ਸੀ ਜੋ ਰੱਦ ਹੋ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਆਖਦੇ ਹਨ ਕਿ ਭਾਜਪਾ ਭਖੇ ਅੰਦੋਲਨ ਦੌਰਾਨ ਦਫਤਰਾਂ ਦੇ ਨੀਂਹ ਪੱਥਰ ਰੱਖ ਕੇ ਆਪਣੇ ਅੜੀਅਲ ਵਤੀਰੇ ਉਤੇ ਮੋਹਰ ਲਾਉਣਾ ਚਾਹੁੰਦੀ ਸੀ। ਉਨ੍ਹਾਂ ਕਿਹਾ ਕਿ ਜੇਕਰ ਜ਼ਮੀਨ ਅਲਾਟਮੈਂਟ ਦੀ ਪਾਲਿਸੀ ਬਣੀ ਸੀ ਤਾਂ ਬਾਕੀ ਸਿਆਸੀ ਧਿਰਾਂ ਉਤੇ ਵੀ ਇਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਸੀ। ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਵਿਧਾਇਕ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਗੱਠਜੋੜ ਸਰਕਾਰ ਵੇਲੇ ਬਾਕੀ ਸਿਆਸੀ ਧਿਰਾਂ ਨੂੰ ਓਹਲੇ ਵਿਚ ਰੱਖ ਕੇ ਸਿਰਫ ਦੋ ਸਿਆਸੀ ਧਿਰਾਂ ਨੂੰ ਜ਼ਮੀਨ ਅਲਾਟ ਕੀਤੀ ਗਈ ਜੋ ਇਕ ਫਰਾਡ ਹੈ। ਉਨ੍ਹਾਂ ਕਿਹਾ ਕਿ ਜਨਤਕ ਸੰਪਤੀ ਦੀ ਇਹ ਵੱਡੀ ਲੁੱਟ ਹੈ ਅਤੇ ਪੰਜਾਬ ਸਰਕਾਰ ਫੌਰੀ ਇਨ੍ਹਾਂ ਸਿਆਸੀ ਧਿਰਾਂ ਦੀ ਮਾਨਤਾ ਰੱਦ ਕਰਾਉਣ ਲਈ ਕਦਮ ਉਠਾਏ। ਉਨ੍ਹਾਂ ਅਲਾਟਮੈਂਟ ਰੱਦ ਕਰਨ ਦੀ ਮੰਗ ਵੀ ਰੱਖੀ।

## ਅਡਾਨੀ ਤੇ ਅੰਬਾਨੀ ਗੈਂਗ ਦੇ ਮੈਂਬਰ ਨੇ ਕੈਪਟਨ ਤੇ ਬਾਦਲ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਾਰਪੋਰੇਟ ਘਰਾਣਿਆਂ ਬਾਰੇ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਹੈ। ਸ੍ਰੀ ਮਾਨ ਨੇ ਕਿਹਾ ਕਿ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਕਾਰਪੋਰੇਟ ਸੈਕਟਰ ਵਿਰੁੱਧ ਲੜਾਈ ਲੜ ਰਹੇ ਹਨ ਤੇ ਕੈਪਟਨ ਕਹਿ ਰਹੇ ਹਨ ਕਿ ਉਹ ਕਾਰਪੋਰੇਟ ਦੇ ਵਿਰੁੱਧ ਨਹੀਂ ਹਨ। ਇਸ ਨਾਲ ਉਨ੍ਹਾਂ ਦਾ ਕਿਸਾਨ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। 'ਆਪ' ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਉਤੇ ਵਾਰੀ-ਵਾਰੀ ਰਾਜ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਲੋਕਾਂ ਦੀ ਥਾਂ ਵੱਡੇ ਘਰਾਣਿਆਂ ਲਈ ਕੰਮ ਕਰਦੇ ਆਏ ਹਨ। ਇਨ੍ਹਾਂ ਦੋਵਾਂ ਪਰਿਵਾਰਾਂ ਨੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਕਿਸੇ ਨਾ ਕਿਸੇ ਢੰਗ ਨਾਲ ਲੁੱਟਿਆ ਹੈ। ਇਹ ਦੋਵੇਂ ਅਡਾਨੀ ਤੇ ਅੰਬਾਨੀ ਗੈਂਗ ਦੇ ਹੀ ਮੈਂਬਰ ਹਨ।

## ਲਾੜੀਆਂ ਠੱਗਣ ਵਾਲਾ ਫਰਜ਼ੀ ਮੇਜਰ ਗ੍ਰਿਫਤਾਰ

**ਹੈਦਰਾਬਾਦ:** ਹੈਦਰਾਬਾਦ ਪੁਲਿਸ ਨੇ 17 ਲੜਕੀਆਂ ਦੇ ਪਰਿਵਾਰਾਂ ਤੋਂ ਵਿਆਹ ਦੇ ਨਾਂ ਉਤੇ 6.61 ਕਰੋੜ ਰੁਪਏ ਠੱਗਣ ਵਾਲੇ ਫਰਜ਼ੀ ਮੇਜਰ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸ੍ਰੀਨਿਵਾਸ ਚੌਹਾਨ ਵਜੋਂ ਹੋਈ ਹੈ ਤੇ ਉਸ ਨੇ ਹੈਦਰਾਬਾਦ ਵਿਚ ਇਕ ਕਮਰਾ ਕਿਰਾਏ ਉਤੇ ਲੈ ਕੇ ਉਸ ਨੂੰ ਫੌਜ ਦੇ ਦਫਤਰ 'ਚ ਤਬਦੀਲ ਕੀਤਾ ਹੋਇਆ ਸੀ ਅਤੇ ਇਥੋਂ ਹੀ ਉਹ ਆਪਣਾ ਗੋਰਖਧੰਦਾ ਚਲਾ ਰਿਹਾ ਸੀ। ਲਗਾਤਾਰ ਛੇ ਸਾਲ ਇਹ ਗੋਰਖਧੰਦਾ ਚਲਾਉਣ ਤੋਂ ਬਾਅਦ ਅਖੀਰ ਉਹ ਉਸ ਸਮੇਂ ਫੜ ਲਿਆ ਗਿਆ ਜਦੋਂ ਉਹ ਇਕ ਹੋਰ ਮਹਿਲਾ ਨੂੰ ਧੋਖਾ ਦੇਣ ਜਾ ਰਿਹਾ ਸੀ।

ਪੁਲਿਸ ਜਾਂਚ 'ਚ ਸਾਹਮਣੇ ਆਇਆ ਕਿ ਸ੍ਰੀਨਿਵਾਸ ਚੌਹਾਨ ਨਾਂ ਦੇ ਇਸ ਮੁਲਜ਼ਮ ਦਾ ਅਸਲੀ ਨਾਂ ਮੁਦਾਵਤ ਸ਼੍ਰੀਨੂ ਨਾਇਕ ਹੈ ਤੇ ਉਸ ਨੇ ਠੱਗੀ ਦੇ ਪੈਸਿਆਂ ਨਾਲ ਹੈਦਰਾਬਾਦ 'ਚ ਇਕ ਦੋ-ਮੰਜ਼ਿਲਾ ਕੋਠੀ ਤੇ ਤਿੰਨ ਕਾਰਾਂ ਖਰੀਦ ਰੱਖੀਆਂ ਹਨ। ਆਂਧਰਾ ਪ੍ਰਦੇਸ਼ ਦੇ ਪ੍ਰਕਾਸ਼ਮ ਜ਼ਿਲ੍ਹੇ ਦੇ ਰਹਿਣ ਵਾਲੇ ਸ੍ਰੀਨਿਵਾਸ ਨੇ ਸਿਰਫ ਨੌਵੀਂ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਉਸ ਨੇ ਐਮਟੈੱਕ ਦਾ ਫਰਜ਼ੀ ਸਰਟੀਫਿਕੇਟ ਤੇ ਫਰਜ਼ੀ ਸ਼ਨਾਖਤੀ ਕਾਰਡ ਵੀ ਬਣਾਏ ਹੋਏ ਹਨ। ਉਸ ਨੇ ਸੋਸ਼ਲ ਮੀਡੀਆ ਉਤੇ ਫੌਜ ਦੀ ਵਰਦੀ ਪਾਏ ਹੋਏ ਦੀ ਤਸਵੀਰ ਲਗਾ ਕੇ ਉਨ੍ਹਾਂ ਪਰਿਵਾਰਾਂ ਤੱਕ ਪਹੁੰਚ ਕਰਨੀ ਸ਼ੁਰੂ ਕੀਤੀ ਜੋ ਆਪਣੀ ਲੜਕੀ ਲਈ ਫੌਜੀ ਲੜਕਾ ਲੱਭਦੇ ਸਨ ਤੇ ਉਨ੍ਹਾਂ ਤੋਂ ਜ਼ਰੂਰੀ ਕੰਮ ਲਈ ਲੱਖਾਂ ਰੁਪਏ ਵਸੂਲ ਲਏ। ਇਸ ਤਰ੍ਹਾਂ ਉਸ ਨੇ 17 ਲੜਕੀਆਂ ਦੇ ਪਰਿਵਾਰਾਂ ਤੋਂ 6.61 ਕਰੋੜ ਰੁਪਏ ਦੀ ਠੱਗੀ ਮਾਰੀ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੋਣ ਨਤੀਜਿਆਂ ਬਾਰੇ ਟਰੰਪ ਦੀ ਅਪੀਲ ਖਾਰਜ

**ਵਾਸ਼ਿੰਗਟਨ:** ਅਮਰੀਕਾ 'ਚ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਮੁਹਿੰਮ ਵੱਲੋਂ ਪੈਨਸਿਲਵੇਨੀਆ 'ਚ ਦਾਇਰ ਉਸ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਹੈ ਜਿਸ 'ਚ ਲੱਖਾਂ ਵੋਟਾਂ ਨੂੰ ਗੈਰ-ਕਾਨੂੰਨੀ ਐਲਾਨਣ ਦੀ ਮੰਗ ਕੀਤੀ ਗਈ ਸੀ। ਜੱਜ ਨੇ ਕਿਹਾ ਕਿ ਇਹ ਦੋਸ਼ ਕਿਆਸਰਾਈਆਂ ਉਤੇ ਆਧਾਰਿਤ ਹਨ।

ਯੂ.ਐਸ. ਮਿਡਲ ਡਿਸਟ੍ਰਿਕਟ ਆਫ ਪੈਨਸਿਲਵੇਨੀਆ ਦੇ ਜੱਜ ਮੈਥਿਊ ਬ੍ਰਾਨ ਵੱਲੋਂ ਟਰੰਪ ਮੁਹਿੰਮ ਦੀ ਅਪੀਲ ਖਾਰਜ ਕੀਤੇ ਜਾਣ ਨਾਲ ਤਿੰਨ ਨਵੰਬਰ ਨੂੰ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਦੀਆਂ ਟਰੰਪ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗਾ ਹੈ। ਰਾਸ਼ਟਰਪਤੀ ਚੋਣਾਂ 'ਚ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਜੇਤੂ ਰਹੇ ਹਨ। ਉਨ੍ਹਾਂ ਆਪਣੇ ਫੈਸਲੇ 'ਚ ਕਿਹਾ ਕਿ ਟਰੰਪ ਮੁਹਿੰਮ ਨੇ ਤੋੜ-ਮਰੋੜ ਕੇ ਅਤੇ ਬਿਨਾਂ ਆਧਾਰ ਦੇ ਕਾਨੂੰਨੀ ਦਲੀਲਾਂ ਪੇਸ਼ ਕੀਤੀਆਂ ਤੇ ਕਿਆਸਰਾਈਆਂ ਉਤੇ ਆਧਾਰਿਤ ਦੋਸ਼ਾਂ ਦੀ ਹਮਾਇਤ 'ਚ ਸਬੂਤ ਪੇਸ਼ ਨਹੀਂ ਕੀਤੇ।

ਟਰੰਪ ਮੁਹਿੰਮ ਨੇ ਵੋਟਿੰਗ ਪ੍ਰਕਿਰਿਆ 'ਚ ਬੇਨਿਯਮੀਆਂ ਦਾ ਦੋਸ਼ ਲਾਉਂਦਿਆਂ ਇਸ ਮਹੀਨੇ ਦੀ ਸ਼ੁਰੂਆਤ ਵਿਚ ਮੁਕੱਦਮਾ ਦਾਇਰ ਕੀਤਾ ਸੀ। ਨਵੇਂ ਚੁਣੇ ਰਾਸ਼ਟਰਪਤੀ ਬਾਇਡਨ ਨੇ ਪੈਨਸਿਲਵੇਨੀਆ 'ਚ ਟਰੰਪ ਨੂੰ 81 ਹਜ਼ਾਰ ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਪਛਾੜਿਆ ਹੈ। ਇਸ ਅਹਿਮ ਰਾਜ 'ਚ 20 ਇਲੈਕਟੋਰਲ ਕਾਲਜ ਵੋਟਾਂ ਹਨ। ਜਸਟਿਸ ਬ੍ਰਾਨ ਨੇ ਆਪਣੇ ਫੈਸਲੇ 'ਚ ਕਿਹਾ, 'ਇਹ ਅਦਾਲਤ ਅਜਿਹਾ ਕੋਈ ਆਧਾਰ ਨਹੀਂ ਸਮਝ ਸਕੀ ਜਿਸ ਤਹਿਤ ਮੁਦੱਈ ਨੇ ਚੋਣਾਂ 'ਚ ਇੰਨੇ ਵੱਡੇ ਸੁਧਾਰ ਦੀ ਮੰਗ ਕੀਤੀ ਹੈ।'

# ਪੰਜਾਬ ਦੀਆਂ ਖੰਡ ਮਿੱਲਾਂ ਨੇ ਕਿਸਾਨਾਂ ਦੇ 250 ਕਰੋੜ ਦੱਬੇ

**ਚੰਡੀਗੜ੍ਹ:** ਪੰਜਾਬ ਦੇ ਹਜ਼ਾਰਾਂ ਕਿਸਾਨਾਂ ਦੇ ਖੰਡ ਮਿੱਲਾਂ ਵੱਲ ਤਕਰੀਬਨ ਢਾਈ ਸੌ ਕਰੋੜ ਰੁਪਏ ਫਸ ਗਏ ਹਨ, ਜਿਨ੍ਹਾਂ ਦੀ ਵਸੂਲੀ ਲਈ ਕਿਸਾਨ ਹੁਣ ਸੰਘਰਸ਼ੀ ਰਾਹ ਉਤੇ ਉਤਰੇ ਹਨ। ਦੋਆਬੇ ਅਤੇ ਮਾਝਾ ਖੇਤਰ ਦੇ ਕਿਸਾਨ ਖੰਡ ਮਿੱਲਾਂ ਤੋਂ ਪੁਰਾਣੇ ਬਕਾਏ ਨਾ ਮਿਲਣ ਤੋਂ ਦੁਖੀ ਹਨ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਬਕਾਏ ਦੇਣ ਲਈ ਵੱਡੀ ਪਹਿਲਕਦਮੀ ਨਹੀਂ ਕੀਤੀ ਗਈ। ਤੀਹ ਕਿਸਾਨ ਜਥੇਬੰਦੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਵੀ ਬਕਾਏ ਦਾ ਰੋਣਾ ਰੋਇਆ ਸੀ ਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਇਸ ਮਾਮਲੇ ਨੂੰ ਕਈ ਵਾਰ ਉਠਾ ਚੁੱਕੇ ਹਨ।

ਵੇਰਵਿਆਂ ਅਨੁਸਾਰ ਪ੍ਰਾਈਵੇਟ ਖੰਡ ਮਿੱਲਾਂ ਦੇ ਸਾਲ 2019-20 ਦੇ 132 ਕਰੋੜ ਅਤੇ ਸਹਿਕਾਰੀ ਖੰਡ ਮਿੱਲਾਂ ਦੇ ਲੰਘੇ ਮਾਲੀ ਵਰ੍ਹੇ ਦੇ 118 ਕਰੋੜ ਦੇ ਬਕਾਏ ਖੜ੍ਹੇ ਹਨ। ਕਰੀਬ 250 ਕਰੋੜ ਦੀ ਅਦਾਇਗੀ ਕਿਸਾਨਾਂ ਨੂੰ ਹਾਲੇ ਤੱਕ ਨਹੀਂ ਹੋਈ। ਫਗਵਾੜਾ ਖੰਡ ਮਿੱਲ ਅੱਗੇ ਬੀ.ਕੇ.ਯੂ. (ਦੋਆਬਾ) ਦੀ ਅਗਵਾਈ ਹੇਠ ਕਿਸਾਨਾਂ ਨੇ 15 ਨਵੰਬਰ ਤੋਂ ਦਿਨ ਰਾਤ ਦਾ ਧਰਨਾ ਲਾਇਆ ਹੋਇਆ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦੀ ਕੀੜੀ ਅਫਗਾਨਾ ਖੰਡ ਮਿੱਲ ਅੱਗੇ ਵੀ ਕਿਸਾਨਾਂ ਨੇ 13 ਨਵੰਬਰ ਨੂੰ ਧਰਨਾ ਲਾਇਆ ਸੀ, ਜਿਸ ਮਗਰੋਂ ਪ੍ਰਸ਼ਾਸਨ ਨੇ ਕਿਸਾਨਾਂ ਦਾ ਸਮਝੌਤਾ ਕਰਾ ਦਿੱਤਾ ਸੀ, ਜਿਸ ਤਹਿਤ ਕਿਸਾਨਾਂ ਨੂੰ ਖੰਡ ਮਿੱਲ ਵੱਲੋਂ ਰੋਜ਼ਾਨਾ ਅਦਾਇਗੀ ਕੀਤੀ ਜਾਣੀ ਸੀ।

ਗੰਨੇ ਦੀ ਪਿੜਾਈ ਦਾ ਨਵਾਂ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਪਰ ਕਿਸਾਨਾਂ ਨੂੰ ਪੁਰਾਣੇ ਬਕਾਏ ਨਹੀਂ ਮਿਲੇ।

# ਮੋਦੀ ਹਕੂਮਤ ਕਿਸਾਨਾਂ ਨਾਲ ਟਕਰਾਅ ਦੇ ਰਾਹ

*(ਸਫਾ ਇਕ ਦੀ ਬਾਕੀ)*

ਸੱਦ ਕੇ ਬੇਰੰਗ ਮੋੜਨਾ, ਭਾਜਪਾ ਆਗੂਆਂ ਦੀ ਚੁਭਵੀਂ ਬਿਆਨਬਾਜ਼ੀ ਰਾਹੀਂ ਕਿਸਾਨੀ ਘੋਲ ਨੂੰ ਹਿੰਸਕ ਬਣਾਉਣ ਦੀਆਂ ਵੱਡੀਆਂ ਕੋਸ਼ਿਸ਼ਾਂ ਹੋਈਆਂ। ਸੂਬੇ ਵਿਚ ਰੇਲਾਂ ਇਹ ਆਖ ਕੇ ਬੰਦ ਕਰ ਦਿੱਤੀਆਂ ਕਿ ਪੰਜਾਬ ਸਰਕਾਰ ਸੁਰੱਖਿਆ ਦੀ ਗਰੰਟੀ ਲਵੇ ਜਦ ਕਿ ਰੇਲਵੇ ਦੇ ਆਪਣੇ ਸੋਧੇ ਐਕਟ ਅਨੁਸਾਰ ਰੇਲਵੇ ਦੀ ਜਾਇਦਾਦ ਦੀ ਰਾਖੀ ਦੀ ਜ਼ਿੰਮੇਵਾਰੀ ਰੇਲਵੇ ਪੁਲਿਸ ਫੋਰਸ (ਆਰ.ਪੀ.ਐਫ.) ਦੀ ਹੈ ਜੋ ਸਿੱਧੀ ਰੇਲਵੇ ਮੰਤਰਾਲੇ ਦੇ ਅਧੀਨ ਇਕ ਕੇਂਦਰੀ ਏਜੰਸੀ ਵਜੋਂ ਕੰਮ ਕਰਦੀ ਹੈ। ਅਸਲ ਵਿਚ, ਪੰਜਾਬ ਦੀਆਂ ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਦਾ ਏਕਾ ਕੇਂਦਰ ਸਰਕਾਰ ਨੂੰ ਰੜਕ ਰਿਹਾ ਹੈ। ਸੂਬੇ ਵਿਚ 2022 ਵਿਚ ਵਿਧਾਨ ਸਭਾ ਚੋਣਾਂ ਹਨ।

ਭਾਜਪਾ ਨੇ ਇਸੇ ਰਣਨੀਤੀ ਉਤੇ ਜ਼ੋਰ ਦਿੱਤੀ ਕਿ ਉਹ ਪੰਜਾਬ ਦੀ ਹਾਕਮ ਧਿਰ ਨੂੰ ਇੰਨਾ ਮਜਬੂਰ ਕਰ ਦੇਵੇ ਕਿ ਉਹ ਕਿਸਾਨਾਂ ਨਾਲ ਸਖਤੀ ਲਈ ਮਜਬੂਰ ਹੋ ਜਾਵੇ ਪਰ ਸੂਬੇ ਸਰਕਾਰ ਨੇ ਇਸ ਪਾਸੇ ਸਿਆਣਪ ਵਰਤੀ ਤੇ ਕਿਸਾਨਾਂ ਨੂੰ ਰੇਲ ਟਰੈਕ ਖਾਲੀ ਕਰਵਾਉਣ ਲਈ ਰਾਜ਼ੀ ਕਰਨ ਵਿਚ ਸਫਲ ਰਹੀ। ਹੁਣ ਕਿਸਾਨਾਂ ਦੇ ਦਿੱਲੀ ਦਾਖਲੇ ਦਾ ਮਤਲਬ ਹੈ ਕਿ ਲੜਾਈ ਸਿੱਧੀ ਕੇਂਦਰ ਨਾਲ ਹੈ। ਇਸੇ ਲਈ ਕੇਂਦਰ ਸਰਕਾਰ ਹੁਣ ਕਿਸਾਨਾਂ ਦੇ ਦਿੱਲੀ ਦਾਖਲੇ ਨੂੰ ਰੋਕਣ ਲਈ ਹਰ ਵਾਹ ਲਾਉਣ ਲਈ ਤਿਆਰ ਬਰ ਤਿਆਰ ਹੈ। ਕੇਂਦਰ ਦੀਆਂ ਇਹ ਕੋਸ਼ਿਸ਼ਾਂ ਵੱਡੇ ਟਕਰਾਅ ਵੱਲ ਇਸ਼ਾਰਾ ਕਰ ਰਹੀਆਂ ਹਨ। ਹਾਲਾਂਕਿ ਕਿਸਾਨਾਂ ਦਾ ਕਹਿਣਾ ਹੈ ਕਿ ਉਹ ਹਕੂਮਤ ਦੇ ਜਬਰ ਦੇ ਬਾਵਜੂਦ ਸੰਘਰਸ਼ ਨੂੰ ਸ਼ਾਂਤਮਈ ਰੱਖਣ ਲਈ ਪੂਰੀ ਵਾਹ ਲਾ ਦੇਣਗੇ। ਜੇ ਕਿਸਾਨਾਂ ਨੂੰ ਦਿੱਲੀ ਪੁੱਜਣ ਤੋਂ ਰੋਕਿਆ ਜਾਂਦਾ ਹੈ ਤਾਂ ਉਨ੍ਹਾਂ ਵੱਲੋਂ ਰੋਕੇ ਜਾਣ ਵਾਲੀ ਥਾਂ ਉਤੇ ਪੱਕੇ ਧਰਨੇ ਦੇਣ ਦੀ ਯੋਜਨਾ ਹੈ, ਜਿਸ ਤਹਿਤ ਉਨ੍ਹਾਂ ਵੱਲੋਂ ਧਰਨਿਆਂ ਲਈ ਲੋੜੀਂਦਾ ਸਾਮਾਨ ਇਕੱਠਾ ਕੀਤਾ ਹੋਇਆ ਹੈ। ਕੁੱਲ ਮਿਲਾ ਕਿ ਆਉਣ ਵਾਲੇ ਦਿਨ ਕਿਸਾਨਾਂ ਦੇ ਸਬਰ ਤੇ ਕੇਂਦਰ ਦੀ ਧੱਕੇਸ਼ਾਹੀ ਦੀ ਸਪਸ਼ਟ ਤਸਵੀਰ ਪੇਸ਼ ਕਰਨ ਵਾਲੇ ਹੋਣਗੇ।

## ਕੈਪਟਨ ਨੇ ਸਿੱਧੂ ਵੱਲ ਵਧਾਇਆ ਦੋਸਤੀ ਦਾ ਹੱਥ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲ ਦੋਸਤੀ ਦਾ ਹੱਥ ਵਧਾਇਆ ਹੈ। ਕੈਪਟਨ ਵੱਲੋਂ ਸਿੱਧੂ ਨੂੰ ਦੁਪਹਿਰ ਦੇ ਖਾਣੇ ਉਤੇ ਬੁਲਾਉਣ ਤੋਂ ਬਾਅਦ ਦੋਵਾਂ ਵਿਚ ਨਾਰਾਜ਼ਗੀ ਘਟਣ ਦੇ ਆਸਾਰ ਹਨ। ਪਿਛਲੇ ਕਾਫੀ ਸਮੇਂ ਤੋਂ ਦੋਵਾਂ ਨੇਤਾਵਾਂ ਵਿਚਾਲੇ ਤਣਾਅ ਬਣਿਆ ਹੋਇਆ ਹੈ ਤੇ ਇਸ ਸੱਦੇ ਤੋਂ ਲੱਗਦਾ ਹੈ ਕਿ ਹੁਣ ਦੋਵੇਂ ਇਸ ਸਥਿਤੀ ਨੂੰ ਬਦਲਣ ਦੇ ਰੌਂਅ ਵਿਚ ਹਨ। ਇਸੇ ਤਹਿਤ ਮੁੱਖ ਮੰਤਰੀ ਨੇ ਪਹਿਲ ਕਰਦਿਆਂ ਸਿੱਧੂ ਨੂੰ ਲੰਚ ਦਾ ਸੱਦਾ ਦਿੱਤਾ ਹੈ।

## ਗਿਰਜਾ ਘਰ 'ਚ ਚਾਕੂ ਨਾਲ ਹਮਲਾ, ਦੋ ਮੌਤਾਂ ਤੇ ਕਈ ਫੱਟੜ

**ਸੈਨ ਹੋਜ਼ੇ:** ਇਕ ਗਿਰਜਾ ਘਰ 'ਚ ਚਾਕੂ ਮਾਰ ਕੇ ਦੋ ਜਣਿਆਂ ਦੀ ਹੱਤਿਆ ਕਰ ਦਿੱਤੀ ਗਈ। ਕਈ ਹੋਰ ਗੰਭੀਰ ਫੱਟੜ ਹਨ। ਸੈਨ ਹੋਜ਼ੇ ਪੁਲਿਸ ਤੇ ਸ਼ਹਿਰ ਦੇ ਮੇਅਰ ਸੈਮ ਲਿਕਾਰਡੋ ਮੁਤਾਬਕ ਹਮਲਾ ਗ੍ਰੇਸ ਬੈਪਟਿਸਟ ਗਿਰਜਾ ਘਰ ਡਾਊਨਟਾਊਨ ਉਤੇ ਕੀਤਾ ਗਿਆ। ਮੇਅਰ ਨੇ ਪਹਿਲਾਂ ਦਾਅਵਾ ਕੀਤਾ ਕਿ ਹਮਲੇ ਦੇ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਮਗਰੋਂ ਪੁਲਿਸ ਨੇ ਕਿਹਾ ਕਿ ਜਾਂਚ ਅਜੇ ਚੱਲ ਰਹੀ ਹੈ। ਪੁਲਿਸ ਨੇ ਕਿਹਾ ਕਿ ਕਈਆਂ ਦੇ ਜਾਨਲੇਵਾ ਸੱਟਾਂ ਵੱਜੀਆਂ ਹਨ। ਪੁਲਿਸ ਨੇ ਦੱਸਿਆ ਕਿ ਹਮਲੇ ਵੇਲੇ ਉਥੇ ਕੋਈ ਪ੍ਰਾਰਥਨਾ ਸਭਾ ਨਹੀਂ ਹੋ ਰਹੀ ਸੀ, ਪਰ ਠੰਢ ਤੋਂ ਬਚਾਉਣ ਲਈ ਕੁਝ ਬੇਘਰਿਆਂ ਨੂੰ ਅੰਦਰ ਲਿਆਂਦਾ ਗਿਆ ਸੀ।

## ਬੇਅਦਬੀ ਮਾਮਲੇ: ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਕ ਵਾਰੀ ਫਿਰ ਦੁਹਰਾਇਆ ਕਿ ਪੰਜਾਬ ਸਰਕਾਰ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਕਰਨ ਦਾ ਅਧਿਕਾਰ ਹੈ। ਮਾਮਲੇ 'ਚ ਇਕ ਮੁਲਜ਼ਮ ਦੀ ਨਜ਼ਰਸਾਨੀ ਪਟੀਸ਼ਨ ਨੂੰ ਖਾਰਜ ਕਰਦਿਆਂ ਹਾਈਕੋਰਟ ਨੇ ਇਹ ਗੱਲ ਕਹੀ।

ਮਾਮਲੇ 'ਚ ਪਟੀਸ਼ਨਰ ਸੁਖਜਿੰਦਰ ਸਿੰਘ ਉਰਫ ਸਨੀ ਕਾਂਡਾ ਨੇ ਹਾਈਕੋਰਟ ਦੇ ਜੱਜ ਰਾਜਨ ਗੁਪਤਾ ਦੇ 25 ਜਨਵਰੀ, 2019 ਦੇ ਫੈਸਲੇ ਨੂੰ ਰਿਵਿਊ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਆਦੇਸ਼ਾਂ 'ਚ ਜਸਟਿਸ ਰਾਜਨ ਗੁਪਤਾ ਨੇ ਪੰਜਾਬ ਵਿਧਾਨ ਸਭਾ ਵਲੋਂ ਬੇਅਦਬੀ ਮਾਮਲੇ ਦੀ ਜਾਂਚ ਨੂੰ ਲੈ ਕੇ ਸੀ.ਬੀ.ਆਈ. ਤੋਂ ਕੇਸਾਂ ਦੀ ਜਾਂਚ ਵਾਪਸ ਲੈਣ ਸਬੰਧੀ ਪਾਸ ਹੋਏ ਪ੍ਰਸਤਾਵ ਨੂੰ ਬਰਕਰਾਰ ਰੱਖਦੇ ਹੋਏ ਫੈਸਲਾ ਸੁਣਾਇਆ ਸੀ। ਹਾਈਕੋਰਟ ਦੇ ਦੋਹਰੇ ਬੈਂਚ ਨੇ ਵੀ ਜਸਟਿਸ ਰਾਜਨ ਗੁਪਤਾ ਦੇ ਬੈਂਚ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਮਾਮਲੇ 'ਚ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਹਾਈਕੋਰਟ ਦੇ ਦੋਹਰੇ ਬੈਂਚ ਵਲੋਂ ਜਸਟਿਸ ਰਾਜਨ ਗੁਪਤਾ ਦੇ ਬੈਂਚ ਦੇ 2017 ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਚਰਨਜੀਤ ਸਿੰਘ ਦੀ ਅਪੀਲ ਬਾਰੇ ਵੀ ਅਦਾਲਤ ਨੂੰ ਜਾਣੂ ਕਰਵਾਇਆ।

## ਅਸਾਮ ਦੇ ਤਿੰਨ ਵਾਰ ਮੁੱਖ ਮੰਤਰੀ ਰਹੇ ਤਰੁਣ ਗੋਗੋਈ ਦਾ ਦੇਹਾਂਤ

**ਗੁਹਾਟੀ:** ਕਾਂਗਰਸ ਦੇ ਬੇਹੱਦ ਹਰਮਨਪਿਆਰੇ ਨੇਤਾ ਤੇ ਅਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਦਾ ਦੇਹਾਂਤ ਹੋ ਗਿਆ। 84 ਸਾਲਾ ਆਗੂ ਦੀ ਇਥੇ ਕੋਵਿਡ ਮਗਰੋਂ ਸਿਹਤ ਵਿਚ ਪਏ ਵਿਗਾੜ ਕਾਰਨ ਮੌਤ ਹੋ ਗਈ। ਗੋਗੋਈ ਨਹਿਰੂ-ਗਾਂਧੀ ਪਰਿਵਾਰ ਦੇ ਵਫਾਦਾਰ ਮੰਨੇ ਜਾਂਦੇ ਸਨ। ਸਿਆਸੀ ਅਖਾੜੇ ਵਿਚ ਗੋਗੋਈ ਦਾ ਕੱਦ ਬਹੁਤ ਵੱਡਾ ਸੀ ਤੇ ਉਨ੍ਹਾਂ ਅਸਾਮ ਦੀ ਅੱਗੇ ਹੋ ਕੇ ਅਗਵਾਈ ਕੀਤੀ। ਤਰੁਣ ਗੋਗੋਈ ਨੇ ਪਹਿਲੀ ਵਾਰ 2001 ਵਿਚ ਅਸਾਮ ਦੀ ਕਮਾਨ ਸੰਭਾਲੀ ਸੀ ਤੇ ਲਗਾਤਾਰ ਤਿੰਨ ਵਾਰ (2001-16) ਮੁੱਖ ਮੰਤਰੀ ਬਣੇ। 2001 ਤੋਂ ਲਗਾਤਾਰ ਉਹ ਵਿਧਾਇਕ ਸਨ। ਇਸ ਤੋਂ ਇਲਾਵਾ ਛੇ ਵਾਰ ਉਹ ਸੰਸਦ ਮੈਂਬਰ ਤੇ ਦੋ ਵਾਰ ਕੇਂਦਰੀ ਮੰਤਰੀ ਵੀ ਰਹੇ। ਮੁੱਖ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ ਕਾਫੀ ਸਫਲ ਮੰਨਿਆ ਜਾਂਦਾ ਹੈ। ਤੀਜੀ ਵਾਰ ਮੁੱਖ ਮੰਤਰੀ ਬਣਨ ਉਤੇ ਉਨ੍ਹਾਂ ਨੂੰ ਪਾਰਟੀ ਅੰਦਰੋਂ ਹੀ ਵਿਰੋਧ ਦਾ ਸਾਹਮਣਾ ਕਰਨਾ ਪਿਆ।

## ਅਕਾਲੀ ਦਲ ਤੇ ਭਾਜਪਾ ਨੇ ਬੈਂਸ ਖਿਲਾਫ ਖੋਲ੍ਹੇ ਮੋਰਚੇ

**ਲੁਧਿਆਣਾ:** ਜਬਰ ਜਨਾਹ ਦੇ ਦੋਸ਼ਾਂ 'ਚ ਘਿਰੇ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਬੈਂਸ ਆਪਣੀਆਂ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ ਉਤੇ ਹਨ। ਅਕਾਲੀ ਦਲ ਅਤੇ ਭਾਜਪਾ ਦੋਹਾਂ ਹੀ ਪਾਰਟੀਆਂ ਨੇ ਇਕ ਤੋਂ ਬਾਅਦ ਇਕ ਪੁਲਿਸ ਕਮਿਸ਼ਨਰ ਦੇ ਦਫਤਰ ਬਾਹਰ ਬੈਂਸ ਖਿਲਾਫ ਧਰਨੇ ਦਿੱਤੇ। ਇਸ ਦੌਰਾਨ ਉਨ੍ਹਾਂ ਬੈਂਸ 'ਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਖਾਸ ਗੱਲ ਇਹ ਹੈ ਕਿ ਇਸ ਮਾਮਲੇ ਦੀ ਜਾਂਚ ਕਰ ਰਹੀ ਜੁਆਇੰਟ ਕਮਿਸ਼ਨਰ ਰੂਰਲ ਦੀ ਪਿਛਲੇ ਦਿਨੀਂ ਬਦਲੀ ਹੋ ਚੁੱਕੀ ਹੈ। ਅਜਿਹੇ 'ਚ ਕਾਂਗਰਸ ਸਰਕਾਰ ਵੀ ਹੁਣ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਆ ਚੁੱਕੀ ਹੈ। ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਮਨਿੰਦਰ ਕੌਰ ਘੁੰਮਣ ਦੀ ਅਗਵਾਈ 'ਚ ਭਾਜਪਾ ਆਗੂਆਂ ਨੇ ਵੀ ਪੁਲਿਸ ਕਮਿਸ਼ਨਰ ਦੇ ਦਫਤਰ ਬਾਹਰ ਪ੍ਰਦਰਸ਼ਨ ਕੀਤਾ।

## ਪੰਜਾਬ 'ਚ ਦੋ ਮਹੀਨਿਆਂ ਮਗਰੋਂ ਰੇਲ ਆਵਾਜਾਈ ਬਹਾਲ

**ਚੰਡੀਗੜ੍ਹ:** ਪੰਜਾਬ 'ਚ ਰੇਲ ਗੱਡੀਆਂ ਦੀ ਆਵਾਜਾਈ ਬਹਾਲ ਹੋ ਗਈ ਹੈ। ਤਕਰੀਬਨ ਦੋ ਮਹੀਨਿਆਂ ਮਗਰੋਂ ਰੇਲ ਮਾਰਗਾਂ ਉਤੇ ਗੱਡੀਆਂ ਮੁੜ ਚੱਲੀਆਂ ਹਨ। ਪੰਜਾਬ 'ਚ ਸਭ ਤੋਂ ਪਹਿਲਾਂ ਮਾਲ ਗੱਡੀਆਂ ਕੋਲਾ ਤੇ ਖਾਦ ਲੈ ਕੇ ਪੁੱਜੀਆਂ। ਖੇਤੀ ਕਾਨੂੰਨਾਂ ਖਿਲਾਫ ਕਿਸਾਨ ਘੋਲ ਸ਼ੁਰੂ ਹੋਣ ਮਗਰੋਂ 24 ਸਤੰਬਰ ਤੋਂ ਪੰਜਾਬ ਵਿਚ ਰੇਲ ਗੱਡੀਆਂ ਦੀ ਆਵਾਜਾਈ ਬੰਦ ਹੋ ਗਈ ਸੀ।

ਵੇਰਵਿਆਂ ਅਨੁਸਾਰ ਤਲਵੰਡੀ ਸਾਬੋ ਅਤੇ ਨਾਭਾ ਥਰਮਲ ਪਲਾਂਟ ਵਿਚ ਕੋਲੇ ਦੇ ਰੈਕ, ਰਾਮਪੁਰਾ ਫੂਲ 'ਚ ਖਾਦ ਦੇ ਰੈਕ, ਨੰਗਲ ਵਿਚ ਕੋਲੇ ਦੇ ਰੈਕ ਅਤੇ ਸਾਹਨੇਵਾਲ ਵਿਚ ਕੰਟੇਨਰ ਲੈ ਕੇ ਗੱਡੀਆਂ ਆਈਆਂ। ਪਾਵਰਕੌਮ ਦੇ ਡਾਇਰੈਕਟਰ (ਵੰਡ) ਡੀ.ਪੀ.ਐਸ ਗਰੇਵਾਲ ਨੇ ਕਿਹਾ ਕਿ ਬਣਾਂਵਾਲੀ ਥਰਮਲ ਵਿਚ ਕੋਲੇ ਦੇ ਰੈਕ ਪੁੱਜ ਗਏ ਹਨ ਅਤੇ ਹੁਣ ਬਿਜਲੀ ਪੈਦਾਵਾਰ ਲੀਹ ਉਤੇ ਆ ਜਾਵੇਗੀ। ਸੂਤਰਾਂ ਮੁਤਾਬਕ ਨਾਭਾ ਥਰਮਲ ਪਲਾਂਟ ਵਿਚ ਵੀ ਰੈਕ ਪੁੱਜ ਗਏ ਹਨ। ਖਾਦ ਦੀ ਕਿੱਲਤ ਵੀ ਹੁਣ ਦੂਰ ਹੋਣ ਦੀ ਸੰਭਾਵਨਾ ਹੈ।

## ਕਾਰਪੋਰੇਟ ਘਰਾਣਿਆਂ ਨੂੰ ਬੈਂਕ ਸਥਾਪਤ ਕਰਨ ਦੀ ਆਗਿਆ ਦੇਣਾ 'ਤਬਾਹਕੁਨ': ਰਾਜਨ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਅਤੇ ਸਾਬਕਾ ਡਿਪਟੀ-ਗਵਰਨਰ ਵਿਰਲ ਅਚਾਰੀਆ ਵਲੋਂ ਲਿਖੇ ਸਾਂਝੇ ਲੇਖ ਵਿਚ ਕਿਹਾ ਗਿਆ ਹੈ ਕਿ ਆਰ.ਬੀ.ਆਈ. ਦੇ ਕੰਮਕਾਜੀ ਸਮੂਹ ਵਲੋਂ ਕਾਰਪੋਰੇਟ ਘਰਾਣਿਆਂ ਨੂੰ ਬੈਂਕ ਸਥਾਪਤ ਕਰਨ ਦੀ ਪ੍ਰਵਾਨਗੀ ਦੇਣ ਦੀ ਤਜਵੀਜ਼ 'ਤਬਾਹਕੁੰਨ ਹੈ' ਅਤੇ ਇਸ ਸਮੇਂ ਉਤੇ ਬੈਂਕਿੰਗ ਖੇਤਰ ਵਿਚ ਕਾਰੋਬਾਰੀ ਅਦਾਰਿਆਂ ਦੀ ਸ਼ਮੂਲੀਅਤ ਸੀਮਤ ਰੱਖਣ ਦੇ ਪੁਰਾਣੇ ਅਤੇ ਸਫਲ ਤਜਰਬੇ ਉਤੇ ਕਾਇਮ ਰਹਿਣ ਦੀ ਵਧੇਰੇ ਲੋੜ ਹੈ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਚੰਗਾ ਹੋਵੇਗਾ ਜੇਕਰ ਇਸ ਪ੍ਰਸਤਾਵ ਨੂੰ ਇਥੇ ਹੀ ਠੱਪ ਕਰ ਦਿੱਤਾ ਜਾਵੇ। ਦੱਸਣਯੋਗ ਹੈ ਕਿ ਪਿਛਲੇ ਹਫਤੇ ਭਾਰਤੀ ਰਿਜ਼ਰਵ ਬੈਂਕ ਵਲੋਂ ਸਥਾਪਤ ਕੀਤੇ ਗਏ ਅੰਦਰੂਨੀ ਕੰਮਕਾਜੀ ਸਮੂਹ (ਆਈ. ਡਬਲਿਯੂ. ਜੀ.) ਨੇ ਕਈ ਸਿਫਾਰਸ਼ਾਂ ਕੀਤੀਆਂ ਸਨ, ਜਿਨ੍ਹਾਂ ਵਿਚ ਇਹ ਵੀ ਸ਼ਾਮਲ ਸੀ ਕਿ ਬੈਂਕਿੰਗ ਰੈਗੂਲੇਸ਼ਨਜ਼ ਐਕਟ ਵਿਚ ਲੋੜੀਂਦੀਆਂ ਸੋਧਾਂ ਮਗਰੋਂ ਹੀ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਬੈਂਕਾਂ ਨੂੰ ਪ੍ਰੋਮੋਟ ਕਰਨ ਦੀ ਆਗਿਆ ਦਿੱਤੀ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਜਥੇਦਾਰ ਵੱਲੋਂ ਅਕਾਲੀ ਦਲ ਦੇ ਹੱਕ 'ਚ ਡਟਣ ਦੇ ਸੁਨੇਹੇ ਉਤੇ ਵਿਵਾਦ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ 100 ਸਾਲਾ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਸੰਦੇਸ਼ ਉਤੇ ਵਿਵਾਦ ਭਖ ਗਿਆ ਹੈ। ਜਿਥੇ ਸਿੱਖ ਜਥੇਬੰਦੀਆਂ ਜਥੇਦਾਰ ਨੂੰ ਘੇਰ ਰਹੀਆਂ ਹਨ, ਉਥੇ ਅਕਾਲੀ ਦਲ ਬਾਗੋ ਬਾਗ ਜਾਪ ਰਿਹਾ ਹੈ। ਦੱਸ ਦਈਏ ਕਿ ਜਥੇਦਾਰ ਨੇ ਸਥਾਪਨਾ ਦਿਵਸ ਮੌਕੇ ਆਪਣੇ ਸੰਦੇਸ਼ ਵਿਚ ਜਿਥੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਗੈਰ-ਜਮਹੂਰੀ ਅਤੇ ਈ.ਵੀ.ਐਮ. ਦੀ ਮਦਦ ਰਾਹੀਂ ਬਣੀ ਸਰਕਾਰ ਕਰਾਰ ਦਿੱਤਾ, ਉਥੇ ਅਕਾਲੀ ਦਲ ਦੇ ਹੱਕ ਵਿਚ ਡਟ ਕੇ ਖੜ੍ਹਨ ਦਾ ਸੁਨੇਹਾ ਦੇ ਦਿੱਤਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਅਕਾਲੀ ਦਲ ਦਾ ਜਨਮ ਹੋਇਆ, ਜਿਸ ਕਰਕੇ ਸ਼੍ਰੋਮਣੀ ਕਮੇਟੀ ਮਾਂ ਹੈ ਤੇ ਅਕਾਲੀ ਦਲ ਉਸ ਦਾ ਪੁੱਤਰ ਹੈ, ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਪੰਥ ਫਿਰ ਖਤਰੇ ਵਿਚ ਹੈ। ਇਸ ਦਾ ਵਿਰੋਧ ਕਰਦਿਆਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲਾਂ ਦੇ ਪੱਖ ਵਿਚ ਭੁਗਤ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ 'ਚੋਂ ਆਪਣਾ ਮਾਣ-ਸਤਿਕਾਰ ਗਵਾ ਲਿਆ ਹੈ।

ਦਲ ਖਾਲਸਾ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ਼ਤਾਬਦੀ ਸਮਾਗਮ ਮੌਕੇ ਦਿੱਤੇ ਸੰਦੇਸ਼ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਇਸ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਨੂੰ ਛੁਟਿਆਉਣ ਦਾ ਦੋਸ਼ ਲਗਾਇਆ ਹੈ। ਜਥੇਬੰਦੀ ਦੇ ਮੁੱਖ ਬੁਲਾਰੇ ਕੰਵਰਪਾਲ ਸਿੰਘ ਵਲੋਂ ਜਾਰੀ ਬਿਆਨ ਵਿਚ ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਦੀ ਰਾਜਸੀ ਤਾਕਤ ਸਾਹਵੇਂ ਬੇਵੱਸ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਆਪ ਨੂੰ ਅਕਾਲੀ ਦਲ ਬਾਦਲ ਦੇ ਬੁਲਾਰੇ ਡਾ. ਚੀਮਾ ਦੇ ਪੱਧਰ ਉਤੇ ਲਿਆ ਖੜ੍ਹਾ ਕੀਤਾ ਹੈ।

ਭਾਰਤੀ ਜਨਤਾ ਪਾਰਟੀ ਕਿਸਾਨ ਮੋਰਚਾ ਦੇ ਸੂਬਾ ਸਕੱਤਰ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸਲਾਹ ਦਿੰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬੁਲਾਰੇ ਦੇ ਰੂਪ 'ਚ ਕੰਮ ਕਰਨਾ ਬੰਦ ਕਰਨ, ਕਿਉਂਕਿ ਉਹ ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਨ, ਉਨ੍ਹਾਂ ਨੂੰ ਆਪਣੀ ਧਾਰਮਿਕ ਜਿੰਮੇਵਾਰੀ ਨਿਰਪੱਖ ਤਰੀਕੇ ਨਾਲ ਨਿਭਾਉਣੀ ਚਾਹੀਦੀ ਹੈ। ਗਰੇਵਾਲ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਦਿਲ ਤੋਂ ਸਤਿਕਾਰ ਕਰਦੇ ਹਨ, ਪ੍ਰੰਤੂ ਸਰਵਉਚ ਅਕਾਲ ਤਖਤ ਸਾਹਿਬ ਦੇ ਮੰਚ ਨੂੰ ਰਾਜਨੀਤੀ ਲਈ ਵਰਤਣ ਨਾਲ ਉਨ੍ਹਾਂ ਦੇ ਮਨ ਨੂੰ ਠੇਸ ਪੁੱਜੀ ਹੈ।

ਉਧਰ, ਭਾਜਪਾ ਆਗੂ ਗਰੇਵਾਲ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਬਾਰੇ ਕੀਤੀ ਟਿੱਪਣੀ ਦਾ ਸਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਅਕਾਲ ਤਖਤ ਦਾ ਸਿੱਖ ਧਰਮ ਵਿਚ ਰੁਤਬਾ ਸਰਵਉੱਚ ਹੈ, ਇਸ ਲਈ ਜਥੇਦਾਰ ਵਿਰੁੱਧ ਕਿਸੇ ਵੀ ਸਿਆਸੀ ਆਗੂ ਦੀ ਟਿੱਪਣੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲ ਤਖਤ ਮੀਰੀ ਪੀਰੀ ਦਾ ਪ੍ਰਤੀਕ ਹੈ, ਜਿਸ ਕਰਕੇ ਸਿੱਖਾਂ ਨੂੰ ਧਾਰਮਿਕ ਸ਼ਕਤੀ ਦੇ ਨਾਲ ਰਾਜਨੀਤਕ ਚੇਤਨਾ ਵੀ ਮਿਲਦੀ ਹੈ। ਜਥੇਦਾਰ ਵਲੋਂ ਦੇਸ਼ ਦੇ ਮੌਜੂਦਾ ਸਿਆਸੀ ਹਾਲਾਤਾਂ ਦੀ ਸੱਚਾਈ ਬਿਆਨ ਕਰਨ 'ਤੇ ਕੁਝ ਸਿਆਸੀ ਜਮਾਤਾਂ ਦੇ ਆਗੂਆਂ ਨੂੰ ਇਹ ਬਿਆਨ ਚੁੱਭਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਬਿਲਕੁਲ ਸੱਚ ਬਿਆਨਿਆ ਹੈ। ਪਿਛਲੇ ਸਮੇਂ ਤੋਂ ਲਗਾਤਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖਾਂ ਦੇ ਇਤਿਹਾਸਕ ਅਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੇਸ਼ ਵਿਚ ਘੱਟ ਗਿਣਤੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਾਢੇ ਤਿੰਨ ਦਹਾਕੇ ਬੀਤ ਜਾਣ ਦੇ ਬਾਅਦ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਇਸ ਦੇ ਬਾਵਜੂਦ ਅੱਜ ਵੀ ਸਿੱਖਾਂ ਨੂੰ ਦਬਾਉਣ ਦੀਆਂ ਸਾਜ਼ਿਸ਼ਾਂ ਜਾਰੀ ਹਨ। ਜੇਕਰ ਸ੍ਰੀ ਅਕਾਲ ਤਖਤ ਨੇ ਸੱਚਾਈ ਨੂੰ ਦਰਸਾਉਣ ਵਾਲਾ ਬਿਆਨ ਦਿੱਤਾ ਹੈ ਤਾਂ ਇਸ ਦਾ ਵਿਰੋਧ ਕਰਨ ਦੀ ਥਾਂ ਸੱਤਾਧਾਰੀ ਸਿਆਸੀ ਪਾਰਟੀਆਂ ਨੂੰ ਆਤਮ ਮੰਥਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗਰੇਵਾਲ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਨਸੀਹਤ ਦੇਣ। ਉਨ੍ਹਾਂ ਦਾ ਜਥੇਦਾਰ ਸਬੰਧੀ ਗੈਰ ਇਖਲਾਕੀ ਬਿਆਨ ਨਾ ਬਰਦਾਸ਼ਤਯੋਗ ਹੈ, ਉਨ੍ਹਾਂ ਨੂੰ ਆਪਣੇ ਦਾਇਰੇ ਵਿਚ ਰਹਿਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਅਕਾਲ ਤਖਤ ਦੇ ਜਥੇਦਾਰ ਨੇ ਜਿਸ ਢੰਗ ਨਾਲ ਕੌਮ ਨੂੰ ਸੁਚੇਤ ਕੀਤਾ ਹੈ, ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਦਾ ਡਟ ਕੇ ਸਮਰਥਨ ਕਰਦਾ ਹੈ। ਉਨ੍ਹਾਂ ਆਖਿਆ ਕਿ ਜਥੇਦਾਰ ਵਲੋਂ ਦੁਸ਼ਮਣ ਤਾਕਤਾਂ ਤੋਂ ਸੁਚੇਤ ਹੋਣ ਲਈ ਕਿਹਾ ਗਿਆ ਹੈ, ਜਿਸ ਬਾਰੇ ਭਾਜਪਾ ਆਗੂ ਗਰੇਵਾਲ ਵਲੋਂ ਦਿੱਤਾ ਬਿਆਨ ਮੰਦਭਾਗਾ ਹੈ। ਚੀਮਾ ਨੇ ਕਿਹਾ ਕਿ ਬਤੌਰ ਸਿੱਖ ਸ੍ਰੀ ਗਰੇਵਾਲ ਨੂੰ ਆਪਣੇ ਸ਼ਬਦ ਵਾਪਸ ਲੈਣੇ ਚਾਹੀਦੇ ਹਨ ਅਤੇ ਮੁਆਫੀ ਮੰਗਣੀ ਚਾਹੀਦੀ ਹੈ।



## ਕਾਂਗਰਸ ਨੇ ਖਾਲਸਈ ਸਰੂਪ 'ਚ ਕੈਟ ਪੈਦਾ ਕੀਤੇ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਜਿਵੇਂ ਖਾੜਕੂਵਾਦ ਸਮੇਂ ਪੁਲਿਸ ਨੇ ਆਪਣੀ ਮਦਦ ਲਈ ਕੈਟ ਪੈਦਾ ਕੀਤੇ ਸਨ, ਉਵੇਂ ਹੀ ਕਾਂਗਰਸ ਨੇ ਖਾਲਸਈ ਸਰੂਪ 'ਚ ਸਿਆਸੀ ਕੈਟ ਪੈਦਾ ਕੀਤੇ ਹੋਏ ਹਨ, ਜੋ ਆਪਣੇ ਆਪ ਨੂੰ ਧਾਰਮਿਕ ਅਖਵਾਉਂਦੇ ਹਨ ਪਰ ਕੈਪਟਨ ਦੇ ਕਹਿਣ ਅਨੁਸਾਰ ਸਿੱਖ ਕੌਮ ਤੇ ਸਿੱਖੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਕਾਂਗਰਸ ਦਾ ਭਵਿੱਖ ਬਿਲਕੁਲ ਖਤਮ ਹੈ ਤੇ ਕਾਂਗਰਸ ਦੀ ਲੀਡਰਸ਼ਿਪ ਸੰਕਟ 'ਚ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਣਿਆਂ 4 ਸਾਲ ਹੋ ਗਏ ਹਨ, ਉਹ ਇਕ ਵੀ ਕੰਮ ਦੱਸ ਦੇਣ, ਜੋ ਉਨ੍ਹਾਂ ਪੰਜਾਬ ਵਾਸਤੇ ਕੀਤਾ ਹੋਵੇ।

# ਪਾਵਨ ਸਰੂਪ: ਸਿੱਖ ਜਥੇਬੰਦੀਆਂ ਵੱਲੋਂ ਸੰਘਰਸ਼ ਤਿੱਖਾ ਕਰਨ ਦੀ ਤਿਆਰੀ



**ਅੰਮ੍ਰਿਤਸਰ:** 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਅਣਮਿਥੇ ਸਮੇਂ ਲਈ ਧਰਨੇ ਉਤੇ ਬੈਠੇ ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਨੇ ਆਖਿਆ ਕਿ ਕੋਈ ਸੁਣਵਾਈ ਨਾ ਹੋਣ ਕਾਰਨ ਹੁਣ ਸੰਘਰਸ਼ ਸਬੰਧੀ ਅਗਲਾ ਫੈਸਲਾ ਲੈਣ ਲਈ 6 ਦਸੰਬਰ ਨੂੰ ਇਕ ਵੱਡਾ ਇਕੱਠ ਕੀਤਾ ਜਾਵੇਗਾ। ਸਿੱਖ ਸਦਭਾਵਨਾ ਦਲ ਅਤੇ ਗੁਰਦੁਆਰਾ ਅਕਾਲੀ ਬੁੰਗਾ ਦੇ ਕਾਰਕੁਨਾਂ ਵੱਲੋਂ ਕਈ ਦਿਨਾਂ ਤੋਂ ਹੈਰੀਟੇਜ ਸਟਰੀਟ ਵਿਚ ਅਣਮਿਥੇ ਸਮੇਂ ਲਈ ਧਰਨਾ ਲਾਇਆ ਗਿਆ ਹੈ। ਉਨ੍ਹਾਂ ਦੀ ਮੰਗ ਹੈ ਕਿ ਲਾਪਤਾ ਪਾਵਨ ਸਰੂਪਾਂ ਬਾਰੇ ਸ਼੍ਰੋਮਣੀ ਕਮੇਟੀ ਸੰਗਤ ਨੂੰ ਜਾਣਕਾਰੀ ਦੇਵੇ ਅਤੇ ਦੋਸ਼ੀਆਂ ਖਿਲਾਫ ਪੁਲਿਸ ਕੇਸ ਦਰਜ ਕੀਤਾ ਜਾਵੇ। ਇਸੇ ਮੰਗ ਸਬੰਧੀ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਦਫਤਰ ਨੇੜੇ ਲਗਭਗ 44 ਦਿਨ ਧਰਨਾ ਦਿੱਤਾ ਗਿਆ ਸੀ। ਭਾਈ ਵਡਾਲਾ ਨੇ ਆਖਿਆ ਕਿ ਸਿੱਖ ਕਾਰਕੁਨ 4 ਨਵੰਬਰ ਤੋਂ ਹੈਰੀਟੇਜ ਸਟਰੀਟ ਵਿਚ ਧਰਨੇ ਉਤੇ ਬੈਠੇ ਹੋਏ ਹਨ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਇਸ ਮਾਮਲੇ ਦੀ ਜਾਂਚ ਰਿਪੋਰਟ ਵਿਚ ਸ਼੍ਰੋਮਣੀ ਕਮੇਟੀ ਇਹ ਮੰਨ ਚੁੱਕੀ ਹੈ ਕਿ ਰਿਕਾਰਡ ਵਿਚੋਂ 328 ਸਰੂਪ ਘਟੇ ਹਨ। ਇਸੇ ਤਰ੍ਹਾਂ ਸਰੂਪ ਵੇਚਣ ਵਿਚ ਵੀ ਹੇਰਾ-ਫੇਰੀ ਅਤੇ ਅਗਨ ਭੇਟ ਹੋਏ ਸਰੂਪਾਂ ਦੀ ਗਿਣਤੀ ਬਾਰੇ ਵੀ ਗਲਤ ਜਾਣਕਾਰੀ ਦਿੱਤੀ ਗਈ ਹੈ। ਸਮੁੱਚੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਸ਼ੱਕ ਦੇ ਘੇਰੇ 'ਚ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਪੰਜਾਬ ਸਰਕਾਰ ਸ਼੍ਰੋਮਣੀ ਕਮੇਟੀ ਨਾਲ ਮਿਲੀਭੁਗਤ ਕਾਰਨ ਪੁਲਿਸ ਕੇਸ ਦਰਜ ਨਹੀਂ ਕਰ ਰਹੀ ਹੈ। ਇਸੇ ਲਈ 6 ਦਸੰਬਰ ਨੂੰ ਇਥੇ ਪੰਥਕ ਇਕੱਠ ਸੱਦਿਆ ਗਿਆ ਹੈ, ਜਿਸ ਵਿਚ ਅਗਲੇਰੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

# ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਖਿਲਾਫ ਕੇਸ ਦਰਜ

**ਫਤਹਿਗੜ੍ਹ ਸਾਹਿਬ:** ਗੁਰਦੁਆਰਾ ਜੋਤੀ ਸਰੂਪ ਨੂੰ ਜਾਂਦੀ ਸੜਕ ਦੇ ਸੁੰਦਰੀਕਰਨ ਦਾ ਕੰਮ ਕਰਵਾ ਰਹੇ ਹੈਰੀਟੇਜ ਅਤੇ ਟੂਰਿਜ਼ਮ ਵਿਭਾਗ ਦੇ ਅਧਿਕਾਰੀਆਂ ਦੀ ਸ਼ਿਕਾਇਤ ਉਤੇ ਥਾਣਾ ਫਤਹਿਗੜ੍ਹ ਸਾਹਿਬ ਦੀ ਪੁਲਿਸ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਸਮੇਤ ਸ਼੍ਰੋਮਣੀ ਕਮੇਟੀ ਦੇ ਚਾਰ ਮੁਲਾਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਦੇ ਵਿਰੋਧ ਵਿਚ ਐਸ.ਜੀ.ਪੀ.ਸੀ. ਦੇ ਮੈਂਬਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਖਿਲਾਫ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਨੂੰ ਸ਼ਿਕਾਇਤ ਪੱਤਰ ਸੌਂਪਿਆ ਗਿਆ।

ਹਲਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਗੁਰਦੁਆਰੇ ਦੇ ਮੈਨੇਜਰ ਅਤੇ ਮੁਲਜ਼ਮਾਂ ਉਤੇ ਸਰਕਾਰ ਵੱਲੋਂ ਬਣਾਈ ਜਾ ਰਹੀ ਦੀਵਾਰ ਨੂੰ ਤੋੜਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਸ਼੍ਰੋਮਣੀ ਕਮੇਟੀ ਧਾਰਮਿਕ ਮਾਮਲਿਆਂ ਵਿਚ ਰਾਜਨੀਤੀ ਕਰ ਰਹੀ ਹੈ। ਇਸੇ ਦੌਰਾਨ ਐਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪ ਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਹੋਰਨਾਂ ਵਿਰੁੱਧ ਮਾਮਲਾ ਦਰਜ ਕਰਨ ਦੀ ਮੰਗ ਕਰਦੇ ਹੋਏ ਇਨ੍ਹਾਂ ਆਗੂਆਂ ਉਤੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਦਾ ਦੋਸ਼ ਲਗਾਇਆ। ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ



ਅਤੇ ਰਵਿੰਦਰ ਸਿੰਘ ਖਾਲਸਾ ਨੇ ਅਕਾਲੀ ਦਲ ਬਾਦਲ ਨਾਲ ਸਬੰਧਤ ਜ਼ਿਲ੍ਹਾ ਜਥੇਦਾਰ ਜਗਦੀਪ ਸਿੰਘ ਚੀਮਾ, ਹਲਕਾ ਇੰਚਾਰਜ ਬਸੀ ਪਠਾਣਾਂ ਦਰਬਾਰਾ ਸਿੰਘ ਗੁਰੂ, ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਹਾਜ਼ਰੀ ਵਿਚ ਐਸ.ਐਸ.ਪੀ. ਅਤੇ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਜਿਸ ਵਿਚ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਉਨ੍ਹਾਂ ਦੀ ਪਤਨੀ ਬੀਬੀ ਮਨਦੀਪ ਕੌਰ ਨਾਗਰਾ, ਟੂਰਿਜ਼ਮ ਵਿਭਾਗ ਦੇ ਜੇ.ਈ. ਅੰਕਿਤ ਠਾਕੁਰ ਤੋਂ ਇਲਾਵਾ ਕਈ ਹੋਰਨਾਂ ਵਿਰੁੱਧ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਦੀ ਸ਼ਿਕਾਇਤ ਕੀਤੀ। ਸ਼੍ਰੋਮਣੀ ਕਮੇਟੀ ਦਾ ਦੋਸ਼ ਹੈ ਕਿ ਉਨ੍ਹਾਂ ਦੀ ਮਲਕੀਅਤ ਵਾਲੀ ਥਾਂ ਉਤੇ ਜਬਰੀ ਉਸਾਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਸ਼ਿਕਾਇਤ ਪੱਤਰ ਦੇ ਨਾਲ ਰੈਵਿਨਿਊ ਰਿਕਾਰਡ ਵੀ ਨੱਥੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਜ਼ਮੀਨ ਕਮੇਟੀ ਵੱਲੋਂ ਸ਼ਹੀਦੀ ਸਭਾ ਦੌਰਾਨ ਸੰਗਤਾਂ ਲਈ ਲੰਗਰ ਲਗਾਉਣ ਲਈ ਰੱਖੀ ਗਈ ਹੈ ਤੇ ਟੂਰਿਜ਼ਮ ਵਿਭਾਗ ਵੱਲੋਂ ਬਗੈਰ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਤੋਂ ਇਹ ਉਸਾਰੀ ਕੀਤੀ ਜਾ ਰਹੀ ਹੈ।

# ਬੇਅਦਬੀ ਕਾਂਡ: ਤਿੰਨ ਡੇਰਾ ਪ੍ਰੇਮੀਆਂ ਨੂੰ ਭਗੌੜਾ ਐਲਾਨਣ ਦੀ ਕਾਰਵਾਈ ਸ਼ੁਰੂ

**ਫਰੀਦਕੋਟ:** ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਚੋਰੀ ਕਰਨ ਦੇ ਦੋਸ਼ਾਂ ਹੇਠ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਡੇਰਾ ਸੱਚਾ ਸੌਦਾ ਦੀ ਕੌਮੀ ਕਮੇਟੀ ਦੇ ਮੁੱਖ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਸਥਾਨਕ ਅਦਾਲਤ ਨੇ ਭਗੌੜਾ ਐਲਾਨਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਦੀ ਪੜਤਾਲ ਕਰ ਰਹੇ ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਜਾਂਚ ਟੀਮ ਨੇ ਆਪਣੀ ਪੜਤਾਲ ਰਿਪੋਰਟ ਵਿਚ ਦਾਅਵਾ ਕੀਤਾ ਸੀ ਕਿ ਉਪਰੋਕਤ ਕੌਮੀ ਮੈਂਬਰਾਂ ਨੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸਾਜ਼ਿਸ਼ ਤਹਿਤ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕੀਤਾ ਸੀ ਅਤੇ ਇਹ ਸਰੂਪ ਚੋਰੀ ਕਰਕੇ ਉਹ ਸਿੱਖ ਪ੍ਰਚਾਰਕਾਂ ਵੱਲੋਂ ਡੇਰਾ ਸੱਚਾ ਸੌਦਾ ਦੇ ਧਾਰਮਿਕ ਚਿੰਨ੍ਹਾਂ ਦੀ ਕੀਤੀ ਗਈ ਬੇਅਦਬੀ ਦਾ ਬਦਲਾ ਲੈਣਾ ਚਾਹੁੰਦੇ ਸਨ। ਵਿਸ਼ੇਸ਼ ਜਾਂਚ ਟੀਮ ਇਨ੍ਹਾਂ ਤਿੰਨਾਂ ਕੌਮੀ ਮੈਂਬਰਾਂ ਨੂੰ ਹਾਲੇ ਗ੍ਰਿਫਤਾਰ ਨਹੀਂ ਕਰ ਸਕੀ। ਇਲਾਕਾ ਮੈਜਿਸਟਰੇਟ ਫਰੀਦਕੋਟ ਨੇ 8



ਜੁਲਾਈ 2020 ਨੂੰ ਇਨ੍ਹਾਂ ਦੇ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਸਨ।

ਵਿਸ਼ੇਸ਼ ਜਾਂਚ ਟੀਮ ਨੇ ਇਸ ਸੰਬੰਧੀ ਅਦਾਲਤ ਨੂੰ ਦੱਸਿਆ ਕਿ ਹਰਿਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਹਰਿਆਣਾ ਸੂਬੇ ਦੇ ਵਸਨੀਕ ਹਨ, ਜਿਨ੍ਹਾਂ ਦੀ ਗ੍ਰਿਫਤਾਰੀ ਲਈ ਦੇਸ਼ ਭਰ ਵਿਚ ਛਾਪੇ ਮਾਰੇ ਜਾ ਰਹੇ ਹਨ ਪਰ ਹਾਲੇ ਤੱਕ ਇਨ੍ਹਾਂ ਦੀ ਗ੍ਰਿਫਤਾਰੀ ਨਹੀਂ ਹੋ ਸਕੀ। ਇਸ ਤੋਂ ਬਾਅਦ ਅਦਾਲਤ ਨੇ ਇਨ੍ਹਾਂ ਡੇਰਾ ਪ੍ਰੇਮੀਆਂ ਨੂੰ ਭਗੌੜਾ ਐਲਾਨਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਜਨਤਕ ਇਸ਼ਤਿਹਾਰ ਜਾਰੀ ਕਰਕੇ ਤਿੰਨੋਂ ਡੇਰਾ ਪ੍ਰੇਮੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ 18 ਜਨਵਰੀ ਤੱਕ ਅਦਾਲਤ ਸਾਹਮਣੇ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਭਗੌੜਾ ਐਲਾਨ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਜਾਂਚ ਟੀਮ ਵੱਲੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।

## ਡੇਰਾ ਪ੍ਰੇਮੀ ਦੇ ਪਿਉ ਦੀ ਹੱਤਿਆ

**ਬਠਿੰਡਾ:** ਕਸਬਾ ਭਗਤਾ ਭਾਈ ਕਾ ਵਿਚ ਮੂੰਹ-ਢਕੇ ਅਣਪਛਾਤੇ ਦੋ ਮੋਟਰਸਾਈਕਲ ਸਵਾਰਾਂ ਨੇ ਆਪਣੀ ਦੁਕਾਨ 'ਚ ਬੈਠੇ ਡੇਰਾ ਪ੍ਰੇਮੀ ਦੇ ਪਿਉ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਸੁੱਖਾ ਗਿੱਲ ਲੰਮੇ ਦੇ ਗਰੁੱਪ ਨੇ ਲੈ ਲਈ ਹੈ। ਗਰੁੱਪ ਨੇ ਇਕ ਫੇਸਬੁੱਕ ਪੋਸਟ ਵਿਚ ਕਤਲ ਦੀ ਵਜ੍ਹਾ ਬਰਗਾੜੀ ਅਤੇ ਭਗਤਾ ਭਾਈ 'ਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਦੱਸਿਆ ਗਿਆ ਹੈ। ਫੇਸਬੁੱਕ ਪੋਸਟ ਵਿਚ ਭਵਿੱਖ 'ਚ ਅਜਿਹਾ ਕਰਨ ਵਾਲਿਆਂ ਦਾ 'ਅੰਸ਼ ਮੁਕਾਉਣ' ਦੀ ਚਿਤਾਵਨੀ ਵੀ ਦਿੱਤੀ ਗਈ ਹੈ। ਮੁਢਲੀ ਜਾਣਕਾਰੀ ਮੁਤਾਬਕ ਘਟਨਾ ਵਕਤ ਮਨੋਹਰ ਲਾਲ ਅਰੋੜਾ (53) ਬਾਜ਼ਾਰ 'ਚ ਸਥਿਤ ਮਨੀ ਚੇਂਜਰ ਦੀ ਦੁਕਾਨ 'ਜਤਿੰਦਰ ਟੈਲੀਕਾਮ' ਉਤੇ ਬੈਠਾ ਸੀ। ਮਨੋਹਰ ਲਾਲ ਦੇ ਇਕ ਗੋਲੀ ਸਿਰ ਵਿਚ ਅਤੇ ਇਕ ਬਾਂਹ ਉਤੇ ਲੱਗੀ। ਗੌਰਤਲਬ ਹੈ ਕਿ ਮਨੋਹਰ ਲਾਲ ਅਰੋੜਾ ਦੇ ਡੇਰਾ ਪ੍ਰੇਮੀ ਬੇਟੇ ਜਤਿੰਦਰ ਅਰੋੜਾ ਉਰਫ ਜਿੰਮੀ ਸਮੇਤ ਪੰਜ ਡੇਰਾ ਸ਼ਰਧਾਲੂਆਂ ਦੀ ਬਰਗਾੜੀ ਬੇਅਦਬੀ ਮਾਮਲੇ ਸਬੰਧੀ ਕੁਝ ਅਰਸਾ ਪਹਿਲਾਂ ਗ੍ਰਿਫਤਾਰੀ ਹੋਈ ਸੀ। ਜਿੰਮੀ ਨੂੰ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਵੇਲੇ ਜਿੰਮੀ ਜ਼ਮਾਨਤ ਉਤੇ ਜੇਲ੍ਹ ਤੋਂ ਬਾਹਰ ਹੈ।

## ਦਿੱਲੀ ਕਮੇਟੀ ਦੇ ਦੋ ਮੈਂਬਰਾਂ ਨੇ ਸੁਖਬੀਰ ਬਾਦਲ ਨੂੰ ਅਸਤੀਫੇ ਭੇਜੇ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਹਰਿੰਦਰਪਾਲ ਸਿੰਘ ਤੇ ਜਤਿੰਦਰ ਸਿੰਘ ਸਾਹਨੀ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫੇ ਦੇ ਦਿੱਤੇ ਹਨ। ਦੋਵਾਂ ਆਗੂਆਂ ਨੇ ਦਲ ਦੇ ਮੁਢਲੇ ਸਿਧਾਂਤਾਂ ਤੋਂ ਲਾਂਭੇ ਜਾਣ ਦਾ ਦੋਸ਼ ਲਾਉਂਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਸਤੀਫੇ ਵਾਲੀ ਸਾਂਝੀ ਚਿੱਠੀ ਭੇਜੀ ਹੈ। ਹਰਿੰਦਰਪਾਲ ਸਿੰਘ ਨੇ ਕਿਹਾ ਕਿ ਉਹ ਕੁਝ ਦਿਨ ਆਰਾਮ ਕਰਕੇ ਤੇ ਸਾਥੀਆਂ ਨਾਲ ਸਲਾਹ ਮਸ਼ਵਰੇ ਮਗਰੋਂ ਅਗਲਾ ਕਦਮ ਪੁੱਟਣਗੇ। ਜਤਿੰਦਰ ਸਿੰਘ ਸਾਹਨੀ ਪਹਿਲਾਂ ਵੀ ਦਲ ਬਦਲੀ ਕਰਦੇ ਰਹੇ ਹਨ। ਅਸਤੀਫੇ ਦੇਣ ਮਗਰੋਂ ਦੋਵੇਂ ਮੈਂਬਰ ਹੁਣ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੇ ਸੰਪਰਕ ਵਿਚ ਦੱਸੇ ਜਾ ਰਹੇ ਹਨ।

# ਪੰਜਾਬ ਦੇ ਪਾਣੀਆਂ ਦਾ ਬਕਾਇਆ ਵਸੂਲਣ ਲਈ ਜ਼ੋਰਦਾਰ ਮੁਹਿੰਮ

### 21 ਲੱਖ ਪੰਜਾਬੀਆਂ ਦੀ ਪਟੀਸ਼ਨ ਸਪੀਕਰ ਕੋਲ ਸੌਂਪੀ



**ਚੰਡੀਗੜ੍ਹ:** ਲੋਕ ਇਨਸਾਫ ਪਾਰਟੀ ਦੇ ਆਗੂਆਂ ਨੇ ਇਥੇ ਪੰਜਾਬ ਅਧਿਕਾਰ ਯਾਤਰਾ ਦੇ ਚੌਥੇ ਦਿਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਪੰਜਾਬ ਦੇ ਪਾਣੀਆਂ ਦਾ ਬਕਾਇਆ ਵਸੂਲਣ ਲਈ 21 ਲੱਖ ਪੰਜਾਬੀਆਂ ਵਲੋਂ ਦਸਤਖਤ ਕੀਤੀ ਪਟੀਸ਼ਨ ਜਮ੍ਹਾਂ ਕਰਵਾਈ।

ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਦੇ ਪਾਣੀਆਂ ਦੀ ਕੀਮਤ ਵਸੂਲੀ ਲਈ ਕੱਢੀ ਜਾ ਰਹੀ ਚਾਰ ਰੋਜ਼ਾ ਪੰਜਾਬ ਅਧਿਕਾਰ ਯਾਤਰਾ ਦੇ ਅਖੀਰਲੇ ਦਿਨ ਪਟਿਆਲਾ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਨਤਮਸਤਕ ਹੋ ਕੇ ਬਹਾਦਰਗੜ੍ਹ, ਰਾਜਪੁਰਾ, ਬਨੂੜ, ਮੁਹਾਲੀ ਤੱਕ ਪਾਰਟੀ ਅਹੁਦੇਦਾਰ ਅਤੇ ਵਰਕਰ ਵੱਡੀ ਗਿਣਤੀ ਵਿਚ ਪੁੱਜੇ, ਉਪਰੰਤ ਪਾਰਟੀ ਅਹੁਦੇਦਾਰ ਅਰਦਾਸ ਕਰਕੇ 21 ਲੱਖ ਪੰਜਾਬੀਆਂ ਵਲੋਂ ਦਸਤਖਤ ਕੀਤੀ ਪਟੀਸ਼ਨ ਦੀਆਂ ਪੰਡਾਂ ਚੰਡੀਗੜ੍ਹ ਵਿਧਾਨ ਸਭਾ ਵਿਖੇ ਸਪੀਕਰ ਨੂੰ ਸੌਂਪੀਆਂ।

ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਸਪੀਕਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਤਿੰਨ ਮਹੀਨੇ ਦੇ ਅੰਦਰ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਪਾਣੀ ਦੇ ਬਿੱਲ ਨਹੀਂ ਭੇਜੇ ਜਾਂਦੇ ਤਾਂ ਜਿਥੋਂ ਨਹਿਰਾਂ ਰਾਹੀਂ ਰਾਜਸਥਾਨ ਨੂੰ ਪਾਣੀ ਜਾਂਦਾ ਹੈ, ਉਥੋਂ ਮੋਘੇ ਬਣਾ ਕੇ ਪੰਜਾਬ ਦੇ ਖੇਤਾਂ ਨੂੰ ਲੋਕ ਇਨਸਾਫ ਪਾਰਟੀ ਪਾਣੀ ਦੇਵੇਗੀ। ਉਨ੍ਹਾਂ ਕਿਹਾ ਕਿ ਹਾਲੇ ਸ਼ੁਰੂਆਤ ਹੈ, ਅਸੀਂ ਇਸ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾ ਕੇ ਰਹਾਂਗੇ। ਇਸੇ ਦੌਰਾਨ ਲਿਪ ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਚੱਕ ਅਤੇ ਪ੍ਰੀਤਮ ਸਿੰਘ ਰਟੌਲ ਨੇ ਕਿਹਾ ਕਿ ਸਿਮਰਜੀਤ ਸਿੰਘ ਬੈਂਸ ਨੇ ਸੂਬੇ ਦੇ ਹੱਕਾਂ ਦੀ ਲੜਾਈ ਲਈ ਨਵੀਂ ਪਿਰਤ ਪਾਈ ਹੈ ਤੇ ਉਨ੍ਹਾਂ ਨੇ ਬੈਂਸ ਨੂੰ ਪਾਣੀਆਂ ਦਾ ਰਾਖਾ ਐਲਾਨਿਆ।

# ਕੇਂਦਰ ਵੱਲੋਂ ਅਕਾਲੀ ਦਲ ਨੂੰ ਝਟਕੇ ਦੇਣੇ ਸ਼ੁਰੂ, ਮਜੀਠੀਆ ਤੋਂ ਸੁਰੱਖਿਆ ਖੋਹੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਲੋਂ ਭਾਜਪਾ ਨਾਲ ਨਾਤਾ ਤੋੜਨ ਮਗਰੋਂ ਹੁਣ ਜਿਥੇ ਦੋਵੇਂ ਪਾਰਟੀਆਂ ਸੂਬੇ 'ਚ ਵੀ ਆਹਮੋ ਸਾਹਮਣੇ ਹਨ, ਉਥੇ ਕੇਂਦਰ ਸਰਕਾਰ ਨੇ ਵੀ ਅਕਾਲੀ ਦਲ ਨੂੰ ਝਟਕੇ ਦੇਣੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਵਲੋਂ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਦੀ ਕੇਂਦਰੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸਬੰਧੀ ਸੂਚਨਾ ਆਉਣ ਮਗਰੋਂ ਹੁਣ ਪੰਜਾਬ ਸਰਕਾਰ ਮਜੀਠੀਆ ਦੀ ਸੁਰੱਖਿਆ ਨੂੰ ਰਿਵਿਊ ਕਰਨ ਦੇ ਬਾਅਦ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਸੁਰੱਖਿਆ ਦੇਣੀ ਚਾਹੀਦੀ ਹੈ, ਬਾਰੇ ਵਿਚਾਰ-ਵਟਾਂਦਰਾ ਕਰੇਗੀ। ਪਿਛਲੇ ਕਈ ਦਿਨਾਂ ਤੋਂ ਪੰਜਾਬ 'ਚ ਅਕਾਲੀ ਦਲ ਅਤੇ ਭਾਜਪਾ ਆਗੂਆਂ ਵਿਚਾਲੇ ਚੱਲ ਰਹੀ ਖਿੱਚੋਤਾਣ ਨਵਾਂ ਰੁੱਖ ਅਖਤਿਆਰ ਕਰਨ ਲੱਗੀ ਹੈ। ਉਧਰ, ਯੂਥ ਅਕਾਲੀ ਦਲ ਨੇ ਰਾਜਪੁਰਾ 'ਚ ਭਾਜਪਾ ਨੇਤਾ ਦਾ ਪੁਤਲਾ ਫੂਕਿਆ ਅਤੇ ਇਧਰ ਕੇਂਦਰ ਨੇ ਮਜੀਠੀਆ ਦੀ ਕੇਂਦਰੀ ਸੁਰੱਖਿਆ ਨੂੰ ਵਾਪਸ ਲੈਣ ਦਾ ਫੈਸਲਾ ਲੈ ਲਿਆ, ਹਾਲਾਂਕਿ ਦੱਸਿਆ ਜਾ ਰਿਹਾ ਹੈ ਕਿ ਕੇਂਦਰ ਵਲੋਂ ਇਹ ਫੈਸਲਾ ਕਰੀਬ ਹਫਤਾ ਪਹਿਲਾਂ ਲਿਆ ਗਿਆ ਸੀ। ਸ. ਮਜੀਠੀਆ ਨੂੰ ਸੀ.ਆਈ.ਐਸ.ਐਫ. ਦੀ ਸੁਰੱਖਿਆ ਪ੍ਰਦਾਨ ਕੀਤੀ ਹੋਈ ਸੀ।

ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਸ. ਮਜੀਠੀਆ ਨੂੰ ਲਗਾਤਾਰ ਗੈਂਗਸਟਰਾਂ ਅਤੇ ਵਿਦੇਸ਼ਾਂ ਤੋਂ ਵੀ ਜਾਨੋਂ ਮਾਰਨ ਦੀਆਂ ਧਮਕੀਆਂ ਆਉਂਦੀਆਂ ਰਹੀਆਂ ਹਨ। ਜਾਣਕਾਰੀ ਅਨੁਸਾਰ ਕੇਂਦਰ ਦੇ ਇਸ ਫੈਸਲੇ ਮਗਰੋਂ ਡੀ.ਜੀ.ਪੀ. ਦਫਤਰ ਵਲੋਂ ਉਨ੍ਹਾਂ ਦੀ ਸੁਰੱਖਿਆ ਨੂੰ ਰਿਵਿਊ ਕਰਨ ਦਾ ਫੈਸਲਾ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰ ਦੀ ਨਜ਼ਰ ਕਾਂਗਰਸ ਦੇ ਅਜਿਹੇ ਆਗੂਆਂ ਉਤੇ ਵੀ ਹੈ ਜਿਨ੍ਹਾਂ ਨੂੰ ਕੇਂਦਰੀ ਸੁਰੱਖਿਆ ਮਿਲੀ ਹੋਈ ਹੈ ਅਤੇ ਆਉਂਦੇ ਦਿਨਾਂ 'ਚ ਉਨ੍ਹਾਂ ਦੀ ਸੁਰੱਖਿਆ ਵਿਚ ਕਟੌਤੀ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।



ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ੈਡ ਪਲੱਸ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਇਕ ਬਿਆਨ ਰਾਹੀਂ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਜੀਠੀਆ ਦੀ ਸੁਰੱਖਿਆ ਇਸ ਕਰ ਕੇ ਵਾਪਸ ਲਈ ਗਈ ਹੈ ਕਿਉਂਕਿ ਅਕਾਲੀ ਦਲ ਕੇਂਦਰੀ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨਾਂ ਨਾਲ ਡੱਟ ਕੇ ਖੜ੍ਹਿਆ ਹੈ।

# 'ਆਪ' ਨੇ 460 ਬਲਾਕ ਪ੍ਰਧਾਨ ਬਣਾਏ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਆਪਣੇ ਸੰਗਠਨ ਦਾ ਵਿਸਥਾਰ ਕਰਦਿਆਂ ਵੱਡੇ ਪੱਧਰ ਉਤੇ ਨਿਯੁਕਤੀਆਂ ਕੀਤੀਆਂ। ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਪੰਜਾਬ ਦੇ 17 ਜ਼ਿਲ੍ਹਿਆਂ ਵਿਚ 135 ਬਲਾਕ ਪ੍ਰਧਾਨਾਂ ਨੂੰ ਨਿਯੁਕਤ ਕੀਤਾ, ਜਿਨ੍ਹਾਂ ਨੂੰ ਇਕ ਸਮਾਗਮ ਦੌਰਾਨ ਸਹੁੰ ਚੁਕਵਾਈ ਗਈ।

ਇਨ੍ਹਾਂ ਨਿਯੁਕਤੀਆਂ ਨਾਲ ਪੰਜਾਬ ਵਿਚ 22 ਜ਼ਿਲ੍ਹਿਆਂ 'ਚ ਕੁੱਲ 460 ਬਲਾਕ ਪ੍ਰਧਾਨਾਂ ਦੀ ਨਿਯੁਕਤੀ ਹੋ ਚੁੱਕੀ ਹੈ। ਮਾਨ ਨੇ ਕਿਹਾ ਕਿ ਇਸ ਨਾਲ ਪਾਰਟੀ ਨੇ ਸੂਬੇ ਵਿਚ ਧਰਾਤਲ ਪੱਧਰੀ ਢਾਂਚੇ ਨੂੰ ਸੰਪੂਰਨ ਕਰਨ ਵੱਲ ਕਦਮ ਵਧਾਇਆ ਹੈ। ਭਗਵੰਤ ਮਾਨ ਤੇ ਜਰਨੈਲ ਸਿੰਘ ਨੇ ਕਿਹਾ ਕਿ ਢਾਂਚਾ ਭੰਗ ਕਰਨ ਤੋਂ ਬਾਅਦ ਪੰਜਾਬ ਦੇ ਸਾਰੇ ਵਰਕਰਾਂ ਅਤੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਵੱਖ-ਵੱਖ ਪਹਿਲੂਆਂ ਉਤੇ ਘੋਖ ਕਰਕੇ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਲੋਕਾਂ ਦੀ ਲੜਾਈ ਲੜਨ ਲਈ ਆਮ ਆਦਮੀ ਪਾਰਟੀ ਹਮੇਸ਼ਾ ਤਤਪਰ ਰਹੇਗੀ। ਇਸ ਮੌਕੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਸੂਬਾ ਸਕੱਤਰ ਗਗਨਦੀਪ ਸਿੰਘ ਚੱਢਾ, ਪਾਰਟੀ ਦੇ ਖਜ਼ਾਨਚੀ ਨੀਨਾ ਮਿੱਤਲ ਮੌਜੂਦ ਸਨ।

ਭਗਵੰਤ ਮਾਨ ਨੇ ਕਿਹਾ ਕਿ ਨਵੇਂ ਸੰਗਠਨ ਦੇ ਐਲਾਨ ਨਾਲ 2022 ਦੀਆਂ ਵਿਧਾਨ ਸਭਾ ਚੋਣਾਂ ਦਾ ਮੁੱਢ ਬੱਝ ਗਿਆ ਹੈ ਅਤੇ ਆਮ ਆਦਮੀ ਪਾਰਟੀ ਲੋਕਾਂ ਦੇ ਸਹਿਯੋਗ ਨਾਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰੇਗੀ ਅਤੇ ਭ੍ਰਿਸ਼ਟਾਚਾਰ ਲਈ ਦੋਸ਼ੀ ਅਕਾਲੀਆਂ ਤੇ ਕਾਂਗਰਸੀਆਂ ਖਿਲਾਫ ਸਖਤ ਕਾਰਵਾਈ ਕਰੇਗੀ। ਜਰਨੈਲ ਸਿੰਘ ਨੇ ਕਿਹਾ ਕਿ ਸੂਬੇ ਵਿਚ ਆਮ ਲੋਕਾਂ ਨੂੰ ਆਮ ਆਦਮੀ ਪਾਰਟੀ ਨਾਲ ਜੁੜਨ ਲਈ ਜਲਦੀ ਹੀ ਨਵੇਂ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਵੇਗਾ।

# ਈ.ਡੀ. ਵੱਲੋਂ ਰਣਇੰਦਰ ਸਿੰਘ ਕੋਲੋਂ ਛੇ ਘੰਟੇ ਪੁੱਛਗਿੱਛ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਕੋਲੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਫੇਮਾ ਕੇਸ ਸਬੰਧੀ ਛੇ ਘੰਟੇ ਪੁੱਛਗਿੱਛ ਕੀਤੀ ਗਈ। ਉਹ ਸਵੇਰੇ 11.05 ਵਜੇ ਈ.ਡੀ. ਦਫਤਰ ਅੰਦਰ ਗਏ ਤੇ ਸ਼ਾਮ 4.55 ਵਜੇ ਬਾਹਰ ਆਏ। ਇਸ ਤੋਂ ਪਹਿਲਾਂ ਵੀ ਰਣਇੰਦਰ ਸਿੰਘ ਨੂੰ ਈ.ਡੀ. ਨੇ ਦੋ ਵਾਰ ਸੰਮਨ ਕੀਤਾ ਸੀ ਪਰ ਉਦੋਂ ਉਹ ਵੱਖ-ਵੱਖ ਕਾਰਨਾਂ ਕਰ ਕੇ ਹਾਜ਼ਰ ਨਹੀਂ ਹੋਏ ਸਨ।

ਈ.ਡੀ. ਦਫਤਰ 'ਚੋਂ ਬਾਹਰ ਆ ਕੇ ਗੱਲਬਾਤ ਦੌਰਾਨ ਰਣਇੰਦਰ ਨੇ ਕਿਹਾ ਕਿ ਉਹ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਹਨ ਅਤੇ ਈ.ਡੀ. ਦਫਤਰ ਵੱਲੋਂ ਜਦੋਂ ਵੀ ਉਨ੍ਹਾਂ ਨੂੰ ਸੱਦਿਆ ਜਾਵੇਗਾ, ਉਹ ਹਾਜ਼ਰ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕੇਸ ਵਿਚ ਛੁਪਾਉਣ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਨਾਲ ਐਡਵੋਕੇਟ ਜੈਵੀਰ ਸ਼ੇਰਗਿੱਲ ਅਤੇ ਪਨਸਪ ਦੇ ਚੇਅਰਮੈਨ ਤੇਜਿੰਦਰ ਸਿੰਘ ਬਿੱਟੂ ਵੀ ਈ.ਡੀ. ਦਫਤਰ ਪਹੁੰਚੇ। ਰਣਇੰਦਰ ਸਿੰਘ ਉਤੇ ਫੇਮਾ ਕਾਨੂੰਨ ਦੀ ਉਲੰਘਣਾ ਦਾ ਮਾਮਲਾ ਚੱਲ ਰਿਹਾ ਹੈ। ਉਹ ਈ.ਡੀ. ਸਾਹਮਣੇ ਚਾਰ ਸਾਲ ਪਹਿਲਾਂ 21 ਜੁਲਾਈ 2016 ਨੂੰ ਵੀ ਪੇਸ਼ ਹੋਏ ਸਨ। ਉਦੋਂ ਉਨ੍ਹਾਂ ਕੋਲੋਂ ਸਵਿਟਜ਼ਰਲੈਂਡ ਵਿਚ ਫੰਡਾਂ ਦੇ ਲੈਣ-ਦੇਣ, ਜਕਰਾਂਦਾ ਟਰੱਸਟ ਬਣਾਉਣ, ਬ੍ਰਿਟਿਸ਼ ਵਰਜਨ ਆਈਲੈਂਡ ਅਤੇ ਕੁਝ ਕਾਰੋਬਾਰੀ ਸੰਸਥਾਵਾਂ ਵਿਚ ਮਾਲਕੀ ਤੇ ਹਿੱਸੇਦਾਰੀ ਹੋਣ ਬਾਰੇ ਪੁੱਛਗਿੱਛ ਕੀਤੀ ਗਈ ਸੀ।



ਰਣਇੰਦਰ ਸਿੰਘ ਨੂੰ 27 ਅਕਤੂਬਰ ਨੂੰ ਸੰਮਨ ਕੀਤਾ ਗਿਆ ਸੀ ਪਰ ਉਦੋਂ ਉਨ੍ਹਾਂ ਦੇ ਵਕੀਲ ਅਤੇ ਕਾਂਗਰਸ ਦੇ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਈ.ਡੀ. ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੇ ਮੁਵੱਕਿਲ ਨੇ ਓਲੰਪਿਕ ਖੇਡਾਂ 2021 ਦੇ ਸਬੰਧ ਵਿਚ ਸੰਸਦੀ ਸਥਾਈ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣਾ ਹੈ। ਉਪਰੰਤ ਈ.ਡੀ. ਵੱਲੋਂ ਰਣਇੰਦਰ ਨੂੰ 6 ਨਵੰਬਰ ਨੂੰ ਪੇਸ਼ ਹੋਣ ਲਈ ਮੁੜ ਸੰਮਨ ਜਾਰੀ ਕੀਤੇ ਗਏ ਸਨ ਪਰ ਉਨ੍ਹਾਂ ਦੇ ਵਕੀਲ ਨੇ ਇਕ ਵੀਡੀਓ ਜਾਰੀ ਕਰ ਕੇ ਕਿਹਾ ਸੀ ਕਿ ਰਣਇੰਦਰ ਸਿੰਘ ਨੂੰ ਜ਼ੁਕਾਮ ਹੈ ਅਤੇ ਉਨ੍ਹਾਂ ਦਾ ਉਦੋਂ ਕੋਵਿਡ ਟੈਸਟ ਵੀ ਕਰਵਾਇਆ ਗਿਆ ਸੀ। ਡਾਕਟਰਾਂ ਨੇ ਰਣਇੰਦਰ ਨੂੰ ਇਕਾਂਤਵਾਸ ਰਹਿਣ ਦੀ ਸਲਾਹ ਦਿੱਤੀ ਸੀ।

## ਸੀ.ਬੀ.ਆਈ. ਨੂੰ ਬਿਨਾ ਆਗਿਆ ਦਾਖਲ ਨਹੀਂ ਹੋਣ ਦੇਵਾਂਗੇ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਬਿਨਾ ਆਗਿਆ ਦਾਖਲ ਹੋਣ ਦੀ ਇਜਾਜ਼ਤ ਨਹੀਂ ਦੇਵੇਗੀ। ਪੰਜਾਬ ਸਮੇਤ ਅੱਠ ਸੂਬਿਆਂ ਵਲੋਂ ਸੀ.ਬੀ.ਆਈ. ਨੂੰ ਬਿਨਾ ਆਗਿਆ ਦਾਖਲ ਹੋਣ ਦੀ ਇਜਾਜ਼ਤ ਵਾਪਸ ਲੈਣ ਵੱਲ ਇਸ਼ਾਰਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਏਜੰਸੀ ਦੀ ਵਰਤੋਂ ਰਾਜਨੀਤਿਕ ਹਿੱਤਾਂ ਨੂੰ ਸਾਧਣ ਲਈ ਕੀਤੀ ਜਾ ਰਹੀ ਹੈ।

# ਅੰਬਾਨੀ ਤੋਂ ਅੱਗੇ ਨਿਕਲੇ ਅਡਾਨੀ

**ਨਵੀਂ ਦਿੱਲੀ:** ਅਰਬਪਤੀ ਕਾਰੋਬਾਰੀ ਤੇ ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਇਸ ਸਾਲ ਅਮੀਰ ਭਾਰਤੀਆਂ ਵਿਚੋਂ ਸਭ ਤੋਂ ਵੱਧ ਦੌਲਤ ਇਕੱਠੀ ਕਰਨ 'ਚ ਮੋਹਰੀ ਰਹੇ ਹਨ। ਇਸ ਦੌੜ ਵਿਚ ਉਨ੍ਹਾਂ ਨੇ ਏਸ਼ੀਆ ਦੇ ਸਭ ਤੋਂ ਦੌਲਤਮੰਦ ਵਿਅਕਤੀ ਅਤੇ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੂੰ ਵੀ ਪਛਾੜ ਦਿੱਤਾ। ਹਾਲਾਂਕਿ ਕੁੱਲ ਜਾਇਦਾਦ ਦੇ ਮਾਮਲੇ 'ਚ ਅੰਬਾਨੀ 10ਵੇਂ ਜਦਕਿ ਅਡਾਨੀ 40ਵੇਂ ਸਥਾਨ ਉਤੇ ਹਨ।

ਬਲੂਮਬਰਗ ਬਿਲੀਅਨੇਅਰ ਇੰਡੈਕਸ ਮੁਤਾਬਕ ਇਸ ਸਾਲ ਦੇ ਸ਼ੁਰੂਆਤੀ ਸਾਢੇ 10 ਮਹੀਨਿਆਂ 'ਚ ਗੌਤਮ ਅਡਾਨੀ ਦੀ ਜਾਇਦਾਦ 1.41 ਲੱਖ ਕਰੋੜ ਰੁਪਏ (19.1 ਅਰਬ ਡਾਲਰ) ਵਧੀ ਹੈ। ਭਾਵ ਕਿ ਅਡਾਨੀ ਨੇ ਆਪਣੀ ਦੌਲਤ ਵਿਚ ਰੋਜ਼ਾਨਾ 449 ਕਰੋੜ ਰੁਪਏ ਜੋੜੇ। ਦੂਜੇ ਪਾਸੇ ਮੁਕੇਸ਼ ਅੰਬਾਨੀ ਹੁਣ ਤੱਕ ਆਪਣੀ ਜਾਇਦਾਦ ਵਿਚ 1.21 ਲੱਖ ਕਰੋੜ ਰੁਪਏ (16.4 ਅਰਬ ਡਾਲਰ) ਹੀ ਜੋੜ ਸਕੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਜਾਇਦਾਦ 'ਚ ਰੋਜ਼ਾਨਾ 385 ਕਰੋੜ ਰੁਪਏ ਦਾ ਵਾਧਾ ਕੀਤਾ।

ਬਲੂਮਬਰਗ ਬਿਲੀਅਨੇਅਰ ਇੰਡੈਕਸ ਦੇ ਹਿਸਾਬ ਨਾਲ ਗੌਤਮ ਅਡਾਨੀ ਦੌਲਤ ਜੋੜਨ ਦੇ ਮਾਮਲੇ 'ਚ ਦੁਨੀਆਂ ਵਿਚ 9ਵੇਂ ਸਥਾਨ ਉਤੇ ਹਨ। ਇਹੀ ਨਹੀਂ ਇਸ ਮਾਮਲੇ 'ਚ ਉਹ ਦੁਨੀਆਂ ਦੇ ਦੂਜੇ (ਬਿਲ ਗੇਟਸ), ਸਤਵੇਂ (ਲੈਰੀ ਪੇਜ) ਅਤੇ ਨੌਵੇਂ (ਸਟੀਵ ਬਾਲਮਰ) ਨੰਬਰ ਦੇ ਅਰਬਪਤੀਆਂ ਨੂੰ ਵੀ ਪਿੱਛੇ ਛੱਡ ਗਏ।

ਫਿਲਹਾਲ ਗੌਤਮ ਅਡਾਨੀ ਦੀ ਕੁੱਲ ਜਾਇਦਾਦ 2.25 ਲੱਖ ਕਰੋੜ ਰੁਪਏ (30.4 ਅਰਬ ਡਾਲਰ) ਹੈ। ਉਹ ਇਸ ਸੂਚੀ ਵਿਚ 40ਵੇਂ ਸਥਾਨ ਉਤੇ ਹਨ। ਦੂਜੇ ਪਾਸੇ ਮੁਕੇਸ਼ ਅੰਬਾਨੀ ਦੀ ਜਾਇਦਾਦ 1.21 ਲੱਖ ਕਰੋੜ ਰੁਪਏ ਦੇ ਵਾਧੇ ਮਗਰੋਂ 5.55 ਲੱਖ ਕਰੋੜ ਰੁਪਏ (75 ਅਰਬ ਡਾਲਰ) ਹੋ ਗਈ ਹੈ। ਸੂਚੀ ਮੁਤਾਬਕ ਉਹ ਦੁਨੀਆਂ ਦੇ 10ਵੇਂ ਸਭ ਤੋਂ ਅਮੀਰ ਵਿਅਕਤੀ ਹਨ। ਇਸ ਸਾਲ ਸਭ ਤੋਂ ਵੱਧ ਜਾਇਦਾਦ ਟੈਸਲਾ ਕੰਪਨੀ ਦੇ ਐਲਨ ਮਸਕ ਨੇ ਜੋੜੀ ਹੈ। ਇਸ ਦੇ ਚੱਲਦਿਆਂ ਮਸਕ ਦੀ ਜਾਇਦਾਦ 7.03 ਲੱਖ ਕਰੋੜ (95 ਅਰਬ ਡਾਲਰ) ਵਧ ਕੇ 9.10 ਲੱਖ ਕਰੋੜ (123 ਅਰਬ ਡਾਲਰ) ਹੋ ਗਈ ਹੈ। ਸੂਚੀ ਵਿਚ ਐਮਾਜ਼ੋਨ ਦੇ ਜੈਫ ਬੇਜੋਸ 13.61 ਲੱਖ ਕਰੋੜ (184 ਅਰਬ ਡਾਲਰ) ਦੀ ਜਾਇਦਾਦ ਨਾਲ ਪਹਿਲੇ ਸਥਾਨ ਉਤੇ ਹਨ।

## ਸਵੱਛਤਾ 'ਚ ਫਤਿਹਗੜ੍ਹ ਸਾਹਿਬ ਦੀ ਝੰਡੀ

**ਫਤਿਹਗੜ੍ਹ ਸਾਹਿਬ:** ਕੇਂਦਰ ਸਰਕਾਰ ਵੱਲੋਂ ਸਵੱਛ ਭਾਰਤ ਅਭਿਆਨ (ਗ੍ਰਾਮੀਣ) ਦੇ ਦੂਜੇ ਪੜਾਅ ਅਧੀਨ ਵਿਸ਼ਵ ਸੌਚਾਲਿਆ ਦਿਵਸ ਮੌਕੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਨੂੰ ਵਧੀਆ ਕਾਰਗੁਜ਼ਾਰੀ ਲਈ 20 ਜ਼ਿਲ੍ਹਿਆਂ ਵਿਚ ਚੁਣਿਆ ਗਿਆ ਹੈ।

ਇਹ ਐਵਾਰਡ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਨਵੀਂ ਦਿੱਲੀ ਤੋਂ ਵਰਚੁਅਲ ਢੰਗ ਨਾਲ ਡਿਪਟੀ ਕਮਿਸ਼ਨਰ ਅੰਮ੍ਰਿਤ ਕੌਰ ਗਿੱਲ ਨੂੰ ਪ੍ਰਦਾਨ ਕੀਤਾ। ਸ੍ਰੀਮਤੀ ਗਿੱਲ ਨੇ ਦੱਸਿਆ ਕਿ ਇਸ ਕੰਮ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੇ ਸਹਿਯੋਗ ਸਦਕਾ ਜ਼ਿਲ੍ਹੇ ਨੂੰ ਇਹ ਮਾਣ ਹਾਸਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦੂਜੇ ਪੜਾਅ ਅਧੀਨ ਜਿਹੜੇ ਘਰਾਂ ਵਿਚ ਪਖਾਨੇ ਬਣਨ ਤੋਂ ਰਹਿ ਗਏ ਸਨ, ਉਨ੍ਹਾਂ 8446 ਘਰਾਂ ਵਿਚ 15000 ਰੁਪਏ ਪ੍ਰਤੀ ਪਖਾਨੇ ਦੇ ਹਿਸਾਬ ਨਾਲ 12 ਕਰੋੜ 66 ਲੱਖ 90 ਹਜ਼ਾਰ ਦੀ ਲਾਗਤ ਨਾਲ ਪਖਾਨੇ ਬਣਾਏ ਜਿਸ 'ਚ ਪਿੰਡਾਂ ਦੇ ਲੋਕਾਂ ਅਤੇ ਪੰਚਾਇਤਾਂ ਨੇ ਵੀ ਪ੍ਰਸ਼ਾਸਨ ਨੂੰ ਸਹਿਯੋਗ ਦਿੱਤਾ।

# ਹਾਈ ਕੋਰਟ ਵੱਲੋਂ ਚਚੇਰੇ ਮਮੇਰੇ ਭੈਣ-ਭਰਾਵਾਂ ਦਾ ਵਿਆਹ ਗੈਰਕਾਨੂੰਨੀ ਕਰਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ 'ਫਸਟ ਕਜ਼ਨ' (ਸਕੇ ਚਾਚੇ-ਤਾਏ, ਮਾਮੇ-ਭੂਆ ਤੇ ਮਾਸੀ ਦੇ ਬੱਚੇ) ਆਪਸ ਵਿਚ ਵਿਆਹ ਨਹੀਂ ਕਰਾ ਸਕਦੇ। ਅਦਾਲਤ ਮੁਤਾਬਕ ਇਹ ਗੈਰਕਾਨੂੰਨੀ ਹੈ। ਹਾਈ ਕੋਰਟ ਨੇ ਇਹ ਫੈਸਲਾ ਲੁਧਿਆਣਾ ਦੇ ਖੰਨਾ ਥਾਣੇ ਵਿਚ ਆਈ.ਪੀ.ਸੀ. ਦੀ ਧਾਰਾ 363 (ਅਗਵਾ), 366ਏ (ਨਾਬਾਲਗ ਲੜਕੀ ਉਤੇ ਅਤਿਆਚਾਰ) ਤਹਿਤ ਦਰਜ ਮਾਮਲੇ ਵਿਚ ਅਗਾਊਂ ਜ਼ਮਾਨਤ ਲਈ 21 ਸਾਲ ਦੇ ਨੌਜਵਾਨ ਵੱਲੋਂ ਦਾਇਰ ਅਰਜ਼ੀ ਉਤੇ ਸੁਣਾਇਆ ਹੈ।

ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਉਸ ਨੇ (ਪਟੀਸ਼ਨਕਰਤਾ) ਇਕ ਅਪਰਾਧਕ ਰਿੱਟ ਪਟੀਸ਼ਨ ਵੀ ਦਾਇਰ ਕੀਤੀ ਸੀ, ਜਿਸ ਵਿਚ ਲੜਕੀ ਦੇ ਨਾਲ-ਨਾਲ ਪਟੀਸ਼ਨਕਰਤਾ ਦੀ ਜ਼ਿੰਦਗੀ ਤੇ ਆਜ਼ਾਦੀ ਨੂੰ ਸੁਰੱਖਿਆ ਦੇਣ ਦੀ ਬੇਨਤੀ ਕੀਤੀ ਗਈ ਸੀ। ਹਾਲਾਂਕਿ ਸਰਕਾਰੀ ਵਕੀਲ ਵੱਲੋਂ ਤਰਕ ਦਿੱਤਾ ਗਿਆ ਸੀ ਕਿ ਦੋਵੇਂ ਚਚੇਰੇ ਭਰਾ-ਭੈਣ ਹਨ ਤੇ ਉਨ੍ਹਾਂ ਦੇ ਪਿਤਾ ਸਕੇ ਭਰਾ ਹਨ। ਹਾਈ ਕੋਰਟ ਨੇ ਇਹ ਵੀ ਫੈਸਲਾ ਦਿੱਤਾ ਕਿ 'ਫਸਟ ਕਜ਼ਨ' (ਲੜਕੀ) ਨਾਲ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿ ਰਹੇ ਨੌਜਵਾਨ ਦਾ ਉਸ ਨਾਲ ਵਿਆਹ ਕਰਵਾਉਣ ਦਾ ਦਾਅਵਾ ਵੀ ਗੈਰਕਾਨੂੰਨੀ ਹੈ। ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਵਰਤਮਾਨ ਪਟੀਸ਼ਨ ਉਤੇ ਵਕੀਲਾਂ ਦਾ ਪੱਖ ਸੁਣਨ ਤੋਂ ਬਾਅਦ ਕਿਹਾ ਕਿ ਇਸ ਪਟੀਸ਼ਨ ਵਿਚ ਪਟੀਸ਼ਨਕਰਤਾ ਨੇ ਇਸ ਗੱਲ ਦਾ ਖੁਲਾਸਾ ਨਹੀਂ ਕੀਤਾ ਹੈ ਕਿ ਉਹ ਦੋਵੇਂ ਚਚੇਰੇ ਭੈਣ-ਭਰਾ ਹਨ। ਪਟੀਸ਼ਨ ਉਤੇ ਸੁਣਵਾਈ ਕਰਦਿਆਂ ਜੱਜ ਨੇ ਕਿਹਾ ਕਿ 'ਵਰਤਮਾਨ ਪਟੀਸ਼ਨ 'ਚ ਇਹ ਕਹਿੰਦੇ ਹੋਏ ਕਿ ਜਦ ਉਹ (ਲੜਕੀ) 18 ਸਾਲ ਦੀ ਹੋ ਜਾਵੇਗੀ, ਤਾਂ ਉਹ ਵਿਆਹ ਕਰਨਗੇ, ਇਹ ਵੀ ਗੈਰਕਾਨੂੰਨੀ ਹੈ।' ਪਟੀਸ਼ਨ ਦਾ ਵਿਰੋਧ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਲੜਕੀ ਨਾਬਾਲਗ ਹੈ।

ਉਸ ਦੇ ਮਾਤਾ-ਪਿਤਾ ਨੇ ਐਫ.ਆਈ.ਆਰ. ਦਰਜ ਕਰਵਾਈ ਹੋਈ ਹੈ ਕਿਉਂਕਿ ਲੜਕੀ ਤੇ ਨੌਜਵਾਨ ਦੇ ਪਿਤਾ ਦੋਵੇਂ ਸਕੇ ਭਰਾ ਹਨ। ਵਕੀਲ ਨੇ ਤਰਕ ਦਿੱਤਾ ਕਿ ਪਟੀਸ਼ਨਕਰਤਾ ਨੇ ਪਟੀਸ਼ਨ ਵਿਚ ਕਈ ਤੱਥ ਲੁਕਾਏ ਹਨ ਜੋ ਕਿ ਹਿੰਦੂ ਮੈਰਿਜ ਐਕਟ ਦੀ ਉਲੰਘਣਾ ਹਨ। ਕਾਨੂੰਨ ਤਹਿਤ ਉਹ ਪਾਬੰਦੀਸ਼ੁਦਾ 'ਸਪਿੰਦਾ' ਵਿਚ ਆਉਂਦੇ ਹਨ ਜਿਸ ਤਹਿਤ ਉਹ ਦੋ ਜਣੇ ਵਿਆਹ ਨਹੀਂ ਕਰਵਾ ਸਕਦੇ ਜਿਨ੍ਹਾਂ ਦੇ ਵੱਡੇ-ਵਡੇਰੇ ਇਕੋ ਹੋਣ। ਸੁਣਵਾਈ ਦੌਰਾਨ ਅਪਰਾਧਕ ਰਿੱਟ ਪਟੀਸ਼ਨ ਦੀ ਫਾਈਲ ਵੀ ਅਦਾਲਤ ਵਿਚ ਤਲਬ ਕੀਤੀ ਗਈ। ਧਿਰਾਂ ਦੇ ਆਪਣੇ ਬਿਆਨ ਮੁਤਾਬਕ ਲੜਕੀ ਦੀ ਉਮਰ 17 ਸਾਲ ਦੱਸੀ ਗਈ ਸੀ ਤੇ ਪਟੀਸ਼ਨਕਰਤਾ ਨੇ ਇਹ ਕਹਿੰਦਿਆਂ ਪਟੀਸ਼ਨ ਦਾਇਰ ਕੀਤੀ ਸੀ ਕਿ ਉਹ ਦੋਵੇਂ 'ਲਿਵ-ਇਨ' ਵਿਚ ਰਹਿ ਰਹੇ ਹਨ। ਇਸ ਤੋਂ ਪਹਿਲਾਂ ਲੜਕੀ ਦਾ ਉਹ ਤਰਕ ਵੀ ਰੱਦ ਕਰ ਦਿੱਤਾ ਗਿਆ ਸੀ ਕਿ ਉਸ ਦੇ ਮਾਤਾ-ਪਿਤਾ ਆਪਣੇ ਦੋਵੇਂ ਪੁੱਤਰਾਂ ਨਾਲ ਜ਼ਿਆਦਾ ਪਿਆਰ ਕਰਦੇ ਹਨ ਤੇ ਉਸ ਨੂੰ ਅਣਦੇਖਾ ਕੀਤਾ ਗਿਆ ਹੈ। ਇਸ ਲਈ ਉਸ ਨੇ ਆਪਣੇ ਦੋਸਤ ਨਾਲ ਰਹਿਣ ਦਾ ਫੈਸਲਾ ਕੀਤਾ ਹੈ ਤੇ ਉਸ ਦੇ ਮਾਤਾ-ਪਿਤਾ ਇਸ ਫੈਸਲੇ ਲਈ ਉਸ ਨੂੰ ਪਰੇਸ਼ਾਨ ਕਰ ਸਕਦੇ ਹਨ। ਇਹ ਪਟੀਸ਼ਨ ਸੱਤ ਸਤੰਬਰ ਨੂੰ ਖਾਰਜ ਕਰ ਦਿੱਤੀ ਗਈ ਸੀ। ਸੂਬਾ ਸਰਕਾਰ ਨੂੰ ਨੌਜਵਾਨ ਤੇ ਲੜਕੀ ਨੂੰ ਸੁਰੱਖਿਆ ਪ੍ਰਦਾਨ ਕਰਨ ਬਾਰੇ ਵੀ ਹਦਾਇਤਾਂ ਦਿੱਤੀਆਂ ਗਈਆਂ ਸਨ। ਪਟੀਸ਼ਨਕਰਤਾ ਦੇ ਵਕੀਲ ਨੇ ਅਦਾਲਤ ਤੋਂ ਸਮਾਂ ਮੰਗਿਆ ਹੈ ਤੇ ਸੁਣਵਾਈ ਅਗਲੇ ਸਾਲ ਜਨਵਰੀ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

# ਕਰੋਨਾ ਵੈਕਸੀਨ ਬਾਰੇ ਦਾਅਵਿਆਂ ਨੇ ਜਗਾਈ ਆਸ ਦੀ ਕਿਰਨ

**ਨਵੀਂ ਦਿੱਲੀ:** ਦੁਨੀਆਂ ਭਰ ਵਿਚ ਤਬਾਹੀ ਮਚਾਉਣ ਵਾਲੀ ਕਰੋਨਾ ਮਹਾਮਾਰੀ ਤੋਂ ਰਾਹਤ ਮਿਲਣ ਦੀ ਆਸ ਬੱਝਣ ਲੱਗੀ ਹੈ। ਇਸ ਮਹਾਮਾਰੀ ਦੇ ਟਾਕਰੇ ਲਈ ਬਹੁਤੀਆਂ ਕੰਪਨੀਆਂ ਪ੍ਰਭਾਵਸ਼ਾਲੀ ਟੀਕੇ ਤਿਆਰ ਕਰਨ ਦੇ ਨਜ਼ਦੀਕ ਪੁੱਜ ਗਈਆਂ ਹਨ। ਬਰਤਾਨੀਆ ਦਾ ਆਕਸਫੋਰਡ ਐਸਟਰਾਜੈਨਿਕਾ ਟੀਕਾ ਵੀ ਵੱਡੀ ਹੱਦ ਤੱਕ ਸਫਲ ਹੋ ਚੁੱਕਾ ਹੈ। ਭਾਰਤ ਵਲੋਂ ਇਸ ਦੀਆਂ ਵੀ 150 ਕਰੋੜ ਖੁਰਾਕਾਂ ਦਾ ਆਰਡਰ ਦਿੱਤਾ ਜਾ ਚੁੱਕਾ ਹੈ।

ਇਸ ਟੀਕੇ ਦੇ ਵੰਡਣ ਦੀ ਪ੍ਰਕਿਰਿਆ ਇਸੇ ਸਾਲ ਅਖੀਰ ਵਿਚ ਸ਼ੁਰੂ ਹੋ ਸਕਦੀ ਹੈ। ਹੁਣ ਹੋਰ ਵੀ ਵੱਡੀ ਖੁਸ਼ੀ ਦੀ ਗੱਲ ਇਹ ਆਈ ਹੈ ਕਿ ਅਮਰੀਕਾ ਦੀਆਂ ਦੋ ਕੰਪਨੀਆਂ ਫਾਈਜ਼ਰ ਅਤੇ ਮਾਡਰਨਾ ਨੇ ਇਹ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਪ੍ਰਭਾਵਸ਼ਾਲੀ ਟੀਕਾ ਤਿਆਰ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ। ਫਾਈਜ਼ਰ ਵੈਕਸੀਨ 95 ਫੀਸਦੀ ਕਾਰਗਰ ਸਾਬਤ ਹੋਣ ਦਾ ਦਾਅਵਾ ਕੀਤਾ ਗਿਆ ਹੈ ਜਦੋਂ ਕਿ ਮਾਡਰਨਾ ਨੇ ਆਪਣੀ ਸਫਲਤਾ 94.5 ਫੀਸਦੀ ਐਲਾਨੀ ਹੈ।

ਇਨ੍ਹਾਂ ਸਬੰਧੀ ਵੱਡੀ ਪੱਧਰ ਉਤੇ ਕਰਾਰ ਕੀਤੇ ਜਾਣ ਦੀਆਂ ਖਬਰਾਂ ਮਿਲ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਰੂਸ ਵਿਚ ਈਜਾਦ ਕੀਤੇ ਗਏ ਸਪੂਤਨਿਕ ਟੀਕੇ ਨੂੰ ਮਾਰਕੀਟ ਵਿਚ ਉਤਾਰਿਆ ਗਿਆ ਸੀ। ਇਸ ਦੇ ਵੱਡੀ ਹੱਦ ਤੱਕ ਪ੍ਰਭਾਵਸ਼ਾਲੀ ਹੋਣ ਦਾ ਦਾਅਵਾ ਵੀ ਕੀਤਾ ਗਿਆ ਸੀ। ਇਸ ਦੇ ਆਧਾਰ ਉਤੇ ਹੀ ਹੁਣ ਤੱਕ ਰੂਸ ਵਿਚ ਲੱਖਾਂ ਵਿਅਕਤੀਆਂ ਨੂੰ ਇਹ ਟੀਕੇ ਲਗਾਏ ਜਾ ਚੁੱਕੇ ਹਨ। ਇਸ ਦੀ ਕੁਸ਼ਲਤਾ ਨੂੰ ਦੇਖਦੇ ਹੋਏ ਭਾਰਤ ਨੇ ਵੀ ਕਰੋੜਾਂ ਖੁਰਾਕਾਂ ਦਾ ਆਰਡਰ ਦਿੱਤਾ ਹੈ।

ਕੰਪਨੀਆਂ ਵਲੋਂ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਟੀਕੇ ਹਰ ਉਮਰ ਤੇ ਹਰ ਨਸਲ ਦੇ ਲੋਕਾਂ ਲਈ ਪ੍ਰਭਾਵਸ਼ਾਲੀ ਸਿੱਧ ਹੋਏ ਹਨ। ਇਨ੍ਹਾਂ ਦਾ ਕੋਈ ਉਲਟ ਪ੍ਰਭਾਵ ਸਾਹਮਣੇ ਨਹੀਂ ਆਇਆ, ਜਿਸ ਕਰਕੇ ਇਹ ਹਰ ਦੇਸ਼ ਵਿਚ ਵਰਤੋਂ ਲਈ ਭੇਜੇ ਜਾ ਸਕਦੇ ਹਨ। ਇਨ੍ਹਾਂ ਕੰਪਨੀਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਉਤੇ ਇਹ ਪ੍ਰਭਾਵਸ਼ਾਲੀ ਸਿੱਧ ਹੋਏ ਹਨ। ਹੁਣ ਇਸ ਮੁਸ਼ਕਲ ਦਾ ਹੱਲ ਕੱਢਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਇਨ੍ਹਾਂ ਟੀਕਿਆਂ ਨੂੰ ਬਹੁਤ ਹੀ ਠੰਢੇ ਤਾਪਮਾਨ ਵਿਚ ਕਿਵੇਂ ਰੱਖਿਆ ਜਾਣਾ ਹੈ। ਇਸ ਕਾਰਨ ਇਨ੍ਹਾਂ ਦੇ ਭੰਡਾਰਨ ਵਿਚ ਮੁਸ਼ਕਲਾਂ ਦਰਪੇਸ਼ ਹਨ ਪਰ ਇਸ ਦੇ ਮੁਕਾਬਲੇ ਵਿਚ ਨੋਵਲਾ ਵੈਕਸ, ਆਕਸਫੋਰਡ ਐਸਟਰਾਜੈਨਿਕਾ ਤੇ ਸਪੂਤਨਿਕ ਵੈਕਸੀਨਾਂ ਦੇ ਘੱਟ ਠੰਢੇ ਤਾਪਮਾਨ ਵਿਚ ਵੀ ਪ੍ਰਭਾਵਸ਼ਾਲੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਦੀ ਵੱਡੀ ਪੱਧਰ ਉਤੇ ਉਪਲਬਧਤਾ ਦੇ ਨਾਲ-ਨਾਲ ਕੀਮਤ, ਭੰਡਾਰਨ ਅਤੇ ਇਨ੍ਹਾਂ ਦੀ ਵੰਡ ਵੀ ਇਕ ਵੱਡਾ ਚੁਣੌਤੀਪੂਰਨ ਕੰਮ ਹੋਵੇਗਾ। ਪਰ ਇਸ ਗੱਲ ਦੀ ਕਾਫ਼ੀ ਸੰਭਾਵਨਾ ਹੈ ਕਿ ਆਉਂਦੇ ਸੀਮਤ ਸਮੇਂ ਵਿਚ ਕਰੋਨਾ ਵਾਇਰਸ ਦਾ ਪ੍ਰਭਾਵੀ ਟੀਕਾਕਰਨ ਸ਼ੁਰੂ ਹੋ ਜਾਏਗਾ ਜੋ ਦੁਨੀਆ ਭਰ ਲਈ ਇਕ ਵੱਡੀ ਰਾਹਤ ਹੋ ਸਕਦੀ ਹੈ।



## ਵੈਕਸੀਨ ਦੀ ਮਿਲੀ ਸਫਲਤਾ 'ਆਸ ਦੀ ਕਿਰਨ': ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਨੇ ਕੋਵਿਡ-19 ਵੈਕਸੀਨ ਵਿਕਸਤ ਕਰਨ ਵਿਚ ਮਿਲੀ ਹਾਲੀਆ ਸਫਲਤਾਵਾਂ ਨੂੰ 'ਆਸ ਦੀ ਕਿਰਨ' ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਹਰੇਕ ਤੱਕ ਪੁੱਜਣਾ ਜ਼ਰੂਰੀ ਹੈ। ਉਨ੍ਹਾਂ ਜੀ-20 ਮੁਲਕਾਂ ਨੂੰ ਸੱਦਾ ਦਿੱਤਾ ਕਿ ਉਹ ਕਰੋਨਾ ਵਾਇਰਸ ਦੇ ਉਪਚਾਰ ਤੇ ਵੈਕਸੀਨ ਵਿਕਸਤ ਕਰਨ ਦੇ ਅਮਲ ਨੂੰ ਰਫਤਾਰ ਦੇਣ ਲਈ ਮਿਲ ਕੇ ਕੰਮ ਕਰਨ।

## ਕ੍ਰਿਸਮਸ ਤੋਂ ਪਹਿਲਾਂ ਆ ਸਕਦੀ ਹੈ ਫਾਇਜ਼ਰ ਵਾਲੀ ਵੈਕਸੀਨ

**ਵਾਸ਼ਿੰਗਟਨ:** ਜੇਕਰ ਸਭ ਕੁਝ ਠੀਕ ਰਿਹਾ ਤਾਂ ਫਾਇਜ਼ਰ ਤੇ ਬਾਇਓਐਨਟੈੱਕ ਵੱਲੋਂ ਵਿਕਸਤ ਕਰੋਨਾ ਵੈਕਸੀਨ ਦੀ ਡਲਿਵਰੀ ਕ੍ਰਿਸਮਸ ਤੋਂ ਪਹਿਲਾਂ ਸ਼ੁਰੂ ਹੋ ਸਕਦੀ ਹੈ। ਫਾਇਜ਼ਰ ਵੱਲੋਂ ਤਿਆਰ ਵੈਕਸੀਨ ਟਰਾਇਲ ਦੇ ਤੀਜੇ ਤੇ ਆਖਰੀ ਗੇੜ ਮਗਰੋਂ ਕਰੋਨਾ ਮਰੀਜ਼ਾਂ ਉਤੇ 95 ਫੀਸਦ ਅਸਰਦਾਰ ਦੱਸੀ ਗਈ ਹੈ ਤੇ ਇਸ ਦੇ ਕੋਈ ਗੰਭੀਰ ਵਿਗਾੜ ਵੀ ਨਜ਼ਰ ਨਹੀਂ ਆਏ। ਫਾਇਜ਼ਰ ਤੇ ਬਾਇਓਐਨਟੈਕ ਨੂੰ ਅਗਲੇ ਮਹੀਨੇ ਅਮਰੀਕਾ ਤੇ ਯੂਰਪ ਤੋਂ ਵੈਕਸੀਨ ਦੇ ਹੰਗਾਮੀ ਹਾਲਾਤ 'ਚ ਵਰਤੋਂ ਸਬੰਧੀ ਪ੍ਰਵਾਨਗੀ ਮਿਲ ਸਕਦੀ ਹੈ।

## ਸਿਹਤ ਕਾਮਿਆਂ ਤੇ ਬਜ਼ੁਰਗਾਂ ਨੂੰ ਵੈਕਸੀਨ ਪਹਿਲਾਂ ਮਿਲੇਗੀ

**ਨਵੀਂ ਦਿੱਲੀ:** ਕੋਵਿਡ- 19 ਵੈਕਸੀਨ ਦੇ ਅਗਲੇ ਤਿੰਨ-ਚਾਰ ਮਹੀਨਿਆਂ 'ਚ ਤਿਆਰ ਹੋ ਜਾਣ ਸਬੰਧੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਕਿਹਾ ਕਿ ਸਰਕਾਰ ਨੇ ਸਿਹਤ ਕਾਮਿਆਂ ਅਤੇ 65 ਸਾਲਾਂ ਤੋਂ ਉਪਰ ਦੇ ਲੋਕਾਂ ਨੂੰ ਪ੍ਰਮੁੱਖਤਾ ਨਾਲ ਇਹ ਵੈਕਸੀਨ ਦੇਣ ਸਬੰਧੀ ਇਕ ਵਿਸ਼ੇਸ਼ ਯੋਜਨਾ ਬਣਾਈ ਹੈ। 'ਫਿੱਕੀ' ਦੇ ਐਫ.ਐਲ.ਓ. ਦੇ ਕੌਮੀ ਵੈਬਿਨਾਰ ਮੌਕੇ ਉਨ੍ਹਾਂ ਕਿਹਾ ਕਿ ਜੁਲਾਈ-ਅਗਸਤ ਤੱਕ 250-300 ਮਿਲੀਅਨ ਲੋਕਾਂ ਲਈ 400-500 ਮਿਲੀਅਨ ਵੈਕਸੀਨ ਦੀਆਂ ਖੁਰਾਕਾਂ ਉਪਲਬਧ ਹੋ ਜਾਣਗੀਆਂ। ਉਨ੍ਹਾਂ ਕਿਹਾ,'ਇਹ ਸੁਭਾਵਿਕ ਹੈ ਕਿ ਵੈਕਸੀਨ ਦੀ ਵੰਡ ਪ੍ਰਣਾਲੀ ਨੂੰ ਪ੍ਰਮੁੱਖਤਾ ਦੇ ਆਧਾਰ ਉਤੇ ਤਿਆਰ ਕਰਨਾ ਪਵੇਗਾ।'

## ਆਯੁਰਵੈਦਾਂ ਨੂੰ ਸਰਜਰੀ ਦੀ ਸਿਖਲਾਈ ਮਿਲੇਗੀ

**ਨਵੀਂ ਦਿੱਲੀ:** ਸਰਕਾਰ ਨੇ ਪੋਸਟ ਗ੍ਰੈਜੂਏਟ ਆਯੁਰਵੈਦ ਡਾਕਟਰਾਂ ਨੂੰ ਟਿਊਮਰ, ਨੱਕ ਤੇ ਅੱਖਾਂ ਨਾਲ ਜੁੜੇ ਸਰਜੀਕਲ ਅਪਰੇਸ਼ਨਾਂ ਲਈ ਸਿਖਲਾਈ ਦੇਣ ਦੀ ਖੁੱਲ੍ਹ ਦੇ ਦਿੱਤੀ ਹੈ। ਆਯੂਸ਼ ਮੰਤਰਾਲੇ ਅਧੀਨ ਆਉਂਦੀ ਭਾਰਤੀ ਮੈਡੀਸਨ ਬਾਰੇ ਕੇਂਦਰੀ ਕੌਂਸਲ (ਸੀ.ਸੀ.ਆਈ.ਐਮ.) ਨੇ 20 ਨਵੰਬਰ ਨੂੰ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿਚ 39 ਜਨਰਲ ਸਰਜਰੀਆਂ ਨੂੰ ਸੂਚੀਬੰਦ ਕੀਤਾ ਗਿਆ ਸੀ। ਉਧਰ, ਮਾਡਰਨ ਮੈਡੀਸਨ ਡਾਕਟਰਾਂ ਦੀ ਸਿਖਰਲੀ ਜਥੇਬੰਦੀ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਸਰਕਾਰ ਦੀ ਇਸ ਪੇਸ਼ਕਦਮੀ ਦਾ ਵਿਰੋਧ ਕਰਦਿਆਂ ਇਸ ਨੂੰ ਉਲਟ ਦਿਸ਼ਾ 'ਚ ਚੁੱਕਿਆ ਕਦਮ ਕਰਾਰ ਦਿੱਤਾ ਹੈ। ਆਈ.ਐਮ.ਏ. ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਪੂਰਾ ਪ੍ਰਬੰਧ ਰਲਗੱਡ ਹੋ ਜਾਵੇਗਾ। ਆਈ.ਐਮ.ਏ. ਨੇ ਇਹ ਹੁਕਮ ਵਾਪਸ ਲੈਣ ਦੀ ਮੰਗ ਕਰਦਿਆਂ ਆਯੂਸ਼ ਮੰਤਰਾਲੇ ਅਧੀਨ ਆਉਂਦੀ ਸੰਵਿਧਾਨਕ ਸੰਸਥਾ ਭਾਰਤੀ ਦਵਾਈਆਂ ਦੀ ਕੇਂਦਰੀ ਕੌਂਸਲ (ਸੀ.ਸੀ.ਆਈ.ਐਮ.) ਨੂੰ ਅਪੀਲ ਕੀਤੀ ਕਿ ਉਹ ਪੁਰਾਣੀ ਪ੍ਰਣਾਲੀ ਵਿਚੋਂ ਸਰਜਰੀ ਦੀ ਆਪਣੀ ਕੋਈ ਤਕਨੀਕ ਵਿਕਸਤ ਕਰਨ ਅਤੇ ਆਧੁਨਿਕ ਮੈਡੀਸਨ ਦੀਆਂ ਸਰਜਰੀ ਤਕਨੀਕਾਂ ਉਤੇ ਆਪਣਾ ਦਾਅਵਾ ਨਾ ਕਰਨ।

# ਕਰੋਨਾ ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਪੰਜਾਬ ਤਿਆਰ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਦੂਸਰੀ ਲਹਿਰ ਤੋਂ ਚੌਕਸ ਰਹਿਣ ਦੀ ਅਪੀਲ ਵੀ ਕੀਤੀ।

ਮੁੱਖ ਮੰਤਰੀ ਨੇ ਕੋਵਿਡ ਕੇਸਾਂ ਦੇ ਵਾਧੇ ਨੂੰ ਦੇਖਦੇ ਹੋਏ ਦਿੱਲੀ ਨੂੰ ਹਰ ਸੰਭਵ ਮਦਦ ਦੇਣ ਦੀ ਪੇਸ਼ਕਸ਼ ਕਰਦਿਆਂ ਕਿਹਾ ਕਿ ਜਦੋਂ ਵੀ ਦਿੱਲੀ ਨੂੰ ਲੋੜ ਪਵੇਗੀ, ਉਹ ਹਾਜ਼ਰ ਹੋਣਗੇ। ਮੁੱਖ ਮੰਤਰੀ ਨੇ ਸੂਬੇ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਮਰੀਜ਼ਾਂ ਦੇ ਘਰਾਂ ਤੱਕ ਸਿਹਤ ਸੇਵਾਵਾਂ ਪਹੁੰਚਾਉਣ ਲਈ 107 ਤੰਦਰੁਸਤ ਪੰਜਾਬ ਸਿਹਤ ਕੇਂਦਰਾਂ ਦਾ ਡਿਜੀਟਲੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਸਿਹਤ ਸਹੂਲਤਾਂ ਵੱਲ ਧਿਆਨ ਕੇਂਦਰਿਤ ਕਰ ਰਹੀ ਹੈ।



ਉਨ੍ਹਾਂ ਲੋਕਾਂ ਨੂੰ ਭੀੜ ਭੜੱਕੇ ਵਾਲੀਆਂ ਥਾਵਾਂ ਉਤੇ ਨਾ ਜਾਣ, ਘਰਾਂ ਅੰਦਰ ਰਹਿਣ, ਵੱਡੇ ਇਕੱਠ ਤੇ ਸਮਾਜਿਕ ਸਮਾਗਮ ਨਾ ਕਰਨ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਨੇ ਸਿਹਤ ਵਿਭਾਗ ਅਤੇ ਓ.ਟੀ.ਐਸ. ਮੁਲਾਜ਼ਮਾਂ ਉਤੇ ਪੂਰਾ ਵਿਸ਼ਵਾਸ ਜਤਾਇਆ ਕਿ ਉਹ ਇਸ ਵੰਗਾਰ ਖਿਲਾਫ ਮੁੜ ਪੂਰੀ ਇਕਜੁੱਟਤਾ ਨਾਲ ਖੜ੍ਹਨਗੇ। ਅਮਰਿੰਦਰ ਨੇ ਕੋਵਿਡ ਮਹਾਮਾਰੀ ਦੀ ਰੋਕਥਾਮ ਲਈ ਕੀਤੇ ਮਿਸਾਲੀ ਕੰਮ ਬਦਲੇ ਕੋਵਿਡ ਯੋਧਿਆਂ ਦੀ ਪਿੱਠ ਥਾਪੜੀ। ਉਨ੍ਹਾਂ ਆਉਂਦੇ ਕੁਝ ਮਹੀਨਿਆਂ ਲਈ, ਜਦੋਂ ਤੱਕ ਕੋਵਿਡ ਦੀ ਦਵਾਈ ਨਹੀਂ ਆ ਜਾਂਦੀ, 'ਮਾਸਕ ਹੀ ਦਵਾਈ ਹੈ' ਨੂੰ ਮਿਸ਼ਨ ਫਤਹਿ ਦੇ ਸੰਕਲਪ ਵਜੋਂ ਐਲਾਨਿਆ।

## ਕਰੋਨਾ ਪ੍ਰਬੰਧਨ ਲਈ ਕੇਂਦਰੀ ਟੀਮ ਪੰਜਾਬ ਪੁੱਜੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਕਰੋਨਾ ਵਾਇਰਸ ਦੀ ਸੰਭਾਵੀ ਦੂਜੀ ਲਹਿਰ ਤੋਂ ਪਹਿਲਾਂ ਪੰਜਾਬ 'ਚ ਉਚ ਪੱਧਰੀ ਟੀਮ ਭੇਜ ਦਿੱਤੀ ਹੈ। ਪੰਜਾਬ ਤੋਂ ਇਲਾਵਾ ਇਹ ਟੀਮਾਂ ਹਿਮਾਚਲ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਿਚ ਵੀ ਭੇਜੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਇਸ ਤੋਂ ਪਹਿਲਾਂ ਹਰਿਆਣਾ, ਰਾਜਸਥਾਨ, ਗੁਜਰਾਤ, ਮਣੀਪੁਰ ਤੇ ਛੱਤੀਸਗੜ੍ਹ ਵਿਚ ਵੀ ਅਜਿਹੀਆਂ ਟੀਮਾਂ ਭੇਜੀਆਂ ਸਨ। ਕੇਂਦਰੀ ਟੀਮਾਂ ਵੱਲੋਂ ਪੰਜਾਬ 'ਚ ਕਰੋਨਾ ਦੇ ਢੁਕਵੇਂ ਇਲਾਜ ਅਤੇ ਪ੍ਰਬੰਧਨ 'ਚ ਪੰਜਾਬ ਸਰਕਾਰ ਦੀ ਮਦਦ ਕੀਤੀ ਜਾਵੇਗੀ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਇਹ ਅਜਿਹੇ ਸੂਬੇ ਹਨ ਜਿਥੇ ਕੋਵਿਡ ਦੇ ਐਕਟਿਵ ਕੇਸ ਵੱਧ ਰਹੇ ਹਨ ਜਾਂ ਵਧੇਰੇ ਮਰੀਜ਼ ਹਸਪਤਾਲਾਂ ਵਿਚ ਦਾਖਲ ਹਨ ਜਾਂ ਰੋਜ਼ਾਨਾ ਪਾਜੀਟਿਵ ਕੇਸਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ।

## ਨਵਾਜ਼ ਸ਼ਰੀਫ ਦੀ ਮਾਂ ਦਾ ਲੰਡਨ 'ਚ ਦੇਹਾਂਤ

**ਲਾਹੌਰ:** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਮਾਤਾ ਬੇਗਮ ਸ਼ਮੀਮ ਅਖਤਰ (91) ਦਾ ਲੰਡਨ 'ਚ ਦੇਹਾਂਤ ਹੋ ਗਿਆ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਦੇ ਸੂਤਰਾਂ ਮੁਤਾਬਕ ਬੇਗਮ ਅਖਤਰ ਪਿਛਲੇ ਲਗਭਗ ਇਕ ਮਹੀਨੇ ਤੋਂ ਠੀਕ ਨਹੀਂ ਸਨ। ਪੀ.ਐਮ.ਐਲ-ਐਨ ਦੇ ਉਪ ਸਕੱਤਰ ਜਨਰਲ ਅਤਾਉੱਲ੍ਹਾ ਤਰਾਰ ਨੇ ਦੱਸਿਆ, 'ਉਨ੍ਹਾਂ ਨੇ ਲੰਡਨ 'ਚ ਆਖਰੀ ਸਾਹ ਲਿਆ।' ਬੇਗਮ ਅਖਤਰ ਲੰਘੇ ਫਰਵਰੀ ਮਹੀਨੇ ਲੰਡਨ ਗਈ ਸੀ ਅਤੇ ਆਪਣੇ ਪੁੱਤਰ ਨਵਾਜ਼ ਸ਼ਰੀਫ ਤੇ ਪੋਤੇ-ਪੋਤਰੀਆਂ ਨਾਲ ਰਹਿ ਰਹੀ ਸੀ।

# ਇਕ ਹੋਰ ਬੈਂਕ ਵਿੱਤੀ ਸੰਕਟ 'ਚ ਘਿਰਿਆ

**ਨਵੀਂ ਦਿੱਲੀ:** ਨਿੱਜੀ ਖੇਤਰ ਦੇ ਇਕ ਹੋਰ ਬੈਂਕ ਲਕਸ਼ਮੀ ਵਿਲਾਸ ਬੈਂਕ ਨੂੰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਦੇ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਬੈਂਕ ਨੂੰ ਪੇਸ਼ ਆ ਰਹੀਆਂ 'ਗੰਭੀਰ ਵਿੱਤੀ ਮੁਸ਼ਕਲਾਂ' ਦਾ ਜ਼ਿਕਰ ਕਰਦਿਆਂ ਬੈਂਕ ਦੇ ਕੰਮ ਕਰਨ ਉਤੇ ਇਕ ਮਹੀਨੇ ਦੀ ਪਾਬੰਦੀ ਲਗਾ ਦਿੱਤੀ ਗਈ ਹੈ।




ਆਰ.ਬੀ.ਆਈ. ਦੁਆਰਾ ਕੇਨਰਾ ਬੈਂਕ ਦੇ ਚੇਅਰਮੈਨ ਟੀਐਨ ਮਨੋਹਰਨ ਨੂੰ ਲਕਸ਼ਮੀ ਵਿਲਾਸ ਬੈਂਕ ਦਾ ਪ੍ਰਬੰਧਕ ਨਿਯੁਕਤ ਕਰਦਿਆਂ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਖਾਤਾਧਾਰਕ ਇਕ ਮਹੀਨੇ ਵਿਚ 25,000 ਰੁਪਏ ਤੋਂ ਜ਼ਿਆਦਾ ਪੈਸੇ ਨਹੀਂ ਕਢਵਾ ਸਕਣਗੇ। ਆਰ.ਬੀ.ਆਈ. ਨੇ ਇਸ ਬੈਂਕ ਦੇ ਡੀ.ਬੀ.ਐਸ. ਬੈਂਕ ਆਫ ਇੰਡੀਆ (ਜੋ ਡੀ.ਬੀ.ਐਸ. ਬੈਂਕ ਆਫ ਸਿੰਗਾਪੁਰ ਦੀ ਮਲਕੀਅਤ ਹੈ) ਨਾਲ ਏਕੀਕਰਨ ਨੂੰ ਮਨਜ਼ੂਰੀ ਵੀ ਦਿੱਤੀ ਹੈ। 1926 ਤੋਂ ਚੱਲ ਰਹੇ ਇਸ ਬੈਂਕ ਦਾ ਮੁੱਖ ਦਫਤਰ ਚੇਨਈ ਵਿਚ ਹੈ ਅਤੇ ਇਸ ਦਾ ਮੁੱਢਲਾ ਕਾਰਜ-ਖੇਤਰ ਤਾਮਿਲਨਾਡੂ ਵਿਚ ਸੀ। 1960ਵਿਆਂ ਤੋਂ ਇਸ ਬੈਂਕ ਦਾ ਕਾਰੋਬਾਰ ਵਧਣਾ ਸ਼ੁਰੂ ਹੋਇਆ ਅਤੇ 1970ਵਿਆਂ ਵਿਚ ਇਹ ਗੁਆਂਢੀ ਸੂਬਿਆਂ ਕੇਰਲ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ (ਹੁਣ ਤਿਲੰਗਾਨਾ ਤੇ ਸੀਮਾਂਧਰਾ) ਵਿਚ ਵੱਡੇ ਪੱਧਰ ਉਤੇ ਫੈਲਿਆ। ਇਸ ਨੇ ਵਿੱਤੀ ਪੱਖ ਤੋਂ ਮਹੱਤਵਪੂਰਨ ਕੇਂਦਰਾਂ ਮੁੰਬਈ, ਦਿੱਲੀ, ਕੋਲਕਾਤਾ ਅਤੇ ਹੋਰ ਸ਼ਹਿਰਾਂ ਵਿਚ ਵੀ ਕਾਰੋਬਾਰ ਸ਼ੁਰੂ ਕੀਤਾ।

ਇਸ ਸਮੇਂ ਇਸ ਬੈਂਕ ਦੀਆਂ ਵੱਖ ਵੱਖ ਸੂਬਿਆਂ ਵਿਚ 550 ਤੋਂ ਜ਼ਿਆਦਾ ਬਰਾਂਚਾਂ ਅਤੇ 1000 ਤੋਂ ਜ਼ਿਆਦਾ ਏ.ਟੀ.ਐਮ. ਹਨ। 2019 ਵਿਚ ਇਸ ਬੈਂਕ ਅਤੇ ਘਰ ਖਰੀਦਣ ਤੇ ਬਣਾਉਣ ਲਈ ਕਰਜ਼ੇ ਦੇਣ ਵਾਲੀ ਉਘੀ ਕੰਪਨੀ 'ਇੰਡੀਆ ਬੁੱਲਜ਼' ਦਾ ਏਕੀਕਰਨ ਹੋ ਗਿਆ।

ਪਿਛਲੇ ਸਮੇਂ ਵਿਚ ਨਾ ਸਿਰਫ ਪੰਜਾਬ ਐਂਡ ਮਹਾਰਾਸ਼ਟਰਾ ਕੋਆਪਰੇਟਿਵ ਬੈਂਕ ਅਤੇ ਯੈੱਸ ਬੈਂਕ ਜਿਹੇ ਬੈਂਕਾਂ, ਜਿਨ੍ਹਾਂ ਦਾ ਪ੍ਰਬੰਧ ਨਿੱਜੀ ਖੇਤਰ ਦੇ ਪ੍ਰਬੰਧਕਾਂ ਕੋਲ ਹੈ, ਨੂੰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸਗੋਂ ਆਈ. ਸੀ. ਆਈ. ਸੀ. ਆਈ. ਬੈਂਕ ਦੀ ਇਕ ਪ੍ਰਮੁੱਖ ਅਧਿਕਾਰੀ ਨਿਵੇਸ਼ ਕਰਨ ਦੇ ਘਪਲੇ ਵਿਚ ਦੋਸ਼ਾਂ ਦਾ ਸਾਹਮਣਾ ਵੀ ਕਰ ਰਹੀ ਹੈ। ਸਭ ਤੋਂ ਵੱਡੀ ਮੁਸ਼ਕਲ ਮੱਧ ਅਤੇ ਨਿਮਨ ਵਰਗ ਦੇ ਖਾਤਾਧਾਰਕਾਂ ਨੂੰ ਪੇਸ਼ ਆਉਂਦੀ ਹੈ ਜਿਨ੍ਹਾਂ ਨੇ ਆਪਣੀ ਮਿਹਨਤ ਦੀ ਕਮਾਈ ਅਜਿਹੇ ਬੈਂਕਾਂ ਵਿਚ ਜਮ੍ਹਾਂ ਕਰਾਈ ਹੁੰਦੀ ਹੈ।

ਆਰ.ਬੀ.ਆਈ. ਇਨ੍ਹਾਂ ਬੈਂਕਾਂ 'ਤੇ ਨਿਗਾਹਬਾਨੀ ਕਰਨ ਵਾਲੀ ਸੰਸਥਾ ਹੈ। ਮੁੱਖ ਪ੍ਰਸ਼ਨ ਇਹ ਹੈ ਕਿ ਹੁਣ ਤੱਕ ਅਜਿਹੇ ਵਿੱਤੀ ਸੰਦ ਜਾਂ ਮਾਪਦੰਡ ਕਿਉਂ ਨਹੀਂ ਬਣਾਏ ਜਾ ਸਕੇ ਜਿਨ੍ਹਾਂ ਤੋਂ ਨਿੱਜੀ ਜਾਂ ਜਨਤਕ ਖੇਤਰ ਦੇ ਬੈਂਕਾਂ ਉਤੇ ਆਉਣ ਵਾਲੇ ਵਿੱਤੀ ਸੰਕਟਾਂ ਦਾ ਅਗਾਊਂ ਪਤਾ ਲੱਗ ਸਕੇ।

# ਆਕਸਫੋਰਡ 'ਵਰਸਿਟੀ ਦੀ ਕਰੋਨਾ ਵੈਕਸੀਨ ਬਜ਼ੁਰਗਾਂ ਲਈ ਕਾਰਗਾਰ

**ਲੰਡਨ:** ਆਕਸਫੋਰਡ ਯੂਨੀਵਰਸਿਟੀ ਵੱਲੋਂ ਤਿਆਰ ਕੀਤਾ ਗਿਆ ਕਰੋਨਾ ਵਾਇਰਸ ਮਹਾਮਾਰੀ ਦਾ ਟੀਕਾ 56-69 ਸਾਲ ਉਮਰ ਗਰੁੱਪ ਦੇ ਲੋਕਾਂ ਅਤੇ 70 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ 'ਚ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ 'ਚ ਅਹਿਮ ਸੁਧਾਰ ਕਰਨ 'ਚ ਕਾਰਗਾਰ ਰਿਹਾ ਹੈ। ਇਸ ਟੀਕੇ ਨਾਲ ਸਬੰਧਤ ਇਹ ਜਾਣਕਾਰੀ 'ਲੈਂਸੇਟ' ਮੈਗਜ਼ੀਨ 'ਚ ਪ੍ਰਕਾਸ਼ਿਤ ਹੋਈ। ਇਹ ਟੀਕਾ ਭਾਰਤੀ ਸੀਰਮ ਸੰਸਥਾ ਨਾਲ ਮਿਲ ਕੇ ਤਿਆਰ ਕੀਤਾ ਜਾ ਰਿਹਾ ਹੈ। ਮੈਗਜ਼ੀਨ 'ਚ ਛਪੀ ਰਿਪੋਰਟ ਅਨੁਸਾਰ ਇਸ ਸਬੰਧੀ ਅਧਿਐਨ 'ਚ 560 ਤੰਦਰੁਸਤ ਨੌਜਵਾਨਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਇਸ ਅਧਿਐਨ ਤੋਂ ਹਾਸਲ ਹੋਏ ਨਤੀਜਿਆਂ ਤੋਂ ਪਤਾ ਲੱਗਾ ਕਿ 'ਸੀ.ਐਚ.ਏ.ਡੀ.ਓ.ਐਕਸ-1 ਐਨਕੋਵ-19' ਨਾਂ ਦਾ ਇਹ ਟੀਕਾ ਨੌਜਵਾਨਾਂ ਮੁਕਾਬਲੇ ਵੱਧ ਉਮਰ ਵਰਗ ਦੇ ਲੋਕਾਂ ਲਈ ਵਧੇਰੇ ਕਾਰਗਾਰ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਇਹ ਟੀਕਾ ਵੱਧ ਉਮਰ ਦੇ ਲੋਕਾਂ 'ਚ ਕਰੋਨਾ ਵਾਇਰਸ ਖਿਲਾਫ ਲੜਨ ਦੀ ਸਮਰੱਥਾ ਵਿਕਸਤ ਕਰ ਸਕਦਾ ਹੈ।

ਖੋਜਕਾਰਾਂ ਨੇ ਦੱਸਿਆ ਕਿ ਇਹ ਅਧਿਐਨ ਦੇ ਨਤੀਜੇ ਹੌਸਲਾ ਵਧਾਉਣ ਵਾਲੇ ਹਨ ਕਿਉਂਕਿ ਵਧੇਰੇ ਉਮਰ ਦੇ ਲੋਕਾਂ 'ਚ ਕੋਵਿਡ-19 ਸਬੰਧੀ ਜੋਖਮ ਵਧੇਰੇ ਹੁੰਦਾ ਹੈ। ਇਸ ਲਈ ਕੋਈ ਅਜਿਹਾ ਟੀਕਾ ਹੋਣਾ ਚਾਹੀਦਾ ਹੈ ਜੋ ਵਧੇਰੇ ਉਮਰ ਵਰਗ ਦੇ ਲੋਕਾਂ ਲਈ ਅਸਰਦਾਰ ਹੋਵੇ। ਆਕਸਫੋਰਡ ਟੀਕਾ ਸਮੂਹ ਨਾਲ ਜੁੜੇ ਡਾਕਟਰ ਮਹੇਸ਼ੀ ਰਾਮਾਸਾਮੀ ਨੇ ਵੱਧ ਉਮਰ ਵਰਗ ਦੇ ਲੋਕਾਂ 'ਚ ਟੀਕੇ ਦੇ ਚੰਗੇ ਨਤੀਜੇ ਸਾਹਮਣੇ ਆਉਣ ਉਤੇ ਖੁਸ਼ੀ ਜ਼ਾਹਿਰ ਕੀਤੀ ਹੈ। ਬਰਤਾਨੀਆ ਆਕਸਫੋਰਡ ਟੀਕੇ ਦੀਆਂ 10 ਕਰੋੜ ਖੁਰਾਕਾਂ ਦੇ ਪਹਿਲਾਂ ਹੀ ਆਰਡਰ ਦੇ ਚੁੱਕਾ ਹੈ।

## ਕਰੋਨਾ: ਸਮਾਰਟ ਘੜੀਆਂ ਬੜੀਆਂ ਹੀ ਸਮਾਰਟ

**ਬੋਸਟਨ:** ਇਕ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਸਮਾਰਟ ਘੜੀਆਂ ਤੇ ਹੋਰ ਪਹਿਨੇ ਜਾਣ ਵਾਲੇ ਯੰਤਰ ਕਰੋਨਾ ਦੇ ਲੱਛਣ ਸਾਹਮਣੇ ਆਉਣ ਤੋਂ ਤਕਰੀਬਨ ਨੌਂ ਦਿਨ ਪਹਿਲਾਂ ਹੀ ਸਰੀਰ 'ਚ ਵਾਪਰ ਰਹੀ ਤਬਦੀਲੀ ਦਾ ਪਤਾ ਲਾ ਲੈਂਦੇ ਹਨ। ਅਮਰੀਕਾ 'ਚ ਸਟੈਨਫੋਰਡ ਯੂਨੀਵਰਸਿਟੀ ਸਕੂਲ ਆਫ ਮੈਡੀਸਿਨ ਦੇ ਖੋਜੀਆਂ ਨੇ 32 ਕਰੋਨਾ ਪੀੜਤਾਂ ਤੋਂ ਹਾਸਲ ਅੰਕੜਿਆਂ ਦੇ ਆਧਾਰ ਉਤੇ ਇਹ ਅਧਿਐਨ ਕੀਤਾ ਹੈ। ਇਸ ਬਾਰੇ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ 'ਚ ਸਾਹਮਣੇ ਆਇਆ ਹੈ ਕਿ 22 ਕੇਸ ਅਜਿਹੇ ਸਨ ਜਿਨ੍ਹਾਂ 'ਚ ਕਰੋਨਾ ਵਾਇਰਸ ਦੀ ਪੁਸ਼ਟੀ ਇਸ ਬਿਮਾਰੀ ਦੇ ਲੱਛਣ ਸਾਹਮਣੇ ਆਉਣ ਤੋਂ ਪਹਿਲਾਂ ਹੋ ਗਈ ਜਦਕਿ 4 ਕੇਸ ਅਜਿਹੇ ਸਨ ਜਿਨ੍ਹਾਂ 'ਚ ਇਸ ਬਾਰੇ ਨੌਂ ਦਿਨ ਪਹਿਲਾਂ ਹੀ ਪਤਾ ਲੱਗ ਗਿਆ। ਇਸ ਅਧਿਐਨ ਰਾਹੀਂ ਖੋਜੀਆਂ ਨੇ ਸਮਾਰਟ ਘੜੀਆਂ ਜਿਹੇ ਯੰਤਰਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ ਜਿਨ੍ਹਾਂ ਨਾਲ ਸਰੀਰਕ ਸਿਹਤ ਦੀ ਲਗਾਤਾਰ ਨਿਗਰਾਨੀ ਕੀਤੀ ਜਾਂਦੀ ਹੈ।

# ਪੰਜਾਬ ਉਤੇ ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਹੱਲਾ

## ਬਾਹਰਲੇ ਰਾਜਾਂ ਦਾ 40 ਲੱਖ ਟਨ ਝੋਨਾ ਸਮਰਥਨ ਮੁੱਲ ਉਪਰ ਵੇਚਿਆ

**ਚੰਡੀਗੜ੍ਹ:** ਮੋਦੀ ਸਰਕਾਰ ਵਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੇ ਇਸ ਝੋਨੇ ਦੇ ਸੀਜ਼ਨ ਵਿਚ ਹੀ ਸੂਬਾ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਨ੍ਹਾਂ ਕਾਨੂੰਨਾਂ ਤਹਿਤ ਖੁੱਲ੍ਹੀ ਮੰਡੀ ਦੀ ਵਿਵਸਥਾ ਦੀ ਓਟ ਵਿਚ ਪੰਜਾਬ ਅੰਦਰ ਬਾਹਰਲੇ ਰਾਜਾਂ ਤੋਂ ਸਸਤਾ ਖਰੀਦ ਕੇ ਲਿਆਂਦਾ 40 ਲੱਖ ਟਨ ਦੇ ਕਰੀਬ ਝੋਨਾ ਸਮਰਥਨ ਮੁੱਲ ਉਪਰ ਵਿਕਿਆ ਹੈ।



ਸਸਤਾ ਝੋਨਾ ਖਰੀਦ ਕੇ ਸਮਰਥਨ ਮੁੱਲ ਦੇ ਮਹਿੰਗੇ ਭਾਅ ਵਿਕਣ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਦੀ ਅਜਿਹੇ ਝੋਨੇ ਦੀ ਵਿਕਰੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ ਲਗਭਗ 40 ਲੱਖ ਟਨ ਝੋਨੇ ਦੀ ਵਾਧੂ ਖਰੀਦ ਹੋਈ ਹੈ। ਪੰਜਾਬ ਦੇ ਖੇਤੀ ਵਿਭਾਗ ਅਨੁਸਾਰ ਸੂਬੇ ਵਿਚ 27.36 ਲੱਖ ਹੈਕਟੇਅਰ ਵਿਚ ਝੋਨਾ ਲਾਇਆ ਗਿਆ ਜਿਸ ਵਿਚ 6 ਲੱਖ ਹੈਕਟੇਅਰ ਵਿਚ ਬਾਸਮਤੀ ਸੀ। ਪੰਜਾਬ ਵਿਚ ਸਾਲ 2019-20 ਦੌਰਾਨ ਝੋਨੇ ਦਾ ਔਸਤ ਝਾੜ ਪ੍ਰਤੀ ਹੈਕਟੇਅਰ 60 ਕੁਇੰਟਲ ਤੋਂ ਥੋੜ੍ਹਾ ਵੱਧ ਰਿਹਾ ਸੀ। ਜੇਕਰ ਇਹ ਵਾਧਾ ਦਸ ਫੀਸਦੀ ਮੰਨ ਲਿਆ ਜਾਵੇ ਤਾਂ ਝਾੜ 66 ਕੁਇੰਟਲ ਪ੍ਰਤੀ ਹੈਕਟੇਅਰ ਹੋ ਸਕਦਾ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ 143 ਲੱਖ ਟਨ ਝੋਨਾ ਆਉਣਾ ਚਾਹੀਦਾ ਸੀ।

ਝੋਨੇ ਦੀ ਖਰੀਦ 197 ਲੱਖ ਟਨ ਤੋਂ ਵਧ ਗਈ ਹੈ। ਮੰਡੀ ਬੋਰਡ ਦੀ ਮੰਨੀ ਜਾਵੇ ਤਾਂ ਬਾਹਰੀ ਝੋਨੇ ਦੇ ਪੰਜਾਬ ਆਉਣ ਦੇ ਖਦਸ਼ੇ ਕਾਰਨ ਹੀ ਉਨ੍ਹਾਂ ਸਮੇਂ ਤੋਂ ਪਹਿਲਾਂ ਹੀ ਪੇਂਡੂ ਮੰਡੀਆਂ ਵਿਚੋਂ ਖਰੀਦ ਬੰਦ ਕਰਨ ਦਾ ਫੈਸਲਾ ਕੀਤਾ ਸੀ। ਵੱਧ ਝੋਨਾ ਆਉਣ ਕਰ ਕੇ ਹੀ ਪੰਜਾਬ ਸਰਕਾਰ ਨੂੰ ਰਿਜ਼ਰਵ ਬੈਂਕ ਤੋਂ ਝੋਨਾ ਖਰੀਦਣ ਲਈ ਮਿਲਦੀ ਕੈਸ਼ ਕ੍ਰੈਡਿਟ ਲਿਮਿਟ ਦੋ ਵਾਰ ਵਧਾਉਣੀ ਪਈ ਹੈ। ਸ਼ੁਰੂ ਵਿਚ ਇਹ 30,220 ਕਰੋੜ ਰੁਪਏ ਸੀ ਜਿਹੜੀ ਅਕਤੂਬਰ ਵਿਚ ਵਧਾ ਕੇ 35,552 ਕਰੋੜ ਅਤੇ ਨਵੰਬਰ ਵਿਚ 44,028 ਕਰੋੜ ਰੁਪਏ ਕਰਨੀ ਪਈ। ਇਹ ਪੈਸਾ ਵੀ ਅਨੁਮਾਨ ਤੋਂ ਵੱਧ ਝੋਨੇ ਦੀ ਪੈਦਾਵਾਰ ਦੀ ਤਸਦੀਕ ਕਰਦਾ ਹੈ। ਪਿਛਲੇ ਦਿਨਾਂ ਵਿਚ ਕਿਸਾਨ ਜਥੇਬੰਦੀਆਂ ਨੇ ਯੂਪੀ, ਬਿਹਾਰ ਜਾਂ ਹੋਰਾਂ ਰਾਜਾਂ ਤੋਂ ਆਏ ਝੋਨੇ ਦੇ ਟਰੱਕ ਰੋਕ ਕੇ ਪੁਲਿਸ ਨੂੰ ਫੜਾਏ ਹਨ।

ਕਿਸਾਨ ਅੰਦੋਲਨ ਚੱਲਦਾ ਹੋਣ ਕਰ ਕੇ ਕਿਸਾਨਾਂ ਨੇ ਸੜਕਾਂ ਅਤੇ ਟੋਲ ਪਲਾਜ਼ਿਆਂ ਉਤੇ ਦਿਨ ਰਾਤ ਦੇ ਧਰਨੇ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਧਰਨਿਆਂ ਕਾਰਨ ਬਾਹਰ ਦੇ ਸੂਬਿਆਂ ਤੋਂ ਚਾਲੀ ਲੱਖ ਟਨ ਝੋਨੇ ਦੇ ਆਉਣ ਦੀ ਦਲੀਲ ਹਜ਼ਮ ਨਹੀਂ ਹੋ ਰਹੀ ਹੈ। ਕੁਝ ਝੋਨੇ ਦੇ ਸੂਬੇ ਅੰਦਰ ਹੀ ਦੋ ਵਾਰ ਵਿਕਣ ਬਾਰੇ ਪਹਿਲਾਂ ਵੀ ਸਵਾਲ ਉਠਦੇ ਰਹੇ ਹਨ। ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਕਮੀ ਕਰ ਕੇ ਪਹਿਲਾਂ ਹੀ ਪੰਜਾਬ ਸਿਰ ਕੇਂਦਰ ਦਾ 31 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਕੇਵਲ ਅਨਾਜ ਦੀ ਖਰੀਦ ਦੇ ਮਾਮਲੇ ਵਿਚ 2017 ਵਿਚ ਖੜ੍ਹਾ ਹੋ ਗਿਆ ਸੀ। ਮੁੱਖ ਸਵਾਲ ਇਹ ਹੈ ਕਿ ਕੀ ਖਰੀਦ ਨਾਲ ਸਬੰਧਤ ਏਜੰਸੀਆਂ, 'ਜੇ' ਫਾਰਮ ਕੱਟ ਦੇਣ ਅਤੇ ਰਿਕਾਰਡ ਰੱਖਣ ਵਾਲੀਆਂ ਮਾਰਕਿਟ ਕਮੇਟੀਆਂ, ਕਿਸਾਨ ਜਿਸ ਦੇ ਨਾਮ ਉਤੇ 'ਜੇ' ਫਾਰਮ ਕੱਟਿਆ ਜਾਣਾ ਹੈ ਅਤੇ ਆੜ੍ਹਤੀਆਂ ਦੀ ਸਹਿਮਤੀ ਤੋਂ ਬਿਨਾ ਬਾਹਰੀ ਝੋਨਾ ਵਿਕਣਾ ਸੰਭਵ ਹੈ।

ਵੱਖ-ਵੱਖ ਸਰਕਾਰੀ ਤੇ ਗੈਰ ਸਰਕਾਰੀ ਹਲਕਿਆਂ ਨਾਲ ਗੱਲਬਾਤ ਤੋਂ ਪਤਾ ਲੱਗਾ ਹੈ ਕਿ ਬਿਹਾਰ, ਉਤਰ ਪ੍ਰਦੇਸ਼ ਤੇ ਕੁਝ ਹੱਦ ਤੱਕ ਰਾਜਸਥਾਨ ਤੋਂ ਇਹ ਝੋਨਾ ਇਕ ਹਜ਼ਾਰ ਤੋਂ 1100 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦਿਆ ਗਿਆ ਤੇ ਫਿਰ ਪੰਜਾਬ 'ਚ ਲਿਆ ਕੇ ਘੱਟੋ-ਘੱਟ ਸਮਰਥਨ ਮੁੱਲ ਉਪਰ 1888 ਰੁਪਏ ਪ੍ਰਤੀ ਕੁਇੰਟਲ ਵੇਚਿਆ ਗਿਆ ਹੈ। ਸੂਤਰਾਂ ਮੁਤਾਬਕ ਡੇਢ-ਦੋ ਸੌ ਰੁਪਏ ਪ੍ਰਤੀ ਕੁਇੰਟਲ ਖਰਚਾ ਪਾ ਕੇ ਇਹ ਝੋਨਾ ਪੰਜਾਬ ਪਹੁੰਚਦਾ ਹੋਇਆ। ਸਰਕਾਰ ਨੇ ਇਸ ਵਾਰ ਪੰਜਾਬ ਦੇ ਕਰੀਬ ਸਾਰੇ ਹੀ ਸ਼ੈਲਰਾਂ ਨੂੰ ਆਰਜ਼ੀ ਖਰੀਦ ਕੇਂਦਰ ਵੀ ਗਰਦਾਨਿਆ ਹੋਇਆ ਸੀ ਤੇ ਵੱਡੀ ਗਿਣਤੀ ਸ਼ੈਲਰ ਮਾਲਕ ਆੜ੍ਹਤੀਏ ਵੀ ਹਨ ਤੇ ਕਈ ਜਗ੍ਹਾ ਹੋਰ ਵੀ ਉਪ ਮੰਡੀਆਂ ਬਣਾਈਆਂ ਗਈਆਂ ਸਨ। ਪਤਾ ਲੱਗਾ ਹੈ ਕਿ ਬਾਹਰਲੇ ਰਾਜਾਂ ਤੋਂ ਆਇਆ ਬਹੁਤਾ ਝੋਨਾ ਸ਼ੈਲਰ ਵਾਲੀਆਂ ਖਰੀਦ ਮੰਡੀਆਂ ਵਿਚ ਹੀ ਵਿਕਿਆ ਹੈ। ਬਾਹਰਲੇ ਰਾਜਾਂ 'ਚ ਝੋਨੇ ਦੇ ਘੱਟ ਭਾਅ ਤੇ ਪੰਜਾਬ ਵਿਚ ਸਮਰਥਨ ਮੁੱਲ ਦੇ ਵੱਡੇ ਫਰਕ ਨੂੰ ਭੁਨਾਉਣ ਲਈ ਖਰੀਦ ਏਜੰਸੀਆਂ ਅਧਿਕਾਰੀਆਂ, ਸ਼ੈਲਰ ਮਾਲਕ ਕਮ ਆੜ੍ਹਤੀਆਂ, ਪੁਲਿਸ ਅਧਿਕਾਰੀਆਂ, ਹਕੂਮਤੀ ਵਿਧਾਇਕਾਂ ਤੇ ਦਲਾਲਾਂ ਵਿਚਕਾਰ ਅਜਿਹਾ ਨਾਪਾਕ ਗੱਠਜੋੜ ਬਣਿਆ ਕਿ ਕਰੀਬ ਪੌਣੇ ਦੋ ਮਹੀਨੇ ਤੋਂ ਇਹ ਅਜੀਬ ਕਿਸਮ ਦਾ ਕਾਰੋਬਾਰ ਪੂਰੇ ਧੜੱਲੇ ਨਾਲ ਜਾਰੀ ਰਿਹਾ ਹੈ ਤੇ ਹੁਣ ਐਨ ਆਖਰੀ ਮੌਕੇ ਪੰਜਾਬ ਸਰਕਾਰ ਨੇ ਇਸ ਵੱਡੇ ਘਪਲੇਨੁਮਾ ਗੋਰਖਧੰਦੇ ਤੋਂ ਪਰਦਾ ਉਠਾਉਣ ਤੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੀ ਬਜਾਏ ਇਕਦਮ ਆਰਜ਼ੀ ਮੰਡੀਆਂ ਤੇ ਸ਼ੈਲਰ ਮੰਡੀਆਂ ਨੂੰ ਬੰਦ ਕਰਕੇ ਪੱਲਾ ਝਾੜਨ ਦਾ ਰੁਖ ਅਖਤਿਆਰ ਕਰ ਲਿਆ ਹੈ। ਸਭ ਤੋਂ ਵਧੇਰੇ ਇਹ ਕਾਰੋਬਾਰ ਪਟਿਆਲਾ, ਸੰਗਰੂਰ, ਲੁਧਿਆਣਾ, ਮੁਕਤਸਰ, ਤਰਨਤਾਰਨ ਤੇ ਅੰਮ੍ਰਿਤਸਰ ਜ਼ਿਲ੍ਹਿਆਂ 'ਚ ਚੱਲਿਆ ਹੈ। ਮੰਡੀ ਬੋਰਡ ਵਲੋਂ ਕੋਵਿਡ ਦੇ ਮੱਦੇਨਜ਼ਰ ਸ਼ੈਲਰਾਂ ਤੇ ਹੋਰ ਖੁੱਲ੍ਹੇ ਮੈਦਾਨਾਂ ਨੂੰ ਵੀ ਆਰਜ਼ੀ ਖਰੀਦ ਕੇਂਦਰਾਂ ਵਜੋਂ ਅਧਿਕਾਰਤ ਕੀਤਾ ਗਿਆ ਸੀ। ਵੱਡੀ ਗਿਣਤੀ 'ਚ ਆੜ੍ਹਤੀਏ ਸ਼ੈਲਰ ਮਾਲਕ ਵੀ ਹਨ, ਇਸ ਕਰਕੇ ਬਾਹਰਲੇ ਰਾਜਾਂ 'ਚੋਂ ਆਇਆ ਬਹੁਤਾ ਝੋਨਾ ਇਨ੍ਹਾਂ ਸ਼ੈਲਰ ਮੰਡੀਆਂ ਵਿਚ ਹੀ ਖਪਾਇਆ ਦੱਸਿਆ ਜਾਂਦਾ ਹੈ।

### 'ਆਪ' ਵੱਲੋਂ ਝੋਨਾ ਤਸਕਰਾਂ ਖਿਲਾਫ ਕਾਰਵਾਈ ਦੀ ਮੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਕਿਸਾਨ ਵਿੰਗ ਦੇ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਕੀਤੀ ਜਾ ਰਹੀ ਤਸਕਰੀ ਪਿੱਛੇ ਕੈਪਟਨ ਸਰਕਾਰ ਦੇ ਮੰਤਰੀ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਤਬਾਹ ਕਰ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਦੇ ਮੰਤਰੀ ਵੀ ਕਿਸਾਨਾਂ ਦੇ ਹੱਕਾਂ ਉਤੇ ਡਾਕਾ ਮਾਰਨ ਤੋਂ ਗੁਰੇਜ਼ ਨਹੀਂ ਕਰਦੇ। ਇਸ ਸਾਰੇ ਘਟਨਾਕ੍ਰਮ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਚੁੱਪ ਸਭ ਕੁਝ ਬਿਆਨ ਕਰ ਦਿੰਦੀ ਹੈ। ਉਨ੍ਹਾਂ ਸੂਬੇ ਦੀਆਂ ਮੰਡੀਆਂ ਵਿਚ ਝੋਨੇ ਦੀ ਵੱਧ ਆਮਦ ਦੀ ਜਾਂਚ ਮੰਗੀ। ਉਨ੍ਹਾਂ ਆਖਿਆ ਕਿ ਇਸ ਪਿੱਛੇ ਜਿਹੜੇ ਵੀ ਮੰਤਰੀ ਜਾਂ ਅਧਿਕਾਰੀਆਂ ਦੀ ਮਿਲੀ-ਭੁਗਤ ਹੈ, ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

### ਬਾਹਰਲੀ ਫਸਲ ਵੇਚਣ ਤੋਂ ਰੋਕਣ ਨੂੰ ਅਦਾਲਤ 'ਚ ਚੁਣੌਤੀ

**ਚੰਡੀਗੜ੍ਹ:** ਕੇਂਦਰ ਸਰਕਾਰ ਵਲੋਂ ਬਣਾਏ ਗਏ ਨਵੇਂ ਖੇਤੀ ਕਾਨੂੰਨਾਂ ਦੇ ਬਾਵਜੂਦ ਦੂਜੇ ਰਾਜਾਂ ਦੇ ਕਿਸਾਨ ਪੰਜਾਬ ਤੇ ਹਰਿਆਣਾ 'ਚ ਆਪਣੀ ਫਸਲ ਵੇਚ ਨਹੀਂ ਪਾ ਰਹੇ। ਪੰਜਾਬ ਦੀ ਇਕ ਫਰਮ ਏ.ਕੇ. ਇੰਟਰਪ੍ਰਾਈਜ਼ਿਸ ਸੰਗਰੂਰ ਵਲੋਂ ਪੰਜਾਬ ਸਰਕਾਰ, ਪੰਜਾਬ ਮੰਡੀ ਬੋਰਡ, ਖੁਰਾਕ ਸਪਲਾਈ ਵਿਭਾਗ, ਡੀ.ਜੀ.ਪੀ. ਪੰਜਾਬ, ਕੇਂਦਰ ਸਰਕਾਰ ਤੇ ਹੋਰਨਾਂ ਨੂੰ ਪਾਰਟੀ ਬਣਾਉਂਦਿਆਂ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਮੰਗ ਕੀਤੀ ਗਈ ਹੈ ਕਿ ਪਟੀਸ਼ਨਰ ਨੂੰ ਕਾਨੂੰਨੀ ਤਰੀਕੇ ਨਾਲ ਕੀਤੇ ਜਾਣ ਵਾਲੇ ਵਪਾਰ ਤੋਂ ਨਾ ਰੋਕਿਆ ਜਾਵੇ। ਇਸ ਤੋਂ ਇਲਾਵਾ ਪਟੀਸ਼ਨ 'ਤੇ ਸੁਣਵਾਈ ਹੋਣ ਤੱਕ ਡੀ.ਜੀ.ਪੀ., ਐਸ.ਐਸ.ਪੀ. ਪਟਿਆਲਾ ਤੇ ਐਸ.ਐਸ.ਪੀ. ਸੰਗਰੂਰ ਨੂੰ ਪਟੀਸ਼ਨਰ ਖਿਲਾਫ ਕੋਈ ਵੀ ਸਖਤ ਕਾਰਵਾਈ ਕਰਨ ਤੋਂ ਰੋਕਿਆ ਜਾਵੇ।

## ਕੈਪਟਨ ਵੱਲੋਂ ਨਿਵੇਸ਼ ਲਈ ਅਮਰੀਕਾ ਤੱਕ ਪਹੁੰਚ

**ਵਾਸ਼ਿੰਗਟਨ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਮਰੀਕਾ ਦੇ ਕਾਰਪੋਰੇਟ ਸੈਕਟਰ ਨੂੰ ਰਾਜ ਵਿਚਲੇ ਉਦਯੋਗ ਅਤੇ ਨਿਵੇਸ਼ਕਾਂ ਲਈ ਢੁਕਵੀਆਂ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੀਡੀਓ ਕਾਨਫਰੰਸ ਜ਼ਰੀਏ ਯੂ.ਐਸ-ਪੰਜਾਬ ਇਨਵੈਸਟਰਜ਼ ਗੋਲਮੇਜ਼-2020 ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੋਵਿਡ-19 ਮਹਾਂਮਾਰੀ ਕਾਰਨ ਕਈ ਮਹੀਨਿਆਂ ਤੋਂ ਜਾਰੀ ਤਾਲਾਬੰਦੀ ਤੋਂ ਬਾਅਦ ਪੰਜਾਬ ਦੀ ਆਰਥਿਕਤਾ ਪਟੜੀ ਉਤੇ ਹੈ, ਪਰਵਾਸੀ ਮਜ਼ਦੂਰ ਵਾਪਸ ਆ ਰਹੇ ਹਨ ਅਤੇ ਉਦਯੋਗ ਪੈਰਾਂ 'ਤੇ ਖੜ੍ਹੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਉਦਯੋਗਾਂ ਅਤੇ ਨਿਵੇਸ਼ਕਾਂ ਲਈ ਢੁਕਵੀਆਂ ਨੀਤੀਆਂ ਬਣਾਈਆਂ ਹਨ। ਉਨ੍ਹਾਂ ਰਾਜ ਵਿਚ ਨਿਵੇਸ਼ਕਾਂ ਨੂੰ ਸੱਦਾ ਦਿੱਤਾ ਅਤੇ ਕਿਹਾ ਕਿ ਪੰਜਾਬ ਅਮਰੀਕਾ ਦੀ ਕੰਪਨੀਆਂ ਲਈ ਸ਼ਾਨਦਾਰ ਥਾਂ ਹੈ। ਉਨ੍ਹਾਂ ਕਿਹਾ ਕਿ ਸਾਲ 2019-20 ਵਿਚ ਪੰਜਾਬ ਦੀ ਅਮਰੀਕਾ ਵਿਚ ਬਰਾਮਦ 68.5 ਕਰੋੜ ਡਾਲਰ ਸੀ, ਜੋ ਰਾਜ ਦੇ ਕੁੱਲ ਬਰਾਮਦ ਦਾ 12 ਪ੍ਰਤੀਸ਼ਤ ਹੈ।

# ਟਰੰਪ ਨੇ ਅਮਰੀਕਾ ਨੂੰ ਪਹਿਲਾਂ ਦੇ ਮੁਕਾਬਲੇ ਵਧੇਰੇ ਵੰਡ ਕੇ ਰੱਖ ਦਿੱਤਾ: ਖਾਲਸਾ

**ਵਾਸ਼ਿੰਗਟਨ:** ਅਸਰਦਾਰ ਭਾਰਤੀ ਅਮਰੀਕੀ ਸਿੱਖ ਆਗੂ ਗੁਰਿੰਦਰ ਸਿੰਘ ਖਾਲਸਾ (46) ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਨੂੰ ਪਹਿਲਾਂ ਨਾਲੋਂ ਕਿਤੇ ਵਧੇਰੇ ਵੰਡ ਕੇ ਰੱਖ ਦਿੱਤਾ ਹੈ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਮੁਲਕ ਦੇ ਰੁਤਬੇ ਨੂੰ ਕੌਮਾਂਤਰੀ ਪੱਧਰ ਉਤੇ ਇੰਨੀ ਢਾਹ ਲੱਗੀ ਹੈ ਕਿ ਉਸ ਨੂੰ ਸੁਧਾਰਨ 'ਚ ਕਈ ਵਰ੍ਹੇ ਲੱਗ ਜਾਣਗੇ।

ਇੰਡੀਆਨਾ ਆਧਾਰਿਤ ਖਾਲਸਾ ਨੇ ਖਬਰ ਏਜੰਸੀ ਨਾਲ ਇੰਟਰਵਿਊ 'ਚ ਕਿਹਾ,"ਡੈਮੋਕਰੇਟ ਜਾਂ ਰਿਪਬਲਿਕਨ ਹੋਣ ਪਰ ਲੋਕਤੰਤਰ ਕੰਮ ਕਰ ਰਿਹਾ ਹੈ। ਲੋਕ ਉਤਸ਼ਾਹਿਤ ਹਨ ਅਤੇ ਇਸ ਬਾਰੇ ਗੱਲ ਕਰਨਾ ਚਾਹੁੰਦੇ ਹਨ। ਚੋਣਾਂ ਦੇ ਇਤਿਹਾਸਕ ਨਤੀਜੇ ਦਰਸਾਉਂਦੇ ਹਨ ਕਿ ਦੋਵੇਂ ਪਾਸਿਆਂ ਦੇ ਲੋਕ ਹਾਲਾਤ ਨੂੰ ਬਦਲਣ ਦੇ ਪੱਖ 'ਚ ਹਨ।" ਖਾਲਸਾ ਨੇ ਕਿਹਾ ਕਿ ਉਨ੍ਹਾਂ ਪਿਛਲੇ 25 ਸਾਲਾਂ 'ਚ ਅਮਰੀਕੀ ਸਮਾਜ ਦਾ ਇੰਨਾ ਨਿਘਾਰ ਨਹੀਂ ਦੇਖਿਆ ਹੈ।



ਦਸਤਾਰ ਬਾਰੇ ਟਰਾਂਸਪੋਰਟੇਸ਼ਨ ਸੁਰੱਖਿਆ ਪ੍ਰਸ਼ਾਸਨ ਦੀ ਨੀਤੀ 'ਚ ਬਦਲਾਅ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਵਾਸਤੇ ਉਨ੍ਹਾਂ ਨੂੰ 'ਰੋਜ਼ਾ ਪਾਰਕਸ ਟਰੇਲਬਲੇਜ਼ਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਰਿਪਬਲਿਕਨ ਪਾਰਟੀ ਦਾ ਮੈਂਬਰ ਹੋਣ ਦੇ ਬਾਵਜੂਦ ਖਾਲਸਾ ਨੇ 2016 ਅਤੇ ਮੌਜੂਦਾ ਵਰ੍ਹੇ ਹੋਈਆਂ ਰਾਸ਼ਟਰਪਤੀ ਚੋਣਾਂ 'ਚ ਟਰੰਪ ਨੂੰ ਵੋਟ ਨਹੀਂ ਪਾਈ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਅਗਵਾਈ ਕਰਨ ਦੇ ਯੋਗ ਨਹੀਂ ਹਨ।

### ਅਮਰੀਕਾ ਵਿਚ ਸਿੱਖਾਂ ਖਿਲਾਫ ਅਪਰਾਧਾਂ ਵਿਚ ਕਮੀ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖਾਂ ਦੇ ਹਿੱਤਾਂ ਲਈ ਕੰਮ ਕਰਦੀ ਇਕ ਸੰਸਥਾ ਨੇ ਐਫ.ਬੀ.ਆਈ. ਦੀ ਇਕ ਰਿਪੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ ਪਿਛਲੇ ਸਾਲ ਅਮਰੀਕਾ ਵਿਚ ਸਿੱਖਾਂ ਪ੍ਰਤੀ ਹੋਣ ਵਾਲੇ ਨਫਰਤੀ ਅਪਰਾਧਾਂ ਵਿਚ ਕੁਝ ਨਿਘਾਰ ਆਇਆ ਹੈ। ਐਫ.ਬੀ.ਆਈ. ਦੀ ਇਹ ਰਿਪੋਰਟ ਦਰਸਾਉਂਦੀ ਹੈ ਕਿ ਸਾਲ 1991 ਤੋਂ ਬਾਅਦ 2019 ਵਿਚ ਸਿੱਖਾਂ ਖਿਲਾਫ ਨਫਰਤੀ ਅਪਰਾਧਾਂ ਦੀ ਗਿਣਤੀ ਸਭ ਤੋਂ ਘੱਟ ਰਹੀ ਹੈ। ਸਾਊਥ ਏਸ਼ੀਅਨ ਅਮਰੀਕਨਜ਼ ਲੀਡਿੰਗ ਟੂਗੈਦਰ (ਸਾਲਟ) ਨਾਂ ਦੀ ਸੰਸਥਾ ਨੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ ਸਾਲ 2019 ਵਿਚ ਅਮਰੀਕਾ 'ਚ ਸਿੱਖਾਂ ਪ੍ਰਤੀ ਅਪਰਾਧਾਂ 'ਚ ਕੁਝ ਨਿਘਾਰ ਦੇਖਿਆ ਗਿਆ ਹੈ।

# ਪੰਜਾਬ ਸਰਕਾਰ ਦਾ ਆਰਥਕ ਸੰਕਟ ਬਣਿਆ ਸਿਹਤ ਤੇ ਸਿੱਖਿਆ ਖੇਤਰਾਂ ਲਈ ਚੁਣੌਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਉਤੇ ਆਏ ਆਰਥਿਕ ਸੰਕਟ ਦਾ ਅਸਰ ਇਸ ਨਾਲ ਸਬੰਧਤ ਲਗਭਗ ਸਾਰੇ ਅਦਾਰਿਆਂ ਉਤੇ ਦਿੱਸਣ ਲੱਗਾ ਹੈ। ਇਸ ਸੰਕਟ ਕਰਕੇ ਸੂਬੇ ਦੇ ਸਿਹਤ ਅਤੇ ਸਿੱਖਿਆ ਖੇਤਰਾਂ ਵਿਚ ਵੀ ਵੱਡਾ ਨਿਘਾਰ ਆਇਆ ਹੈ। ਸਰਕਾਰੀ ਹਸਪਤਾਲਾਂ ਵਿਚ ਲੋੜੀਂਦੇ ਸਾਜ਼ੋ-ਸਾਮਾਨ ਦੀ ਕਮੀ ਹੋਣ ਕਾਰਨ ਜਿਥੇ ਲੋੜਵੰਦ ਇਨ੍ਹਾਂ ਦੀ ਅਣਗਹਿਲੀ ਦਾ ਸ਼ਿਕਾਰ ਹੋ ਰਹੇ ਹਨ, ਉਥੇ ਆਰਥਿਕ ਤੌਰ ਉਤੇ ਸਮਰੱਥ ਲੋਕਾਂ ਨੇ ਨਿੱਜੀ ਹਸਪਤਾਲਾਂ ਉਤੇ ਟੇਕ ਰੱਖ ਲਈ ਹੈ।

ਵਿੱਦਿਆ ਦੇ ਖੇਤਰ ਵਿਚ ਵੀ ਵੱਡਾ ਸੰਕਟ ਖੜ੍ਹਾ ਜਾਪ ਰਿਹਾ ਹੈ। ਸੂਬੇ ਨਾਲ ਸਬੰਧਤ ਯੂਨੀਵਰਸਿਟੀਆਂ ਆਰਥਿਕ ਸੰਕਟਾਂ ਵਿਚ ਘਿਰੀਆਂ ਨਜ਼ਰ ਆ ਰਹੀਆਂ ਹਨ। ਇਸ ਦਾ ਵੱਡਾ ਕਾਰਨ ਸਰਕਾਰ ਵਲੋਂ ਲੋੜੀਂਦੀ ਮਦਦ ਨਾ ਮਿਲਣਾ ਹੈ।

ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਯੂਨੀਵਰਸਿਟੀ ਦੇ ਲਗਾਤਾਰ ਆਰਥਿਕ ਸੰਕਟ ਵਿਚ ਘਿਰੇ ਹੋਣ ਕਾਰਨ ਆਪਣਾ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਵਲੋਂ ਅਜਿਹਾ ਗਰਾਂਟ ਨਾ ਮਿਲਣ ਕਾਰਨ ਕੀਤਾ ਗਿਆ ਹੈ। ਯੂਨੀਵਰਸਿਟੀ 300 ਕਰੋੜ ਦੇ ਘਾਟੇ ਵਿਚ ਜਾ ਰਹੀ ਹੈ। ਇਸੇ ਕਰਕੇ ਪਿਛਲੇ ਕੁਝ ਮਹੀਨਿਆਂ ਤੋਂ ਉਪ ਕੁਲਪਤੀ ਖਿਲਾਫ ਵੱਖ-ਵੱਖ ਜਥੇਬੰਦੀਆਂ ਨੇ ਪ੍ਰਦਰਸ਼ਨ ਅਤੇ ਰੋਸ ਮੁਜ਼ਾਹਰੇ ਸ਼ੁਰੂ ਕੀਤੇ ਹੋਏ ਹਨ। ਉਪ ਕੁਲਪਤੀ ਨੇ ਸੂਬਾ ਸਰਕਾਰ ਤੋਂ 140 ਕਰੋੜ ਦੀ ਵਾਧੂ ਮਾਲੀ ਮਦਦ ਮੰਗੀ ਸੀ ਪਰ ਇਹ ਮੰਗ ਕਿਸੇ ਸਿਰੇ ਪੱਤਣ ਨਹੀਂ ਲੱਗੀ।

ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਤਲਵੰਡੀ ਸਾਬੋ ਦੇ ਖੇਤਰੀ ਕੇਂਦਰ ਦਾ ਵੀ ਬੁਰਾ ਹਾਲ ਹੋ ਚੁੱਕਾ ਹੈ। ਉਥੇ ਉੱਚ ਸਿੱਖਿਆ ਲਈ ਅਧਿਆਪਕਾਂ ਦੀ ਘਾਟ ਹੋਣ ਕਾਰਨ ਵਿਦਿਆਰਥੀਆਂ ਨੇ ਦਾਖਲੇ ਲੈਣੇ ਬੰਦ ਕਰ ਦਿੱਤੇ ਹਨ, ਉਥੇ ਖੋਲ੍ਹਿਆ ਇੰਜੀਨੀਅਰਿੰਗ ਕਾਲਜ ਅੱਜ ਬੁਰੀ ਅਵਸਥਾ ਵਿਚ ਵਿਚਰ ਰਿਹਾ ਹੈ। ਲਾਇਬ੍ਰੇਰੀ ਅਤੇ ਲੈਬਾਰਟਰੀਆਂ ਦੀ ਹਾਲਤ ਬੇਹੱਦ ਨਾਕਸ



ਪੰਜਾਬ ਵਿਚ ਨਰਸਿੰਗ ਕੋਰਸਾਂ ਦੀ ਪੜ੍ਹਾਈ ਲਈ ਇਸ ਵਾਰ ਵਿਦਿਆਰਥੀਆਂ ਨੇ ਬਹੁਤੀ ਦਿਲਚਸਪੀ ਨਹੀਂ ਦਿਖਾਈ, ਜਿਸ ਕਰਕੇ ਬੀ.ਐਸ.ਈ. ਅਤੇ ਐਮ.ਐਸ.ਸੀ. ਦੀ ਪੜ੍ਹਾਈ ਕਰਵਾ ਰਹੇ ਨਰਸਿੰਗ ਕਾਲਜਾਂ ਦੀ ਹੋਂਦ ਖਤਰੇ ਵਿਚ ਆ ਗਈ ਹੈ। ਸੂਚਨਾ ਅਨੁਸਾਰ ਪੰਜਾਬ ਵਿਚ ਨਰਸਿੰਗ ਦੀ ਪੜ੍ਹਾਈ ਲਈ 8 ਹਜ਼ਾਰ ਸੀਟਾਂ ਹਨ। ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਵੱਲੋਂ ਕੀਤੀ ਦੂਜੇ ਗੇੜ ਦੀ ਕੌਂਸਲਿੰਗ ਤੋਂ ਬਾਅਦ 8 ਹਜ਼ਾਰ 'ਚੋਂ 5,500 ਸੀਟਾਂ ਖਾਲੀ ਰਹਿ ਗਈਆਂ ਹਨ।

ਸੂਤਰਾਂ ਅਨੁਸਾਰ ਪੰਜਾਬ ਵਿਚ ਬੀ.ਐਸ.ਸੀ. ਦੀ ਪੜ੍ਹਾਈ ਲਈ ਕੁੱਲ 109 ਕਾਲਜ ਹਨ, ਜਿਨ੍ਹਾਂ 'ਚੋਂ 103 ਕਾਲਜ ਪ੍ਰਾਈਵੇਟ ਹਨ ਅਤੇ ਐਮ.ਐਸ.ਸੀ. ਦੀ ਪੜ੍ਹਾਈ ਲਈ 27 ਕਾਲਜ ਹਨ, ਜਿਨ੍ਹਾਂ 'ਚੋਂ 25 ਕਾਲਜ ਪ੍ਰਾਈਵੇਟ ਹਨ। ਐਮ.ਐਸ.ਸੀ. ਲਈ 524 ਸੀਟਾਂ 'ਚੋਂ ਕਰੀਬ 500 ਸੀਟਾਂ ਖਾਲੀ ਹਨ। ਦਿਲਚਸਪ ਤੱਥ ਇਹ ਹੈ ਕਿ ਪਿੰਡ ਬਾਦਲ ਦੇ ਨਰਸਿੰਗ ਕਾਲਜ ਵਿਚ ਐਮ.ਐਸ.ਸੀ. ਦੀਆਂ ਸਾਰੀਆਂ 25 ਸੀਟਾਂ ਖਾਲੀ ਪਈਆਂ ਹਨ। ਇਸ ਕਾਲਜ ਵਿਚ ਆਧੁਨਿਕ ਸਹੂਲਤਾਂ ਹੋਣ ਦੇ ਬਾਵਜੂਦ ਕਿਸੇ ਵਿਦਿਆਰਥੀ ਨੇ ਦਾਖਲਾ ਨਹੀਂ ਲਿਆ। ਫਰੀਦਕੋਟ ਦੇ ਨਰਸਿੰਗ ਕਾਲਜ ਵਿਚ 50 'ਚੋਂ 11 ਸੀਟਾਂ ਖਾਲੀ ਹਨ।

ਜਾਣਕਾਰੀ ਅਨੁਸਾਰ ਪੰਜਾਬ ਦੇ ਸਰਕਾਰੀ ਨਰਸਿੰਗ ਕਾਲਜਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਫੀਸ 1.25 ਲੱਖ ਰੁਪਏ ਅਤੇ ਪ੍ਰਾਈਵੇਟ ਕਾਲਜਾਂ ਵਿਚ ਫੀਸ 2 ਲੱਖ ਰੁਪਏ ਰੱਖੀ ਗਈ ਸੀ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਦੇ ਵਿਦਿਆਰਥੀ ਇਥੇ ਪੜ੍ਹਾਈ ਕਰਨ ਦੀ ਥਾਂ ਵਿਦੇਸ਼ਾਂ ਦੀ ਪੜ੍ਹਾਈ ਨੂੰ ਤਰਜੀਹ ਦੇ ਰਹੇ ਹਨ। ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਕਾਰਨ ਪੰਜਾਬ ਦੇ ਨਰਸਿੰਗ ਕਾਲਜਾਂ ਨੂੰ ਇਸ ਸਾਲ ਕਰੀਬ 12 ਕਰੋੜ ਦਾ ਆਰਥਿਕ ਘਾਟਾ ਪਿਆ ਹੈ। ਨਰਸਿੰਗ ਕਾਲਜਾਂ 'ਚ ਪੜ੍ਹਾਈ ਦੀ ਰੁਚੀ ਘਟਣ ਨਾਲ ਪੜ੍ਹਾਈ ਦਾ ਮਿਆਰ ਵੀ ਕਾਫੀ ਹੇਠਾਂ ਡਿੱਗਿਆ ਹੈ। ਸੂਚਨਾ ਅਨੁਸਾਰ ਐਮ.ਐਸ.ਸੀ. ਨਰਸਿੰਗ 'ਚ ਦਾਖਲਾ ਲੈਣ ਲਈ 100 ਵਿਦਿਆਰਥੀਆਂ ਨੇ ਪ੍ਰਵੇਸ਼ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ 'ਚੋਂ 4 ਵਿਦਿਆਰਥੀ ਹੀ ਸਫਲ ਹੋ ਸਕੇ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

# ਜਗਤ ਗੁਰੂ ਪ੍ਰਥਮ ਪਾਤਿਸ਼ਾਹੀ
# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
# 551ਵੇਂ ਪ੍ਰਕਾਸ਼ ਪੁਰਬ
# ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ



ਗੁਰੂ-ਸੰਗਤਾਂ ਦਾ ਦਾਸ:
ਭਾਈ ਸੱਜਣ ਸਿੰਘ, ਫੋਨ: ਫੋਨ: 718-347-5659 ਜਾਂ 718-343-1030
*ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ*
*ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)*

ਪੰਜਾਬ ਟਾਈਮਜ਼

*ਸਨਿਚਰਵਾਰ, 28 ਨਵੰਬਰ 2020*

## ਆਖਰਕਾਰ ਜਮਹੂਰੀਅਤ ਜਿੱਤੀ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਰਕਾਰ ਆਪਣੀ ਹਾਰ ਸਵੀਕਾਰ ਕਰ ਲਈ ਹੈ ਅਤੇ ਆਪਣੇ ਪ੍ਰਸ਼ਾਸਨ ਨੂੰ ਇਹ ਸੁਨੇਹਾ ਦੇ ਦਿੱਤਾ ਹੈ ਕਿ ਇਹ ਸੱਤਾ ਤਬਦੀਲੀ ਦੀ ਪ੍ਰਕਿਰਿਆ ਹੁਣ ਚਾਲੂ ਕਰ ਦੇਵੇ। ਯਾਦ ਰਹੇ ਕਿ ਡੋਨਲਡ ਟਰੰਪ ਵੋਟਾਂ ਦੀ ਗਿਣਤੀ ਦੇ ਮਸਲੇ ਨੂੰ ਲੈ ਕੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਤੋਂ ਹਾਰ ਸਵੀਕਾਰਨ ਤੋਂ ਆਕੀ ਹੋ ਗਿਆ ਸੀ। ਕੁਝ ਕੁ ਰਿਪਬਲਿਕਨ ਆਗੂਆਂ ਨੇ ਇਸ ਮਸਲੇ ‘ਤੇ ਉਸ ਦੀ ਸਹਿੰਦੀ-ਸਹਿੰਦੀ ਨੁਕਤਾਚੀਨੀ ਕੀਤੀ ਸੀ ਪਰ ਕੁਝ ਰਿਬਪਲਿਕਨ ਟਰੰਪ ਦੀ ਹਮਾਇਤ ‘ਤੇ ਵੀ ਆ ਗਏ ਸਨ। ਇਸ ਮੋੜ ‘ਤੇ ਆ ਕੇ ਅਮਰੀਕਾ ਦੀ ਜਮਹੂਰੀਅਤ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਸਨ। ਮੀਡੀਆ ਅੰਦਰ ਪਿਛਲੇ ਸਮੇਂ ਦੌਰਾਨ ਵਾਪਰੀਆਂ ਅਜਿਹੀਆਂ ਘਟਨਾਵਾਂ ਦੇ ਜ਼ਿਕਰ ਦੇ ਨਾਲ-ਨਾਲ ਭਵਿੱਖ ਦੀਆਂ ਨੀਤੀਆਂ-ਰਣਨੀਤੀਆਂ ਬਾਰੇ ਵੀ ਬਹਿਸ-ਮੁਬਾਹਿਸੇ ਆਰੰਭ ਹੋ ਗਏ ਸਨ। ਉਂਜ, ਇਨ੍ਹਾਂ ਚੋਣਾਂ ਤੋਂ ਐਨ ਪਹਿਲਾਂ ਵੀ ਸਿਆਸੀ ਵਿਸ਼ਲੇਸ਼ਕ ਇਹ ਖਦਸ਼ਾ ਜ਼ਾਹਿਰ ਕਰ ਰਹੇ ਸਨ ਕਿ ਪੂਰੇ ਚਾਰ ਸਾਲ ਆਪਣੇ ਕਾਰਜਕਾਲ ਦੌਰਾਨ ਆਪਣੀ ਮਨਮਰਜ਼ੀ ਕਰਨ ਵਾਲਾ ਟਰੰਪ ਥੋੜ੍ਹੀ ਕੀਤੇ ਵ੍ਹਾਈਟ ਹਾਊਸ ਛੱਡੇਗਾ ਨਹੀਂ। ਬਹੁਤ ਸਾਰੇ ਅਜਿਹੇ ਤੱਥ ਵਾਰੀ-ਵਾਰੀ ਸਾਹਮਣੇ ਆ ਰਹੇ ਸਨ ਜਿਸ ਤੋਂ ਇਨ੍ਹਾਂ ਵਿਸ਼ਲੇਸ਼ਕਾਂ ਦਾ ਖਦਸ਼ਾ ਨਿਰਮੂਲ ਨਹੀਂ ਸੀ ਜਾਪਦਾ। ਚੋਣ ਮੁਹਿੰਮ ਦੌਰਾਨ ਹੀ ਸੁਪਰੀਮ ਕੋਰਟ ਦੀ ਇਕ ਜੱਜ ਦੀ ਮੌਤ ਤੋਂ ਬਾਅਦ ਟਰੰਪ ਨੇ ਜਿੰਨੀ ਤੇਜ਼ੀ ਨਾਲ ਨਵੀਂ ਜੱਜ ਦੀ ਨਿਯੁਕਤੀ ਕੀਤੀ, ਉਸ ਨੂੰ ਵੀ ਟਰੰਪ ਦੇ ਸੱਤਾ ਨਾਲ ਚਿੰਬੜੇ ਰਹਿਣ ਦੀ ਕੋਸ਼ਿਸ਼ ਨਾਲ ਹੀ ਜੋੜ ਕੇ ਦੇਖਿਆ ਜਾ ਰਿਹਾ ਸੀ। ਉਂਜ, ਇਸ ਦੇ ਨਾਲ ਹੀ ਇਹ ਵਿਚਾਰ ਵੀ ਆ ਰਹੇ ਸਨ ਕਿ ਅਮਰੀਕਾ ਅੰਦਰ ਵੱਖ-ਵੱਖ ਸੰਸਥਾਵਾਂ ਅੰਦਰ ਇੰਨੀ ਕੁ ਜਮਹੂਰੀਅਤ ਅਜੇ ਹੈ ਕਿ ਟਰੰਪ ਅਜਿਹੀ ਤਾਨਾਸ਼ਾਹੀ ਚਲਾ ਨਹੀਂ ਸਕੇਗਾ। ਹੁਣ ਵੀ ਇਨ੍ਹਾਂ ਜਮਹੂਰੀ ਸੰਸਥਾਵਾਂ ਦਾ ਹੀ ਦਬਾਅ ਸੀ ਕਿ ਉਸ ਨੂੰ ਆਪਣੀ ਹਾਰ ਸਵੀਕਾਰ ਕਰਨੀ ਪਈ।

ਡੋਨਲਡ ਟਰੰਪ ਦੀ ਥਾਂ ਜੋਅ ਬਾਇਡਨ ਵਲੋਂ ਕਮਾਨ ਸੰਭਾਲਣ ਨਾਲ ਭਾਵੇਂ ਸਮੁੱਚੇ ਅਮਰੀਕੀ ਸਿਸਟਮ ਨੂੰ ਤਾਂ ਬਹੁਤਾ ਫਰਕ ਨਹੀਂ ਪਵੇਗਾ ਪਰ ਪਿਛਲੇ ਚਾਰ ਦੌਰਾਨ ਟਰੰਪ ਨੇ ਆਪਣੀ ਸੱਜੇ ਪੱਖੀ ਸਿਆਸਤ ਰਾਹੀਂ ਅਮਰੀਕੀ ਸਮਾਜ ਵਿਚ ਜੋ ਵੰਡੀਆਂ ਪਾ ਦਿੱਤੀਆਂ ਸਨ, ਉਸ ਨੂੰ ਠੱਲ੍ਹ ਜ਼ਰੂਰ ਪਵੇਗੀ। ਇਸੇ ਕਰ ਕੇ ਸਿਆਸੀ ਵਿਸ਼ਲੇਸ਼ਕਾਂ ਵਲੋਂ ਵਾਰ-ਵਾਰ ਇਹੀ ਰਾਏ ਆ ਰਹੀ ਸੀ ਕਿ ਇਸ ਵਾਰ ਟਰੰਪ ਦੇ ਹਾਰਨ ਅਤੇ ਬਾਇਡਨ ਦੀ ਜਿੱਤ ਦੇ ਮਾਅਨੇ ਪਹਿਲੀਆਂ ਚੋਣਾਂ ਤੋਂ ਬਹੁਤ ਵੱਖਰੇ ਹਨ। ਮੁਲਕ ਪੱਧਰ ਉਤੇ ਹੀ ਨਹੀਂ, ਟਰੰਪ ਨੇ ਕੌਮਾਂਤਰੀ ਪੱਧਰ ਉਤੇ ਵੀ ਆਪਣੇ ਕਈ ਫੈਸਲਿਆਂ ਨਾਲ ਗੜਬੜਾਂ ਪੈਦਾ ਕੀਤੀਆਂ ਜਾਂ ਘੱਟੋ-ਘੱਟ ਅਗਾਂਹ ਗੜਬੜਾਂ ਹੋਣ ਲਈ ਰਾਹ ਖੋਲ੍ਹਿਆ। ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.) ਅਤੇ ਵਾਤਾਵਰਨ ਨਾਲ ਜੁੜੀ ਪੈਰਿਸ ਸੰਧੀ ਵਿਚੋਂ ਬਾਹਰ ਆਉਣ ਨੂੰ ਇਸ ਖਾਨੇ ਵਿਚ ਸਹਿਜੇ ਹੀ ਰੱਖਿਆ ਜਾ ਸਕਦਾ ਹੈ। ਪਰਮਾਣੂ ਮੁੱਦੇ ਉਤੇ ਇਰਾਨ ਨਾਲ ਜਿਸ ਤਰ੍ਹਾਂ ਨਜਿੱਠਣ ਦਾ ਯਤਨ ਕੀਤਾ ਗਿਆ, ਉਸ ਨਾਲ ਵੀ ਸੰਸਾਰ ਪੱਧਰ ‘ਤੇ ਤਣਾਅ ਵਧਣ ਦੇ ਖਦਸ਼ੇ ਸਨ ਜੋ ਅਜੇ ਵੀ ਖਤਮ ਨਹੀਂ ਹੋਏ। ਇਹੀ ਨਹੀਂ, ਚੀਨ ਨਾਲ ਵਪਾਰਕ ਪੱਧਰ ‘ਤੇ ਜਿਸ ਢੰਗ ਨਾਲ ਵਿਹਾਰ ਕਰਨਾ ਚਾਹੀਦਾ ਸੀ, ਉਹ ਕੀਤਾ ਹੀ ਨਹੀਂ ਗਿਆ ਸਗੋਂ ਕਰੋਨਾ ਵਾਇਰਸ ਦਾ ਬਹਾਨਾ ਬਣਾ ਕੇ ਲੋਕਾਂ ਨੂੰ ਗੁਮਰਾਹ ਕਰਨ ਅਤੇ ਆਪਣੀ ਪਿਛਾਂਹਖਿੱਚੂ ਸਿਆਸਤ ਕਰਨ ਦਾ ਯਤਨ ਹੀ ਕੀਤਾ ਗਿਆ। ਹੁਣ ਜਦੋਂ ਜੋਅ ਬਾਇਡਨ 20 ਜਨਵਰੀ ਨੂੰ ਸਹੁੰ ਚੁੱਕ ਕੇ ਮੁਲਕ ਦੀ ਕਮਾਨ ਸੰਭਾਲਣਗੇ ਤਾਂ ਇਸ ਲਿਹਾਜ਼ ਨਾਲ ਨਵੀਂ ਸ਼ੁਰੂਆਤ ਹੋਵੇਗੀ। ਦੂਜੇ ਬੰਨੇ ਸੱਤਾ ਤੋਂ ਵੱਖ ਹੋਣ ਤੋਂ ਬਾਅਦ ਡੋਨਲਡ ਟਰੰਪ ਦੀਆਂ ਸਮੱਸਿਆਵਾਂ ਵਿਚ ਵਾਧਾ ਹੋ ਸਕਦਾ ਹੈ। ਕੁਝ ਕਾਰੋਬਾਰੀ ਮਸਲਿਆਂ ‘ਤੇ ਉਨ੍ਹਾਂ ਖਿਲਾਫ ਕੇਸ ਚੱਲ ਸਕਦਾ ਹੈ ਕਿਉਂਕਿ ਰਾਸ਼ਟਰਪਤੀ ਹੁੰਦਿਆਂ ਉਨ੍ਹਾਂ ਖਿਲਾਫ ਕੇਸ ਚਲਾਉਣ ਤੋਂ ਛੋਟ ਮਿਲੀ ਹੋਈ ਸੀ। ਦੂਜੇ, ਉਸ ਦੀਆਂ ਆਮਦਨ ਰਿਟਰਨਾਂ ਦਾ ਮਸਲਾ ਚਾਰ ਸਾਲ ਬਾਅਦ ਵੀ ਜਿਉਂ ਦਾ ਤਿਉਂ ਹੈ। ਇਹ ਮਸਲਾ ਵੀ ਹੁਣ ਉਸ ਨੂੰ ਨਜਿੱਠਣਾ ਪਵੇਗਾ।

ਨਵੇਂ ਰਾਸ਼ਟਰਪਤੀ ਬਾਇਡਨ ਨੇ ਆਪਣੇ ਕਾਰਜਕਾਲ ਦੀ ਤਿਆਰੀ ਚੋਣ ਨਤੀਜੇ ਆਉਣ ਦੇ ਨਾਲ ਹੀ ਆਰੰਭ ਕਰ ਦਿੱਤੀ ਸੀ। ਕਰੋਨਾ ਸੰਕਟ ਨੂੰ ਉਸ ਨੇ ਬਾਕਾਇਦਾ ਤਰਜੀਹ ਦਿੱਤੀ ਹੈ ਅਤੇ ਆਪਣੀ ਟੀਮ ਨਾਲ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਕਰੋਨਾ ਮਹਾਮਾਰੀ ਦੀ ਸਭ ਤੋਂ ਵੱਧ ਅਮਰੀਕਾ ਵਿਚ ਹੀ ਪਈ ਹੈ। ਮੁਲਕ ਵਿਚ ਹੁਣ ਤੱਕ ਸਵਾ ਕਰੋੜ ਤੋਂ ਉਪਰ ਮਰੀਜ਼ ਰਿਕਾਰਡ ‘ਤੇ ਆ ਚੁੱਕੇ ਹਨ ਅਤੇ ਮੌਤਾਂ ਦੀ ਗਿਣਤੀ ਵੀ ਢਾਈ ਲੱਖ ਤੋਂ ਉਪਰ ਚਲੀ ਗਈ ਹੈ। ਇਸ ਨਾਲ ਮੁਲਕ ਦੀ ਆਰਥਕਿਤਾ ਨੂੰ ਵੀ ਵੱਡੀ ਢਾਹ ਲੱਗੀ ਹੈ। ਜ਼ਾਹਿਰ ਹੈ ਕਿ ਨਵੇਂ ਰਾਸ਼ਟਰਪਤੀ ਬਾਇਡਨ ਅੱਗੇ ਕਈ ਫਰੰਟਾਂ ‘ਤੇ ਚੁਣੌਤੀਆਂ ਹਨ। ਉਹ ਬਰਾਕ ਓਬਾਮਾ ਦੇ ਅੱਠ ਸਾਲਾਂ ਦੇ ਕਾਰਜਕਾਲ ਦੌਰਾਨ ਮੁਲਕ ਦੇ ਉਪ ਰਾਸ਼ਟਰਪਤੀ ਰਹੇ ਹਨ। ਇਸ ਲਈ ਕਿਹਾ ਜਾ ਰਿਹਾ ਹੈ ਕਿ ਬਰਾਕ ਓਬਾਮਾ ਵਾਲਾ ਯੁੱਗ ਇਕ ਵਾਰ ਫਿਰ ਬਦਲਵੇਂ ਰੂਪ ਵਿਚ ਆ ਰਿਹਾ ਹੈ। ਬਾਇਡਨ ਨੇ ਉਸ ਦੌਰਾਨ ਨਾਲ ਜੁੜੇ ਆਗੂਆਂ ਦੀਆਂ ਸੇਵਾਵਾਂ ਲੈ ਕੇ ਇਸ ਬਾਰੇ ਸਪਸ਼ਟ ਸੁਨੇਹਾ ਵੀ ਦੇ ਦਿੱਤਾ ਹੈ। ਬਿਨਾ ਸ਼ੱਕ, ਬਰਾਕ ਓਬਾਮਾ ਨੇ ਆਪਣੇ ਕਾਰਜਕਾਲ ਦੌਰਾਨ ਆਪਣੀ ਵੱਖਰੀ ਪਛਾਣ ਬਣਾਈ ਸੀ। ਹੁਣ ਦੇਖਣਾ ਇਹ ਹੈ ਕਿ ਜੋਅ ਬਾਇਡਨ ਆਪਣੇ ਆਕਾ ਤੋਂ ਕਿੰਨੇ ਕਦਮ ਅਗਾਂਹ ਜਾਂਦੇ ਹਨ! ਉਂਜ, ਬਹੁਤ ਸਾਰੇ ਮਾਮਲਿਆਂ ਵਿਚ ਇਹ ਤੱਥ ਤਾਂ ਸਾਫ ਹੈ ਕਿ ਡੋਨਲਡ ਟਰੰਪ ਨੇ ਪਿਛਲੇ ਚਾਰ ਸਾਲਾਂ ਦੌਰਾਨ ਜਿਸ ਤਰ੍ਹਾਂ ਜਮਹੂਰੀ ਸੰਸਥਾਵਾਂ ਨੂੰ ਆਪਣੇ ਢੰਗ ਨਾਲ ਚਲਾਉਣ ਸੀ ਕੋਸ਼ਿਸ਼ ਕੀਤੀ ਸੀ, ਉਸ ਨਿਘਾਰ ਨੂੰ ਠੱਲ੍ਹ ਪਵੇਗੀ। ਤੱਥ ਇਹ ਵੀ ਹੈ ਕਿ ਅਮਰੀਕੀ ਸਿਸਟਮ ਅੰਦਰ ਬਹੁਤ ਸਾਰੇ ਫੈਸਲਿਆਂ ਉਤੇ ਕਾਰਪੋਰੇਟ ਜਗਤ ਦਾ ਸਿੱਧਾ-ਅਸਿੱਧਾ ਅਸਰ ਹੁੰਦਾ ਹੈ ਪਰ ਆਸ ਕਰਨੀ ਚਾਹੀਦੀ ਹੈ ਕਿ ਜੋਅ ਬਾਇਡਨ ਅਹਿਮ ਕੌਮੀ ਅਤੇ ਕੌਮਾਂਤਰੀ ਮਸਲਿਆਂ ਨੂੰ ਰਵਾਂ ਕਰਨਗੇ ਅਤੇ ਅਵਾਮ ਨੂੰ ਕਰੋਨਾ ਤੇ ਹੋਰ ਅਜਿਹੀਆਂ ਔਕੜਾਂ ਤੋਂ ਰਾਹਤ ਮਿਲੇਗੀ।

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਥੇਦਾਰਾਂ ਦਾ ਕਬਿੱਤ!*

ਖਾਣ ਲਈ ‘ਬੁਰਕੀਆਂ’ ਦੀ ਕੁੱਤਾ-ਝਾਕ ਰੱਖਦੇ ਜੋ, ਉਨ੍ਹਾਂ ‘ਗੁਲਾਮੀ-ਜੂਲ਼ਾ’ ਹੱਸ ਹੱਸ ਸਹਿਣਾ ਏ।
ਪੰਥ ਤੇ ਪੰਜਾਬ ਨਾਲ ਕਰਨਾ ਪਿਆਰ ਜਿਨ੍ਹਾਂ, ਉਨ੍ਹਾਂ ਕੌਮਘਾਤੀਆਂ ਦੇ ਨਾਲ ਸਦਾ ਖਹਿਣਾ ਏ।
ਖੂਹ ਵਿਚੋਂ ਡਿੱਗੀ ਬਿੱਲੀ ਜਦੋਂ ਤਾਈਂ ਕੱਢੀਏ ਨਾ, ਉਦੋਂ ਤੱਕ ਪਾਣੀ ‘ਚੋਂ ਮੁਸ਼ਕ ਆਉਂਦਾ ਰਹਿਣਾ ਏ।
‘ਸਿੰਘ ਹਰਪ੍ਰੀਤ’ ਕੋਈ ਬਣੇ ‘ਲਵਪ੍ਰੀਤ’ ਨਵਾਂ, ਉਹਨੂੰ ‘ਗੁਰਬਚਨ ਸਿੰਘ’ ਬਣਨਾ ਹੀ ਪੈਣਾ ਏ।
ਕੌਮ ਦਾ ‘ਹਿਤੈਸ਼ੀ’ ਚਾਹੇ ਬਣ ਬਣ ਦੱਸੀ ਜਾਵੇ, ਅੰਦਰੋਂ ਸਮਝ ਲਿਉ ‘ਬਾਦਲਾਂ ਦਾ ਗਹਿਣਾ’ ਏ।
ਸੱਤਵੇਂ ਆਕਾਸ਼ ਤੱਕ ਚੜ੍ਹਿਆ ਗਰੂਰ ਜਿਹੜਾ, ‘ਕੱਠੇ ਹੋਣ ਦਰਦੀ ਤਦੇ ਹੀ ਥੱਲੇ ਲਹਿਣਾ ਏਂ!

# ਪੰਜਾਬੀਆਂ ਵਿਚ ਬੇਗਾਨਗੀ ਪੈਦਾ ਕਰ ਰਹੀ ਹੈ ਮੋਦੀ ਸਰਕਾਰ

*ਪੰਜਾਬ ਵਿਚ ਕਿਸਾਨ ਘੋਲ ਸਿਖਰ ਵੱਲ ਵਧ ਰਿਹਾ ਹੈ ਪਰ ਕੇਂਦਰ ਸਰਕਾਰ ਦਾ ਇਸ ਘੋਲ ਪ੍ਰਤੀ ਹੁਣ ਤਕ ਦਾ ਜਿਹੜਾ ਰਵੱਈਆ ਹੈ, ਉਹ ਬੇਗਾਨਗੀ ਪੈਦਾ ਕਰਨ ਵਾਲਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਡਾ. ਪਿਆਰਾ ਲਾਲ ਗਰਗ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਦੱਸਿਆ ਹੈ ਕਿ ਕੇਂਦਰ ਕਿਸ ਢੰਗ ਨਾਲ ਪੰਜਾਬ ਦੇ ਕਿਸਾਨਾਂ ਨਾਲ ਵਧੀਕੀ ਕਰ ਰਹੀ ਹੈ। -ਸੰਪਾਦਕ*

ਖੇਤੀ ਕਾਨੂੰਨਾਂ, ਜ਼ਰੂਰੀ ਵਸਤਾਂ ਦਾ ਕਾਨੂੰਨ, ਬਿਜਲੀ ਬਾਰੇ ਤਜਵੀਜ਼ਸ਼ੁਦਾ ਕਾਨੂੰਨ ਅਤੇ ਕਾਮਿਆਂ ਵਿਰੋਧੀ ਕਾਨੂੰਨਾਂ ਦੀ ਹਕੀਕਤ ਜੱਗ-ਜ਼ਾਹਰ ਹੈ। ਕੇਂਦਰ ਨੇ ਏਕਾਧਿਕਾਰ ਰਾਹੀਂ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਖੋਹਣ ਅਤੇ ਆਰਥਿਕਤਾ ਤੇ ਵਪਾਰ ਦੇ ਵੱਖ-ਵੱਖ ਖੇਤਰਾਂ 'ਤੇ ਦੇਸ਼ੀ ਤੇ ਵਿਦੇਸ਼ੀ ਕਾਰਪੋਰੇਟਰਾਂ ਦੇ ਕਬਜ਼ੇ ਕਰਵਾਉਣ ਵਾਲੇ ਕਾਨੂੰਨ ਸੋਚੀ ਸਮਝੀ ਚਾਲ ਤਹਿਤ ਕੋਵਿਡ-19 ਮਹਾਂਮਾਰੀ ਦੌਰਾਨ ਜਮਹੂਰੀਅਤ ਨੂੰ ਛਿੱਕੇ ਟੰਗ ਕੇ ਪਾਸ ਕੀਤੇ ਹਨ। ਇਹ ਕਾਨੂੰਨ ਜਨ-ਸਮੂਹਾਂ ਦੇ ਮੂੰਹੋਂ ਰੋਟੀ, ਬੱਚਿਆਂ ਦੇ ਮੂੰਹੋਂ ਦੁੱਧ ਖੋਹ ਲੈਣਗੇ। ਪਹਿਲਾਂ ਹੀ ਭੁੱਖਮਰੀ ਦਾ ਸ਼ਿਕਾਰ ਭਾਰਤੀ ਹੱਡੀਆਂ ਦੀ ਮੁੱਠ ਬਣ ਜਾਣਗੇ। ਖੇਤੀ, ਜ਼ਮੀਨ ਅਤੇ ਮੰਡੀ ਬਾਬਤ ਵਿਸ਼ੇ ਸੰਵਿਧਾਨ ਦੀ ਸੂਬਾਈ



**ਡਾ. ਪਿਆਰਾ ਲਾਲ ਗਰਗ**
**ਫੋਨ: +91-99145-05009**

ਸੂਚੀ ਵਿਚ ਮੱਦ 14, 18 ਤੇ 28 ਹਨ। ਕੇਂਦਰ ਨੇ ਉਕਤ ਕਾਨੂੰਨ ਕਾਰਪੋਰੇਟਾਂ ਦੇ ਹਿਤਾਂ ਲਈ ਸੂਬਿਆਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਦਰਕਿਨਾਰ ਕਰ ਕੇ ਬਣਾਏ ਹਨ।

ਜ਼ਰੂਰੀ ਵਸਤਾਂ ਸਬੰਧੀ ਤਜਵੀਜ਼ਸ਼ੁਦਾ ਕਾਨੂੰਨ ਤੀਜੀ ਸੰਵਿਧਾਨਕ ਸੋਧ (1954) ਰਾਹੀਂ ਸਾਂਝੀ ਸੂਚੀ ਦੀ ਮੱਦ 33 ਵਿਚ ਬਦਲਾਓ ਦੇ ਉਦੇਸ਼ਾਂ ਦਾ ਵੀ ਉਲੰਘਣ ਹੈ। ਇਹ ਸੋਧ ਭੋਜਨ ਪਦਾਰਥਾਂ ਵਰਗੀਆਂ ਵਸਤਾਂ ਦੀ ਜਮ੍ਹਾਂਖੋਰੀ, ਅਸਮਾਨੀਂ ਚੜ੍ਹਦੀਆਂ ਕੀਮਤਾਂ ਤੇ ਬਾਜ਼ਾਰ ਵਿਚ ਥੁੜ੍ਹ ਰੋਕਣ ਵਾਸਤੇ ਕੀਤੀ ਗਈ ਸੀ। ਸਰਕਾਰ ਨੇ ਮੌਜੂਦਾ ਕਾਨੂੰਨ ਜਮ੍ਹਾਂਖੋਰੀ, ਮਨਮਰਜ਼ੀ ਦੀਆਂ ਕੀਮਤਾਂ ਤੇ ਥੁੜ੍ਹ ਪੈਦਾ ਕਰਨ ਨੂੰ ਖੁੱਲ੍ਹ ਦੇਣ ਲਈ ਪਾਸ ਕੀਤਾ ਹੈ। ਜ਼ਰੂਰੀ ਭੋਜਨ ਵਸਤਾਂ ਬਹੁਤ ਹੀ ਮਹਿੰਗੀਆਂ ਮਿਲਣਗੀਆਂ ਅਤੇ ਦੇਸ਼ ਦੀ ਬਹੁਗਿਣਤੀ ਦੀ ਪਹੁੰਚ ਵਿਚ ਨਹੀਂ ਰਹਿਣਗੀਆਂ। ਇਨ੍ਹਾਂ ਵਿਰੁਧ ਕਿਸਾਨਾਂ ਨੇ ਯੋਜਨਾਬੱਧ ਤੇ ਸ਼ਾਂਤਮਈ ਸੰਘਰਸ਼ ਵਿੱਢਿਆ ਹੈ ਜੋ ਅਜੇ ਤੱਕ ਕਾਫੀ ਸਫਲ ਰਿਹਾ ਹੈ ਪਰ ਸੰਘਰਸ਼ ਕਰਨ ਵਾਲਿਆਂ ਨੂੰ ਸਰਕਾਰ ਦੀ ਬੋਲੀ ਬੋਲਦੇ, ਇਕ-ਪੱਖੀ ਅੰਕੜੇ ਦਿੰਦੇ, ਨਿੱਜੀ ਮੁਫਾਦ ਵਾਲੇ, ਥੋਥੀਆਂ ਦਲੀਲਾਂ, ਮੁਹਾਰਤ ਅਤੇ ਗਿਆਨ ਦੇ ਹੰਕਾਰੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਆਪਣਾ ਬਣ ਕੇ ਮਨੋਬਲ ਡਿਗਾਉਣ ਵਾਲਿਆਂ, ਕਿਸਾਨਾਂ ਨੂੰ ਕਾਨੂੰਨਾਂ ਦੀ ਸਮਝ ਨਹੀਂ ਕਹਿਣ ਵਾਲਿਆਂ, ਕਾਨੂੰਨ ਬਣ ਗਏ, ਅੰਦੋਲਨ ਕੀ ਕਰੇਗਾ, ਪੰਜਾਬ ਦੇ ਕਣਕ-ਝੋਨੇ ਦੀ ਕੋਈ ਲੋੜ ਨਹੀਂ ਭਾਰਤ ਨੂੰ, ਐਮ.ਐਸ.ਪੀ. ਬੰਦ ਹੋਣੀ ਹੀ ਹੈ, ਖੇਤੀ ਵਿਚੋਂ ਬੰਦੇ ਕੱਢਣੇ ਹੀ ਪੈਣੇ ਹਨ, ਖੇਤੀ ਰੁਜ਼ਗਾਰ ਦਾ ਮੁੱਖ ਵਸੀਲਾ ਹੈ ਹੀ ਨਹੀਂ, ਕਹਿਣ ਵਾਲਿਆਂ ਤੋਂ ਅਤੇ ਅੰਦੋਲਨ ਦੇ ਏਕੇ ਦੇ ਬਾਵਜੂਦ ਵੱਖਰੀ ਰਾਏ ਨੂੰ ਹੀ ਵੱਡੇ ਮਤਭੇਦ ਬਣਾ ਕੇ ਪੇਸ਼ ਕਰਨ ਵਾਲਿਆਂ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ। ਹਕੀਕਤ ਇਹ ਹੈ ਕਿ ਸੰਘਰਸ਼ ਦੇ ਦਬਾਅ ਹੇਠ ਹੀ ਪੰਜਾਬ ਵਿਧਾਨ ਸਭਾ ਵਿਚ ਪੰਜਾਬ ਦੇ ਖੇਤੀ ਆਧਾਰਿਤ ਅਰਥਚਾਰੇ ਦੀ ਅਤੇ ਸਾਡੇ ਸੰਵਿਧਾਨ ਵਿਚ ਚਿਤਵੇ ਅਤੇ ਬਣਾਏ ਗਏ ਸੰਘੀ ਢਾਂਚੇ (ਫੈਡਰਲਿਜ਼ਮ) ਦੀ ਰਾਖੀ ਵਾਸਤੇ, ਵੱਡੀ ਪਹਿਲ ਕਰ ਕੇ ਇੱਥੋਂ ਦੀ ਸਿਆਸੀ ਲੀਡਰਸ਼ਿਪ ਨੇ ਕੇਂਦਰ ਦੇ ਖੇਤੀ ਕਾਨੂੰਨ ਅਤੇ ਬਿਜਲੀ ਦੇ ਤਜਵੀਜ਼ਸ਼ੁਦਾ ਕਾਨੂੰਨ ਰੱਦ ਕੀਤੇ ਹਨ। ਸਾਰੀਆਂ ਪਾਰਟੀਆਂ ਦੇ ਏਕੇ ਦਾ ਇਹ ਇਤਿਹਾਸਕ ਯੋਗਦਾਨ ਹੈ।

ਵਿਧਾਨ ਸਭਾ ਵਿਚ ਬਿੱਲ ਪੜ੍ਹਨ ਵਾਸਤੇ ਸਮਾਂ ਨਾ ਮਿਲਣ ਦੇ ਬਾਵਜੂਦ, ਸਿਆਸੀ ਪਾਰਟੀਆਂ ਨੇ ਵੱਡੀ ਸਮਝਦਾਰੀ ਵਰਤੀ, 115 ਵਿਧਾਇਕ ਇਕੱਠੇ ਪੰਜਾਬ ਦੇ ਰਾਜਪਾਲ ਵੀ.ਪੀ. ਬਦਨੌਰ ਨੂੰ ਮਿਲਣ ਗਏ ਅਤੇ ਇਕੱਠਿਆਂ ਨੇ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਦਸਤਾਵੇਜ਼ ਪੇਸ਼ ਕੀਤੇ ਪਰ ਇਸ ਉਪਰੰਤ ਮੁੱਖ ਮੰਤਰੀ ਵਲੋਂ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵੇਲੇ ਵਿਖਾਈ ਰਾਜਸੀ ਸੂਝ ਕਮਜ਼ੋਰ ਪੈ ਰਹੀ ਹੈ, ਕਾਂਗਰਸ ਨੇ ਲੱਡੂ ਵੰਡ ਕੇ ਉਸ ਨੂੰ ਹੋਰ ਕਮਜ਼ੋਰ ਕਰ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਨੂੰ ਰਾਸ਼ਟਰਪਤੀ ਵਲੋਂ ਮਿਲਣ ਤੋਂ ਇਨਕਾਰ ਕਰਨ ਕਰ ਕੇ ਜੰਤਰ ਮੰਤਰ ਉਪਰ ਮਾਰੇ ਧਰਨੇ ਵਿਚ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਨਵੇਂ ਬਣੇ ਅਕਾਲੀ ਦਲ ਦੇ ਪਰਮਿੰਦਰ ਢੀਂਡਸਾ ਅਤੇ ਸੁਖਪਾਲ ਸਿੰਘ ਖਹਿਰਾ ਨੇ ਸ਼ਾਮਿਲ ਹੋ ਕੇ ਜਿੱਥੇ ਆਪਣਾ ਸਿਆਸੀ ਕੱਦ ਵਧਾਇਆ ਹੈ, ਉਥੇ ਪੰਜਾਬ ਦੀ ਪਗੜੀ ਦੀ ਵੀ ਲਾਜ ਰੱਖੀ ਹੈ।

ਸਾਂਝੀ ਸੂਚੀ ਦੇ ਪੱਜ ਖੇਤੀ ਉਪਰ ਵੀ ਕੇਂਦਰ ਨੇ ਡਾਕਾ ਮਾਰ ਲਿਆ ਅਤੇ ਸੂਬਿਆਂ ਨੂੰ ਮਿਉਂਸਪਲ ਕਮੇਟੀਆਂ ਬਣਾ ਦਿੱਤਾ। ਜੀ.ਐਸ.ਟੀ. ਰਾਹੀਂ ਸੂਬਿਆਂ ਦੇ ਮਾਲੀਏ ਦੀ ਵਸੂਲੀ ਕਰ ਕੇ ਵਾਪਸ ਦੇਣ ਵੇਲੇ ਆਨਾਕਾਨੀ ਸ਼ੁਰੂ ਕਰ ਦਿੱਤੀ, ਯੂ.ਏ.ਪੀ.ਏ. ਦੇ ਤਹਿਤ ਅਮਨ ਕਾਨੂੰਨ ਦਾ ਅਧਿਕਾਰ ਖੋਹ ਲਿਆ। ਪਾਣੀ ਤੇ ਸੜਕੀ ਆਵਾਜਾਈ ਉਪਰ ਅਧਿਕਾਰ ਜਮਾ ਲਿਆ। ਸਕੂਲੀ ਸਿੱਖਿਆ ਉਪਰ ਕਬਜ਼ਾ ਕਰ ਲਿਆ। ਮੈਡੀਕਲ ਸਿੱਖਿਆ ਨੂੰ ਆਪਣੇ ਕਬਜ਼ੇ ਵਿਚ ਕਰ ਕੇ ਮਿਆਰ ਬਣਾਉਣ ਦੇ ਸਾਰੇ ਨਿਯਮ ਛਿੱਕੇ ਟੰਗ ਕੇ ਪ੍ਰਾਈਵੇਟਾਂ ਨੂੰ ਮਨਮਰਜ਼ੀ ਦੀ ਖੁੱਲ੍ਹ ਦੇ ਦਿੱਤੀ, ਵਿੱਦਿਆ ਨੂੰ ਵਪਾਰ ਬਣਾ ਦਿੱਤਾ। ਮਾਤ ਭਾਸ਼ਾ ਉਪਰ ਹਮਲਾ ਕਰ ਦਿੱਤਾ। ਮੌਜੂਦਾ ਕੇਂਦਰ ਸਰਕਾਰ ਨੇ ਤਾਂ ਦੋ ਦਹਾਕਿਆਂ ਤੋਂ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਵੀ ਸਾਂਝ ਦਾ ਧਰਮ ਨਹੀਂ ਨਿਭਾਇਆ। ਕਿਸਾਨਾਂ ਦੇ ਸੰਘਰਸ਼ ਨੂੰ ਪਛਾਣਦੇ ਹੋਏ ਹਰਸਿਮਰਤ ਕੌਰ ਬਾਦਲ ਨੂੰ ਅਸਤੀਫਾ ਦੇਣਾ ਪਿਆ। ਕਹਿੰਦੇ ਹਨ ਕਿ ਅਸਤੀਫੇ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਮਿਲਣ ਤੋਂ ਵੀ ਨਾਂਹ ਕਰ ਦਿੱਤੀ, ਆਖਰੀ ਦੁਆ ਸਲਾਮ ਦਾ ਸ਼ਿਸ਼ਟਾਚਾਰ ਵੀ ਨਹੀਂ ਨਿਭਾਇਆ। 'ਸੱਜਣ ਛੱਡੀਏ ਰੰਗ ਸਿਉ ਫਿਰ ਮਿਲਣ ਦੀ ਆਸ' ਵੀ ਮਾਰ ਦਿੱਤੀ। ਔਰਤ ਅਤੇ ਵਜ਼ੀਰ ਹੋਣ ਦੇ ਨਾਤੇ ਸ਼ਿਸ਼ਟਾਚਾਰ ਤੇ ਰਾਜਸੀ ਸੂਝ ਦੇ ਤਕਾਜ਼ੇ ਨਾਲ ਪ੍ਰਧਾਨ ਮੰਤਰੀ ਦਾ ਉਨ੍ਹਾਂ ਨੂੰ ਨਾ ਮਿਲਣਾ ਨਿੰਦਣਯੋਗ ਹੈ। ਇਸ ਨੂੰ ਕਿਸੇ ਤਰ੍ਹਾਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਕੇਂਦਰੀ ਮੰਤਰੀਆਂ ਦਾ ਕਿਸਾਨਾਂ ਪ੍ਰਤੀ ਰਵੱਈਆ, ਪੰਜਾਬ ਨੂੰ ਆਉਂਦੀਆਂ ਮਾਲ ਗੱਡੀਆਂ ਬੰਦ ਕਰ ਕੇ ਪੰਜਾਬ ਦੀ ਆਰਥਿਕ ਨਾਕੇਬੰਦੀ ਵਰਗਾ ਕੰਮ, ਪੰਜਾਬ ਨਾਲ ਵਿਤਕਰਾ ਕਰਕੇ ਬੇਗਾਨਗੀ ਦੀ ਭਾਵਨਾ ਭਰ ਦਿੱਤੀ ਗਈ। ਪੰਜਾਬ ਨੇ ਆਜ਼ਾਦੀ ਦੀ ਜੰਗ ਵਿਚ ਸਭ ਤੋਂ ਵੱਧ ਸਿਰ ਦਿੱਤੇ, ਕਾਲੇ ਪਾਣੀ ਦੀ ਜੇਲ੍ਹ ਵਿਚ ਪੰਜਾਬੀਆਂ, ਵਿਸ਼ੇਸ਼ ਕਰ ਕੇ ਸਿੱਖਾਂ ਦੇ ਸਿਰ ਸਭ ਤੋਂ ਜ਼ਿਆਦਾ ਹਨ ਜਿਨ੍ਹਾਂ ਦੀ ਬਦੌਲਤ ਅੱਜ ਉਹ ਲੋਕ ਤਾਕਤ ਵਿਚ ਆਏ ਹਨ ਜਿਨ੍ਹਾਂ ਦਾ ਇਕ-ਅੱਧਾ ਜੇ ਫਸ ਵੀ ਗਿਆ ਤਾਂ ਮਾਫੀਆਂ ਮੰਗ-ਮੰਗ ਕੇ ਬਾਹਰ ਆਇਆ; ਜਦਕਿ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਫਾਂਸੀਆਂ 'ਤੇ ਲਟਕਣ ਵਾਸਤੇ ਤਤਪਰ ਰਹੇ ਪਰ ਈਨ ਨਹੀਂ ਮੰਨੀ।

ਜੰਗੇ-ਆਜ਼ਾਦੀ ਦੌਰਾਨ ਆਜ਼ਾਦੀ ਘੁਲਾਟੀਆਂ ਨੇ ਕੁਝ ਸੁਫਨੇ ਲਏ ਸਨ। ਫਿਰ ਸੰਵਿਧਾਨ ਬਣਾਇਆ ਸੀ ਜਿਸ ਦੀ ਪ੍ਰਸਤਾਵਨਾ ਨੂੰ ਅੱਜ ਤਾਰ-ਤਾਰ ਕੀਤਾ ਜਾ ਰਿਹਾ ਹੈ। ਪੰਜਾਬ ਵਲੋਂ ਪਾਸ ਕੀਤੇ ਕਾਨੂੰਨਾਂ ਦੀ ਹਰ ਧਾਰਾ ਸੰਘੀ ਢਾਂਚੇ ਦੇ ਹੱਕ ਵਿਚ ਹੈ। ਸੂਬੇ ਵਲੋਂ ਜ਼ਰੂਰੀ ਵਸਤਾਂ ਬਾਬਤ ਹੁਕਮ ਕਰਨ ਦਾ ਹੱਕ, ਘੱਟੋ-ਘੱਟ ਸਮਰਥਨ ਮੁੱਲ ਦਾ ਹੱਕ, ਕਿਸਾਨਾਂ ਦਾ ਅਦਾਲਤੀ ਦਰਵਾਜ਼ਾ ਖੜਕਾਉਣ ਦਾ ਹੱਕ, ਖੇਤੀ ਵਸਤਾਂ ਦੇ ਵਪਾਰ ਉਪਰ ਟੈਕਸ ਲਾਉਣ ਦਾ ਹੱਕ, ਸੰਘੀ ਢਾਂਚੇ ਉਪਰ ਹੋਏ ਹਮਲੇ ਦਾ ਹੀ ਤੋੜ ਹਨ। ਸੰਵਿਧਾਨ ਦੀ ਸਾਂਝੀ ਸੂਚੀ, ਲਿਸਟ ਤਿੰਨ ਵਿਚ ਸ਼ਾਮਿਲ ਮੁੱਦਿਆਂ ਉਪਰ ਸੂਬਿਆਂ ਨੂੰ ਵੀ ਕਾਨੂੰਨ ਬਣਾਉਣ ਦਾ ਜਾਂ ਸੋਧ ਕਰਨ ਦਾ ਹੱਕ ਹੈ। ਸੂਬੇ ਵਾਧੇ ਕਰ ਸਕਦੇ ਹਨ, ਉਨ੍ਹਾਂ ਨੂੰ ਤਕੜੇ ਕਰ ਸਕਦੇ ਹਨ ਪਰ ਕੇਂਦਰ ਦਾ ਕਾਨੂੰਨ ਉਪਰ ਮੰਨਿਆ ਜਾਂਦਾ ਹੈ। ਕੇਂਦਰੀ ਕਾਨੂੰਨ ਦੇ ਉਲਟ ਸੂਬੇ ਦੇ ਕਾਨੂੰਨ ਦੀਆਂ ਮਦਾਂ ਆਪਣੇ-ਆਪ ਰੱਦ ਸਮਝੀਆਂ ਜਾਂਦੀਆਂ ਹਨ। ਪੰਜਾਬ ਦੀਆਂ ਤਰਮੀਮਾਂ ਵਿਚ ਕਿਸਾਨ ਨੂੰ (1) ਅਦਾਲਤ ਜਾਣ ਦਾ ਹੱਕ ਦੇਣਾ, ਐਮ.ਐਸ.ਪੀ. ਤੋਂ ਘੱਟ ਖਰੀਦ ਨਾ ਕਰ ਸਕਣਾ, ਅਜਿਹਾ ਕਰਨ ਉਪਰ ਦੰਡ ਦਾ ਉਪਬੰਧ ਕਮਜ਼ੋਰ ਪਾਰਟੀ ਦੀ ਸੁਰੱਖਿਆ ਹੈ, ਜ਼ਖੀਰੇਬਾਜ਼ੀ ਨਾਲ ਵਸਤਾਂ ਦੀ ਥੁੜ ਹੋ ਜਾਣ ਉਪਰ ਇਨ੍ਹਾਂ ਦੇ ਸਟਾਕ ਵੇਚ ਅਤੇ ਭਾਅ ਉਪਰ ਸੂਬੇ ਵਲੋਂ ਵੀ ਕੰਟਰੋਲ ਕਰਨਾ, ਕੇਂਦਰ ਦੇ ਕਾਨੂੰਨ ਦਾ ਵਿਰੋਧ ਨਹੀਂ ਸਗੋਂ ਇਹ ਤਾਂ ਸੰਵਿਧਾਨ ਅਤੇ ਕੁਦਰਤੀ ਇਨਸਾਫ ਦੇ ਨਿਯਮਾਂ ਦੇ ਹੀ ਅਨੁਸਾਰ ਹੈ।

ਖਰੀਦ ਉਪਰ ਟੈਕਸ, ਭਾਵ ਮੰਡੀ ਟੈਕਸ ਲਾਉਣ ਦੀ ਕੇਂਦਰ ਦੇ ਕਾਨੂੰਨ ਦੀ ਧਾਰਾ 6 ਦੇ ਤਹਿਤ ਪੂਰੀ ਮਨਾਹੀ ਕੀਤੀ ਹੋਈ ਹੈ। ਸੂਬੇ ਵਲੋਂ ਟੈਕਸ ਲਾਉਣਾ ਸੰਵਿਧਾਨਕ ਪ੍ਰਬੰਧਾਂ ਅਨੁਸਾਰ ਤਾਂ ਆਪਣੇ-ਆਪ ਰੱਦ ਹੋ ਜਾਂਦਾ ਹੈ। ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣਾ ਹੀ ਇਕ ਰਾਹ ਹੈ ਪਰ ਪੰਜਾਬ ਸਰਕਾਰ ਆਪਣੀਆਂ ਸੋਧਾਂ ਵਿਚ ਹੋਰ ਵੀ ਕਈ ਮੱਦਾਂ ਕੇਂਦਰੀ ਕਾਨੂੰਨਾਂ ਨੂੰ ਤਕੜੇ ਕਰਨ ਜਾਂ ਲਾਗੂ ਕਰਨ ਦੀ ਪ੍ਰਣਾਲੀ ਬਣਾਉਣ ਤਹਿਤ ਪਾ ਸਕਦੀ ਸੀ ਜੋ ਨਹੀਂ ਪਾਈਆਂ।

ਮੰਡੀਕਰਨ ਦੇ ਕਾਨੂੰਨ ਦੀ ਧਾਰਾ 4 (1) ਤਹਿਤ ਹਰੇਕ ਪੈਨ ਕਾਰਡ ਧਾਰਕ ਵਪਾਰੀ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਸਰਕਾਰ ਕੋਲ ਰਜਿਸਟਰ ਕਰਵਾਉਣਾ ਲਾਜ਼ਮੀ ਕਰਨਾ ਚਾਹੀਦਾ ਸੀ। ਅਜਿਹਾ ਨਾ ਕਰਨ ਕਰ ਕੇ, ਮੂਲ ਕਾਨੂੰਨ ਰਾਹੀਂ ਕਿਸਾਨ ਨਾਲ ਠੱਗੀ ਵੱਜਣ ਦੇ ਪੈਦਾ ਹੋਏ ਮੌਕੇ ਇੰਨ-ਬਿੰਨ ਬਰਕਰਾਰ ਹਨ। ਧਾਰਾ 2 (ਐਮ) ਤਹਿਤ ਖੇਤਾਂ ਦੇ ਰਸਤੇ, ਕਾਰਖਾਨੇ, ਸਾਇਲੋ, ਸਟੋਰ, ਵੇਅਰ ਹਾਊਸ, ਕੋਲਡ ਸਟੋਰੇਜ, ਕੋਈ ਹੋਰ ਢਾਂਚਾ ਜਾਂ ਕੋਈ ਵੀ ਹੋਰ ਜਗ੍ਹਾ, ਭਾਵ ਪੂਰਾ ਪੰਜਾਬ ਹੀ ਵਪਾਰ ਕੇਂਦਰ ਹੈ, ਅਜਿਹਾ ਪੰਜਾਬ ਲਿਖ ਸਕਦਾ ਸੀ, 'ਬਸ਼ਰਤੇ ਕਿ ਅਜਿਹਾ ਵਪਾਰ ਕੇਂਦਰ ਪੰਜਾਬ ਸਰਕਾਰ ਦੇ ਨਿਯਮਾਂ ਤਹਿਤ ਰਜਿਸਟਰ ਕਰਵਾਇਆ ਗਿਆ ਹੋਵੇ'। ਠੇਕਾ ਖੇਤੀ ਦੇ ਕਾਨੂੰਨ ਵਿਚ ਗੁਣਵੱਤਾ ਆਦਿ ਸ਼ਰਤਾਂ ਦੇ ਮਾਮਲੇ ਵਿਚ ਧਾਰਾ 3(1) ਬੀ ਵਿਚ ਦਰਜ ਕਰਨ ਦੀ ਲੋੜ ਸੀ, 'ਬਸ਼ਰਤੇ ਕਿ ਖੇਤੀ ਲਈ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ, ਮਾਪਦੰਡ, ਮਿਆਰ ਅਤੇ ਵਾਤਾਵਰਨ ਸੁਰੱਖਿਆ ਆਦਿ ਧਾਰਾ 3 (1) ਏ, ਦੀ ਤਰਜ਼ ਦੀਆਂ ਸ਼ਰਤਾਂ, ਠੇਕੇਦਾਰ ਉਪਰ ਵੀ ਲਾਗੂ ਹੋਣਗੀਆਂ। ਕਿਸਾਨ ਨਿਯਮਾਂ ਅਨੁਸਾਰ ਇਸ ਦਾ ਨਿਰੀਖਣ ਕਰਵਾ ਕੇ ਮਾਨਕ ਚੈਕ ਕਰਵਾ ਸਕਣਗੇ। ਧਾਰਾ 4(4) ਤੋਂ ਬਾਅਦ 4(5) ਦਰਜ ਕੀਤੀ ਜਾਂਦੀ ਕਿ ਧਾਰਾ 4(1) (2) (3) ਅਤੇ (4) ਦੀਆਂ ਸ਼ਰਤਾਂ ਜੋ ਕਿਸਾਨ ਉਪਰ ਲਾਗੂ ਹਨ ਠੇਕੇਦਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਉਪਰ ਵੀ ਲਾਗੂ ਹੋਣਗੀਆਂ।

ਜ਼ਰੂਰੀ ਵਸਤਾਂ ਦਾ ਕਾਨੂੰਨ, ਜਮ੍ਹਾਂਖੋਰੀ, ਮਨਮਰਜ਼ੀ ਦੇ ਭਾਅ ਅਤੇ ਥੁੜ੍ਹ ਪੈਦਾ ਕਰਨ ਦਾ ਅਧਿਕਾਰ ਕਾਰਪੋਰੇਟਰਾਂ ਨੂੰ ਦੇਣਾ ਹਰ ਗਲੀ, ਮੁਹੱਲੇ, ਟੋਲੇ, ਬਸਤੀ, ਪਿੰਡ, ਸ਼ਹਿਰ ਤੇ ਹਰ ਨਾਗਰਿਕ ਦੀ ਰੋਟੀ ਖੋਹਣਾ ਹੈ। ਰਾਜ ਸਰਕਾਰ ਨੂੰ ਕੇਂਦਰੀ ਕਾਨੂੰਨ ਦੇ ਵਿਰੁਧ ਬਿੱਲ ਪਾਸ ਕਰ ਕੇ ਜ਼ਰੂਰੀ ਵਸਤਾਂ ਦੇ ਕਾਨੂੰਨ 1955 ਦੀ ਧਾਰਾ 2 (1) ਏ ਵਿਚ ਕੀਤੀ ਸੋਧ ਅਤੇ ਨਵੀਂ ਉਪ ਧਾਰਾ 2(1ਏ) 1 ਏ.ਬੀ. (ਜ) ਅਤੇ (ਜਜ)) ਨੂੰ ਰੱਦ ਕਰ ਕੇ ਦਰਜ ਕਰਨਾ ਚਾਹੀਦਾ ਸੀ ਕਿ ਕੇਂਦਰ ਵਲੋਂ ਕੀਤੀ ਨਵੀਂ ਸੋਧ ਦੇ ਬਾਵਜੂਦ ਇਨ੍ਹਾਂ ਵਸਤਾਂ ਦੇ ਭੰਡਾਰਨ ਸਪਲਾਈ ਅਤੇ ਭਾਅ ਉਪਰ ਪ੍ਰਿੰਸੀਪਲ ਐਕਟ ਦੀਆਂ ਸ਼ਰਤਾਂ ਹੀ ਲਾਗੂ ਰਹਿਣਗੀਆਂ।

# ਜੰਮੂ ਕਸ਼ਮੀਰ ਵਿਚ ਕਬਾਇਲੀਆਂ ਦਾ ਉਜਾੜਾ

**ਬੂਟਾ ਸਿੰਘ**
ਫੋਨ: +91-94634-74342

ਹਿੰਦੂਤਵ ਫਾਸ਼ੀਵਾਦੀ ਆਰ.ਐਸ.ਐਸ.-ਭਾਜਪਾ ਦੀ ਖਸਲਤ ਵੀ ਕੁਲ ਆਲਮ ਦੇ ਫਾਸ਼ੀਵਾਦੀਆਂ ਵਾਲੀ ਹੈ। ਇਹ ਜੋ ਵਾਅਦੇ, ਐਲਾਨ ਅਤੇ ਦਾਅਵੇ ਕਰਦੇ ਹਨ, ਅਮਲ ਵਿਚ ਉਸ ਤੋਂ ਪੂਰੀ ਤਰ੍ਹਾਂ ਉਲਟ ਕਰਦੇ ਹਨ। ਜਦ ਪਿਛਲੇ ਸਾਲ ਅਗਸਤ ਮਹੀਨੇ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ (ਧਾਰਾ 370 ਅਤੇ ਧਾਰਾ 35 ਏ) ਦਾ ਭੋਗ ਪਾ ਕੇ ਇਸ ਦੀ ਨਿਆਰੀ ਇਤਿਹਾਸਕ ਹਸਤੀ ਨੂੰ ਖਤਮ ਕਰਨ ਦਾ ਫਾਸ਼ੀਵਾਦੀ ਕਾਨੂੰਨ ਪਾਸ ਕੀਤਾ ਗਿਆ ਤਾਂ ਉਸ ਦੇ ਹੱਕ ਵਿਚ ਨਰਿੰਦਰ ਮੋਦੀ ਸਮੇਤ ਤਮਾਮ ਭਗਵੇਂ ਅਨਸਰਾਂ ਨੇ ਜ਼ੋਰਦਾਰ ਦਲੀਲ ਦਿੱਤੀ ਸੀ ਕਿ ਇਹ ਇਤਿਹਾਸਕ ਕਦਮ ਕਸ਼ਮੀਰ ਅਤੇ ਕਸ਼ਮੀਰੀਆਂ ਦੇ ਵਿਕਾਸ ਲਈ ਚੁੱਕਿਆ ਗਿਆ ਹੈ, ਕਿਉਂਕਿ ਵਿਸ਼ੇਸ਼ ਦਰਜੇ ਦੀ ਸੰਵਿਧਾਨਕ ਵਿਵਸਥਾ ਨੇ ਉਹਨਾਂ ਦਾ ਵਿਕਾਸ ਨਹੀਂ ਹੋਣ ਦਿੱਤਾ। ਕਸ਼ਮੀਰ ਅਵਾਮ ਨੂੰ ਆਪਸ ਵਿਚ ਲੜਾਉਣ ਲਈ ਇਹ ਝੂਠ ਵੀ ਪ੍ਰਚਾਰਿਆ ਗਿਆ ਕਿ ਭਾਰਤ ਦਾ ਜੰਗਲ ਹੱਕ ਕਾਨੂੰਨ ਲਾਗੂ ਹੋਣ ਨਾਲ ਨਵੇਂ ਨਿਜ਼ਾਮ ਹੇਠ ਕਬਾਇਲੀ ਭਾਈਚਾਰਿਆਂ ਨੂੰ ਬਹੁਤ ਫਾਇਦਾ ਹੋਵੇਗਾ। ਉਚੇਰੀ ਸਿੱਖਿਆ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਅਤੇ ਹੋਰ ਸੰਵਿਧਾਨਕ ਵਿਵਸਥਾਵਾਂ ਦਾ ਉਹਨਾਂ ਨੂੰ ਬਹੁਤ ਲਾਭ ਹੋਵੇਗਾ। ਇਹ ਵੱਖਰਾ ਸਵਾਲ ਹੈ ਕਿ ਜਿਹਨਾਂ ਦੇ 'ਵਿਕਾਸ' ਅਤੇ 'ਸ਼ਕਤੀਕਰਨ' ਦੇ ਦਾਅਵੇ ਕੀਤੇ ਜਾ ਰਹੇ ਸਨ, ਉਹਨਾਂ ਨੂੰ ਰੋਸ ਪ੍ਰਗਟਾਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ, ਉਹਨਾਂ ਦੀ ਰਾਏ ਲੈਣ ਦੀ ਤਾਂ ਗੱਲ ਹੀ ਛੱਡੋ। ਇਕ ਸਾਲ ਬਾਅਦ ਵੀ ਕਸ਼ਮੀਰ ਖੁੱਲ੍ਹੀ ਜੇਲ੍ਹ ਵਾਂਗ ਹੈ ਅਤੇ ਉਥੇ ਕਿਸੇ ਨੂੰ ਆਪਣੀ ਗੱਲ ਕਹਿਣ ਦੀ ਇਜਾਜ਼ਤ ਨਹੀਂ ਹੈ। ਆਰ.ਐਸ.ਐਸ.-ਭਾਜਪਾ ਸਰਕਾਰ ਦੀਆਂ ਨੀਤੀਆਂ ਨੇ ਜੰਮੂ ਕਸ਼ਮੀਰ ਦੀ ਆਰਥਿਕਤਾ ਨੂੰ ਕਿਸ ਕਦਰ ਤਬਾਹ ਕਰ ਦਿੱਤਾ ਹੈ, ਇਸ ਦਾ ਕੋਈ ਭਰਵਾਂ ਅਧਿਐਨ ਤਾਂ ਅਜੇ ਤਕ ਸਾਹਮਣੇ ਨਹੀਂ ਆਇਆ ਲੇਕਿਨ ਜੋ ਟੁੱਟਵੀਆਂ ਰਿਪੋਰਟਾਂ ਸਮੇਂ-ਸਮੇਂ 'ਤੇ ਬਾਹਰ ਆਉਂਦੀਆਂ ਹਨ ਉਹ ਬਹੁਤ ਹੀ ਭਿਆਨਕ ਤਸਵੀਰ ਪੇਸ਼ ਕਰਦੀਆਂ ਹਨ। ਲਗਾਤਾਰ ਫੌਜੀ ਕਬਜ਼ੇ ਹੇਠ ਕਸ਼ਮੀਰ ਦੀ ਆਰਥਿਕਤਾ ਨੂੰ ਤਬਾਹ ਅਤੇ ਬਰਬਾਦ ਕਰ ਕੇ ਕਸ਼ਮੀਰੀ ਅਵਾਮ ਦਾ ਲੱਕ ਤੋੜਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਹਾਲ ਹੀ ਵਿਚ ਗੁੱਜਰ ਬਕਰਵਾਲ ਚਰਵਾਹੇ ਭਾਈਚਾਰੇ ਦੇ ਉਜਾੜੇ ਦੀ ਹੌਲਨਾਕ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਪਹਿਲਾਂ ਹੀ ਹਾਸ਼ੀਏ 'ਤੇ ਰਹਿ ਰਹੇ ਗਰੀਬ ਲੋਕਾਂ ਨੂੰ ਕਿਸ ਕਦਰ ਉਜਾੜਿਆ ਅਤੇ ਗਿਣ-ਮਿੱਥ ਕੇ ਤਬਾਹ ਕੀਤਾ ਜਾ ਰਿਹਾ ਹੈ। ਨਵਾਂ ਡੌਮੀਸਾਈਲ ਕਾਨੂੰਨ ਬਣਾ ਕੇ ਗੈਰਕਸ਼ਮੀਰੀਆਂ ਦੇ ਕਸ਼ਮੀਰ ਦੀ ਜ਼ਮੀਨ ਉਪਰ ਨਾਜਾਇਜ਼ ਕਬਜ਼ੇ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ।

ਫਰੀ ਪ੍ਰੈੱਸ ਕਸ਼ਮੀਰ (13 ਨਵੰਬਰ 2020) ਦੀ ਰਿਪੋਰਟ ਅਨੁਸਾਰ ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰ ਦੇ ਪਹਿਲਗਾਮ ਇਲਾਕੇ ਦੇ ਗੁੱਜਰ ਅਤੇ ਬਕਰਵਾਲ ਕਬੀਲਿਆਂ ਦੇ ਆਰਜ਼ੀ ਕੱਚੇ ਘਰ ਢਾਹੁਣ ਦੀ ਮੁਹਿੰਮ ਵਿੱਢ ਦਿੱਤੀ ਹੈ। ਸਿਤਮਜ਼ਰੀਫੀ ਇਹ ਹੈ ਕਿ ਨਾ ਤਾਂ ਇਹ ਚਰਵਾਹੇ ਇਹਨਾਂ ਥਾਵਾਂ ਉਪਰ ਪੱਕੇ ਤੌਰ 'ਤੇ ਰਹਿੰਦੇ ਹਨ ਅਤੇ ਨਾ ਉਹਨਾਂ ਨੇ ਜ਼ਮੀਨਾਂ ਉਪਰ ਕਬਜ਼ੇ ਕੀਤੇ ਹੋਏ ਹਨ। ਇਹ ਉਹਨਾਂ ਦੀ ਤਰਜ਼ੇ-ਜ਼ਿੰਦਗੀ ਹੀ ਨਹੀਂ ਹੈ। ਗੁੱਜਰ ਅਤੇ ਬਕਰਵਾਲ ਜੋ ਗਰਮੀ ਦੀ ਰੁੱਤੇ ਛੇ ਮਹੀਨਿਆਂ ਲਈ ਕਸ਼ਮੀਰ ਅਤੇ ਲੱਦਾਖ ਵਿਚ ਆ ਕੇ ਠਹਿਰਦੇ ਹਨ ਅਤੇ ਇੱਥੋਂ ਦੀਆਂ ਉਚੇ ਪਹਾੜੀ ਇਲਾਕਿਆਂ ਦੀਆਂ ਚਰਾਂਦਾਂ ਵਿਚ ਭੇਡਾਂ-ਬੱਕਰੀਆਂ ਅਤੇ ਹੋਰ ਪਸ਼ੂ ਚਰਾਉਂਦੇ ਹਨ, ਉਹ ਪਹਿਲਾਂ ਹੀ ਇੱਥੋਂ ਦੇ ਆਪਣੇ ਆਰਜ਼ੀ ਰੈਣ-ਬਸੇਰੇ ਛੱਡ ਕੇ ਜੰਮੂ ਦੇ ਇਲਾਕਿਆਂ ਵਿਚ ਚਲੇ ਗਏ ਹਨ। ਫਿਰ ਜੰਗਲਾਤ ਮਹਿਕਮੇ ਨੂੰ ਉਹਨਾਂ ਦੇ ਆਰਜ਼ੀ ਕੋਠੇ ਢਾਹੁਣ ਦੀ ਕੀ ਲੋੜ ਪੈ ਗਈ?

ਸੋਸ਼ਲ ਮੀਡੀਆ ਉਪਰ ਇਕ ਵੀਡੀਓ ਸ਼ੇਅਰ ਹੋਈ ਜਿਸ ਵਿਚ ਜੰਗਲਾਤ ਅਧਿਕਾਰੀ ਗੁੱਜਰਾਂ ਦੇ ਕੋਠੇ ਢਾਹ ਰਹੇ ਹਨ। ਉਜਾੜੇ ਦਾ ਇਹ ਮੰਜ਼ਰ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਇਲਾਕੇ ਵਿਚਲੇ ਮਮਾਲ ਦੇ ਉਚੇ ਪਹਾੜੀ ਖੇਤਰ ਦਾ ਹੈ। ਜਦ ਅਗਲੇ ਸਾਲ ਮਈ ਮਹੀਨੇ ਇਹ ਚਰਵਾਹੇ ਵਾਪਸ ਇੱਥੇ ਆਉਣਗੇ ਤਾਂ ਇੱਥੇ ਉਹਨਾਂ ਦੇ ਰੈਣ-ਬਸੇਰਿਆਂ ਦਾ ਨਾਮ-ਨਿਸ਼ਾਨ ਵੀ ਨਹੀਂ ਮਿਲੇਗਾ। ਥਾਂ-ਥਾਂ ਭਟਕਣ ਤੋਂ ਸਿਵਾਏ ਉਹ ਕੀ ਕਰਨਗੇ? ਭਗਵੇਂ ਹੁਕਮਰਾਨਾਂ ਦੇ ਹਾਸ਼ੀਆਗ੍ਰਸਤ ਹਿੱਸਿਆਂ ਦੇ 'ਸ਼ਕਤੀਕਰਨ' ਦੇ ਵਾਅਦੇ ਦੀ ਅਸਲੀਅਤ ਇਹ ਹੈ।

ਇਸ ਮਾਮਲੇ 'ਚ ਜ਼ਿਲ੍ਹਾ ਕਮਿਸ਼ਨਰ ਵੱਲੋਂ ਇਸ ਉਜਾੜੇ ਦੀ ਜੋ ਸਫਾਈ ਦਿੱਤੀ ਜਾ ਰਹੀ ਹੈ, ਉਸ ਵਿਚ ਕੋਈ ਦਮ ਨਹੀਂ। ਉਸ ਦਾ ਕਹਿਣਾ ਹੈ ਕਿ ਇਹ ਤਾਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਹੈ ਜਿਸ ਤਹਿਤ 700 ਕਨਾਲ ਜ਼ਮੀਨ ਖਾਲੀ ਕਰਾਈ ਗਈ ਹੈ। ਜਦ ਇਹਨਾਂ ਆਰਜ਼ੀ ਕੋਠਿਆਂ ਨੂੰ ਸਿਰਫ ਹੁਨਾਲ ਦੇ ਮੌਸਮ ਵਿਚ ਛੇ ਮਹੀਨੇ ਇਸਤੇਮਾਲ ਕਰਨ ਵਾਲੇ ਗੁੱਜਰ ਇੱਥੇ ਪੱਕੇ ਤੌਰ 'ਤੇ ਰਹਿੰਦੇ ਹੀ ਨਹੀਂ, ਫਿਰ ਕਬਜ਼ੇ ਦਾ ਤਾਂ ਸਵਾਲ ਹੀ ਨਹੀਂ ਹੈ।

ਇਸ ਉਜਾੜੇ ਦਾ ਕਾਰਨ ਆਰ.ਐਸ.ਐਸ.-ਭਾਜਪਾ ਵੱਲੋਂ ਜੰਮੂ ਕਸ਼ਮੀਰ ਦੇ ਰੋਸ਼ਨੀ ਐਕਟ ਨੂੰ ਖਤਮ ਕਰਨਾ ਹੈ। ਜਿਸ ਤਹਿਤ ਜੰਮੂ ਕਸ਼ਮੀਰ ਜੰਗਲਾਤ ਮਹਿਕਮੇ ਵੱਲੋਂ ਜੰਮੂ ਅਤੇ ਕਸ਼ਮੀਰ ਦੋਨਾਂ ਹਿੱਸਿਆਂ ਦੇ ਕਬਾਇਲੀ ਲੋਕਾਂ ਨੂੰ ਬੇਦਖਲੀ ਦੇ ਨੋਟਿਸ ਜਾਰੀ ਕੀਤੇ ਗਏ ਹਨ। ਰੋਸ਼ਨੀ ਐਕਟ ਜੋ ਲੋਕ ਸਰਕਾਰੀ ਜ਼ਮੀਨ ਉਪਰ ਕਾਬਜ਼ ਸਨ ਉਹਨਾਂ ਨੂੰ ਮਾਲਕੀ ਦੇ ਹੱਕ ਦਿੰਦਾ ਸੀ। ਹਾਲੀਆ ਮੁਹਿੰਮ ਨਾਲ ਗੁੱਜਰ ਅਤੇ ਬਕਰਵਾਲ ਚਰਵਾਹਾ ਕਬੀਲਿਆਂ ਦੇ ਲੋਕਾਂ ਤੋਂ ਸਰਕਾਰੀ ਜ਼ਮੀਨਾਂ ਨੂੰ ਇਸਤੇਮਾਲ ਕਰਨ ਦਾ ਹੱਕ ਖੋਹ ਲਿਆ ਗਿਆ ਹੈ।

ਮਰਦਮਸ਼ੁਮਾਰੀ 2011 ਅਨੁਸਾਰ ਜੰਮੂ ਕਸ਼ਮੀਰ ਦੀ 1.25 ਕਰੋੜ ਵਸੋਂ ਵਿਚ ਸੂਚੀਦਰਜ ਕਬੀਲਿਆਂ ਦੀ ਵਸੋਂ 14 ਲੱਖ ਤੋਂ ਵਧੇਰੇ ਹੈ। ਅਤੇ ਗੁੱਜਰ ਅਤੇ ਬਕਰਵਾਲ ਇੱਥੋਂ ਦੇ 12 ਸੂਚੀਦਰਜ ਕਬੀਲਿਆਂ ਵਿਚੋਂ ਸਭ ਤੋਂ ਵੱਡੇ ਕਬਾਇਲੀ ਸਮੂਹ ਹਨ।

ਗੌਰਤਲਬ ਹੈ ਕਿ ਕਬਾਇਲੀ ਵਸੋਂ ਵਿਚ 90ਫੀ ਸਦੀ ਤੋਂ ਵਧੇਰੇ ਮੁਸਲਮਾਨ ਹਨ ਜੋ ਇਸ ਸਾਬਕਾ ਰਿਆਸਤ ਦੀ ਵਸੋਂ ਦਾ ਗਿਣਨਯੋਗ ਹਿੱਸਾ ਬਣਦੇ ਹਨ। ਰਵਾਇਤੀ ਤੌਰ 'ਤੇ ਉਹ ਮੁਕਾਮੀ ਮੌਸਮ ਦੇ ਹਿਸਾਬ ਨਾਲ ਇਹਨਾਂ ਜ਼ਮੀਨਾਂ ਉਪਰ ਰੈਣ-ਬਸੇਰੇ ਕਰਕੇ ਆਪਣਾ ਗੁਜ਼ਾਰਾ ਕਰਦੇ ਆ ਰਹੇ ਹਨ। 'ਵਿਕਾਸ' ਦੇ ਦਾਅਵੇ ਕਰਨ ਵਾਲੇ ਭਗਵੇਂ ਤਾਨਾਸ਼ਾਹਾਂ ਨੇ ਇਹਨਾਂ ਚਰਵਾਹਿਆਂ ਦੀ ਬਿਹਤਰੀ ਲਈ ਤਾਂ ਕੋਈ ਯੋਜਨਾ ਪੇਸ਼ ਨਹੀਂ ਕੀਤੀ ਜੋ ਪਹਿਲਾਂ ਹੀ ਹਾਸ਼ੀਏ ਉਪਰ ਜੀਵਨ ਬਸਰ ਕਰ ਰਹੇ ਸਨ, ਉਹਨਾਂ ਦਾ ਜੰਗਲ ਦੀਆਂ ਜ਼ਮੀਨਾਂ ਵਰਤਣ ਦਾ ਰਵਾਇਤੀ ਹੱਕ ਜ਼ਰੂਰ ਖੋਹ ਲਿਆ। ਭਾਵੇਂ ਧਾਰਾ 370 ਸਿੱਧੇ ਤੌਰ 'ਤੇ ਗੁੱਜਰ ਅਤੇ ਬਕਰਵਾਲ ਸਮੂਹਾਂ ਦੀ ਭਲਾਈ ਵਿਚ ਸਹਾਈ ਨਹੀਂ ਸੀ ਹੁੰਦੀ, ਇਹ ਇਕ ਹੱਦ ਤਕ ਉਹਨਾਂ ਦੀ ਪਛਾਣ ਦੀ ਸਲਾਮਤੀ ਅਤੇ ਸੁਰੱਖਿਆ ਜ਼ਰੂਰ ਕਰਦੀ ਸੀ।



1947 'ਚ ਸੱਤਾ ਦੇ ਤਬਾਦਲੇ ਦੇ ਵਕਤ ਵੀ ਪੰਜਾਬ ਦੇ ਨਾਲ ਜੰਮੂ ਦੇ ਮੁਸਲਮਾਨ ਹਿੰਸਾ, ਸਾੜਫੂਕ ਅਤੇ ਕਤਲੇਆਮ ਦਾ ਸ਼ਿਕਾਰ ਹੋਏ ਸਨ। ਡੋਗਰਾ ਹੁਕਮਰਾਨਾਂ ਅਤੇ ਆਰ.ਐਸ.ਐਸ. ਨੇ ਜੰਮੂ-ਪੁਣਛ ਇਲਾਕੇ ਵਿਚ ਇਹਨਾਂ ਮੁਸਲਮਾਨ ਕਬਾਇਲੀਆਂ ਦੇ ਖੂਨ ਦੀਆਂ ਨਦੀਆਂ ਵਹਾ ਦਿੱਤੀਆਂ ਸਨ। ਉਘੇ ਪੱਤਰਕਾਰ ਵੇਦ ਭਸੀਨ ਇਸ ਕਤਲੇਆਮ ਦੇ ਚਸ਼ਮਦੀਦ ਗਵਾਹ ਸਨ। ਉਹ ਲਿਖਦੇ ਹਨ ਕਿ ਹਜ਼ਾਰਾਂ ਗੁੱਜਰਾਂ ਨੂੰ ਦਿਨ-ਦਿਹਾੜੇ ਕਤਲ ਕੀਤਾ ਗਿਆ ਅਤੇ ਰਾਮਨਗਰ ਰਖ ਦੀ ਜ਼ਮੀਨ ਉਪਰ ਗੁੱਜਰ ਮਰਦਾਂ, ਔਰਤਾਂ ਅਤੇ ਬੱਚਿਆਂ ਦੀਆਂ ਲਾਸ਼ਾਂ ਹੀ ਲਾਸ਼ਾਂ ਖਿੰਡੀਆਂ ਪਈਆਂ ਸਨ। ਸਿਆਲਕੋਟ ਪਾਕਿਸਤਾਨ ਚਲੇ ਜਾਣ ਲਈ ਮਜਬੂਰ ਕੀਤੇ ਕਸ਼ਮੀਰੀਆਂ ਵਿਚ ਗੁੱਜਰ ਵੀ ਸਨ। ਜਦ ਉਹ ਪ੍ਰਵਾਸ ਕਰਕੇ ਸਿਆਲਕੋਟ ਨੂੰ ਜਾ ਰਹੇ ਸਨ ਤਾਂ ਆਰ.ਐਸ.ਐਸ. ਦੇ ਹਤਿਆਰੇ ਗਰੋਹਾਂ ਅਤੇ ਸਿੱਖ ਪਨਾਹਗੀਰਾਂ ਨੇ ਉਹਨਾਂ ਉਪਰ ਜੰਮੂ ਦੇ ਬਾਹਰਵਾਰ ਹਮਲਾ ਕਰ ਕੇ ਉਹਨਾਂ ਵਿਚੋਂ ਜ਼ਿਆਦਾਤਰ ਨੂੰ ਬੇਕਿਰਕੀ ਨਾਲ ਕਤਲ ਕਰ ਦਿੱਤਾ। ਇਸ ਕਤਲੇਆਮ ਅਤੇ ਅਗਲੇ ਸਾਲਾਂ ਵਿਚ ਪਰਵਾਸ ਨਾਲ ਜੰਮੂ ਖੇਤਰ ਦੀ ਵਸੋਂ ਬਣਤਰ ਬਹੁਤ ਜ਼ਿਆਦਾ ਬਦਲ ਗਈ ਜੋ ਆਰ.ਐਸ.ਐਸ. ਦਾ ਮੁੱਖ ਮਕਸਦ ਸੀ। ਗੁੱਜਰ ਅਤੇ ਬਕਰਵਾਲ ਸਮਾਜੀ-ਆਰਥਕ ਤੌਰ 'ਤੇ ਹੋਰ ਵੀ ਜ਼ਿਆਦਾ ਹਾਸ਼ੀਏ ਉਪਰ ਧੱਕੇ ਗਏ। ਕਸ਼ਮੀਰ ਦੇ ਸਵੈਨਿਰਣੇ ਲਈ ਸੰਘਰਸ਼ ਨੂੰ ਦਬਾਉਣ ਲਈ ਫੌਜ ਅਤੇ ਸਲਾਮਤੀ ਦਸਤਿਆਂ ਦੀ ਥੋਕ ਤਾਇਨਾਤੀ ਦਾ ਵੀ ਚਰਵਾਹਾ ਜੀਵਨ ਉਪਰ ਡੂੰਘੇ ਰੂਪ 'ਚ ਅਸਰ ਪਿਆ। ਲਾਈਨ ਆਫ ਕੰਟਰੋਲ ਨੇੜਲੇ ਇਲਾਕਿਆਂ ਵਿਚ ਫੌਜ ਨੇ ਸੁਰੱਖਿਆ ਦੇ ਨਾਮ ਹੇਠ ਕਈ ਚਰਾਂਦਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਅਤੇ ਉਥੇ ਚਰਵਾਹਿਆਂ ਦੀ ਆਮਦ ਉਪਰ ਸਖਤ ਪਾਬੰਦੀਆਂ ਆਇਦ ਕਰ ਦਿੱਤੀਆਂ। ਹਾਲੀਆ ਬੇਦਖਲੀ ਨਾਲ ਉਹਨਾਂ ਦੀ ਹਾਲਤ ਹੋਰ ਵੀ ਬਦਤਰ ਹੋ ਜਾਵੇਗੀ।

ਕਬਾਇਲੀਆਂ ਦੀ ਹਾਲੀਆ ਬੇਦਖਲੀ ਭਾਰਤ ਦੇ ਜੰਗਲ ਹੱਕ ਕਾਨੂੰਨ 2006 ਅਨੁਸਾਰ ਵੀ ਗੈਰਕਾਨੂੰਨੀ ਹੈ ਜਿਸ ਵਿਚ ਜੰਗਲ ਦੇ ਰਵਾਇਤੀ ਬਾਸ਼ਿੰਦਿਆਂ ਨੂੰ ਜਬਰੀ ਉਜਾੜੇ ਤੋਂ ਅਤੇ ਉਹਨਾਂ ਨੂੰ ਹੋਰ ਹੱਕਾਂ ਤੋਂ ਵਿਰਵੇ ਕੀਤੇ ਜਾਣ ਤੋਂ ਸੰਵਿਧਾਨਕ ਸੁਰੱਖਿਆ ਦਿੱਤੀ ਗਈ ਹੈ। ਇਸ ਕਾਨੂੰਨ ਅਨੁਸਾਰ ਉਹਨਾਂ ਨੂੰ ਚਰਾਂਦਾਂ ਅਤੇ ਪਾਣੀ ਦੇ ਵਸੀਲੇ ਇਸਤੇਮਾਲ ਕਰਨ ਅਤੇ ਲੱਕੜੀ ਵੱਢਣ ਤੋਂ ਸਿਵਾਏ ਹੋਰ ਜੰਗਲੀ ਉਪਜਾਂ ਦਾ ਆਪਣੇ ਜੀਵਨ-ਗੁਜ਼ਾਰੇ ਲਈ ਇਸਤੇਮਾਲ ਕਰਨ ਦਾ ਹੱਕ ਹੈ। ਇਸ ਕਾਨੂੰਨ ਤਹਿਤ ਸੂਚੀਦਰਜ ਕਬੀਲਿਆਂ ਨੂੰ ਭਾਰਤ ਵਿਚ ਆਪਣੀ ਸੰਸਕ੍ਰਿਤੀ ਅਨੁਸਾਰ ਜ਼ਿੰਦਗੀ ਬਸਰ ਕਰਨ ਅਤੇ ਆਪਣੀ ਨਿਆਰੀ ਪਛਾਣ ਦੀ ਸਲਾਮਤੀ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਕਬਾਇਲੀ ਭਾਈਚਾਰਿਆਂ ਦੇ ਜੰਗਲ-ਆਧਾਰਤ ਜੀਵਨ-ਗੁਜ਼ਾਰੇ ਦੀ ਸਲਾਮਤੀ ਲਈ ਵਿਸ਼ੇਸ਼ ਕਦਮ ਚੁੱਕਣਾ ਅਤੇ ਇਹਨਾਂ ਹੱਕਾਂ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਸਰਕਾਰ ਦੀ ਮੁਹਿੰਮ ਇਸ ਤੋਂ ਐਨ ਉਲਟ ਉਹਨਾਂ ਦੀ ਹੋਂਦ ਹੀ ਖਤਮ ਕਰਨ ਵੱਲ ਸੇਧਤ ਹੈ।

ਜੇ ਇਹ ਵੀ ਮੰਨ ਲਿਆ ਜਾਵੇ ਕਿ ਧਾਰਾ 370 ਨੂੰ ਖਤਮ ਕੀਤੇ ਜਾਣ ਤੋਂ ਬਾਅਦ ਇੱਥੇ ਰੋਸ਼ਨੀ ਐਕਟ ਗੈਰਪ੍ਰਸੰਗਿਕ ਹੋ ਗਿਆ ਹੈ ਅਤੇ 5 ਅਗਸਤ 2019 ਤੋਂ ਜੰਮੂ ਕਸ਼ਮੀਰ ਵਿਚ ਭਾਰਤ ਦਾ ਜੰਗਲ ਹੱਕ ਕਾਨੂੰਨ-2006 ਲਾਗੂ ਹੋ ਗਿਆ ਹੈ ਫਿਰ ਭਾਰਤ ਸਰਕਾਰ ਆਪਣੇ ਇਸ ਕਾਨੂੰਨ ਅਨੁਸਾਰ ਕਬਾਇਲੀ ਲੋਕਾਂ ਦੇ ਹੱਕ ਯਕੀਨੀ ਬਣਾਉਂਦੀ। ਜੇ ਸਰਕਾਰ ਨੇ ਅਜੇ ਨੋਟੀਫਾਈ ਕਰ ਕੇ ਜੰਗਲ ਹੱਕ ਕਾਨੂੰਨ ਲਾਗੂ ਨਹੀਂ ਕੀਤਾ, ਫਿਰ ਗਰੀਬ ਅਤੇ ਵਾਂਝੇ ਲੋਕਾਂ ਦੇ ਉਜਾੜੇ ਦੀ ਇਹ ਮੁਹਿੰਮ ਵੈਸੇ ਹੀ ਗੈਰਕਾਨੂੰਨੀ ਹੈ। ਯਾਦ ਰਹੇ ਕਿ ਉਪਰੋਕਤ 2006 ਵਾਲਾ ਜੰਗਲ ਹੱਕ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਕਬਾਇਲੀ ਅਤੇ ਜੰਗਲ ਦੇ ਹੋਰ ਆਦਿਵਾਸੀ ਬਾਸ਼ਿੰਦੇ ਵੀ ਸਟੇਟ ਅਨੁਸਾਰ 'ਨਾਜਾਇਜ਼ ਕਾਬਜ਼' ਸਨ ਜਿਹਨਾਂ ਨੂੰ ਉਜਾੜਨ, ਖਦੇੜਨ ਅਤੇ ਉਹਨਾਂ ਦੀ ਨਸਲਕੁਸ਼ੀ ਕਰਨ ਲਈ 2009 'ਚ ਓਪਰੇਸ਼ਨ ਗ੍ਰੀਨ ਹੰਟ ਦੇ ਨਾਮ ਹੇਠ ਖੁੱਲ੍ਹੀ ਜੰਗ ਵਿੱਢ ਦਿੱਤੀ ਗਈ ਅਤੇ ਆਪਣੇ ਹੀ ਲੋਕਾਂ ਵਿਰੁੱਧ ਦਹਿ-ਲੱਖਾਂ ਨੀਮ-ਫੌਜੀ ਤਾਕਤਾਂ ਅਤੇ ਅਸਿੱਧੇ ਰੂਪ 'ਚ ਫੌਜ ਲਗਾ ਦਿੱਤੀ ਗਈ ਜੋ ਇਕ ਦਹਾਕੇ ਬਾਅਦ ਹੁਣ ਵੀ ਜਾਰੀ ਹੈ। ਇਸ ਦਾ ਵਿਸਤਾਰ ਹੁਣ ਜੰਮੂ ਕਸ਼ਮੀਰ ਵਿਚ ਵੀ ਹੋ ਰਿਹਾ ਹੈ।

ਮੁਕਾਮੀ ਪ੍ਰਸ਼ਾਸਨ ਦੀ ਨਾਜਾਇਜ਼ ਕਬਜ਼ਿਆਂ ਦੀ ਦਲੀਲ ਪੂਰੀ ਤਰ੍ਹਾਂ ਝੂਠੀ ਹੈ, ਕਿਉਂਕਿ ਜੇ ਨਾਜਾਇਜ਼ ਕਬਜ਼ੇ ਹੀ ਹਟਾਉਣੇ ਸਨ ਤਾਂ ਸਭ ਤੋਂ ਪਹਿਲਾਂ ਇਸ ਸਰਜ਼ਮੀਨ ਉਪਰੋਂ ਹੋਟਲਾਂ ਸਮੇਤ ਨਾਜਾਇਜ਼ ਕਾਰੋਬਾਰਾਂ ਦੀਆਂ ਇਮਾਰਤਾਂ ਅਤੇ ਇਸੇ ਤਰ੍ਹਾਂ ਦੀ ਹੋਰ ਪੱਕੀਆਂ ਨਾਜਾਇਜ਼ ਇਮਾਰਤਾਂ ਢਾਹੀਆਂ ਜਾਂਦੀਆਂ ਜੋ ਕਸ਼ਮੀਰੀ ਅਵਾਮ ਦੇ ਤਿੱਖੇ ਵਿਰੋਧ ਦੇ ਬਾਵਜੂਦ ਬਣਾਈਆਂ ਗਈਆਂ ਅਤੇ ਜੋ ਇੱਥੋਂ ਦੇ ਪੌਣ-ਪਾਣੀ ਅਤੇ ਵਾਤਾਵਰਨ ਲਈ ਵੀ ਗੰਭੀਰ ਖਤਰਾ ਹਨ।

ਇਹ ਸੱਤਾ ਦੀ ਅਣਮਨੁੱਖੀ ਫਿਤਰਤ ਦਾ ਹੀ ਇਜ਼ਹਾਰ ਹੈ, ਜੋ ਦਾਅਵੇ ਤਾਂ ਮਨੁੱਖੀ ਵਿਕਾਸ, ਤਰੱਕੀ ਅਤੇ ਬਿਹਤਰੀ ਦੇ ਕਰਦੀ ਹੈ ਲੇਕਿਨ ਜਿਸ ਦੇ ਰੋਜ਼ਮਰਾ ਕਾਰਵਿਹਾਰ, ਯੋਜਨਾਵਾਂ ਅਤੇ ਫੈਸਲਿਆਂ ਵਿਚ ਇਨਸਾਨਾਂ ਲਈ ਹਮਦਰਦੀ ਅਤੇ ਤਰਸ ਦਾ ਮਾਮੂਲੀ ਅੰਸ਼ ਵੀ ਨਹੀਂ ਹੈ। ਆਰ.ਐਸ.ਐਸ.-ਭਾਜਪਾ ਦੀ ਸੋਚ ਤਾਂ ਹੋਰ ਵੀ ਬੇਕਿਰਕ ਅਤੇ ਬੇਰਹਿਮ ਹੈ ਜਿਸ ਦਾ ਇਕ ਮੁੱਖ ਮਕਸਦ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਤਹਿਤ ਨਾ ਸਿਰਫ ਜੰਮੂ ਕਸ਼ਮੀਰ ਦੀ ਨਿਆਰੀ ਹਸਤੀ ਨੂੰ ਖਤਮ ਕਰਨ ਲਈ ਇਸ ਸਰਜ਼ਮੀਨ ਨੂੰ ਫੌਜੀ ਬੂਟਾਂ ਹੇਠ ਹੋਰ ਵੀ ਬੇਕਿਰਕੀ ਨਾਲ ਲਤਾੜਨਾ ਸੀ ਸਗੋਂ ਇਸ ਰਿਆਸਤ ਦੇ ਕੁਦਰਤੀ ਵਸੀਲਿਆਂ ਨੂੰ ਹੜੱਪ ਕੇ ਇੱਥੋਂ ਦੀ ਜ਼ਮੀਨ, ਪਾਣੀ ਅਤੇ ਹੋਰ ਕੁਦਰਤੀ ਵਸੀਲਿਆਂ ਨੂੰ ਵੱਡੇ ਕਾਰਪੋਰੇਟਾਂ ਦੇ ਹਵਾਲੇ ਕਰਨਾ ਵੀ ਉਹਨਾਂ ਦੇ ਏਜੰਡੇ ਦਾ ਅਟੁੱਟ ਹਿੱਸਾ ਹੈ।

# ਭਾਜਪਾ ਅਤੇ ਰਾਜਾਂ ਦੀ ਸਿਆਸਤ

**ਅਭੈ ਕੁਮਾਰ ਦੂਬੇ**

ਚੋਣਾਂ ਦੇ ਲਿਹਾਜ਼ ਨਾਲ 2020 ਗੁਜ਼ਰ ਚੁੱਕਾ ਹੈ; ਹਾਲਾਂ ਕਿ ਕਸ਼ਮੀਰ ਦੀਆਂ ਸਥਾਨਕ ਚੋਣਾਂ ਵਿਚ ਕੁਝ ਮਾਹਿਰਾਂ ਦੀ ਦਿਲਚਸਪੀ ਹੋ ਸਕਦੀ ਹੈ ਪਰ ਉਹ ਚੋਣਾਂ ਉਥੋਂ ਦੀ ਰਾਜਨੀਤੀ ਅਤੇ ਦੇਸ਼ ਦੀ ਰਾਜਨੀਤੀ ਲਈ ਕਿਸੇ ਵੀ ਤਰ੍ਹਾਂ ਫੈਸਲਾਕੁਨ ਸਾਬਤ ਨਹੀਂ ਹੋ ਸਕਦੀਆਂ। ਕਰੋਨਾ ਫੈਲਣ ਅਤੇ ਤਾਲਾਬੰਦੀ ਲਾਗੂ ਹੋਣ ਤੋਂ ਕੁਝ ਸਮਾਂ ਪਹਿਲਾਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ। ਇਸ ਵਿਚ ਭਾਰਤੀ ਜਨਤਾ ਪਾਰਟੀ ਨੇ ਅਤਿ ਦਰਜੇ ਦਾ ਫਿਰਕੂਵਾਦ ਫੈਲਾਉਣ ਵਾਲੀ ਚੋਣ ਮੁਹਿੰਮ ਚਲਾਈ ਸੀ, ਫਿਰ ਵੀ ਉਹ ਆਮ ਆਦਮੀ ਪਾਰਟੀ ਨੂੰ ਹਰਾ ਨਹੀਂ ਸਕੀ। ਉਹ ਆਪਣੀਆਂ 3 ਸੀਟਾਂ ਨੂੰ ਸਿਰਫ 8 ਸੀਟਾਂ ਤੱਕ ਲਿਜਾ ਸਕੀ। ਤਾਲਾਬੰਦੀ ਖਤਮ ਹੋਣ ਤੋਂ ਬਾਅਦ ਬਿਹਾਰ ਵਿਧਾਨ ਸਭਾ ਚੋਣਾਂ ਹੋਈਆਂ, ਜਿਸ ਵਿਚ ਭਾਜਪਾ ਨੇ ਫਿਰਕੂਵਾਦ ਦਾ ਕੋਈ ਜ਼ਿਕਰਯੋਗ ਇਸਤੇਮਾਲ ਨਹੀਂ ਕੀਤਾ। ਇਨ੍ਹਾਂ ਚੋਣਾਂ ਵਿਚ ਉਹ ਕਿਸੇ ਤਰ੍ਹਾਂ ਸੱਤਾ ਬਚਾਉਣ ਵਿਚ ਕਾਮਯਾਬ ਤਾਂ ਹੋ ਗਈ ਪਰ ਸੱਤਾਧਾਰੀ ਗੱਠਜੋੜ ਦੀਆਂ ਵੋਟਾਂ ਪਿਛਲੀ ਵਾਰ ਨਾਲੋਂ ਘਟ ਗਈਆਂ ਅਤੇ ਉਸ ਦੇ ਮੁਕਾਬਲੇ ਬੇਹੱਦ ਮਜ਼ਬੂਤ ਵਿਰੋਧੀ ਧਿਰ ਆ ਖੜ੍ਹੀ ਹੋਈ। ਆਪਣੇ ਤਮਾਮ ਸਰੋਤਾਂ ਅਤੇ ਮਾਹਿਰ ਚੋਣ ਮਸ਼ੀਨਰੀ ਦੇ ਬਾਵਜੂਦ ਭਾਜਪਾ ਤੇਜਸਵੀ ਯਾਦਵ ਦੇ ਰਾਸ਼ਟਰੀ ਜਨਤਾ ਦਲ ਨੂੰ ਸਭ ਤੋਂ ਜ਼ਿਆਦਾ ਵੋਟ ਫੀਸਦੀ ਅਤੇ ਸਭ ਤੋਂ ਜ਼ਿਆਦਾ ਸੀਟਾਂ ਹਾਸਲ ਕਰਨ ਤੋਂ ਰੋਕ ਨਹੀਂ ਸਕੀ। ਖਾਸ ਗੱਲ ਇਹ ਸੀ ਕਿ ਭਾਜਪਾ ਅਤੇ ਸੱਤਾਧਾਰੀ ਗੱਠਜੋੜ ਨੇ ਮਹਾਂਗੱਠਜੋੜ ਦੇ ਮੁਕਾਬਲੇ ਘੱਟੋ-ਘੱਟ 7 ਫੀਸਦੀ ਦੇ ਜ਼ਬਰਦਸਤ ਵਾਧੇ ਨਾਲ ਚੋਣਾਂ ਦੀ ਸ਼ੁਰੂਆਤ ਕੀਤੀ ਸੀ। ਦਿੱਲੀ ਅਤੇ ਬਿਹਾਰ ਦੀ ਉਦਾਹਰਨ ਤੋਂ ਪਤਾ ਲਗਦਾ ਹੈ ਕਿ ਭਾਜਪਾ ਦੀ ਦਾਅਵੇਦਾਰੀ ਰਾਜਾਂ ਵਿਚ ਅਜੇ ਵੀ ਮਜ਼ਬੂਤ ਨਹੀਂ ਹੈ। ਹੁਣ ਭਾਜਪਾ ਅਗਲੇ ਸਾਲ ਕੇਰਲ, ਪੁਡੀਚਰੀ, ਤਾਮਿਲਨਾਡੂ, ਆਸਾਮ ਅਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿਚ ਲੱਗ ਗਈ ਹੈ। ਰਾਜਾਂ ਦੀ ਰਾਜਨੀਤੀ ਵਿਚ ਉਸ ਦੀ ਇਕ ਵਾਰ ਫਿਰ ਸਖਤ ਪ੍ਰੀਖਿਆ ਹੋਣ ਵਾਲੀ ਹੈ।

ਸਵਾਲ ਇਹ ਹੈ ਕਿ ਭਾਜਪਾ ਰਾਜਾਂ ਵਿਚ ਕੇਂਦਰ ਦੀ ਤਰ੍ਹਾਂ ਆਪਣੀ ਤਾਕਤ ਸਥਾਪਤ ਕਿਉਂ ਨਹੀਂ ਹੋ ਰਹੀ। ਉਹੀ ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਜੇ.ਪੀ. ਨੱਡਾ, ਉਹੀ ਉਨ੍ਹਾਂ ਦੇ ਭਾਸ਼ਨ, ਉਹੀ ਸਰੋਤ, ਉਹੀ ਆਰ.ਐਸ.ਐਸ. ਅਤੇ ਉਹੀ ਰਣਨੀਤਕ ਕੁਸ਼ਲਤਾ, ਫਿਰ ਸਿੱਟੇ ਅਨੁਕੂਲ ਕਿਉਂ ਨਹੀਂ ਨਿਕਲਦੇ? ਇਸ ਦਾ ਇਕ ਕਾਰਨ ਤਾਂ ਸਪਸ਼ਟ ਹੈ ਕਿ ਰਾਜਾਂ ਵਿਚ ਭਾਜਪਾ ਵਿਰੋਧੀ ਧਿਰਾਂ ਇਸ ਗੱਲ ਦਾ ਪੂਰਾ ਧਿਆਨ ਰੱਖਦੀਆਂ ਹਨ ਕਿ ਉਹ ਸਿਰਫ ਰਾਜ ਪੱਧਰੀ ਮੁੱਦਿਆਂ 'ਤੇ ਹੀ ਆਪਣਾ ਧਿਆਨ ਕੇਂਦਰਿਤ ਰੱਖਣ, ਦੂਜਾ ਪਾਕਿਸਤਾਨ, ਕਸ਼ਮੀਰ, ਤਿੰਨ ਤਲਾਕ ਵਰਗੇ ਮੁੱਦਿਆਂ ਤੋਂ ਆਪਣੇ-ਆਪ ਨੂੰ ਦੂਰ ਰੱਖਣ ਅਤੇ ਭਾਜਪਾ ਦੀ ਸਥਾਨਕ ਲੀਡਰਸ਼ਿਪ ਦੀਆਂ ਕਮਜ਼ੋਰੀਆਂ ਨੂੰ ਉਭਾਰ ਕੇ ਨਰਿੰਦਰ ਮੋਦੀ ਦੀ ਆਲੋਚਨਾ ਤੋਂ ਪਰਹੇਜ਼ ਕਰਨ, ਜਿਨ੍ਹਾਂ ਦੀ ਸਾਖ ਹੁਣ ਰਾਸ਼ਟਰੀ ਪੱਧਰ 'ਤੇ ਸਥਾਪਤ ਹੋ ਚੁੱਕੀ ਹੈ। ਦਿੱਲੀ ਵਿਚ ਕੇਜਰੀਵਾਲ ਨੇ ਵੀ ਇਨ੍ਹਾਂ ਹੀ ਗੱਲਾਂ ਦਾ ਧਿਆਨ ਰੱਖਿਆ ਸੀ। ਹੁਣ ਦੇਖਣਾ ਇਹ ਹੈ ਕਿ 2021 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਵਿਰੋਧੀ ਰਾਜਸੀ ਸ਼ਕਤੀਆਂ ਇਹੀ ਰਣਨੀਤੀ ਅਪਣਾਉਂਦੀਆਂ ਹਨ ਜਾਂ ਉਨ੍ਹਾਂ ਦੇ ਮਨਸੂਬੇ ਕੁਝ ਹੋਰ ਨਿਕਲਦੇ ਹਨ।

ਅਗਲੇ ਸਾਲ ਦੀਆਂ ਚੋਣਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਉਹ ਰਾਜ ਜਿਥੇ ਭਾਜਪਾ ਸੱਤਾ ਦੀ ਮੁੱਖ ਦਾਅਵੇਦਾਰ ਨਹੀਂ ਹੈ ਅਤੇ ਦੂਜੇ ਉਹ ਜਿਥੇ ਉਹ ਜਾਂ ਤਾਂ ਸੱਤਾ ਵਿਚ ਹੈ ਜਾਂ ਫਿਰ ਸੱਤਾ ਵਿਚ ਆਉਣ ਲਈ ਕਮਰ ਕੱਸ ਚੁੱਕੀ ਹੈ। ਤਾਮਿਲਨਾਡੂ, ਕੇਰਲ ਅਤੇ ਪੁਡੀਚਰੀ ਵਿਚ ਭਾਜਪਾ ਕਮਜ਼ੋਰ ਹੈ। ਇਨ੍ਹਾਂ ਰਾਜਾਂ ਦੇ ਸਿਆਸੀ ਸਮੀਕਰਨਾਂ ਦੇ ਅਨੁਸਾਰ ਮਾਡਲ ਵੀ ਅਜੇ ਭਾਜਪਾ ਨੇ ਤਿਆਰ ਨਹੀਂ ਕੀਤਾ। ਕੇਰਲ ਵਿਚ ਸੰਘ ਪਰਿਵਾਰ ਬਹੁਤ ਦਿਨਾਂ ਤੋਂ ਤਿਆਰੀ ਕਰ ਰਿਹਾ ਹੈ। ਸੀ.ਪੀ.ਐਮ. ਨਾਲ ਆਰ.ਐਸ.ਐਸ. ਵਰਕਰਾਂ ਦੀਆਂ ਝੜਪਾਂ ਅਕਸਰ ਸੁਰਖੀਆਂ ਬਣਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ 20 ਸਾਲ ਪਹਿਲਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਕੇਰਲ ਵਿਚ ਸਮਾਜ ਅਤੇ ਰਾਜਨੀਤੀ ਨੇ ਫਿਰਕੂ ਰੂਪ ਧਾਰਨ ਕੀਤਾ ਹੈ। ਇਸ ਦੇ ਬਾਵਜੂਦ ਭਾਜਪਾ ਉਥੇ ਇਸ ਸਥਿਤੀ ਵਿਚ ਨਹੀਂ ਪਹੁੰਚ ਸਕੀ ਕਿ ਰਾਜਨੀਤੀ ਵਿਚ ਕੋਈ ਫੈਸਲਾਕੁਨ ਪ੍ਰਾਪਤੀ ਕਰ ਸਕੇ। ਕੇਰਲ ਵਿਚ ਕਾਂਗਰਸ ਦੀ ਅਗਵਾਈ ਵਾਲੇ ਅਤੇ ਖੱਬਿਆਂ ਦੀ ਅਗਵਾਈ ਵਾਲੇ ਮੋਰਚਿਆਂ ਵਿਚ ਹਰ ਵਾਰ ਟੱਕਰ ਹੁੰਦੀ ਹੈ। ਹਰ ਵਾਰ 2 ਫੀਸਦੀ ਦੇ ਕਰੀਬ ਵੋਟਰਾਂ ਨਾਲ ਫੈਸਲਾ ਹੁੰਦਾ ਹੈ ਅਤੇ ਸੱਤਾ ਬਦਲ ਜਾਂਦੀ ਹੈ। ਇਸ ਸਮੇਂ ਸੀ.ਪੀ.ਐਮ. ਵਾਲੇ ਮੋਰਚੇ ਦੀ ਹਕੂਮਤ ਹੈ ਅਤੇ ਰਵਾਇਤ ਅਨੁਸਾਰ ਹੁਣ ਕਾਂਗਰਸ ਦੇ ਮੋਰਚੇ ਦੀ ਵਾਰੀ ਹੈ। ਮੁੱਖ ਮੰਤਰੀ ਪਿਨਿਆਰੀ ਵਿਜਿਅਨ ਅਤੇ ਸਿਹਤ ਮੰਤਰੀ ਕੇ. ਸ਼ੈਲਜਾ ਨੇ ਕੋਵਿਡ ਮਹਾਂਮਾਰੀ ਨੂੰ ਰੋਕਣ ਵਿਚ ਇਤਿਹਾਸਕ ਸਫਲਤਾ ਹਾਸਲ ਕੀਤੀ ਹੈ, ਇਸ ਲਈ ਹੋ ਸਕਦਾ ਹੈ ਕਿ ਇਕ ਮੋਰਚੇ ਦੇ ਲਗਾਤਾਰ ਦੋ ਵਾਰ ਨਾ ਜਿੱਤਣ ਦੀ ਰਵਾਇਤ ਨੂੰ ਉਹ ਭੰਗ ਕਰ ਦੇਣ। ਜੋ ਵੀ ਹੋਵੇ, ਇਸ ਟੱਕਰ ਵਿਚ ਫਿਲਹਾਲ ਭਾਜਪਾ ਲਈ ਕੋਈ ਜਗ੍ਹਾ ਨਹੀਂ ਹੈ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਹੈ। ਉਥੇ ਵੀ ਭਾਜਪਾ ਨੇ ਆਪਣਾ ਦਾਇਰਾ ਵਧਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਜੇ ਉਸ ਨੂੰ ਕਾਫੀ ਸਮੇਂ ਤੱਕ ਕਿਸੇ ਖੇਤਰੀ ਪਾਰਟੀ ਦੇ ਛੋਟੇ ਸਾਥੀ ਬਣ ਕੇ ਕੰਮ ਚਲਾਉਣਾ ਪਵੇਗਾ।

ਪੱਛਮੀ ਬੰਗਾਲ ਅਤੇ ਆਸਾਮ ਵਿਚ ਭਾਜਪਾ ਦੀ ਦਾਅਵੇਦਾਰੀ ਸ਼ਕਤੀਸ਼ਾਲੀ ਹੈ। ਬੰਗਾਲ ਵਿਚ ਉਹ ਸੱਤਾ ਵਿਚ ਆਉਣ ਲਈ ਅਤੇ ਆਸਾਮ ਵਿਚ ਸੱਤਾ ਬਚਾਉਣ ਲਈ ਸੰਘਰਸ਼ ਕਰੇਗੀ। ਹਾਲਾਂ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਚੰਗਾ ਪ੍ਰਦਰਸ਼ਨ ਕੀਤਾ ਸੀ ਪਰ ਇਨ੍ਹਾਂ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਉਸ ਲਈ ਆਸਾਨ ਨਹੀਂ ਹੋਣਗੀਆਂ।

ਮਮਤਾ ਬੈਨਰਜੀ ਦੋ ਵਾਰ ਚੋਣਾਂ ਜਿੱਤ ਚੁੱਕੀ ਹੈ। ਬੰਗਾਲ ਦੀ ਰਾਜਨੀਤੀਕ ਸਥਿਤੀ ਨਾਲ ਸਬੰਧਿਤ ਲੋਕ ਮੰਨਦੇ ਹਨ ਕਿ ਉਥੇ ਵੀ ਬਿਹਾਰ ਦੀ ਤਰ੍ਹਾਂ ਬਦਲਾਅ ਦੀ ਇੱਛਾ ਹਵਾ ਵਿਚ ਹੈ। ਇਸ ਦਾ ਲਾਭ ਭਾਜਪਾ ਨੂੰ ਮਿਲ ਸਕਦਾ ਹੈ ਪਰ ਜੇ ਭਾਜਪਾ ਸਮਝਦੀ ਹੈ ਕਿ ਉਥੇ ਵੀ ਓਵਾਇਸੀ ਦੀ ਮੌਜੂਦਗੀ ਮੁਸਲਿਮ ਵੋਟਾਂ ਨੂੰ ਵੰਡ ਦੇਵੇਗੀ ਤਾਂ ਇਹ ਉਸ ਦਾ ਭੁਲੇਖਾ ਸਾਬਤ ਹੋ ਸਕਦਾ ਹੈ। ਪੱਛਮੀ ਬੰਗਾਲ ਵਿਚ ਭਾਜਪਾ ਕੋਲ ਮਮਤਾ ਬੈਨਰਜੀ ਵਰਗਾ ਪ੍ਰਭਾਵਸ਼ਾਲੀ ਨੇਤਾ ਵੀ ਨਹੀਂ ਹੈ।

# ਸੁਪਰੀਮ ਕੋਰਟ ਦਾ ਫੈਸਲਾ ਅਤੇ ਆਵਾਜਾਈ ਦੇ ਪ੍ਰਸੰਗ

ਕੇਂਦਰ ਦੇ ਖੇਤੀ ਕਾਨੂੰਨਾਂ ਦੀ ਦੇਸ਼ ਭਰ ਵਿਚ ਕਿਸਾਨ ਜੱਥੇਬੰਦੀਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਮੁਖਾਲਫਿਤ ਵਿਚ ਪੰਜਾਬ ਦਾ ਸਥਾਨ ਮੋਹਰੀ ਹੈ। ਸੰਘਰਸ਼ ਦੀ ਅਹਿਮੀਅਤ ਸਮਝਦੇ ਹੋਏ, ਹਰ ਉਮਰ ਵਰਗ ਦੇ ਲੋਕ ਲਗਭਗ ਪਿਛਲੇ ਦੋ ਮਹੀਨਿਆਂ ਤੋਂ ਘਰਾਂ ਤੋਂ ਬਾਹਰ ਸੜਕਾਂ ਉਤੇ ਆ ਆਪਣਾ ਵਿਰੋਧ ਜਤਾ ਰਹੇ ਹਨ। ਦੂਜੇ ਸ਼ਬਦਾਂ ਵਿਚ, ਦੇਹਾਤੀ ਅਤੇ ਸ਼ਹਿਰੀ ਖੇਤਰਾਂ ਦੇ ਹਰ ਚੌਕ-ਚੁਰਾਹੇ ਉਤੇ ਵੱਖ-ਵੱਖ ਕਿਸਾਨ ਜੱਥੇਬੰਦੀਆਂ ਦੀਆਂ ਲੱਗੀਆਂ ਝੰਡੀਆਂ ਇਸ ਗੱਲ ਵੱਲ ਸੰਕੇਤ ਕਰ ਰਹੀਆਂ ਹਨ ਕਿ ਕਈ ਦਹਾਕਿਆਂ ਬਾਅਦ ਪੰਜਾਬ ਦੀ ਫਿਜ਼ਾ ਪੂਰੀ ਤਰ੍ਹਾਂ ਸਿਆਸੀ ਰੰਗ ਲੈ ਚੁੱਕੀ ਹੈ। ਆਪਣੇ ਹੱਕਾਂ ਦੀ ਪੈਰਵੀ ਕਰ ਰਹੇ ਲੋਕ ਜਦੋਂ

**ਇਵਲੀਨ ਕੌਰ**
ਫੋਨ: +91-93540-06738
**ਹਰਵੀਰ ਪਾਲ ਸਿੰਘ**
ਫੋਨ: +91-9417755449

ਕਿਸੇ ਵੀ ਥਾਂ ਉਤੇ ਰੋਸ ਮੁਜ਼ਾਹਰਾ ਕਰਨ ਨੂੰ ਆਪਣਾ ਮੌਲਿਕ ਅਧਿਕਾਰ ਸਮਝ ਰਹੇ ਹਨ, ਤਾਂ ਇਹ ਸੋਚਣ ਵਾਲੀ ਗੱਲ ਹੈ ਕਿ ਪਿਛਲੇ ਮਹੀਨੇ ਸੁਪਰੀਮ ਕੋਰਟ ਵੱਲੋਂ ਧਰਨਿਆਂ ਦੌਰਾਨ ਸੜਕਾਂ ਰੋਕਣ ਪ੍ਰਤੀ 'ਟ੍ਰੈਫਿਕ' ਦੇ ਸੰਬੰਧ ਵਿਚ ਕੀਤੇ ਫੈਸਲੇ ਦੇ ਕੀ ਮਾਅਨੇ ਹੋ ਸਕਦੇ ਹਨ?

ਇਸ ਸਾਲ ਫਰਵਰੀ ਮਹੀਨੇ ਵਿਚ ਵਕੀਲ ਅਮਿਤ ਸਾਹਨੀ ਵੱਲੋਂ ਸ਼ਾਹੀਨ ਬਾਗ਼ ਦੇ ਅੰਦੋਲਨ ਨੂੰ ਕੇਂਦਰ ਵਿਚ ਰੱਖ ਕੇ ਪਟੀਸ਼ਨ ਦਾਇਰ ਕੀਤੀ ਗਈ। ਇਸ ਵਿਚ ਪਟੀਸ਼ਨਰ ਦੁਆਰਾ ਸ਼ਾਹੀਨ ਬਾਗ ਦੇ ਅੰਦੋਲਨ ਨੂੰ ਮਹਿਜ਼ ਆਵਾਜਾਈ ਲਈ ਸਮੱਸਿਆ ਤੱਕ ਮਹਿਦੂਦ ਕਰ ਕੇ ਪੇਸ਼ ਕੀਤਾ ਗਿਆ। ਇਸ ਪਟੀਸ਼ਨ ਵਿਚ ਇਹ ਅਪੀਲ ਕੀਤੀ ਗਈ ਕਿ ਕਿਸ ਤਰ੍ਹਾਂ ਜਨਤਕ ਥਾਵਾਂ ਉਤੇ ਕੀਤੇ ਜਾਣ ਵਾਲੇ ਰੋਸ ਮੁਜ਼ਾਹਰੇ ਆਵਾਜਾਈ ਦੇ ਨਿਰਵਿਘਨ ਪ੍ਰਵਾਹ ਵਿਚ ਰੁਕਾਵਟ ਬਣਦੇ ਹਨ। ਨਤੀਜੇ ਵਜੋਂ ਰਾਹਗੀਰ ਆਪਣੇ ਘੁੰਮਣ-ਫਿਰਨ/ਸਫਰ ਕਰਨ ਦੇ ਅਧਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਵਿਚ ਜਨਤਕ ਥਾਵਾਂ ਉਤੇ ਕੀਤੇ ਜਾਣ ਵਾਲੇ ਰੋਸ ਮੁਜ਼ਾਹਰੇ ਦੇ ਅਧਿਕਾਰ ਨੂੰ ਸੀਮਤ ਕਰ ਦਿੱਤਾ ਗਿਆ ਹੈ। ਇਸ ਬਾਬਤ ਕੋਰਟ ਦਾ ਕਹਿਣਾ ਸੀ ਕਿ ਰੋਸ ਮੁਜ਼ਾਹਰਾ ਕਰਨਾ ਨਾਗਰਿਕਾਂ ਦਾ ਅਧਿਕਾਰ ਹੈ, ਕਿੰਤੂ ਇਹ ਕਿਸੇ ਨਿਰਧਾਰਤ ਥਾਂ ਉਤੇ ਕੀਤਾ ਜਾਣਾ ਚਾਹੀਦਾ ਹੈ। ਇਸ ਸਾਲ ਜਦੋਂ ਮਾਰਚ ਤੋਂ ਲੈ ਕੇ ਲਗਭਗ ਚਾਰ ਮਹੀਨੇ ਤੱਕ ਪੂਰੇ ਮੁਲਕ ਵਿਚ ਕੋਈ ਰੋਸ ਮੁਜ਼ਾਹਰਾ ਨਹੀਂ ਹੋਇਆ ਤਾਂ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਇਸ ਪਟੀਸ਼ਨ ਨਾਲ ਸੰਬੰਧਿਤ ਅਜਿਹੇ ਫੈਸਲੇ ਬਾਰੇ ਕਈ ਅਹਿਮ ਸਵਾਲ ਪੈਦਾ ਹੋ ਰਹੇ ਹਨ।

ਪਹਿਲਾ, ਬਹਿਸ ਦੌਰਾਨ ਕੋਰਟ ਵਿਚ 'ਆਵਾਜਾਈ' ਨੂੰ ਬਹੁਤ ਹੀ ਸੀਮਤ ਅਤੇ ਇਕਹਰੇ ਅਰਥਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ। ਇਸ ਵਿਚ ਆਵਾਜਾਈ ਦਾ ਅਰਥ ਵਾਹਨਾਂ ਦੀ ਗਤੀਵਿਧੀ ਵਜੋਂ ਲਿਆ ਗਿਆ। ਇੰਝ, ਇਹ ਫੈਸਲਾ ਆਪਣੇ ਆਪ ਵਿਚ ਪੈਦਲ ਯਾਤਰੀਆਂ ਨਾਲ ਵਿਤਕਰਾ ਕਰਦਾ ਨਜ਼ਰ ਆਉਂਦਾ ਹੈ। ਸਵਾਲ ਹੈ ਕਿ ਜਦੋਂ ਸਾਰੇ ਹੀ ਨਾਗਰਿਕਾਂ ਕੋਲ ਸਮਾਨ ਅਧਿਕਾਰ ਹਨ, ਫਿਰ ਇਸ ਫੈਸਲੇ ਵਿਚ ਸਿਰਫ ਵਾਹਨਾਂ ਦੀ ਆਵਾਜਾਈ ਨੂੰ ਹੀ ਆਵਾਜਾਈ ਕਿਉਂ ਸਮਝ ਲਿਆ ਗਿਆ। ਦੂਜਾ, ਸਮਾਰਟ ਸ਼ਹਿਰਾਂ ਦੇ ਪ੍ਰੋਜੈਕਟ ਰਾਹੀ ਸਰਕਾਰ ਦੁਆਰਾ ਪੈਦਲ ਯਾਤਰੀਆਂ ਦੇ ਅਧਿਕਾਰਾਂ ਬਾਰੇ ਗੱਲ ਕੀਤੀ ਗਈ ਹੈ। ਹਾਲ ਹੀ ਵਿਚ ਪੇਸ਼ ਕੀਤਾ ਗਿਆ 'ਸਟਰੀਟਸ ਫਾਰ ਦਿ ਪੀਪਲ ਚੈਲਿੰਜ' ਦਾ ਨਾਅਰਾ ਵੀ ਇਸੇ ਡਿਸਕੋਰਸ ਨੂੰ ਅੱਗੇ ਵਧਾਉਂਦਾ ਹੈ। ਲੇਕਿਨ, ਜਨਤਕ ਥਾਵਾਂ ਉਤੇ ਰੋਸ ਮੁਜ਼ਾਹਰੇ ਕਰਨ ਦੇ ਅਧਿਕਾਰ ਨੂੰ ਸੀਮਤ ਕਰਨ ਨਾਲ ਪੈਦਲ ਯਾਤਰੀਆਂ ਨੂੰ ਜਨਤਕ ਥਾਵਾਂ ਉਤੇ ਬਰਾਬਰ ਦੀ ਸਪੇਸ ਦੇਣਾ ਸੰਭਵ ਨਹੀਂ ਹੋਵੇਗਾ। ਤੀਸਰਾ, ਇਸ ਪਟੀਸ਼ਨ ਵਿਚ ਆਵਾਜਾਈ ਨੂੰ ਇਕ ਥਾਂ ਤੋਂ ਦੂਜੇ ਥਾਂ, ਸ਼ਹਿਰ ਤੋਂ ਬਾਹਰ ਅਤੇ ਅੰਦਰ ਆਉਣ-ਜਾਣ ਦੇ ਅਰਥਾਂ ਵਿਚ ਲਿਆ ਗਿਆ ਹੈ। ਇਸ ਵਿਚ ਜ਼ੇਰੇ-ਇਲਾਜ ਵਿਅਕਤੀਆਂ ਨੂੰ ਇਕ ਥਾਂ ਤੋਂ ਦੂਜੇ ਥਾਂ ਤੱਕ ਸੁਰੱਖਿਅਤ ਲੈ ਕੇ ਜਾਣ ਦਾ ਵੀ ਅਧਿਕਾਰ ਸ਼ਾਮਿਲ ਹੈ। ਲਿਹਾਜ਼ਾ, ਉਪਰੋਕਤ ਪ੍ਰਸੰਗ ਵਿਚ ਪਰਿਭਾਸ਼ਿਤ ਕੀਤੀ ਗਈ 'ਆਵਾਜਾਈ' ਅਤੇ ਇਸ ਨਾਲ ਸਬੰਧਿਤ ਅਧਿਕਾਰਾਂ ਦੀ ਪੂਰਤੀ ਰੋਸ ਮੁਜ਼ਾਹਰੇ ਲਗਾਉਣ ਦੇ ਅਧਿਕਾਰ ਤੋਂ ਜ਼ਿਆਦਾ ਜ਼ਰੂਰੀ ਜਾਪਣ ਲੱਗ ਜਾਂਦੀ ਹੈ। ਦਰਅਸਲ, ਕਿਸੇ ਵੀ ਤਰ੍ਹਾਂ ਦੇ ਰੋਸ ਮੁਜ਼ਾਹਰੇ ਜੋ ਜਮਹੂਰੀ ਅਧਿਕਾਰ ਹੈ, ਨੂੰ ਖਲਾਅ ਵਜੋਂ ਨਹੀਂ ਦੇਖਿਆ ਜਾ ਸਕਦਾ।

ਆਵਾਜਾਈ ਨੂੰ ਇਸ ਦੇ ਪ੍ਰਚਲਿਤ ਅਰਥਾਂ ਅਨੁਸਾਰ ਪਰਿਭਾਸ਼ਿਤ ਕਰਦਿਆਂ ਅਕਸਰ ਇਸ ਨੂੰ ਵਾਹਨਾਂ ਦੀ ਯਾਤਾਯਾਤ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ ਜਦੋਂਕਿ ਧਰਨਿਆਂ ਵਿਚ ਸ਼ਮੂਲੀਅਤ ਕਰ ਰਹੇ ਲੋਕ ਆਪਣੇ ਆਪ ਵਿਚ ਆਵਾਜਾਈ ਦਾ ਇੱਕ ਸਰੂਪ ਹੁੰਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਆਵਾਜਾਈ ਦੇ ਇਸ ਸਰੂਪ ਨੂੰ ਕਿਉਂ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ, ਜਦੋਂਕਿ ਇਸ ਤਰ੍ਹਾਂ ਦੀ ਆਵਾਜਾਈ ਦਾ ਸਰੂਪ ਹੀ ਲੋਕਾਂ ਵਿਚ ਚੇਤਨਾ ਲੈ ਕੇ ਆਉਂਦਾ ਹੈ। ਇਸ ਦੀ ਬਦਲੌਤ ਹੀ ਲੋਕ ਆਪਣੇ ਬਹੁਤ ਸਾਰੇ ਅਧਿਕਾਰਾਂ, ਜਿਨ੍ਹਾਂ ਵਿਚ ਇਕੱਠੇ ਹੋਣਾ, ਸੁਰੱਖਿਆ, ਸਮਾਨਤਾ ਆਦਿ ਸ਼ਾਮਿਲ ਹਨ, ਪ੍ਰਤੀ ਜਾਗਰੂਕ ਹੁੰਦੇ ਹਨ। ਜੇਕਰ ਆਵਾਜਾਈ ਦਾ ਇਹ ਸਰੂਪ ਕਿਸੇ ਸ਼ਾਬਦਿਕ ਜਾਂ ਅਮਲੀ ਹਿੰਸਾ ਨੂੰ ਜਨਮ ਨਹੀਂ ਦਿੰਦਾ ਤਾਂ ਇਸ ਨੂੰ ਜਨਤਕ ਥਾਵਾਂ ਤੋਂ ਕਿਉਂ ਦੂਰ ਰੱਖਿਆ ਜਾਵੇ?




ਜ਼ੀਆ ਉਸ-ਸਲਾਮ ਅਤੇ ਉਜ਼ਮਾ ਔਸਫ ਆਪਣੀ ਪੁਸਤਕ ਸ਼ਾਹੀਨ ਬਾਗ਼: ਫ੍ਰਾਮ ਏ ਪ੍ਰੋਟੈਸਟ ਟੂ ਏ ਮੂਵਮੈਂਟ (2020) ਵਿਚ ਇਸ ਅੰਦੋਲਨ ਵਿਚ ਸ਼ਾਮਿਲ ਵਿੰਭਿਨ ਉਮਰ, ਜਮਾਤ ਅਤੇ ਭਾਈਚਾਰੇ ਦੀਆਂ ਔਰਤਾਂ ਦੀ ਸਥਿਤੀ ਬਿਆਨ ਕਰਦੇ ਹਨ। ਉਹ ਲਿਖਦੇ ਹਨ ਕਿ ਇਸ ਅੰਦੋਲਨ ਨੂੰ ਮਹਿਜ਼ ਦਿੱਲੀ ਤੱਕ ਹੀ ਮਹਿਦੂਦ ਕਰ ਕੇ ਨਹੀਂ ਦੇਖਿਆ ਜਾ ਸਕਦਾ, ਸਗੋਂ ਸ਼ਾਹੀਨ ਬਾਗ ਦੇ ਬੈਨਰ ਹੇਠ ਮੁਲਕ ਦੇ ਕਈ ਹਿੱਸਿਆਂ ਵਿਚ ਬਿਨਾ ਕਿਸੇ ਸ਼ਾਬਦਿਕ ਜਾਂ ਅਮਲੀ ਹਿੰਸਾ ਦੇ ਧਰਨੇ ਲੱਗਣੇ ਸ਼ੁਰੂ ਹੋਏ। ਹਾਲਾਂਕਿ, ਇਹ ਮੁਜ਼ਾਹਰਾ ਸ਼ਾਹੀਨ ਬਾਗ ਤੋਂ ਕੁਝ ਦੂਰ ਜਾਮੀਆ ਇਸਲਾਮੀਆ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੁਲਿਸ ਦੁਆਰਾ ਕੀਤੀ ਗਈ ਅੰਨ੍ਹੇਵਾਹ ਕੁੱਟਮਾਰ ਦੇ ਵਿਰੋਧ ਵਜੋਂ ਸ਼ੁਰੂ ਹੋਇਆ ਜਿਸ ਨੇ ਬਾਅਦ ਵਿਚ ਸਿਟੀਜ਼ਨ ਅਮੈਂਡਮੈਂਟ ਐਕਟ (ਸੀ.ਏ.ਏ.) ਅਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ (ਐਨ.ਆਰ.ਸੀ.) ਜਿਹੇ ਬਿੱਲਾਂ ਦੇ ਵਿਰੋਧ ਵਜੋਂ ਅੰਦੋਲਨ ਦਾ ਰੂਪ ਅਖਤਿਆਰ ਕਰ ਲਿਆ। ਉਸ ਸਮੇਂ ਵੀ ਅੰਦੋਲਨਕਾਰੀਆਂ ਉਤੇ ਦਿੱਲੀ ਤੋਂ ਫਰੀਦਾਬਾਦ ਅਤੇ ਨੋਇਡਾ ਜਾਣ ਵਾਲੀ ਟ੍ਰੈਫਿਕ ਵਿਚ ਰੁਕਾਵਟ ਪਾਉਣ ਦੇ ਗੰਭੀਰ ਦੋਸ਼ ਲੱਗੇ ਸਨ। ਐਪਰ, ਮੀਡੀਆ ਦੁਆਰਾ ਕਈ ਬਦਲਵੇਂ ਰਸਤੇ ਦਿਖਾਏ ਜਾ ਰਹੇ ਸਨ ਜਿਨ੍ਹਾਂ ਦੀ ਦਿੱਲੀ ਅਤੇ ਉਤਰ ਪ੍ਰਦੇਸ਼ ਪੁਲਿਸ ਵੱਲੋਂ ਦੋਹਾਂ ਪਾਸਿਆਂ ਤੋਂ ਨਾਕਾਬੰਦੀ ਕੀਤੀ ਹੋਈ ਸੀ। ਇੱਥੋਂ ਤੱਕ ਕਿ ਸੂਚਨਾ ਕਮਿਸ਼ਨ ਦੇ ਸਾਬਕਾ ਚੀਫ ਅਤੇ ਘੱਟ ਗਿਣਤੀਆਂ ਦੇ ਨੈਸ਼ਨਲ ਕਮਿਸ਼ਨ ਦੇ ਸਾਬਕਾ ਮੁਖੀ ਵਜਾਹਤ ਹਬੀਬਉਲਾ ਨੇ ਇਹ ਗੱਲ ਨਸ਼ਰ ਕੀਤੀ ਕਿ ਦਿੱਲੀ ਪੁਲਿਸ ਦੁਆਰਾ ਸੀਲ ਕੀਤੀਆਂ ਜ਼ਿਆਦਾਤਰ ਸੜਕਾਂ ਦਾ ਸ਼ਾਹੀਨ ਬਾਗ਼ ਨਾਲ ਕੋਈ ਸੰਬੰਧ ਹੀ ਨਹੀਂ ਸੀ। ਦਿੱਲੀ ਪੁਲਿਸ ਨੇ 'ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ' ਦਾ ਜ਼ਿਕਰ ਕਰਦਿਆਂ ਕਦੇ ਇਸ ਗੱਲ ਦਾ ਜਵਾਬ ਹੀ ਨਹੀਂ ਦਿੱਤਾ ਕਿ ਆਖਿਰ ਕਿਹੜੇ ਕਾਰਨਾਂ ਕਰ ਕੇ ਉਹਨਾਂ ਬਦਲਵੇਂ ਰਸਤਿਆਂ ਨੂੰ ਬੰਦ ਕੀਤਾ ਗਿਆ ਸੀ। ਕਾਬਿਲੇ-ਏ-ਗੌਰ ਹੈ ਕਿ ਉਸ ਸਮੇਂ ਔਰਤ ਅੰਦੋਲਨਕਾਰੀਆਂ ਖਿਲਾਫ ਤਾਂ ਇਹ ਵੀ ਦੋਸ਼ ਲੱਗੇ ਕਿ ਉਹ ਸਰਕਾਰ ਦੀ ਮੁਖਾਲਫਿਤ ਕਰਨ ਲਈ ਪੈਸੇ ਦੇ ਕੇ ਬਿਠਾਈਆਂ ਗਈਆਂ ਸਨ। ਇੰਝ, ਫਰਵਰੀ ਮਹੀਨੇ ਵਿਚ ਦਾਇਰ ਕੀਤੀ ਗਈ ਪਟੀਸ਼ਨ ਵਿਚ ਸ਼ਾਹੀਨ ਬਾਗ ਦੇ ਅੰਦੋਲਨ ਨੂੰ ਮਹਿਜ਼ ਟ੍ਰੈਫਿਕ ਤੱਕ ਹੀ ਮਹਿਦੂਦ ਕਰਦਿਆਂ ਇਹ ਕਿਹਾ ਗਿਆ ਕਿ ਕਲਿੰਦੀ ਕੁੰਜ ਰੋਡ ਤਿੰਨ ਰਾਜਾਂ, ਦਿੱਲੀ, ਉਤਰ ਪ੍ਰਦੇਸ਼ ਅਤੇ ਹਰਿਆਣਾ ਨੂੰ ਜੋੜਦੀ ਹੈ। ਇਸ ਲਈ ਇਸ ਉਤੇ ਬੈਠੇ ਲੋਕਾਂ ਨੇ ਆਲੇ-ਦੁਆਲੇ ਰਹਿ ਰਹੇ ਲੋਕਾਂ ਲਈ ਹੀ ਸਮੱਸਿਆ ਪੈਦਾ ਨਹੀਂ ਕੀਤੀ, ਸਗੋਂ ਬਾਹਰਲੇ ਰਾਜਾਂ ਤੋਂ ਲੱਖਾਂ ਦੀ ਤਾਦਾਦ ਵਿਚ ਆ ਰਹੇ ਰਾਹਗੀਰ ਵੀ ਇਸ ਨਾਲ ਡਾਢੇ ਪ੍ਰੇਸ਼ਾਨ ਹੋਏ।

14 ਜਨਵਰੀ 2020 ਨੂੰ ਦਿੱਲੀ ਹਾਈਕੋਰਟ ਨੇ ਇਹ ਕਿਹਾ ਕਿ ਕਿਸੇ ਰੋਸ ਮੁਜ਼ਾਹਰੇ ਨਾਲ ਪੁਲਿਸ ਕਿਵੇਂ ਨਜਿੱਠਦੀ ਹੈ, ਇਸ ਦਾ ਕੋਰਟ ਨਾਲ ਕੋਈ ਸਬੰਧ ਨਹੀਂ। ਅੱਗੇ ਕੋਰਟ ਨੇ ਇਹ ਵੀ ਕਿਹਾ ਕਿ ਕਿਸੇ ਵੀ ਪ੍ਰਕਾਰ ਦੀ ਹਿੰਸਾ ਨੂੰ ਰੋਕਣ ਲਈ ਪੁਲਿਸ ਧਰਨਾਕਾਰੀਆ ਨੂੰ ਕਿਸੇ ਵਿਸ਼ੇਸ ਥਾਂ ਵੱਲ ਲਿਆ ਸਕਦੀ ਹੈ। ਦੂਜੇ ਸ਼ਬਦਾਂ ਵਿਚ, ਆਪਣੇ ਹੱਕਾਂ ਦੀ ਬਹਾਲੀ ਲਈ ਸੜਕ 'ਤੇ ਸ਼ਾਂਤੀਮਈ ਲੱਗੇ ਧਰਨਿਆਂ ਕਰ ਕੇ ਹੋਰਾਂ ਯਾਤਰੀਆਂ ਨੂੰ ਅਨਿਸ਼ਚਿਤ ਸਮੇਂ ਲਈ ਮੁਸੀਬਤ ਵਿਚ ਨਹੀਂ ਪਾਇਆ ਜਾ ਸਕਦਾ।

ਇਹ ਕੋਈ ਪਹਿਲੀ ਦਫਾ ਨਹੀਂ ਹੋ ਰਿਹਾ ਕਿ ਰਾਹਗੀਰਾਂ ਨੂੰ ਸੜਕ ਬੰਦ ਹੋਣ ਕਰ ਕੇ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੋਵੇ। ਜਦੋਂ ਵੀ ਸਮਾਜ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਸ ਵਿਚ ਲੋਕ ਸੰਘਰਸ਼ ਤੋਂ ਬਿਨਾ ਸੁਣਵਾਈ ਅਸੰਭਵ ਸੀ ਤਾਂ ਚੇਤੰਨ ਲੋਕ ਹਮੇਸ਼ਾ ਸੜਕਾਂ ਉਤੇ ਨਿਕਲ ਆਏ। ਉਦਾਹਰਣ ਵਜੋਂ, 16 ਦਸੰਬਰ 2012 ਨੂੰ ਦਿੱਲੀ ਵਿਚ ਹੋਏ ਗੈਂਗ ਰੇਪ ਦੇ ਵਿਰੋਧ ਵਜੋਂ ਨੌਜਵਾਨ ਮੁਜ਼ਾਹਰਾਕਾਰੀ ਵੱਡੀ ਤਾਦਾਦ ਵਿਚ ਆਈ.ਟੀ.ਓ. ਜੰਕਸ਼ਨ ਵਿਖੇ ਸੜਕਾਂ ਉਤੇ ਬੈਠ ਗਏ। ਕਈ ਦਿਨਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਸਰਕਾਰ ਦੁਆਰਾ ਉਸ ਘਟਨਾ 'ਤੇ ਪ੍ਰਤੀਕ੍ਰਿਰਿਆ ਦਿੰਦਿਆ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਸਭ ਕੁਝ ਲੋਕ ਰੋਹ ਕਰ ਕੇ ਹੀ ਸੰਭਵ ਹੋ ਸਕਿਆ। ਪੋਹ ਦੇ ਮਹੀਨੇ ਉਸ ਯਖ ਮੌਸਮ ਵਿਚ ਸੜਕਾਂ 'ਤੇ ਬੈਠੇ ਨੌਜਵਾਨਾਂ ਨੇ ਜਦੋਂ ਇਕ ਲੜਖੜਾ ਕੇ ਤੁਰੀ ਜਾ ਰਹੀ ਬੁੱਢੀ ਔਰਤ ਨੂੰ ਪੁੱਛਿਆ, "ਤੁਹਾਨੂੰ ਸੜਕਾਂ ਬੰਦ ਹੋਣ ਕਾਰਨ ਕੋਈ ਦਿੱਕਤ ਤਾਂ ਨਹੀਂ ਆ ਰਹੀ" ਤਾਂ ਉਸ ਦਾ ਕਹਿਣਾ ਸੀ, "ਬੇਸ਼ੱਕ ਆ ਰਹੀ ਹੈ ਪਰ ਇਹ ਦਿੱਕਤ ਉਸ ਘਟਨਾ ਤੋਂ ਵੱਡੀ ਨਹੀਂ ਜਿਸ ਲਈ ਤੁਸੀਂ ਇੱਥੇ ਬੈਠੇ ਹੋ।"

ਇਸ ਲਈ ਸੜਕਾਂ ਉਤੇ ਬੈਠੇ ਲੋਕਾਂ ਨੂੰ ਮਹਿਜ਼ ਆਵਾਜਾਈ ਵਿਚ ਵਿਘਨ ਪੈਦਾ ਕਰਨ ਵਾਲਿਆਂ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸ ਦੇ ਉਲਟ, ਜਦੋਂ ਵੀ ਕਿਸੇ ਦੇਸ਼ ਦੀ ਸਰਕਾਰ ਉਥੋਂ ਦੇ ਨਾਗਰਿਕਾਂ ਦੀ ਗੱਲ ਸੁਣਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਉਸ ਵਕਤ ਸੁਚੇਤ ਨਾਗਰਿਕਾਂ ਲਈ ਆਪਣੀ ਆਵਾਜ਼ ਬੁਲੰਦ ਕਰਨ ਲਈ ਸੜਕਾਂ 'ਤੇ ਆ ਬੈਠਣ ਦਾ ਇਕੋ-ਇਕ ਰਾਹ ਰਹਿ ਜਾਂਦਾ ਹੈ। ਹੁਣ ਇਹ ਭਵਿੱਖ ਹੀ ਤੈਅ ਕਰੇਗਾ ਕਿ ਸੜਕਾਂ ਉਤੇ ਬੈਠੇ ਹਜ਼ਾਰਾਂ ਮਜ਼ਦੂਰਾਂ-ਕਿਸਾਨਾਂ ਨੂੰ ਮਹਿਜ਼ 'ਆਵਾਜਾਈ' ਲਈ ਰੁਕਾਵਟ ਕਹਿ ਕੇ ਪਾਸੇ ਕਰ ਦਿੱਤਾ ਜਾਵੇਗਾ ਜਾਂ ਇਹ ਲੋਕ ਸੰਘਰਸ਼ ਸਮੁੱਚੇ ਮੁਲਕ ਵਿਚ ਨਵੀਂ ਚੇਤਨਾ ਲੈ ਕੇ ਆਵੇਗਾ।

# ਖੇਤੀ ਸੁਧਾਰਾਂ ਦਾ ਬਿਹਾਰ ਮਾਡਲ ਅਤੇ ਪੰਜਾਬ

ਕੇਂਦਰ ਸਰਕਾਰ ਦਾਅਵਾ ਕਰਦੀ ਹੈ ਕਿ ਹਾਲੀਆ ਖੇਤੀ ਸੁਧਾਰ ਇਤਿਹਾਸਕ ਹਨ ਕਿਉਂਕਿ ਇਹ ਸੁਧਾਰ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਇਨਕਲਾਬੀ ਤਬਦੀਲੀ ਲਿਆ ਸਕਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਤਿੰਨ ਨਵੇਂ ਕਾਨੂੰਨਾਂ, ਖਾਸਕਰ ਨਿਯਮਤ ਮੰਡੀਆਂ ਨੂੰ ਪ੍ਰਭਾਵਿਤ ਕਰਨ ਵਾਲੇ 'ਕਿਸਾਨੀ ਉਤਪਾਦ ਵਪਾਰ ਤੇ ਵਣਜ (ਪ੍ਰੋਤਸਾਹਨ ਤੇ ਸਰਲੀਕਰਨ) ਕਾਨੂੰਨ 2020' ਦੇ ਸੰਭਾਵੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਬਿਹਾਰ

**ਡਾ. ਸੁਖਪਾਲ ਸਿੰਘ**

ਪ੍ਰਦੇਸ਼ ਦੀ, ਇਨ੍ਹਾਂ ਸੁਧਾਰਾਂ ਦੇ ਲਾਗੂ ਕਰਨ ਤੋਂ ਬਾਅਦ ਵਾਲੀ, ਸਥਿਤੀ ਉਪਰ ਨਜ਼ਰ ਮਾਰਨੀ ਬਹੁਤ ਅਹਿਮ ਰਹੇਗੀ। ਬਿਹਾਰ ਵਿਚ 'ਖੇਤੀ ਉਤਪਾਦ ਮੰਡੀ ਕਮੇਟੀ' (ਏ.ਪੀ.ਐਮ.ਸੀ.) ਕਾਨੂੰਨ ਸੰਨ 2006 ਵਿਚ ਮਨਸੂਖ ਕਰ ਦਿੱਤਾ ਗਿਆ ਸੀ।

ਉਸ ਸਮੇਂ ਇਹ ਵਿਸ਼ਵਾਸ ਦਿਵਾਇਆ ਗਿਆ ਕਿ 'ਬਿਹਾਰ ਖੇਤੀ ਉਤਪਾਦ ਮੰਡੀ (ਮਨਸੂਖ) ਕਾਨੂੰਨ' ਕਾਰਨ ਖੇਤੀ ਮੰਡੀਆਂ ਸਥਾਪਤ ਕਰਨ ਤੇ ਚਲਾਉਣ ਲਈ ਬਹੁਤ ਭਾਰੀ ਮਾਤਰਾ ਵਿਚ ਨਿਵੇਸ਼ ਹੋਵੇਗਾ ਜਿਸ ਰਾਹੀਂ ਉਹ ਸੂਬਾ ਖੇਤੀ ਦੇ ਵਿਕਾਸ ਕੇਂਦਰ ਵਜੋਂ ਉਭਰ ਕੇ ਸਾਹਮਣੇ ਆਵੇਗਾ। ਦਾਅਵਾ ਕੀਤਾ ਗਿਆ ਕਿ ਬਿਹਾਰ ਵਿਚ ਖੇਤੀ ਮੰਡੀ ਦਾ ਸ੍ਰੇਸ਼ਠ ਬੁਨਿਆਦੀ ਢਾਂਚਾ ਵਿਕਸਿਤ ਹੋਵੇਗਾ ਜਿਸ ਕਾਰਨ ਉਸ ਸੂਬੇ ਦਾ ਕਿਸਾਨ ਕੌਮਾਂਤਰੀ ਮੰਡੀ ਵਿਚ ਮੁਕਾਬਲਾ ਕਰਨ ਦੇ ਯੋਗ ਹੋ ਜਾਵੇਗਾ ਪਰ ਕੀ ਇਹ ਦਾਅਵੇ ਸੱਚੇ ਸਾਬਤ ਹੋਏ? ਇਨ੍ਹਾਂ ਖੇਤੀ ਸੁਧਾਰਾਂ ਦੇ 14 ਸਾਲਾਂ ਬਾਅਦ ਬਿਹਾਰ ਦੀ ਆਰਥਿਕਤਾ ਦਾ ਕੀ ਬਣਿਆ?

ਆਉ ਅਸੀਂ ਪਹਿਲਾਂ ਨਵੇਂ ਨਿਵੇਸ਼ ਤੇ ਖੇਤੀ ਦੇ ਬੁਨਿਆਦੀ ਢਾਂਚੇ ਦੀ ਗੱਲ ਕਰੀਏ। ਬਿਹਾਰ ਵਿਚ ਏ.ਪੀ.ਐਮ.ਸੀ. ਕਾਨੂੰਨ ਦੀ ਮਨਸੂਖੀ ਕਾਰਨ ਕੋਈ ਨਵਾਂ ਨਿਵੇਸ਼ ਨਹੀਂ ਆਇਆ ਜਿਸ ਕਾਰਨ ਮੰਡੀਕਰਨ ਦੀ ਕਾਰਜ਼-ਕੁਸ਼ਲਤਾ ਹੋਰ ਨਿੱਘਰ ਗਈ। ਨਿਯਮਤ ਮੰਡੀਆਂ ਦੇ ਖਤਮ ਹੋ ਜਾਣ ਕਾਰਨ ਬਿਹਾਰ ਸਟੇਟ ਖੇਤੀ ਮੰਡੀਕਰਨ ਬੋਰਡ ਦੀ ਆਮਦਨ ਬੰਦ ਹੋ ਗਈ ਜਿਸ ਕਾਰਨ ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜ ਬੰਦ ਹੋ ਗਏ । ਸੰਸਾਰ ਪੱਧਰੀ ਮੰਡੀ ਸਿਸਟਮ ਸਥਾਪਤ ਹੋਣਾ ਤਾਂ ਦੂਰ ਦੀ ਗੱਲ, ਸੂਬੇ ਵਿਚ ਖੇਤੀ ਸੁਧਾਰਾਂ ਤੋਂ ਪਹਿਲਾਂ ਮੰਡੀਕਰਨ ਲਈ ਜੋ ਬੁਨਿਆਦੀ-ਢਾਂਚਾ ਮੌਜੂਦ ਸੀ, ਉਹ ਵੀ ਢਹਿ-ਢੇਰੀ ਹੋ ਗਿਆ।

ਬਿਹਾਰ ਵਿਚ 2015-16 ਵਿਚ ਖੇਤੀ ਜਿਨਸਾਂ ਦੇ ਮੰਡੀਕਰਨ ਲਈ ਕੁੱਲ 9035 ਖਰੀਦ ਕੇਂਦਰ ਸਨ ਜਿਨ੍ਹਾਂ ਦੀ ਗਿਣਤੀ 2019-20 ਤੱਕ 82 % ਘਟ ਕੇ ਸਿਰਫ 1619 ਰਹਿ ਗਈ। ਇਸੇ ਅਰਸੇ ਦੌਰਾਨ ਪੰਜਾਬ ਵਿਚ ਅਜਿਹੇ ਖਰੀਦ ਕੇਂਦਰਾਂ ਦੀ ਗਿਣਤੀ 4.73% ਵਧ ਗਈ, ਹਰਿਆਣਾ ਵਿਚ 48.27%, ਉਤਰ ਪ੍ਰਦੇਸ਼ ਵਿਚ 29.48% ਅਤੇ ਮੱਧ ਪ੍ਰਦੇਸ਼ ਵਿਚ ਇਹ ਗਿਣਤੀ 19.48% ਵਧ ਗਈ। ਇਸੇ ਤਰ੍ਹਾਂ ਇਸੇ ਅਰਸੇ ਦੌਰਾਨ ਬਿਹਾਰ ਵਿਚ ਕੋਲਡ ਸਟੋਰੇਜ ਸਹੂਲਤਾਂ ਵਿਚ ਘਾਟ ਦਰਜ ਕੀਤੀ ਗਈ ਕਿਉਂਕਿ ਹਾਲ ਵਿਚ ਹੀ ਕਾਫੀ ਵੱਡੀ ਗਿਣਤੀ ਵਿਚ ਕੋਲਡ ਸਟੋਰੇਜ ਬੰਦ ਹੋ ਗਏ।

ਬਿਹਾਰ ਵਿਚ ਖੇਤੀ ਸੁਧਾਰ ਲਾਗੂ ਕਰਨ ਸਮੇਂ ਸਰਕਾਰ ਦੁਆਰਾ ਸਭ ਤੋਂ ਵੱਧ ਜੋਸ਼ੀਲੇ ਤਰੀਕੇ ਨਾਲ ਪ੍ਰਚਾਰਿਆ ਗਿਆ ਮੁੱਦਾ ਸੀ, ਬਿਹਤਰ ਕੀਮਤ ਵਸੂਲੀ। ਅਸਲ ਵਿਚ ਸਾਰੀਆਂ ਮੁੱਖ ਫਸਲਾਂ ਜਿਵੇਂ ਕਣਕ, ਝੋਨਾ ਤੇ ਮੱਕੀ ਦੀਆਂ ਫਸਲ-ਕਟਾਈ ਤੋਂ ਬਾਅਦ ਵਾਲੀਆਂ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਘੱਟ ਰਹੀਆਂ।

2016-17 ਵਿਚ ਕਣਕ, ਝੋਨੇ ਤੇ ਮੱਕੀ ਦਾ ਘੱਟੋ ਘੱਟ ਸਮਰਥਨ ਮੁੱਲ ਕ੍ਰਮਵਾਰ 1625 ਰੁਪਏ, 1410 ਰੁਪਏ ਤੇ 1365 ਰੁਪਏ ਪ੍ਰਤੀ ਕੁਇੰਟਲ ਸੀ ਪਰ ਕਿਸਾਨ ਸਿਰਫ ਕ੍ਰਮਵਾਰ 1299 ਰੁਪਏ, 1113 ਰੁਪਏ ਤੇ 1140 ਰੁਪਏ ਪ੍ਰਤੀ ਕਇੰਟਲ ਹੀ ਵਸੂਲ ਸਕੇ। 2019-20 ਦੌਰਾਨ ਵੀ ਕਿਸਾਨਾਂ ਨੂੰ ਸਾਰੀਆਂ ਹੀ ਮੁੱਖ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਤੋਂ 350-450 ਰੁਪਏ ਪ੍ਰਤੀ ਕੁਇੰਟਲ ਘੱਟ ਕੀਮਤ ਮਿਲੀ। ਇਸ ਤੋਂ ਪਤਾ ਲੱਗਦਾ ਹੈ ਕਿ ਅਨਿਯਮਿਤ ਮੰਡੀ ਪ੍ਰਬੰਧ ਅਧੀਨ ਚੱਲਣ ਵਾਲੀ ਕੀਮਤ ਵਿਵਸਥਾ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਰਹੀ।

ਖੇਤੀ ਮੰਡੀਆਂ ਨੂੰ ਅਨਿਯਮਤ ਕੀਤੇ ਜਾਣ ਤੋਂ ਬਾਅਦ ਮੰਡੀਆਂ ਦੀ ਘਣਤਾ, ਖਰੀਦ ਅਮਲ ਵਿਚ ਸਰਕਾਰੀ ਏਜੰਸੀਆਂ ਦੀ ਭਾਗੀਦਾਰੀ ਅਤੇ ਫਸਲਾਂ ਦੀ ਕੁੱਲ ਖਰੀਦ ਦੀ ਮਾਤਰਾ ਵਿਚ ਵੀ ਕਮੀ ਆਈ। ਭਾਵੇਂ ਮੰਡੀ-ਫੜ੍ਹ ਅਜੇ ਵੀ ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਬੰਧਨ ਚਲਾਉਣ ਵਾਲੇ ਪ੍ਰਬੰਧਕੀ ਅਦਾਰੇ ਮਨਸੂਖ ਕਰ ਦਿਤੇ ਗਏ ਅਤੇ ਉਥੇ ਤਾਇਨਾਤ ਅਮਲੇ ਨੂੰ ਕਿਸੇ ਹੋਰ ਜਗਾਹ ਤਾਇਨਾਤ ਕਰ ਦਿਤਾ ਗਿਆ। ਬੇਈਮਾਨ ਵਪਾਰੀ ਫਸਲ ਦਾ ਵੱਡਾ ਹਿੱਸਾ, ਗੈਰ-ਕਾਨੂੰਨੀ ਢੰਗਾਂ ਰਾਹੀਂ ਦੂਸਰੇ ਅਜਿਹੇ ਸੂਬਿਆਂ ਵਿਚ ਲਿਜਾ ਕੇ ਵੇਚ ਦਿੰਦੇ ਹਨ ਜਿਥੇ ਘੱਟੋ-ਘੱਟ ਸਮਰਥਨ ਮੁੱਲ ਮਿਲਣਾ ਯਕੀਨੀ ਹੈ। ਅਜਿਹੀਆਂ ਹਾਲਤਾਂ ਕਾਰਨ ਉਤਪਾਦਕ ਨੂੰ ਮਿਲਣ ਵਾਲੇ ਮੁਨਾਫੇ ਦੀ ਅਤੇ ਖਪਤਕਾਰ ਨੂੰ ਹੋਣ ਵਾਲੀ ਬੱਚਤ ਦੀ ਮਾਤਰਾ ਘਟ ਜਾਂਦੀ ਹੈ।

ਖੇਤੀ ਵਿਕਾਸ ਦਾ ਪ੍ਰਮੁੱਖ ਕੇਂਦਰ ਬਣ ਜਾਣ ਦੇ ਦਾਅਵਿਆਂ ਦੇ ਉਲਟ ਬਿਹਾਰ ਦਾ ਖੇਤੀ ਖੇਤਰ ਦਾ ਵਿਕਾਸ ਪੁੱਠੀ ਦਿਸ਼ਾ ਵਿਚ ਹੋਇਆ। 2001-02 ਤੋਂ 2007-08 ਦੇ ਅਰਸੇ ਦੌਰਾਨ ਬਿਹਾਰ ਦੇ ਖੇਤੀ ਤੇ ਇਸ ਦੇ ਸਹਾਇਕ ਖੇਤਰਾਂ ਦੀ ਵਿਕਾਸ ਦਰ 1.98 % ਸੀ ਜੋ ਕੁਝ ਅਰਸੇ ਲਈ ਬਿਹਤਰ ਹੋਈ ਪਰ ਫਿਰ ਘਟ ਗਈ ਅਤੇ 2012-13 ਤੋਂ 2016-17 ਦੌਰਾਨ ਸਿਰਫ 1.28 % ਦਰਜ ਕੀਤੀ ਗਈ। ਖੇਤੀ ਖੇਤਰ ਦੀ ਮੌਜੂਦਾ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਵੱਡੇ ਕਿਸਾਨਾਂ ਦੀ ਗਿਣਤੀ ਵਿਚ ਵਾਧਾ ਹੋਣ ਤੋਂ ਸੂਬੇ ਵਿਚ ਜ਼ਮੀਨ ਮਾਲਕੀ ਦੇ ਇੱਕਤਰੀਕਰਨ ਦੇ ਰੁਝਾਨ ਦਾ ਪਤਾ ਲਗਦਾ ਹੈ। ਅਜਿਹਾ ਰੁਝਾਨ ਛੋਟੇ ਕਿਸਾਨਾਂ ਦੀ ਜ਼ਿੰਦਗੀ ਦੇ ਗੁਜ਼ਰ-ਬਸਰ 'ਤੇ ਮਾੜਾ ਅਸਰ ਪਾ ਸਕਦਾ ਹੈ।

ਦਾਅਵਾ ਇਹ ਕੀਤਾ ਗਿਆ ਸੀ ਕਿ ਖੇਤੀ ਸੁਧਾਰ ਮੁਕਾਬਲੇਬਾਜ਼ੀ ਨੂੰ ਵਧਾਉਣਗੇ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਬਿਹਤਰ ਬਣਾਉਣਗੇ ਪਰ ਇਹ ਦਾਅਵਾ ਸੱਚ ਸਾਬਤ ਨਾ ਹੋਇਆ। ਬਿਹਾਰ ਵਿਚ ਖੇਤੀ ਸੁਧਾਰ ਕੀਤੇ ਜਾਣ ਤੋਂ ਬਾਅਦ ਖੇਤੀ-ਪਰਿਵਾਰਾਂ ਦੀ ਆਮਦਨ ਘਟ ਗਈ। ਇਨ੍ਹਾਂ ਪਰਿਵਾਰਾਂ ਦੀ ਅਸਲੀ ਔਸਤ ਮਾਸਿਕ ਆਮਦਨ 2002-03 ਵਿਚ 1810 ਰੁਪਏ ਦੇ ਮੁਕਾਬਲੇ 2012-13 ਵਿਚ ਘਟ ਕੇ 1686 ਰੁਪਏ ਪ੍ਰਤੀ ਮਹੀਨਾ ਰਹਿ ਗਈ। ਇਹ ਕਮੀ 6.85 % ਬਣਦੀ ਹੈ। ਇਥੋਂ ਤੱਕ ਕਿ ਇਸੇ ਅਰਸੇ ਦੌਰਾਨ ਮੁਲਕ ਪੱਧਰ 'ਤੇ ਖੇਤੀ ਪਰਿਵਾਰਾਂ ਦੀ ਅਸਲੀ ਮਾਸਕ ਆਮਦਨ ਵਿਚ 39.43% ਦਾ ਵਾਧਾ ਦਰਜ ਕੀਤਾ ਗਿਆ। 2019-20 ਤੱਕ ਵੀ ਬਿਹਾਰ ਦਾ ਨਾਂ ਭਾਰਤ ਦੇ ਸਭ ਤੋਂ ਗਰੀਬ ਸੂਬਿਆਂ ਦੀ ਸੂਚੀ ਵਿਚ ਦਰਜ ਚਲਿਆ ਆ ਰਿਹਾ ਹੈ।

ਬਿਹਾਰ ਦੇ ਖੇਤੀ ਖੇਤਰ ਦੀ ਮੌਜੂਦਾ ਚਿੰਤਾਜਨਕ ਸਥਿਤੀ, ਦੇਸ਼ ਵਿਚ ਕੀਤੇ ਜਾ ਰਹੇ ਮੰਡੀਕਰਨ ਸੁਧਾਰਾਂ ਦੇ ਪਰਿਣਾਮਾਂ ਬਾਰੇ ਸਾਨੂੰ ਸਬਕ ਦਿੰਦੀ ਹੈ। ਬਿਹਾਰ ਵਿਚ ਕੀਤੇ ਗਏ ਖੇਤੀ ਸੁਧਾਰਾਂ ਨੇ ਮੰਡੀਕਰਨ ਦੇ ਅਮਲਾਂ ਨੂੰ ਵਧੇਰੇ ਅਯੋਗ ਤੇ ਅਕੁਸ਼ਲ ਬਣਾਇਆ ਹੈ ਜਿਸ ਦੇ ਸਿੱਟੇ ਵਜੋਂ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿਚ ਕਮੀ ਅਤੇ ਅਸਥਿਰਤਾ ਆਈ ਹੈ। ਨਿਯਮਤ ਮੰਡੀਆਂ ਦੀ ਅਣਹੋਂਦ ਕਾਰਨ ਖੇਤੀ ਮੰਡੀਆਂ ਲੋੜੀਂਦੇ ਬੁਨਿਆਦੀ ਢਾਂਚੇ ਤੋਂ ਮਹਿਰੂਮ ਹੋ ਜਾਂਦੀਆਂ ਹਨ ਜਿਸ ਦੇ ਸਿੱਟੇ ਵਜੋਂ ਇਹ ਕਿਸਾਨਾਂ ਤੇ ਆਰਥਿਕਤਾ ਵਿਚਲੇ ਦੂਸਰੇ ਸਾਰੇ ਭਾਗੀਦਾਰਾਂ ਨੂੰ ਵਾਜਬ ਕੀਮਤਾਂ ਪ੍ਰਦਾਨ ਕਰਨ ਵਿਚ ਨਾਕਾਮ ਹੋ ਜਾਂਦੀਆਂ ਹਨ।

ਅਜਿਹੇ ਹਾਲਾਤ ਵਿਚ ਇਹ ਗੱਲ ਸਪਸ਼ਟ ਹੈ ਕਿ ਕਥਿਤ ਖੇਤੀ ਸੁਧਾਰਾਂ ਦੇ ਨਾਂ ਹੇਠ ਏ.ਪੀ.ਐਮ.ਸੀ. ਕਾਨੂੰਨਾਂ ਨੂੰ ਮਨਸੂਖ ਕਰਨਾ ਕਿਸਾਨੀ, ਰਾਜ ਦੇ ਖਜ਼ਾਨੇ ਅਤੇ ਸਾਡੇ ਦੇਸ਼ ਦੇ ਖੇਤੀ ਅਰਥਚਾਰੇ ਲਈ ਬਹੁਤ ਨੁਕਸਾਨਦਾਇਕ ਹੋਵੇਗਾ।

ੴ ਸਤਿਗੁਰ ਪ੍ਰਸਾਦਿ॥

# ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ, ਨਿਊ ਯਾਰਕ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ



ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ


## ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈ



ਗੁਰੂ ਨਾਨਕ ਦੇਵ ਜੀ ਨੇ ਧਰਮ ਵਿਚ ਆਈਆਂ ਕੁਰੀਤੀਆਂ ਤੇ ਪਖੰਡ ਬਾਰੇ ਲੋਕਾਂ ਵਿਚ ਜਾਗ੍ਰਿਤੀ ਲਿਆਂਦੀ, ਚਾਹੇ ਉਹ ਹਿੰਦੂ ਸਨ ਜਾਂ ਮੁਸਲਮਾਨ। ਇਨ੍ਹਾਂ ਸਿਖਿਆਵਾਂ 'ਤੇ ਜੇ ਅਸੀਂ ਆਪ ਚੱਲਾਂਗੇ ਤਾਂ ਹੀ ਆਪਣੀ ਆਉਣ ਵਾਲੀ ਪੀੜ੍ਹੀ ਤੇ ਦੂਜਿਆਂ ਨੂੰ ਪ੍ਰੇਰਿਤ ਕਰ ਸਕਾਂਗੇ, ਨਹੀਂ ਤਾਂ ਇਹ ਗੁਰਪੁਰਬ ਆਪਣੀ ਹਉਮੈ ਪੁਗਾਉਣ ਖਾਤਰ ਮੇਲੇ ਬਣ ਕੇ ਹੀ ਰਹਿ ਜਾਣਗੇ। (ਪਰਵਿੰਦਰ ਸਿੰਘ ਢਿੱਲੋਂ, ਫੋਨ: 516-234-8545)



ਸ. ਬਿੱਕਰ ਸਿੰਘ
(ਪ੍ਰਧਾਨ)



ਸ. ਅਮਰਜੀਤ ਸਿੰਘ ਬੱਲ
(ਚੇਅਰਮੈਨ)



ਸ. ਪਰਮਿੰਦਰਜੀਤ ਸਿੰਘ ਪਰਮਾਰ
(ਖਜਾਨਚੀ)



ਸ. ਪ੍ਰਿਤਪਾਲ ਸਿੰਘ ਦਿਹਾਣਾ
(ਸਕੱਤਰ ਜਨਰਲ)

ਸ. ਸ਼ਮਸ਼ੇਰ ਸਿੰਘ ਢਿੱਲੋਂ ਸ. ਰਣਜੀਤ ਸਿੰਘ ਢਿੱਲੋਂ ਸ. ਪ੍ਰਵਿੰਦਰ ਸਿੰਘ ਢਿੱਲੋਂ ਸ. ਮੰਗਲ ਸਿੰਘ ਉਪਲ ਸ. ਜਸਵੀਰ ਸਿੰਘ ਉਭੀ
ਸ. ਗੁਰਮੀਤ ਸਿੰਘ ਦਿਓਲ ਸ. ਕੁਲਦੀਪ ਸਿੰਘ ਢਿੱਲੋਂ ਸ. ਪਾਲ ਸਿੰਘ ਢਿੱਲੋਂ ਸ. ਮਿਹਰਬਾਨ ਸਿੰਘ ਢਿੱਲੋਂ ਸ. ਕਸ਼ਮੀਰਾ ਸਿੰਘ
ਸ. ਪਰਮਿੰਦਰ ਸਿੰਘ ਉਚਾ ਲਧਾਣਾ ਸ. ਭੁਪਿੰਦਰ ਸਿੰਘ ਬਿਆਸ ਸ. ਹਰਮੀਤਪਾਲ ਸਿੰਘ ਦਿਹਾਣਾ

**Shaheed Bhai Mani Singh Ji Cultural Society, NY**

# ਕੇਂਦਰ ਨਾਲ ਕਿਸਾਨ ਜਥੇਬੰਦੀਆਂ ਦੀ ਗੱਲਬਾਤ ਵਿਚ ਖੜੋਤ

ਕੇਂਦਰ ਸਰਕਾਰ ਤੇ ਕਿਸਾਨ ਸੰਘਰਸ਼ ਜਥੇਬੰਦੀਆਂ ਦੀ ਗੱਲਬਾਤ ਵਿਚ ਮੁੜ ਤੋਂ ਖੜੋਤ ਆ ਗਈ। 13 ਨਵੰਬਰ ਦੀ ਮੀਟਿੰਗ ਪਿਛੋਂ ਕੇਂਦਰ ਸਰਕਾਰ ਨੇ ਬਿਲਕੁਲ ਚੁੱਪੀ ਧਾਰ ਲਈ ਹੈ।

ਦੂਜੇ ਪਾਸੇ ਕਿਸਾਨ ਜਥੇਬੰਦੀਆਂ ਨੇ ਵੀ ਆਪਣੇ 26/27 ਨਵੰਬਰ ਦੇ 'ਦਿੱਲੀ ਚੱਲੋ' ਦੇ ਦੇਸ਼ ਵਿਆਪੀ ਰੋਸ ਸੱਦੇ ਨੂੰ ਬਰਕਰਾਰ ਰੱਖਦਿਆਂ ਜ਼ੋਰਦਾਰ ਤਿਆਰੀਆਂ ਵਿੱਢ ਦਿੱਤੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਦਿੱਲੀ ਰੋਸ ਧਰਨਾ, ਜੋ ਜੰਤਰ ਮੰਤਰ 'ਤੇ ਦਿੱਤਾ ਜਾਵੇਗਾ, ਇੱਕ ਦੋ ਦਿਨ ਦਾ ਨਹੀਂ ਹੋਵੇਗਾ, ਸਗੋਂ ਕਿਸਾਨ ਅਣਮਿੱਥੇ ਸਮੇਂ ਲਈ ਦਿੱਲੀ ਡੇਰਾ ਲਾਉਣਗੇ। ਇਹ ਉਦੋਂ ਤਕ ਨਿਰੰਤਰ ਜਾਰੀ ਰਹੇਗਾ, ਜਦੋਂ ਤਕ ਉਹ ਕਿਸਾਨਾਂ ਦੇ ਗਲੇ ਦਾ ਫੰਦਾ ਬਣ ਚੁਕੇ ਕਾਲੇ ਖੇਤੀ ਕਾਨੂੰਨ ਰੱਦ ਨਹੀਂ ਕਰਵਾ ਲੈਣਗੇ। ਪਿਛੋਂ ਪੰਜਾਬ ਵਿਚ ਟੋਲ ਪਲਾਜ਼ਿਆਂ, ਮਾਲਾਂ, ਅੰਬਾਨੀ-ਅਡਾਨੀ ਦੇ ਕਾਰੋਬਾਰੀ ਅਦਾਰਿਆਂ ਤੇ ਭਾਜਪਾ ਦੇ ਘਰਾਂ 'ਤੇ ਰੋਸ ਪ੍ਰਦਰਸ਼ਨ ਪਹਿਲਾਂ ਵਾਂਗ ਜਾਰੀ ਰਹਿਣਗੇ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜੇ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਜਾਵੇਗਾ ਤਾਂ ਉਹ ਰੋਕਣ ਵਾਲੀ ਥਾਂ ਹੀ ਧਰਨਾ ਲਾ ਕੇ ਦਿੱਲੀ ਦੀ ਘੇਰਾਬੰਦੀ ਨੂੰ ਅੰਜਾਮ ਦੇਣਗੇ। ਕਿਸਾਨਾਂ ਦੇ ਇਹ ਐਲਾਨ ਕੇਂਦਰ ਨਾਲ 'ਕਰੋ ਜਾਂ ਮਰੋ' ਵਾਲੀ ਲੜਾਈ ਲੜੇ ਜਾਣ ਵੱਲ ਇਸ਼ਾਰਾ ਕਰ ਰਹੇ ਹਨ।



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਕਿਸਾਨ ਜਥੇਬੰਦੀਆਂ ਦੇ ਇਸ 'ਦਿੱਲੀ ਚੱਲੋ' ਸੱਦੇ ਨੂੰ ਪੰਜਾਬ ਵਾਸੀਆਂ ਦਾ ਜ਼ੋਰਦਾਰ ਸਮਰਥਨ ਹਾਸਲ ਹੈ। ਮਾਲਵੇ ਦੇ ਪਿੰਡਾਂ ਵਿਚ ਕਿਸਾਨ ਜਥੇਬੰਦੀ ਏਕਤਾ ਉਗਰਾਹਾਂ ਨੇ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਬੀਬੀਆਂ ਤੇ ਨੌਜਵਾਨਾਂ ਦੇ ਜੱਥੇ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਲਾਮਬੰਦ ਕਰ ਰਹੇ ਹਨ। ਉਨ੍ਹਾਂ ਡੀ. ਸੀ. ਦਫਤਰਾਂ ਅੱਗੇ ਧਰਨਿਆਂ ਦਾ ਸਿਲਸਿਲਾ ਵੀ ਤੋਰਿਆ ਹੋਇਆ ਹੈ। ਦੂਜੇ ਪਾਸੇ 30 ਕਿਸਾਨ ਜਥੇਬੰਦੀਆਂ ਨੇ ਵੀ ਇੱਕ ਸਾਂਝਾ 'ਸੰਯੁਕਤ ਕਿਸਾਨ ਸੰਘਰਸ਼ ਮੋਰਚਾ' ਬਣਾ ਕੇ ਆਪਣਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੂੰ ਥਾਪ ਕੇ ਜਿਲਾ ਧਰਨੇ ਤੇ ਪਿੰਡਾਂ ਦੀ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਉਨਾਂ ਦਿੱਲੀ ਮੁੱਖ ਮਾਰਗ ਸਮੇਤ ਪਾਸੇ ਤੋਂ ਚਾਰ ਰਸਤੇ ਚੁਣੇ ਹਨ, ਜਿਨ੍ਹਾਂ ਵਿਚ ਰਾਜਪੁਰਾ, ਪਾਤੜਾਂ, ਖਨੌਰੀ ਤੇ ਡੱਬਵਾਲੀ ਮੁਖ ਹਨ। ਇਧਰੋਂ ਹੀ ਕਿਸਾਨ ਆਪਣੇ ਸਾਧਨ ਟਰੈਕਟਰ-ਟਰਾਲੀਆਂ, ਬਸਾਂ, ਟਰੱਕਾਂ ਆਦਿ ਰਾਹੀਂ ਦਿੱਲੀ ਨੂੰ ਕੂਚ ਕਰਨਗੇ।

ਉਧਰ ਦੇਸ਼ ਭਰ ਤੋਂ ਪੰਜ ਸੌ ਤੋਂ ਉਪਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਥੇ ਕਿਸਾਨ ਭਵਨ ਚੰਡੀਗੜ੍ਹ ਵਿਖੇ ਪੰਜਾਬ ਦੇ ਕਿਸਾਨਾਂ ਨਾਲ ਮੀਟਿੰਗ ਕੀਤੀ ਅਤੇ ਸਾਂਝੇ ਤੌਰ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ 26/27 ਨਵੰਬਰ ਦੀ 'ਦਿੱਲੀ ਚੱਲੋ' ਰੈਲੀ ਵਿਚ ਸ਼ਮੂਲੀਅਤ ਕਰਨ ਲਈ ਹੁੰਮ ਹੁੰਮਾ ਕੇ ਪਹੁੰਚ ਰਹੇ ਹਨ ਤੇ ਜਦੋਂ ਤਕ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਨਹੀਂ ਕਰਵਾ ਲੈਂਦੇ, ਵਾਪਸ ਨਹੀਂ ਜਾਣਗੇ। ਕੌਮੀ ਪੱਧਰ ਦੇ ਕਿਸਾਨ ਆਗੂ ਸ਼ਿਵ ਕੁਮਾਰ ਸ਼ਰਮਾ ਕੱਕਾ ਜੀ ਮੱਧ ਪ੍ਰਦੇਸ, ਜੋਗਿੰਦਰ ਯਾਦਵ ਕੌਮੀ ਆਗੂ ਕਿਸਾਨ ਜਥੇਬੰਦੀ, ਹਨਨ ਮੌਲਾ ਜਨਰਲ ਸਕੱਤਰ ਪੱਛਮੀ ਬੰਗਾਲ/ਮਹਾਂਰਾਸ਼ਟਰ, ਗੁਰਨਾਮ ਸਿੰਘ ਚਨੌਨੀ (ਹਰਿਆਣਾ) ਤੇ ਹੋਰ ਆਗੂਆਂ ਨੇ ਪੰਜਾਬ ਦੇ ਕਿਸਾਨਾਂ ਨਾਲ ਇੱਕਜੁੱਟਤਾ ਜਾਹਰ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਪੰਜ ਫਲਾਈਓਵਰ ਤੋਂ ਯੂ. ਪੀ., ਬਿਹਾਰ, ਛੱਤੀਸਗੜ੍ਹ, ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੇ ਕਿਸਾਨ ਦਿੱਲੀ ਦੀ ਸਰਹੱਦ ਨਾਲ ਲਗਦੇ ਪੜਾਵਾਂ 'ਤੇ ਇਕੱਠੇ ਹੋਣਗੇ ਤੇ ਦਿੱਲੀ ਦਾ ਘਿਰਾਓ ਕਰਨਗੇ। ਦੂਰ ਦੁਰਾਡੇ ਰਾਜਾਂ ਦੇ ਕਿਸਾਨ, ਜੋ ਦਿੱਲੀ ਆਉਣ ਤੋਂ ਅਸਮਰਥ ਹੋਣਗੇ, ਉਹ ਆਪਣੇ ਰਾਜਾਂ ਵਿਚ ਰੋਸ ਪ੍ਰਦਰਸ਼ਨ ਕਰਨਗੇ। ਉਨ੍ਹਾਂ ਵੀ ਕਿਹਾ ਕਿ ਉਨ੍ਹਾਂ ਦਾ ਇਹ 'ਦਿੱਲੀ ਚੱਲੋ' ਪ੍ਰੋਗਰਾਮ ਅਣਮਿੱਥੇ ਸਮੇਂ ਦਾ ਹੋਵੇਗਾ। ਪੱਚੀ ਨਵੰਬਰ ਨੂੰ ਉਹ 4-4 ਮਹੀਨਿਆਂ ਦਾ ਰਾਸ਼ਨ ਆਪਣੇ ਨਾਲ ਲੈ ਕੇ ਚੱਲਣਗੇ।

ਉਧਰ ਹਰਿਆਣੇ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਜੋ ਵੀ ਪੰਜਾਬ, ਰਾਜਸਥਾਨ ਜਾਂ ਦੂਜੇ ਰਾਜਾਂ ਦੇ ਕਿਸਾਨ ਮਾਰਚ ਹਰਿਆਣੇ ਵਿਚੋਂ ਦੀ ਦਿੱਲੀ ਨੂੰ ਜਾਣਗੇ, ਉਨ੍ਹਾਂ ਦੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਪ੍ਰਬੰਧ ਹਰਿਆਣਾ ਕਿਸਾਨ ਮੋਰਚਾ ਕਰੇਗਾ। ਇਸ ਮੌਕੇ ਪੰਜਾਬ ਵਲੋਂ ਬਲਵੀਰ ਸਿੰਘ ਰਾਜੇਵਾਲ (ਆਗੂ ਸੰਯੁਕਤ ਮੋਰਚਾ), ਡਾ. ਦਰਸ਼ਨਪਾਲ (ਕ੍ਰਾਂਤੀਕਾਰੀ ਯੂਨੀਅਨ), ਜਗਮੋਹਨ ਸਿੰਘ ਪਟਿਆਲਾ (ਏਕਤਾ ਡਕੌਂਦਾ) ਸਮੇਤ ਕਿਸਾਨ ਕਾਰਕੁਨ ਸ਼ਾਮਲ ਸਨ।

ਕੇਂਦਰ ਦੇ ਇਸ ਅੜੀਅਲ ਰਵੱਈਏ ਖਿਲਾਫ ਵਿਆਪਕ ਰੋਸ ਪਾਇਆ ਜਾ ਰਿਹਾ ਹੈ। ਉਧਰ ਕਿਸਾਨ ਵੀ ਆਪਣੀ ਆਈ 'ਤੇ ਆ ਗਏ ਹਨ। ਕਿਸਾਨਾਂ ਵਲੋਂ ਵਿੱਢੀ ਇਸ ਆਰ-ਪਾਰ ਦੀ ਲੜਾਈ ਵਿਚ ਪੰਜਾਬ ਦਾ ਹਰ ਵਰਗ ਆਪਣੀ ਸਮਰੱਥਾ ਮੁਤਾਬਕ ਯੋਗਦਾਨ ਪਾ ਰਿਹਾ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਕਿਸਾਨ ਸੰਘਰਸ਼ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ। ਵਰਲਡ ਖਾਲਸਾ ਏਡ ਸੰਸਥਾ ਵਲੋਂ ਪਟਿਆਲਾ ਦੇ ਨੇੜੇ ਕਈ ਥਾਂਵਾਂ 'ਤੇ ਪਿਛਲੇ ਦੋ ਮਹੀਨਿਆਂ ਤੋਂ ਖੁੱਲ੍ਹਾ ਲੰਗਰ ਚਲਾਇਆ ਜਾ ਰਿਹਾ ਹੈ। ਸੰਗਰੂਰ ਵਿਚ ਗੁਰਦੁਆਰਾ ਨਾਨਕੀਆਣਾ ਸਾਹਿਬ ਸਮੇਤ ਕਈ ਗੁਰਦੁਆਰਿਆਂ ਵਲੋਂ ਧਰਨਾਕਾਰੀਆਂ ਨੂੰ ਲੰਗਰ ਭੇਜਿਆ ਜਾ ਰਿਹਾ ਹੈ। ਦੋਧੀ ਯੂਨੀਅਨ ਵਲੋਂ ਚਾਹ-ਦੁੱਧ ਦੀ ਸੇਵਾ ਕੀਤੀ ਜਾ ਰਹੀ ਹੈ। ਚੰਡੀਗੜ੍ਹ ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਵਿਚ ਕਿਸਾਨਾਂ ਨੂੰ ਮੈਡੀਕਲ ਸਹਾਇਤਾ ਦੇਣ ਲਈ ਹਰ ਵਾਰੀ ਡਾ. ਐਸ਼ੋ ਦੇ ਚਾਰ ਡਾਕਟਰ ਕਿਸਾਨ ਭਵਨ ਵਿਖੇ ਆਪਣੀ ਮੁਫਤ ਡਿਊਟੀ ਦਿੰਦੇ ਹਨ।



ਭਾਵੇਂ ਕੇਂਦਰ ਦੀ ਭਾਜਪਾ ਸਰਕਾਰ ਬਿਹਾਰ ਦੀ ਜਿੱਤ ਪਿਛੋਂ ਪੰਜਾਬ ਨੂੰ 2022 ਵਿਚ ਆਪਣੇ ਬਲਬੂਤੇ ਹਰ ਹਾਲ ਜਿੱਤਣ ਦੀ ਤਿਆਰੀ ਵਿਚ ਹੈ, ਪਰ ਕਿਸਾਨ ਮੰਗਾਂ ਪ੍ਰਤੀ ਅਜੇ ਤਕ 'ਗੱਲੀਂ ਬਾਤੀਂ' ਸਾਰਨ ਦੀ ਕਵਾਇਦ ਹੀ ਨਜ਼ਰ ਆ ਰਹੀ ਹੈ। ਭਾਜਪਾ ਨੂੰ ਇਸ ਖੁਸ਼ਫਹਿਮੀ ਵਿਚੋਂ ਨਿਕਲਣ ਦੀ ਲੋੜ ਹੈ। ਜਦੋਂ ਤਕ ਪੰਜਾਬ ਵਿਚ ਕਿਸਾਨਾਂ ਦੇ ਸੰਘਰਸ਼ ਦਾ ਕੋਈ ਸਰਵਪ੍ਰਵਾਨਤ ਹੱਲ ਨਹੀਂ ਨਿਕਲਦਾ, ਉਦੋਂ ਤਕ ਭਾਜਪਾ ਤਾਂ ਕੀ, ਕੋਈ ਵੀ ਸਿਆਸੀ ਪਾਰਟੀ ਲਈ 2022 ਦਾ ਸੁਪਨਾ ਹਾਲੇ ਦੂਰ ਦੀ ਕੌਡੀ ਹੈ। ਭਾਜਪਾ ਦੇ ਕੌਮੀ ਪ੍ਰਧਾਨ ਜੇ. ਪੀ. ਨੱਢਾ ਦਾ ਪ੍ਰਸਤਾਵਿਤ ਤਿੰਨ ਰੋਜਾ ਪੰਜਾਬ ਦੌਰਾ ਕਿਸਾਨਾਂ ਦੇ ਰੋਹ ਕਾਰਨ ਮੁਲਤਵੀ ਹੋ ਗਿਆ ਹੈ। ਬਠਿੰਡਾ ਵਿਖੇ ਭਾਜਪਾਈਆਂ ਨੇ ਆਪਣਾ ਦਫਤਰ ਖੋਲ੍ਹਣ ਦੀਆਂ ਤਿਆਰੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਕਿਸਾਨਾਂ ਨੂੰ ਭਿਣਕ ਪੈ ਗਈ। ਉਹ ਇਕੱਠੇ ਹੋ ਕੇ ਦਫਤਰ ਖੋਲ੍ਹਣ ਵਾਲੀ ਥਾਂ ਪਹੁੰਚ ਗਏ। ਮਜਬੂਰਨ ਭਾਜਪਾਈਆਂ ਨੂੰ ਆਪਣਾ ਬੋਰੀਆ ਬਿਸਤਰਾ ਸਮੇਟਣਾ ਪਿਆ।

ਪੰਜਾਬ ਦਾ ਹਰ ਵਰਗ ਕੇਂਦਰ ਦੇ ਇਨ੍ਹਾਂ ਕਾਲੇ ਕਾਨੂੰਨਾਂ ਖਿਲਾਫ ਤੁਲਿਆ ਹੋਇਆ ਹੈ। ਕਲਾਕਾਰਾਂ ਦੇ ਗੀਤ ਬਦਲ ਗਏ ਹਨ। ਨੌਜਵਾਨ ਮੁੰਡੇ-ਕੁੜੀਆਂ ਤੇ ਸਕੂਲੀ ਬੱਚੇ ਵੀ ਕਾਲੇ ਕਾਨੂੰਨਾਂ ਦੀ ਵਿਆਖਿਆ ਕਰਨੀ ਸਿੱਖ ਗਏ ਹਨ। ਕਿਸਾਨ ਕਾਰਕੁਨਾਂ ਦੀਆਂ ਡੇਢ ਦਰਜਨ ਤੋਂ ਵੀ ਵੱਧ ਹੋ ਚੁਕੀਆਂ ਮੌਤਾਂ ਉਨ੍ਹਾਂ ਨੂੰ ਆਪਣੇ ਰਸਤੇ ਤੋਂ ਨਹੀਂ ਥਿੜਕਾ ਸਕੀਆਂ। ਵਿਚੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਆਵਜ਼ੇ, ਇੱਕ ਜੀਅ ਨੂੰ ਸਰਕਾਰੀ ਨੌਕਰੀ ਅਤੇ ਕਰਜੇ 'ਤੇ ਲੀਕ ਫੇਰਨ ਦੀ ਲੜਾਈ ਵੀ ਲੜ ਰਹੇ ਹਨ। ਫੈਕਟਰੀ ਤੇ ਹੋਰ ਅਦਾਰਿਆਂ ਦੇ ਮਜ਼ਦੂਰਾਂ ਦੀਆਂ ਹਿੰਦੁਸਤਾਨ ਪੱਧਰ ਦੀਆਂ ਟ੍ਰੇਡ ਯੂਨੀਅਨਾਂ ਨੇ ਵੀ ਆਪਣੇ ਕਾਡਰ ਨੂੰ 26 ਨਵੰਬਰ ਨੂੰ ਕਿਸਾਨਾਂ ਦੇ ਹੱਕ ਵਿਚ ਰੋਸ ਪ੍ਰਦੂਸ਼ਨ ਕਰਨ ਦਾ ਸੱਦਾ ਦਿੱਤਾ ਹੈ। ਦਿੱਲੀ ਪੁਲਿਸ ਨੇ ਰਾਜਧਾਨੀ ਵਿਚ ਕਰੋਨਾ ਦੀ ਆੜ ਵਿਚ ਦਫਾ-44 ਲਾ ਕੇ ਕਿਸਾਨਾਂ ਦੇ ਰੋਹ ਪ੍ਰਦਰਸ਼ਨ ਨੂੰ ਰੋਕਣ ਦਾ ਹੀਲਾ ਵਸੀਲਾ ਕੀਤਾ ਹੈ, ਪਰ ਕਿਸਾਨ ਕਰੋਨਾ ਦੀ ਪਰਵਾਹ ਕੀਤੇ ਬਿਨਾ ਕੇਂਦਰ ਸਰਕਾਰ ਖਿਲਾਫ ਆਪਣੇ ਅਕੀਦੇ 'ਤੇ ਦ੍ਰਿੜ ਹਨ। ਉਹ ਪੰਜ ਕਾਲੇ ਖੇਤੀ ਕਾਨੂੰਨਾਂ ਨੂੰ ਕਰੋਨਾ ਤੋਂ ਵੱਧ ਖਤਰਨਾਕ ਮੰਨਦੇ ਹਨ। ਇਸੇ ਲਈ ਹੀ ਪਿਛਲੇ ਦੋ ਮਹੀਨਿਆਂ ਤੋਂ ਕਰੋਨਾ ਦੇ ਡਰ ਨੂੰ ਲਾਂਭੇ ਕਰ ਆਪਣਾ ਰੋਸ ਪ੍ਰਦਰਸ਼ਨ ਜਾਰੀ ਰੱਖੀ ਬੈਠੇ ਹਨ।


ਬਠਿੰਡਾ ਵਿਚ ਡੇਰਾ ਪ੍ਰੇਮੀ ਜਵਾਹਰ ਲਾਲ ਨੂੰ ਦਿਨ ਦਿਹਾੜੇ ਦੋ ਮੋਟਰਸਾਇਕਲ ਸਵਾਰਾਂ ਵਲੋਂ ਗੋਲੀਆਂ ਮਾਰ ਕੇ ਮਾਰਨ ਨੂੰ ਕਿਸਾਨਾਂ ਦੇ ਹਕੂਕੀ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਕੀਤੀ ਗਈ ਸਾਜਿਸ਼ ਦੱਸਿਆ ਜਾ ਰਿਹਾ ਹੈ। ਭਾਵੇਂ ਸੁੱਖਾ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ, ਪਰ ਕਿਸਾਨ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਕਤਲ ਉਸੇ ਸਮੇਂ ਹੀ ਕਿਉਂ ਕੀਤਾ ਗਿਆ, ਜਦੋਂ ਕਿਸਾਨ ਦਿੱਲੀ ਜਾਣ ਦੀ ਤਿਆਰੀ ਵਿੱਢੀ ਬੈਠੇ ਹਨ? ਡੇਰਾ ਪ੍ਰੇਮੀਆਂ ਨੇ ਉਸ ਦੀ ਲਾਸ਼ ਸੜਕ ਉਤੇ ਰੱਖ ਕੇ ਉਦੋਂ ਤਕ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਦੋਂ ਤਕ ਕਾਤਲ ਫੜੇ ਨਹੀਂ ਜਾਂਦੇ।

ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਸਾਨ ਆਗੂਆਂ ਨਾਲ ਮੀਟਿੰਗ ਕਰਕੇ ਕਿਸਾਨਾਂ ਨੂੰ ਮਾਲ ਗੱਡੀਆਂ ਦੇ ਨਾਲ ਸਵਾਰੀ ਗੱਡੀਆਂ ਨੂੰ ਚਲਾਉਣ ਦੀ ਸਲਾਹ ਦਿੱਤੀ ਸੀ, ਜਿਸ 'ਤੇ ਕਿਸਾਨਾਂ ਨੇ ਇਨ੍ਹਾਂ ਰੇਲਾਂ ਨੂੰ 23 ਨਵੰਬਰ ਤੋਂ ਚਲਾਉਣ ਦੀ ਪ੍ਰਵਾਨਗੀ ਦਿੰਦਿਆਂ ਅਲਟੀਮੇਟਮ ਦਿੱਤਾ ਕਿ ਜੇ ਪੰਦਰਾਂ ਦਿਨਾਂ ਦੇ ਅੰਦਰ ਕਿਸਾਨ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਮੁੜ ਰੇਲਵੇ ਟਰੈਕ ਰੋਕਣ ਲਈ ਮਜਬੂਰ ਹੋਣਗੇ। ਉਨ੍ਹਾਂ ਮੁੱਖ ਮੰਤਰੀ ਨੂੰ ਸੂਬਾ ਪੱਧਰ ਦੀਆਂ ਮੰਗਾਂ-ਕਿਸਾਨੀ ਕਰਜ਼ੇ ਮੁਆਫ ਕਰਨੇ, ਸੰਘਰਸ਼ ਦੌਰਾਨ ਤੇ ਪਰਾਲੀ ਸਾੜਨ ਤੇ ਕਿਸਾਨਾਂ ਖਿਲਾਫ ਦਰਜ ਕੀਤੇ ਮੁਕੱਦਮੇ ਵਾਪਸ ਲੈਣੇ, ਗੰਨੇ ਦਾ ਬਕਾਇਆ ਤੇ ਗੰਨੇ ਦਾ ਭਾਅ ਵਧਾਏ ਜਾਣ, ਪੰਜਾਬ ਸਰਕਾਰ ਨੇ ਜਿਹੜੇ ਖੇਤੀ ਕਾਨੂੰਨ ਠੇਕਾ ਖੇਤੀ ਪ੍ਰਣਾਲੀ ਤੇ ਮੰਡੀ ਬੋਰਡ ਨੂੰ ਖਤਮ ਕਰਨ ਦੇ 2013-17 ਵਿਚ ਬਣਾਏ ਹਨ, ਉਹ ਰੱਦ ਕੀਤੇ ਜਾਣ; ਪਿਛਲੀ ਅਕਾਲੀ ਸਰਕਾਰ ਵਲੋਂ ਨਿੱਜੀ ਥਰਮਲ ਪਲਾਂਟਾਂ ਨਾਲ ਕੀਤੇ ਸਮਝੌਤੇ ਰੱਦ ਕਰਕੇ ਸਰਕਾਰੀ ਪਲਾਂਟ ਚਲਾਏ ਜਾਣ, ਝੋਨੇ ਦੀ ਖਰੀਦ ਲਈ ਸਮੇਂ ਤੋਂ ਪਹਿਲਾਂ ਬੰਦ ਕੀਤੇ ਪਿੰਡਾਂ ਦੇ ਖਰੀਦ ਕੇਂਦਰ ਮੁੜ ਚਾਲੂ ਕੀਤੇ ਜਾਣ ਸਮੇਤ ਹੋਰ ਵੀ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਮੰਨ ਕੇ ਪੰਜਾਬ ਸਰਕਾਰ ਕਿਸਾਨ ਹਿਤੈਸ਼ੀ ਹੋਣ ਦਾ ਫਰਜ਼ ਪੂਰਾ ਕਰੇ।

ਊਠ ਕਿਸ ਕਰਵਟ ਬੈਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਹਾਲ ਦੀ ਘੜੀ ਕਾਰਪੋਰੇਟ ਪੱਖੀ ਕੇਂਦਰ ਸਰਕਾਰ ਦੀ ਜਿੱਦ ਨੇ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤੇ ਨੂੰ ਸੜਕ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ।

## ਪੁਸਤਕ 'ਮੈਂ ਸਾਂ ਜੱਜ ਦਾ ਅਰਦਲੀ' ਬੀ. ਏ. ਵਿਚ ਸ਼ਾਮਿਲ

**ਚੰਡੀਗੜ੍ਹ (ਬਿਊਰੋ):** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਲੋਂ ਉਘੇ ਲੇਖਕ ਨਿੰਦਰ ਘੁਗਿਆਣਵੀ ਦੀ ਬਹੁ-ਚਰਚਿਤ ਸਵੈ-ਜੀਵਨੀ ਪੁਸਤਕ 'ਮੈਂ ਸਾਂ ਜੱਜ ਦਾ ਅਰਦਲੀ' ਨੂੰ ਬੀ. ਏ. (ਪੰਜਾਬੀ) ਤੀਜੇ ਸਮੈਸਟਰ ਲਈ ਸ਼ਾਮਿਲ ਕੀਤਾ ਗਿਆ ਹੈ। ਇਸ ਪੁਸਤਕ ਦੇ ਹੁਣ ਤੀਕ ਡੇਢ ਦਰਜਨ ਤੋਂ ਵਧੇਰੇ ਐਡੀਸ਼ਨ ਛਪ ਚੁਕੇ ਹਨ।






ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਨਿੰਦਰ ਘੁਗਿਆਣਵੀ ਦੀ ਇਸ ਪੁਸਤਕ ਦਾ ਅਨੁਵਾਦ ਹਿੰਦੀ, ਅੰਗਰੇਜ਼ੀ, ਤੈਲਗੂ, ਮਲਿਆਲਮ, ਸਿੰਧੀ, ਮੈਥਿਲੀ, ਸ਼ਾਹਮੁਖੀ, ਉਰਦੂ ਤੇ ਕੰਨੜ ਵਿਚ ਵੀ ਹੋ ਚੁਕਾ ਹੈ। 2005 ਵਿਚ ਇਸੇ ਪੁਸਤਕ ਉਤੇ ਆਧਾਰਤ ਲਘੂ ਫਿਲਮ ਦਾ ਨਿਰਮਾਣ ਵੀ ਹੋਇਆ ਸੀ। ਇਸ ਤੋ ਪਹਿਲਾਂ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਇਸ ਪੁਸਤਕ ਉਤੇ ਐਮ. ਫਿਲ ਪੱਧਰ ਤੱਕ ਦੇ ਖੋਜ ਕਾਰਜ ਵੀ ਕੀਤੇ ਹੋਏ ਹਨ। ਕਿਸੇ ਵਕਤ ਖੁਦ ਜੱਜਾਂ ਦੇ ਅਰਦਲੀ ਰਹੇ ਨਿੰਦਰ ਘੁਗਿਆਣਵੀ ਨੇ ਦਸਿਆ ਕਿ ਉਨ੍ਹਾਂ ਨੇ ਆਪਣੀ ਸਵੈ-ਜੀਵਨੀ ਸਹਿਜ ਸੁਭਾਓ ਹੀ ਲਿਖੀ ਸੀ। ਉਹ ਨਹੀਂ ਸੀ ਜਾਣਦੇ ਕਿ ਇਹ ਕਿਤਾਬ ਏਨੀ ਮਸ਼ਹੂਰ ਹੋਵੇਗੀ। ਵਰਣਨਯੋਗ ਹੈ ਕਿ ਮੈਟ੍ਰਿਕ ਤੋਂ ਵੀ ਘਟ ਪੜ੍ਹੇ ਨਿੰਦਰ ਘੁਗਿਆਣਵੀ ਹੁਣ ਤੀਕ 49 ਪੁਸਤਕਾਂ ਲਿਖ ਚੁਕੇ ਹਨ, ਜਿਨ੍ਹਾਂ ਵਿਚੋਂ ਕਈ ਪੁਸਤਕਾਂ ਵਖ ਵਖ ਯੂਨੀਵਰਸਿਟੀਆਂ ਨੇ ਪ੍ਰਕਾਸ਼ਿਤ ਕੀਤੀਆਂ ਹਨ।

## ਉੱਘੇ ਲੇਖਕ ਤੇ ਵਿਦਵਾਨ ਡਾ. ਆਸਾ ਸਿੰਘ ਘੁੰਮਣ ਦੀ ਪੁਸਤਕ 'ਕੱਤਕ ਕਿ ਵਿਸਾਖ, ਕਿ ਦੋਵੇਂ?' ਰਿਲੀਜ਼

**ਭੁਲੱਥ (ਬਿਊਰੋ):** ਉੱਘੇ ਨਾਮੀ ਲੇਖਕ ਡਾ. ਆਸਾ ਸਿੰਘ ਘੁੰਮਣ ਦੀ ਪੁਸਤਕ 'ਕੱਤਕ ਕਿ ਵਿਸਾਖ, ਕਿ ਦੋਵੇਂ?' ਬੀਤੇ ਦਿਨ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਚਿੰਤਕ ਗਲੋਬਲ ਮੰਚ ਨਡਾਲਾ ਤੇ ਸਿਰਜਣਾ ਕੇਂਦਰ ਕਪੂਰਥਲਾ ਵਲੋਂ ਨਾਮੀ ਵਿਦਵਾਨਾਂ ਦੀ ਹਾਜ਼ਰੀ ਵਿਚ ਰਿਲੀਜ਼ ਕੀਤੀ ਗਈ।



ਡਾ. ਆਸਾ ਸਿੰਘ ਘੁੰਮਣ


ਪ੍ਰਧਾਨਗੀ ਮੰਡਲ ਵਿਚ ਏ. ਡੀ. ਸੀ. ਤਰਲੋਚਨ ਸਿੰਘ ਭੱਟੀ, ਪ੍ਰਿੰਸੀਪਲ ਮਹਿਲ ਸਿੰਘ, ਡਾ. ਬਿਕਰਮ ਸਿੰਘ ਘੁੰਮਣ, ਐਸ. ਪੀ. ਓਪਿੰਦਰਜੀਤ ਸਿੰਘ ਘੁੰਮਣ, ਦੇਵ ਦਰਦ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਅਤੇ ਡਾ. ਜੋਗਿੰਦਰ ਸਿੰਘ ਬੈਠੇ। ਇਸ ਮੌਕੇ ਡਾ. ਧਰਮ ਸਿੰਘ, ਡਾ. ਕੁਲਵਿੰਦਰ ਸਿੰਘ ਬਾਜਵਾ, ਡਾ. ਇਕਬਾਲ ਕੌਰ, ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰ. ਬਲਵੰਤ ਸਿੰਘ ਮੱਲੀ, ਪ੍ਰਿੰ. ਲੱਖਾ ਸਿੰਘ, ਪ੍ਰਿੰ. ਚਮਨ ਲਾਲ, ਪ੍ਰਿੰ. ਪਰਮਜੀਤ ਸ਼ਰਮਾ, ਪ੍ਰੋ. ਦਿਲਬਾਗ ਸਿੰਘ, ਪ੍ਰੋ. ਗੁਰਨਾਮ ਸਿੰਘ, ਲੈਕਚਰਾਰ ਇੰਦਰਜੀਤ ਸਿੰਘ ਪੱਡਾ, ਡਾ. ਪਰਮਜੀਤ ਸਿੰਘ ਮਾਨਸਾ, ਕੇਵਲ ਸਿੰਘ ਰਤੜਾ, ਰਤਨ ਸਿੰਘ ਸੰਧੂ, ਬਹਾਦਰ ਸਿੰਘ ਬੱਲ, ਡਾ. ਨਰਿੰਦਰ ਸਿੰਘ ਕੰਗ ਆਦਿ ਹਾਜਰ ਸਨ।

ਮੰਚ ਸੰਚਾਲਨ ਕੇਂਦਰੀ ਲੇਖਕ ਸਭਾ ਦੇ ਸਕੱਤਰ ਤੇ ਉਘੇ ਕਹਾਣੀਕਾਰ ਦੀਪ ਦਵਿੰਦਰ ਨੇ ਸੁਚਾਰੂ ਢੰਗ ਨਾਲ ਕੀਤਾ।



## ਭਖਦੇ ਮਸਲੇ

# ਹੋਇ ਇਕਤ੍ਰ ਮਿਲਹੁ ਮੇਰੇ ਭਾਈ



ਡਾ. ਗੁਰਨਾਮ ਕੌਰ, ਕੈਨੇਡਾ

'ਪੰਜਾਬ ਟਾਈਮਜ਼' ਦੇ 21 ਨਵੰਬਰ ਦੇ ਅੰਕ ਵਿਚ ਛਪੇ ਪਿਛਲੇ ਲੇਖ 'ਮਿੱਟੀ ਦੇ ਪੁੱਤਰੋ' ਵਿਚ ਕਿਸਾਨ ਅੰਦੋਲਨ ਦੀ ਗੱਲ ਕਰਦਿਆਂ ਕਿਹਾ ਸੀ ਕਿ ਇਸ ਅੰਦੋਲਨ ਦਾ ਹਾਂ-ਮੁਖੀ ਪੱਖ ਇਹ ਹੈ ਕਿ ਇਹ ਸੰਘਰਸ਼ ਸਿਰਫ ਕਿਸਾਨਾਂ ਵੱਲੋਂ ਹੀ ਨਹੀਂ ਲੜਿਆ ਜਾ ਰਿਹਾ, ਸਗੋਂ ਪੰਜਾਬ ਦੀ ਸਮੁੱਚੀ ਜਨਤਾ-ਕਿਸਾਨ, ਮਜ਼ਦੂਰ, ਦੁਕਾਨਦਾਰ, ਆੜ੍ਹਤੀਏ, ਅਨਾਜ ਮੰਡੀਆਂ ਨਾਲ ਜੁੜੇ ਕਾਮਿਆਂ, ਬੀਬੀਆਂ, ਬੱਚੇ ਬਜੁਰਗਾਂ ਅਤੇ ਸਿਨੇਮਾ, ਰੰਗ ਮੰਚ, ਗਾਇਕੀ ਆਦਿ ਹਰ ਖੇਤਰ ਨਾਲ ਜੁੜੇ ਕਲਾਕਾਰਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ ਹੈ। ਭਾਵ ਪੰਜਾਬ ਦੇ ਲੋਕ ਆਪਣੇ ਜਾਤੀ, ਜਮਾਤੀ, ਧਰਮ, ਕਿੱਤਿਆਂ, ਦਰਜਾ, ਉਮਰ, ਔਰਤ, ਪੁਰਸ਼ ਆਦਿ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਾਂਝੇ ਮੁਹਾਜ 'ਤੇ ਪੰਜਾਬ ਦੇ ਹਿਤਾਂ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਇਕੱਠੇ ਹੋ ਗਏ ਹਨ। ਇਹ ਲੜਾਈ ਖੇਤੀ ਸਬੰਧੀ ਬਣਾਏ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਣ ਤੋਂ ਸ਼ੁਰੂ ਹੋ ਕੇ ਆਪਣੇ ਘਰ ਨੂੰ, ਪੰਜਾਬ ਦੀ ਹੋਂਦ ਨੂੰ ਬਚਾਉਣ ਦੀ ਲੜਾਈ, ਸੂਬਿਆਂ ਲਈ ਵੱਧ ਅਧਿਕਾਰਾਂ, ਮਿਲੇ ਹੋਏ ਸੰਵਿਧਾਨਕ ਹੱਕਾਂ ਦੀ ਰਾਖੀ ਦੀ, ਜਮਹੂਰੀਅਤ ਦੀ ਬਹਾਲੀ ਦੀ ਲੜਾਈ ਬਣ ਗਈ ਹੈ।

ਲੋਕ-ਰਾਜ ਦੀ ਜੋ ਪਰਿਭਾਸ਼ਾ ਸੁਣਦੇ/ਪੜ੍ਹਦੇ ਆਏ ਹਾਂ, ਉਹ ਇਹੀ ਕੀਤੀ ਹੋਈ ਹੈ ਕਿ ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਲਈ ਚੁਣੀ ਹੋਈ ਸਰਕਾਰ। ਭਾਰਤ ਵਿਚ ਮੌਜੂਦਾ ਸਰਕਾਰਾਂ ਦੀ ਜਿਸ ਤਰ੍ਹਾਂ ਚੋਣ ਹੁੰਦੀ ਹੈ, ਉਸ ਤੋਂ ਸਾਰੇ ਭਲੀ ਭਾਂਤ ਜਾਣੂ ਹਨ। ਚੋਣਾਂ ਦਾ ਅਮਲ ਦਿਨੋ ਦਿਨ ਜਿੰਨਾ ਨਿਘਰਦਾ ਜਾ ਰਿਹਾ ਹੈ, ਉਸ ਨੇ ਲੋਕਾਂ ਵਿਚ ਖੂਨ-ਖਰਾਬਾ, ਨਸ਼ਿਆਂ, ਭ੍ਰਿਸ਼ਟਾਚਾਰ, ਡੇਰਾਵਾਦ ਆਦਿ ਦੇ ਰੁਝਾਨ ਦੇ ਨਾਲ ਨਾਲ ਜਾਤੀ, ਇਲਾਕਾਈ ਅਤੇ ਧਰਮ ਦੇ ਨਾਂ 'ਤੇ ਵਖਰੇਵਿਆਂ ਨੂੰ ਸਿਰਫ ਸ਼ਹਿ ਹੀ ਨਹੀਂ ਦਿੱਤੀ, ਸਗੋਂ ਲੋਕ-ਮਨਾਂ ਵਿਚ ਏਨਾ ਰਚਾ ਦਿੱਤਾ ਹੈ ਕਿ ਇਸ ਨਾਲ ਭਾਈਚਾਰਕ ਸਾਂਝ ਦਿਨੋ ਦਿਨ ਖਤਮ ਹੁੰਦੀ ਜਾ ਰਹੀ ਹੈ। ਅੱਜ ਲੋਕ ਵੱਖ ਵੱਖ ਪਾਰਟੀਆਂ ਦੀਆਂ ਮਹਿਜ ਵੋਟਾਂ ਬਣ ਕੇ ਰਹਿ ਗਏ ਹਨ। ਪਿੰਡਾਂ ਥਾਂਵਾਂ ਵਿਚ ਜਾ ਕੇ ਜੇ ਗਹੁ ਨਾਲ ਦੇਖੀਏ ਤਾਂ ਲੋਕ ਬੰਦੇ ਨਾ ਹੋ ਕੇ ਅੱਜ ਕੱਲ੍ਹ ਅਕਾਲੀ, ਕਾਂਗਰਸੀ, ਬਸਪਾ ਜਾਂ ਕੁਝ ਅਜਿਹਾ ਹੀ ਹੋ ਗਏ ਹਨ।

ਮੌਜੂਦਾ ਸਰਕਾਰਾਂ ਲਈ, ਕੇਂਦਰ ਹੋਵੇ ਭਾਵੇਂ ਸੂਬੇ ਹੋਣ, ਲੋਕ ਸਿਰਫ ਵੋਟਾਂ ਹਨ, ਜਿਨ੍ਹਾਂ ਵੋਟਾਂ ਨੂੰ ਪੱਕਿਆਂ ਕਰਨ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਵੰਡਿਆ ਜਾ ਰਿਹਾ ਹੈ। ਸਰਕਾਰ ਦੇ ਏਜੰਡੇ 'ਤੇ ਸਿਰਫ ਕਾਰਪੋਰੇਸ਼ਨਾਂ ਜਾਂ ਕਾਰਪੋਰੇਟ ਘਰਾਣੇ ਹਨ, ਜਿਨ੍ਹਾਂ ਨੂੰ ਮੌਜੂਦਾ ਕੇਂਦਰ ਸਰਕਾਰ ਨੇ, ਵਰ੍ਹਿਆਂ ਦੀ ਮਿਹਨਤ ਅਤੇ ਜਨਤਕ ਪੈਸੇ ਨਾਲ ਜਨਤਾ ਲਈ ਉਸਾਰੇ ਸਰਕਾਰੀ ਅਦਾਰੇ ਵੇਚ ਦਿੱਤੇ ਹਨ ਜਾਂ ਵੇਚਣੇ ਲਾ ਦਿੱਤੇ ਹਨ। ਸਿਹਤ ਸਹੂਲਤਾਂ, ਵਿੱਦਿਆ, ਨਿੱਜੀ ਸੁਰੱਖਿਆ ਆਦਿ ਜਿਨ੍ਹਾਂ ਨੂੰ ਕਿਸੇ ਵੀ ਮੁਲਕ ਦੇ ਲੋਕਾਂ ਦੇ ਮੂਲ ਹੱਕ ਸਮਝਿਆ ਜਾਂਦਾ ਹੈ, ਅੱਜ ਆਮ ਭਾਰਤੀ ਸ਼ਹਿਰੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ।

ਲੋਕਾਂ ਦੇ ਹੱਕਾਂ ਦੀ ਪੁਨਰਬਹਾਲੀ ਲਈ ਲੋਕਾਂ ਨੂੰ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ। ਸਾਂਝੀਆਂ ਸਮੱਸਿਆਵਾਂ, ਭਾਵੇਂ ਉਹ ਪਰਿਵਾਰਕ ਹੋਣ, ਪਿੰਡ, ਮੁਹੱਲੇ, ਸੂਬੇ ਜਾਂ ਦੇਸ਼ ਦੀਆਂ ਹੋਣ, ਨੂੰ ਸੁਲਝਾਉਣ ਲਈ ਏਕਾ ਤੇ ਮਿਲ ਬੈਠਣਾ ਇੱਕ ਲਾਜ਼ਮ ਤੱਥ ਹੈ, ਕਿਉਂਕਿ ਇਕੱਲੇ-ਇਕਹਿਰੇ ਯਤਨਾਂ ਨਾਲ ਕਿਸੇ ਵੀ ਮੁਹਿੰਮ ਨੂੰ ਸਰ ਕਰ ਸਕਣਾ ਮੁਸ਼ਕਿਲ ਹੀ ਨਹੀਂ, ਕਈ ਵਾਰ ਅਸੰਭਵ ਵੀ ਹੋ ਜਾਂਦਾ ਹੈ। ਪੰਜਾਬ ਗੁਰੂ ਦੇ ਨਾਮ 'ਤੇ ਜੀਂਦਾ ਹੈ ਅਤੇ ਗੁਰੂ ਨੇ ਸਾਨੂੰ ਗੁਰੂ ਦਾ ਦੱਸਿਆ ਮਾਰਗ ਖੋਜਣ, ਮਾਰਗ 'ਤੇ ਚੱਲਣ ਦੀ ਜਾਚ ਸਿੱਖਣ ਲਈ ਸੰਗਤੀ ਮਾਡਲ ਦਿੱਤਾ ਹੈ। ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਸੰਗਤ ਵਿਚ ਮਿਲ ਬੈਠ ਕੇ ਆਪਣੇ ਸ਼ੰਕੇ, ਦੁਬਿਧਾਵਾਂ ਨੂੰ ਸਮਝ ਕੇ ਵਿਚਾਰ ਰਾਹੀਂ ਦੂਰ ਕਰਨ ਦਾ ਅਦੇਸ਼ ਕੀਤਾ ਹੈ। ਕਿਸਾਨੀ ਸੰਘਰਸ਼ ਮੌਜੂਦਾ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਣ ਜਾਂ ਉਨ੍ਹਾਂ ਵਿਚ ਤਰਮੀਮਾਂ ਕਰਾਉਣ ਵਿਚ ਕਿੰਨਾ ਕੁ ਸਫਲ ਹੁੰਦਾ ਹੈ, ਇਹ ਸਮਾਂ ਦਸੇਗਾ, ਪਰ ਇਸ ਅੰਦੋਲਨ ਦੇ ਹੋਰ ਬਹੁਤ ਸਾਰੇ ਹਾਂ-ਮੁਖੀ ਪੱਖ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨੂੰ ਬਰਕਰਾਰ ਰੱਖਣਾ ਅਰਥਾਤ ਭਵਿੱਖ ਵਿਚ ਅਮਲ ਵਿਚ ਲਿਆਈ ਰੱਖਣਾ ਬਹੁਤ ਉਸਾਰੂ ਅਤੇ ਸਰਬੱਤ ਦੇ ਭਲੇ ਵਾਲਾ ਹੋ ਸਕਦਾ ਹੈ।

ਇਸ ਅੰਦੋਲਨ ਨੇ ਪੰਜਾਬੀ ਸਮਾਜ ਦੇ ਹਰ ਵਰਗ ਵਿਚ ਨਵੀਂ ਚੇਤਨਾ ਦਾ ਸੰਚਾਰ ਕੀਤਾ ਹੈ। ਇਹ ਪਹਿਲੀ ਵਾਰ ਦੇਖਣ ਵਿਚ ਆਇਆ ਹੈ ਕਿ ਕਿਸਾਨ-ਕਿਰਤੀ ਅਤੇ ਹੋਰ ਤਬਕਿਆਂ ਨਾਲ ਸਬੰਧਤ ਹਰ ਉਮਰ ਦੀਆਂ ਬੀਬੀਆਂ, ਦਾਦੀਆਂ-ਪੋਤੀਆਂ, ਮਾਂਵਾਂ ਵੱਡੀ ਤਾਦਾਦ ਵਿਚ ਧਰਨਿਆਂ ਵਿਚ ਹਰ ਰੋਜ਼ ਹਾਜ਼ਰੀ ਲੁਆ ਰਹੀਆਂ ਹਨ।



ਪਿੰਡ ਮਹਿਰਾਜ ਦੇ ਲੋਕ

ਰਿਲਾਇੰਸ ਦੇ ਪੈਟਰੋਲ ਪੰਪਾਂ ਅਤੇ ਟੋਲ ਪਲਾਜ਼ਿਆਂ ਅਤੇ ਬਹੁਤ ਥਾਂਵਾਂ 'ਤੇ ਤੁਹਾਨੂੰ ਰੰਗਦਾਰ ਚੁੰਨੀਆਂ ਦੇ ਨਾਲ ਨਾਲ ਹਰੀਆਂ ਅਤੇ ਪੀਲੀਆਂ ਚੁੰਨੀਆਂ ਸਿਰਾਂ 'ਤੇ ਲਈ ਬੀਬੀਆਂ ਦਾ ਵੱਡਾ ਇਕੱਠ ਨਜ਼ਰ ਆਉਂਦਾ ਹੈ। ਬੀਬੀਆਂ ਨੂੰ ਧਰਨਿਆਂ 'ਤੇ ਕਿਸਾਨ ਇਕੱਠਾਂ ਨੂੰ ਸੰਬੋਧਨ ਕਰਦਿਆਂ ਵੀ ਦੇਖਿਆ ਜਾ ਸਕਦਾ ਹੈ। ਕਈ ਥਾਂਵਾਂ 'ਤੇ, ਖਾਸ ਕਰਕੇ ਮਾਲਵੇ ਦੇ ਪਿੰਡਾਂ ਵਿਚ ਬੀਬੀਆਂ ਵਾਰੀਆਂ ਬੰਨ੍ਹ ਕੇ ਧਰਨਿਆਂ 'ਤੇ ਬੈਠੀ ਸੰਗਤ ਲਈ ਲੰਗਰ ਇਕੱਠਾ ਕਰਕੇ ਸੇਵਾ ਕਰ ਰਹੀਆਂ ਹਨ। ਇਸਤਰੀ ਚੇਤਨਾ-ਸ਼ਕਤੀ ਦਾ ਇਹ ਵਿਲੱਖਣ ਪ੍ਰਗਟਾਵਾ ਹੈ। ਇਸ ਤੋਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਸਥਾਪਤੀ ਦੀ ਪਹਿਲੀ ਸਦੀ ਪੂਰੀ ਹੋਣ ਦੇ ਜਸ਼ਨ ਮਨਾ ਰਹੀ ਹੈ, ਨੂੰ ਵੀ ਕੁਝ ਸਿੱਖਣਾ ਚਾਹੀਦਾ ਹੈ।

ਭਾਰਤੀ ਸਮਾਜ ਵਿਚ ਸਭ ਤੋਂ ਪਹਿਲਾਂ ਔਰਤ ਦੇ ਹੱਕ ਵਿਚ ਅਵਾਜ਼ ਗੁਰੂ ਨਾਨਕ ਸਾਹਿਬ ਨੇ ਉਠਾਈ ਸੀ ਅਤੇ ਸਿੱਖ ਔਰਤ ਬਰਾਬਰ ਤੇ ਅੰਮ੍ਰਿਤ ਪਾਨ ਕਰਨ ਅਤੇ ਸੇਵਾ ਕਰਨ ਦੀ ਉਸੇ ਤਰ੍ਹਾਂ ਅਧਿਕਾਰੀ ਹੈ, ਜਿਵੇਂ ਪੁਰਸ਼। ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ਉਤੇ ਕਾਬਜ਼ ਉਦਾਸੀ ਅਤੇ ਸੰਨਿਆਸੀ ਸੰਪਰਦਾਵਾਂ ਨੇ ਆਪਣੀ ਰਹਿਤ ਮਰਿਆਦਾ ਪ੍ਰਚੱਲਤ ਕਰ ਰੱਖੀ ਸੀ, ਜਿਸ ਤਹਿਤ ਬੀਬੀਆਂ ਨੂੰ ਅੰਮ੍ਰਿਤ ਵੇਲੇ ਦੀ ਸੇਵਾ ਅਤੇ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਮਨਾਹੀ ਕੀਤੀ ਹੋਈ ਹੈ। ਇੱਕ ਪੂਰੀ ਸਦੀ ਬੀਤ ਜਾਣ 'ਤੇ ਵੀ ਸ਼੍ਰੋਮਣੀ ਕਮੇਟੀ ਨੇ ਸਿੱਖੀ ਸਿਧਾਂਤਾਂ ਦਾ ਸਤਿਕਾਰ ਕਰਦਿਆਂ ਬੀਬੀਆਂ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਅਤੇ ਅੰਮ੍ਰਿਤ ਵੇਲੇ ਦੀ ਸੇਵਾ ਕਰਨ ਦਾ ਹੱਕ ਨਹੀਂ ਦਿੱਤਾ ਹੈ। ਗੁਰਬਾਣੀ ਪੜ੍ਹਨ/ਸੁਣਨ ਵਾਲਾ ਹਰ ਸਿੱਖ ਜਾਣਦਾ ਹੈ ਕਿ ਸਿੱਖ ਧਰਮ ਵਿਚ ਗੁਰੂ ਨੇ ਕਿਸੇ ਕਿਸਮ ਦੇ ਸੂਤਕ ਜਾਂ ਵਹਿਮ ਦੀ ਆਗਿਆ ਨਹੀਂ ਦਿੱਤੀ। ਜਾਣਕਾਰੀ ਲਈ ਰਾਗੁ ਆਸਾ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਰਚੀ ਗਈ ਵਾਰ ਦਾ ਪਠਨ-ਪਾਠਨ ਕਰਕੇ ਇਹ ਗਿਆਨ ਹਾਸਲ ਕੀਤਾ ਜਾ ਸਕਦਾ ਹੈ।

ਪਿਛਲੇ ਲੇਖ ਵਿਚ ਕਲਾਕਾਰਾਂ ਵੱਲੋਂ ਕਿਸਾਨ ਧਰਨਿਆਂ ਵਿਚ ਲਗਾਤਾਰ ਸ਼ਮੂਲੀਅਤ ਕਰਨ, ਰੰਗ-ਮੰਚ, ਗੀਤਾਂ ਅਤੇ ਭਾਸ਼ਣਾਂ ਰਾਹੀਂ ਨੌਜੁਆਨ ਪੀੜ੍ਹੀ ਨੂੰ ਬਜ਼ੁਰਗਾਂ ਦੀ ਅਗਵਾਈ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਲਈ ਪ੍ਰੇਰਨਾ ਦੇਣ ਦੀ ਵੀ ਗੱਲ ਕੀਤੀ ਸੀ। ਇਸ ਮੋਰਚੇ ਨੇ ਨੌਜੁਆਨ ਪੀੜ੍ਹੀ ਵਿਚ ਇੱਕ ਨਵੀਂ ਰੂਹ ਫੂਕੀ ਹੈ। ਹੁਣ ਧਰਨਿਆਂ 'ਤੇ ਨੌਜੁਆਨ ਵੀ ਕਾਫੀ ਗਿਣਤੀ ਵਿਚ ਨਜ਼ਰ ਆਉਂਦੇ ਹਨ। ਹੌਲੀ ਹੌਲੀ ਉਨ੍ਹਾਂ ਦੇ ਮਨਾਂ ਅੰਦਰ ਇਹ ਅਹਿਸਾਸ ਜਾਗ ਰਿਹਾ ਹੈ ਕਿ ਉਨ੍ਹਾਂ ਦਾ ਭਵਿੱਖ ਅਤੇ ਹੋਂਦ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ ਭਵਿੱਖ ਨਾਲ, ਕਿਸਾਨੀ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਇਥੇ ਪਿੰਡ ਮਹਿਰਾਜ ਦੇ ਨੌਜੁਆਨਾਂ ਦੀ ਮਿਸਾਲ ਦੇਣੀ ਦਿਲਚਸਪ ਹੋਣ ਦੇ ਨਾਲ ਨਾਲ ਹੋਰ ਨੌਜੁਆਨਾਂ ਲਈ ਪ੍ਰੇਰਨਾ ਦਾ ਸਬੱਬ ਵੀ ਬਣ ਸਕਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਿਆਸੀ ਪਾਰਟੀਆ ਵੱਲੋਂ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਪਾਰਟੀਆਂ ਦੇ ਨਾਂਵਾਂ ਤੇ ਲੋਕਾਂ ਵਿਚ ਧੜੇਬੰਦੀ ਖੜ੍ਹੀ ਕੀਤੀ ਜਾਂਦੀ ਹੈ, ਖਾਸ ਕਰਕੇ ਪਿੰਡਾਂ ਵਿਚ। ਕਿਸੇ ਜ਼ਮਾਨੇ ਵਿਚ ਪਿੰਡ ਦਾ ਭਾਈਚਾਰਾ ਇੱਕ ਪਰਿਵਾਰ ਦੀ ਤਰ੍ਹਾਂ ਰਹਿੰਦਾ ਸੀ ਅਤੇ ਇੱਕ ਦੂਸਰੇ ਦੇ ਦੁੱਖ-ਸੁੱਖ ਵਿਚ ਹਾਜ਼ਰ ਹੋ ਕੇ ਮਦਦ ਕਰਦਾ ਸੀ, ਪਰ ਵੋਟਾਂ ਦੀ ਰਾਜਨੀਤੀ ਨੇ ਪਿੰਡ ਦੇ ਭਾਈਚਾਰੇ ਨੂੰ ਵੱਖ ਵੱਖ ਧੜਿਆਂ ਵਿਚ ਵੰਡ ਦਿੱਤਾ ਹੈ ਅਤੇ ਇਹ ਧੜੇਵੰਦੀ ਸਮੇਂ ਨਾਲ ਏਨੀ ਪੱਕ ਗਈ ਹੈ ਕਿ ਪਾਰਟੀ ਪਿੱਛੇ ਲੋਕ ਇੱਕ ਦੂਜੇ ਨਾਲ ਸਿਰਫ ਮਿਲਵਰਤਨ ਹੀ ਬੰਦ ਨਹੀਂ ਕਰਦੇ, ਸਗੋਂ ਇੱਕ ਦੂਜੇ ਨਾਲ ਵੈਰ ਵਿੱਢ ਲੈਂਦੇ ਹਨ।

ਇੱਕ ਪੰਜਾਬੀ ਟੀ. ਵੀ. ਚੈਨਲ ਵੱਲੋਂ ਪਿੰਡ ਮਹਿਰਾਜ ਦੇ, ਜੋ ਵੱਸੋਂ ਅਤੇ ਰਕਬੇ ਦੇ ਲਿਹਾਜ਼ ਨਾਲ ਬਹੁਤ ਵੱਡਾ ਪਿੰਡ ਹੈ, ਨੌਜੁਆਨਾਂ ਨਾਲ ਇਨ੍ਹਾਂ ਦਿਨਾਂ ਵਿਚ ਇੰਟਰਵਿਊ ਕੀਤੀ ਗਈ। ਇਨ੍ਹਾਂ ਨੌਜੁਆਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਧਰਨਿਆਂ ਵਿਚ ਜਾਣ ਅਤੇ ਧਰਨੇ 'ਤੇ ਬੈਠੇ ਕਿਸਾਨਾਂ ਦੀ ਲੰਗਰ ਪਾਣੀ ਨਾਲ ਸੇਵਾ ਕਰਨ ਦੀ ਸੋਚ ਸ਼ਾਇਦ ਲੰਬੀ ਦੇ ਧਰਨੇ ਤੋਂ ਆਈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਕਿ ਉਹ ਆਪਣੇ ਪਿੰਡ ਵਿਚ ਧੜੇਬਾਜੀ ਤੋਂ ਉਪਰ ਉੱਠ ਕੇ ਇੱਕ ਇਕਾਈ ਵਜੋਂ ਕੰਮ ਕਰਨਗੇ। ਪਿੰਡ ਵੱਡਾ ਹੋਣ ਕਰਕੇ ਉਥੇ ਛੇ ਪੱਤੀਆਂ ਹਨ ਅਤੇ ਨੌਜੁਆਨਾਂ ਨੇ ਫੈਸਲਾ ਕਰ ਲਿਆ ਕਿ ਦੁਹਰਾਉ ਨੂੰ ਰੋਕਣ ਲਈ ਧਰਨਿਆਂ 'ਤੇ ਬੈਠੇ ਕਿਸਾਨਾਂ ਲਈ ਵਾਰੀ ਸਿਰ ਇੱਕ ਪੱਤੀ ਤੋਂ ਉਸ ਪੱਤੀ ਦੇ ਨੌਜੁਆਨ ਲੰਗਰ ਇਕੱਠਾ ਕਰਕੇ ਲੈ ਕੇ ਜਾਣਗੇ। ਇਸ ਤਰ੍ਹਾਂ ਹਰ ਪੱਤੀ ਦੀ ਵਾਰੀ ਛੇਵੇਂ ਦਿਨ ਆਉਂਦੀ ਹੈ। ਅੱਜ ਕੱਲ੍ਹ ਉਹ ਰਾਮਪੁਰਾ ਫੂਲ 'ਚ ਧਰਨੇ ਦੇ ਰਹੇ ਕਿਸਾਨਾਂ ਦੀ ਲੰਗਰ ਨਾਲ ਸੇਵਾ ਕਰਦੇ ਹਨ। ਇੰਟਰਵਿਊ 'ਚ ਨੌਜੁਆਨ ਦੱਸ ਰਹੇ ਸਨ ਕਿ ਉਹ ਆਪਣਾ ਕਾਲਾ ਝੰਡਾ ਲੈ ਕੇ ਧਰਨੇ 'ਚ ਜਾਂਦੇ ਹਨ।

> *ਇਸ ਅੰਦੋਲਨ ਨੇ ਪੰਜਾਬੀ ਸਮਾਜ ਦੇ ਹਰ ਵਰਗ ਵਿਚ ਨਵੀਂ ਚੇਤਨਾ ਦਾ ਸੰਚਾਰ ਕੀਤਾ ਹੈ। ਇਹ ਪਹਿਲੀ ਵਾਰ ਦੇਖਣ ਵਿਚ ਆਇਆ ਹੈ ਕਿ ਕਿਸਾਨ-ਕਿਰਤੀ ਅਤੇ ਹੋਰ ਤਬਕਿਆਂ ਨਾਲ ਸਬੰਧਤ ਹਰ ਉਮਰ ਦੀਆਂ ਬੀਬੀਆਂ, ਦਾਦੀਆਂ-ਪੋਤੀਆਂ, ਮਾਂਵਾਂ ਵੱਡੀ ਤਾਦਾਦ ਵਿਚ ਧਰਨਿਆਂ ਵਿਚ ਹਰ ਰੋਜ਼ ਹਾਜ਼ਰੀ ਲੁਆ ਰਹੀਆਂ ਹਨ। ਰਿਲਾਇੰਸ ਦੇ ਪੈਟਰੋਲ ਪੰਪਾਂ ਅਤੇ ਟੋਲ ਪਲਾਜ਼ਿਆਂ ਅਤੇ ਬਹੁਤ ਥਾਂਵਾਂ 'ਤੇ ਤੁਹਾਨੂੰ ਰੰਗਦਾਰ ਚੁੰਨੀਆਂ ਦੇ ਨਾਲ ਨਾਲ ਹਰੀਆਂ ਅਤੇ ਪੀਲੀਆਂ ਚੁੰਨੀਆਂ ਸਿਰਾਂ 'ਤੇ ਲਈ ਬੀਬੀਆਂ ਦਾ ਵੱਡਾ ਇਕੱਠ ਨਜ਼ਰ ਆਉਂਦਾ ਹੈ। ਬੀਬੀਆਂ ਨੂੰ ਧਰਨਿਆਂ 'ਤੇ ਕਿਸਾਨ ਇਕੱਠਾਂ ਨੂੰ ਸੰਬੋਧਨ ਕਰਦਿਆਂ ਵੀ ਦੇਖਿਆ ਜਾ ਸਕਦਾ ਹੈ। ਕਈ ਥਾਂਵਾਂ 'ਤੇ, ਖਾਸ ਕਰਕੇ ਮਾਲਵੇ ਦੇ ਪਿੰਡਾਂ ਵਿਚ ਬੀਬੀਆਂ ਵਾਰੀਆਂ ਬੰਨ੍ਹ ਕੇ ਧਰਨਿਆਂ 'ਤੇ ਬੈਠੀ ਸੰਗਤ ਲਈ ਲੰਗਰ ਇਕੱਠਾ ਕਰਕੇ ਸੇਵਾ ਕਰ ਰਹੀਆਂ ਹਨ।*

ਉਨ੍ਹਾਂ ਦਾ ਵਿਚਾਰ ਹੈ ਕਿ ਕਿਸਾਨਾਂ ਦੀਆਂ ਇੱਕ ਤੋਂ ਜ਼ਿਆਦਾ ਜਥੇਬੰਦੀਆਂ ਹੋਣ ਕਰਕੇ ਉਹ ਕਿਸੇ ਦੇ ਵੀ ਝੰਡੇ ਹੇਠਾਂ ਨਹੀਂ ਜਾਂਦੇ; ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਭਾਵੇਂ ਸਾਰੇ ਸੰਮਤੀ ਬਣਾ ਕੇ ਲੜ ਰਹੇ ਹਨ, ਪਰ ਯੂਨੀਅਨ ਇੱਕ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਆਪਣਾ ਝੰਡਾ ਇਸ ਲਈ ਰੱਖਿਆ ਹੈ ਤਾਂ ਕਿ ਵੱਖ ਵੱਖ ਯੂਨੀਅਨਾਂ ਉਨ੍ਹਾਂ ਨੂੰ ਆਪਣੇ ਵਿਚ ਸ਼ਾਮਲ ਹੋਣ ਲਈ ਨਾ ਖਿੱਚਣ। ਉਨ੍ਹਾਂ ਦਾ ਕਹਿਣਾ ਹੈ ਕਿ ਪਿੰਡਾਂ ਦਾ ਵਿਕਾਸ ਕਰਨ ਲਈ ਸਾਨੂੰ ਪਿੰਡਾਂ ਵਿਚ ਸਿਆਸੀ ਪਾਰਟੀਆਂ ਵੱਲੋਂ ਪਾਏ ਦੁਫੇੜਾਂ ਨੂੰ ਦੂਰ ਕਰਨਾ ਹੋਵੇਗਾ ਅਤੇ ਮਿਲ ਕੇ ਪਿੰਡਾਂ ਦੀ ਤਰੱਕੀ ਕਰਨੀ ਹੋਵੇਗੀ। ਸਿਆਸੀ ਪਾਰਟੀਆਂ ਪੰਜ ਸਾਲ ਬਾਅਦ ਪਿੰਡਾਂ ਵੱਲ ਫੇਰਾ ਪਾਉਂਦੀਆਂ ਹਨ ਅਤੇ ਲੋਕਾਂ ਨੂੰ ਆਪਸ ਵਿਚ ਲੜਾਉਣ ਦਾ ਸਬੱਬ ਬਣਦੀਆਂ ਹਨ। ਵੋਟ ਪਾਰਟੀ ਮੁਤਾਬਕ ਨਹੀਂ ਪਾਉਣੀ ਚਾਹੀਦੀ, ਸਗੋਂ ਉਮੀਦਵਾਰ ਦੇ ਕਿਰਦਾਰ ਅਤੇ ਈਮਾਨਦਾਰੀ ਨੂੰ ਦੇਖ-ਪਰਖ ਕੇ, ਬਿਨਾ ਕਿਸੇ ਲਾਲਚ ਵਿਚ ਆਇਆਂ ਪਾਉਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਚੇਤਨਾ ਨੌਜੁਆਨ ਪੀੜ੍ਹੀ ਵਿਚ ਆਉਣੀ ਇੱਕ ਚੰਗੀ ਅਤੇ ਸਿਹਤਮੰਦ ਸ਼ੁਰੂਆਤ ਹੈ।

ਇਸੇ ਤਰ੍ਹਾਂ ਇੱਕ ਦਿਨ ਇੱਕ ਕਲਾਕਾਰ ਕਿਸੇ ਥਾਂ 'ਤੇ ਕਿਸਾਨ ਧਰਨੇ ਵਿਚ ਸ਼ਾਮਲ ਹੋਣ ਲਈ ਨੌਜੁਆਨਾਂ ਨੂੰ ਸੰਬੋਧਨ ਕਰ ਰਿਹਾ ਸੀ। ਉਹ ਉਨ੍ਹਾਂ ਤੋਂ ਪੁੱਛ ਰਿਹਾ ਸੀ ਕਿ ਸੁਣਿਆ ਹੈ ਤੁਹਾਡੇ ਪਿੰਡ ਵਿਚ ਸਰਪੰਚੀ ਲਈ ਦੋ ਉਮੀਦਵਾਰ ਖੜ੍ਹੇ ਹੋਏ ਸੀ ਅਤੇ ਦੋਹਾਂ ਨੇ ਪੱਚੀ ਪੱਚੀ ਲੱਖ ਰੁਪਿਆ ਚੋਣਾਂ ਲਈ ਖਰਚ ਕੀਤਾ। ਉਸ ਦਾ ਕਹਿਣਾ ਸੀ ਕਿ ਜਿਹੜਾ ਸਰਪੰਚ ਪੱਚੀ ਲੱਖ ਰੁਪਿਆ ਖਰਚ ਕਰਕੇ ਸਰਪੰਚ ਬਣੇਗਾ, ਉਹ ਫਿਰ ਗਰਾਂਟਾਂ ਪਿੰਡ ਦੀ ਬਿਹਤਰੀ 'ਤੇ ਕਿਉਂ ਖਰਚ ਕਰੂਗਾ? ਇਹ ਇੱਕ ਵੱਡਾ ਸਵਾਲ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਧੜੇਬੰਦੀਆਂ ਤੋਂ ਪਿੰਡਾਂ ਨੂੰ ਮੁਕਤ ਕਰੀਏ ਅਤੇ ਪਿੰਡਾਂ ਦੀਆਂ ਪੰਚਾਇਤਾਂ ਕੰਮ ਕਰਨ ਵਾਲੇ, ਚੰਗੇ ਸੱਚੇ-ਸੁੱਚੇ ਕਿਰਦਾਰ ਵਾਲੇ ਈਮਾਨਦਾਰ ਬੰਦਿਆਂ ਨੂੰ ਸਰਬਸੰਮਤੀ ਨਾਲ ਚੁਣ ਕੇ ਬਣਾਈਏ ਤਾਂ ਕਿ ਪਿੰਡਾਂ ਦੀ ਪੜ੍ਹਾਈ, ਸਿਹਤ ਅਤੇ ਤਰੱਕੀ ਵੱਲ ਧਿਆਨ ਦੇ ਸਕੀਏ। ਜੋ ਏਕਾ ਅੱਜ ਬਣ ਰਿਹਾ ਹੈ, ਇਸ ਨੂੰ ਅੱਗੇ ਵਧਾ ਕੇ ਸਦਾ ਲਈ ਬਣਾ ਕੇ ਰੱਖਣਾ ਚਾਹੀਦਾ ਹੈ। ਇਹ ਕੰਮ ਤਾਂ ਹੀ ਹੋ ਸਕਦਾ ਹੈ, ਜੇ ਸਮਝਦਾਰ ਨੌਜੁਆਨ ਨਵੀਂ ਚੇਤਨਾ ਲੈ ਕੇ ਅੱਗੇ ਆਉਣਗੇ।

ਇੱਕ ਹੋਰ ਸਮਾਜ-ਸੇਵੀ ਕਾਰਕੁਨ ਇੱਕ ਦਿਨ ਮਾਝੇ ਵੱਲ ਇੱਕ ਕਿਸਾਨ ਧਰਨੇ ਨੂੰ ਸਟੇਜ ਤੋਂ ਮੁਖਾਤਿਬ ਹੋ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਪਿਛਲੇ ਸਾਲਾਂ ਵਿਚ ਸਭ ਨੇ ਦੇਖ ਲਿਆ ਹੈ ਕਿ ਪੰਜਾਬ ਨੂੰ ਨਸ਼ਾ-ਮੁਕਤ ਕਰਾਉਣ ਲਈ, ਨੌਜੁਆਨਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਕੋਈ ਵੀ ਸਰਕਾਰ ਜਾਂ ਪ੍ਰਸ਼ਾਸਨ ਗੰਭੀਰ ਨਹੀਂ ਹੈ। ਜੇ ਪੰਜਾਬ ਦੇ ਨੌਜੁਆਨਾਂ ਨੂੰ ਨਸ਼ਿਆਂ ਦੇ ਅੰਨ੍ਹੇ ਖੂਹ ਵਿਚੋਂ ਕੱਢਣਾ ਹੈ ਤਾਂ ਹਰ ਪਿੰਡ ਵਿਚ ਸਾਨੂੰ ਪਿੰਡ-ਪੱਧਰ 'ਤੇ ਖੁਦ ਯਤਨ ਕਰਨੇ ਪੈਣਗੇ। ਉਸ ਦਾ ਕਹਿਣਾ ਸੀ ਕਿ ਆਪ ਉਹ ਸਰਕਾਰੀ ਨੌਕਰੀ ਕਰਦਾ ਹੈ। ਅੱਠ ਕੁ ਸਾਲ ਪਹਿਲਾਂ ਉਸ ਦੇ ਭਰਾ ਦੀ ਨਸ਼ਿਆਂ ਕਰਕੇ ਮੌਤ ਹੋ ਗਈ ਸੀ ਅਤੇ ਉਸ ਨੇ ਤਹੱਈਆ ਕਰ ਲਿਆ ਕਿ ਉਹ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗ੍ਰਿਤ ਕਰੇਗਾ। ਉਸ ਨੇ ਦੱਸਿਆ ਕਿ ਉਸ ਨੇ ਕਰੀਬ ਸਾਰੇ ਮਾਝੇ ਦਾ ਟੂਰ ਕਰ ਲਿਆ ਹੈ ਤੇ ਹੁਣ ਦੁਆਬੇ ਦਾ ਕਰੇਗਾ, ਫਿਰ ਮਾਲਵੇ ਦਾ।

ਉਸ ਨੇ ਸਟੇਜ ਤੋਂ ਇੱਕ ਗੱਲ ਸੁਣਾਈ ਕਿ ਇੱਕ ਦਿਨ ਆਪਣੇ ਸਾਥੀ ਨਾਲ ਉਹ ਮਾਝੇ ਦੇ ਇੱਕ ਪਿੰਡ ਵਿਚ ਗਿਆ, ਜਿਥੇ ਪਿੰਡ ਦੀ ਜੂਹ ਵਿਚ ਇੱਕ ਪਿੱਪਲ ਦੇ ਰੁੱਖ ਹੇਠਾਂ ਕੁਝ ਬਜੁਰਗ ਬੈਠੇ ਸਨ। ਉਹ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਿਆ ਕਿ ਕੀ ਪਿੰਡ ਵਿਚ ਕੋਈ ਨੌਜੁਆਨ 'ਚਿੱਟੇ' ਦਾ ਜਾਂ ਕੋਈ ਹੋਰ ਨਸ਼ਾ ਵੀ ਕਰਦਾ ਹੈ? ਬਜੁਰਗਾਂ ਨੇ ਜੁਆਬ ਦਿੱਤਾ ਕਿ ਹਾਂ ਕਈ ਕਰਦੇ ਹਨ ਅਤੇ ਬਾਹਰੋਂ ਲੋਕੀਂ ਇਥੇ ਨਸ਼ਾ ਵੇਚਣ ਆਉਂਦੇ ਹਨ। ਉਸ ਸਮਾਜ ਸੇਵੀ ਕਾਰਕੁਨ ਨੇ ਉਨ੍ਹਾਂ ਨੂੰ ਕਿਹਾ, "ਬਜੁਰਗੋ ਤੁਸੀਂ ਬਾਹਰੋਂ ਨਸ਼ਾ ਵੇਚਣ ਵਾਲਿਆਂ ਨੂੰ ਮੂਹਰੇ ਹੋ ਕੇ ਰੋਕਦੇ ਕਿਉਂ ਨਹੀਂ? ਜੇ ਤੁਸੀ ਏਕਾ ਕਰਕੇ ਤਕੜੇ ਹੋ ਕੇ ਰੋਕੋਂ ਤਾਂ ਕੀ ਮਜ਼ਾਲ ਕਿ ਬਾਹਰੋਂ ਆ ਕੇ ਕੋਈ ਜਣਾ ਤੁਹਾਡੇ ਪਿੰਡ ਵਿਚ ਨਸ਼ਾ ਵੇਚ ਜਾਵੇ!"

ਕਹਿੰਦਾ, ਏਨੀ ਦੇਰ ਨੂੰ ਦੋ ਮੁੰਡੇ ਮੋਟਰਸਾਈਕਲ 'ਤੇ ਆਏ ਅਤੇ ਉਨ੍ਹਾਂ ਦੇ ਸਾਹਮਣੇ ਪਿੰਡ ਵਿਚ ਵੜ ਗਏ। ਇੱਕ ਬਾਬਾ ਬੋਲਿਆ ਕਿ ਇਹ 'ਚਿੱਟਾ' ਵੇਚਣ ਆਏ ਹਨ। ਉਸ ਨੇ ਬਜੁਰਗ ਨੂੰ ਕਿਹਾ, "ਬਾਬੇ ਤੁਸੀਂ ਏਨੇ ਜਾਣੇ ਸੱਥ ਵਿਚ ਬੈਠੇ ਹੋ, ਕੋਈ ਬਾਹਰ ਵਾਲਾ ਚਿੱਟਾ ਵੇਚਣ ਤੁਹਾਡੇ ਪਿੰਡ ਵਿਚ ਕਿਵੇਂ ਵੜ ਜਾਵੇ?" ਕਹਿੰਦਾ, "ਏਨੀ ਦੇਰ ਨੂੰ ਪਿੰਡ ਵਿਚੋਂ ਮੋਟਰ ਸਾਈਕਲ ਵਾਲੇ ਆਉਂਦੇ ਦਿਸੇ ਤਾਂ ਮੈਂ ਬਾਬੇ ਨੂੰ ਕਿਹਾ, ਬਾਬਾ ਤਕੜਾ ਹੋ ਕੇ ਪੈ ਨਿਕਲ।" ਬਾਬਾ ਮੋਟਰ ਸਾਈਕਲ ਨੂੰ ਸਾਹਮਣਾ ਆਪਣਾ ਖੂੰਡਾ ਲੈ ਕੇ ਰੋਕਣ ਲਈ ਖੜ੍ਹਾ ਹੋ ਗਿਆ। ਮੁੰਡੇ ਡਿਗਦੇ ਕਰਦੇ ਮੋਟਰ ਸਾਈਕਲ ਕੱਢਣ ਵਿਚ ਸਫਲ ਹੋ ਗਏ, ਪਰ ਬਾਬੇ ਨੇ ਮੋਟਰ ਸਾਈਕਲ 'ਤੇ ਪਿੱਛੇ ਬੈਠੇ ਮੁੰਡੇ ਦੇ ਸਾਰੇ ਜ਼ੋਰ ਨਾਲ ਵਗਾਹ ਕੇ ਆਪਣਾ ਖੂੰਡਾ ਮਾਰਿਆ ਅਤੇ ਉਸ ਨੂੰ ਬਹੁਤ ਸੱਟ ਲੱਗ ਗਈ। ਉਸ ਨੇ ਬਾਬੇ ਨੂੰ ਕਿਹਾ ਕਿ ਅੱਜ ਤੋਂ ਬਾਅਦ ਇਹ ਮੁੰਡੇ ਤੁਹਾਡੇ ਪਿੰਡ ਚਿੱਟਾ ਵੇਚਣ ਨਹੀਂ ਵੜਨਗੇ। ਅਸੀਂ ਦੇਖ ਹੀ ਰਹੇ ਹਾਂ ਕਿ ਕਿਸ ਤਰ੍ਹਾਂ ਕਿਸਾਨਾਂ ਨੇ ਟੋਲ ਪਲਾਜ਼ੇ, ਰਿਲਾਇੰਸ ਪੈਟਰੋਲ ਪੰਪ, ਸ਼ਾਪਿੰਗ ਮਾਲ ਘੇਰ ਰੱਖੇ ਹਨ। ਅਜਿਹਾ ਏਕਾ ਕਰਕੇ ਪਿੰਡਾਂ, ਮੁਹੱਲਿਆਂ ਵਿਚ ਵਿਕਦੇ ਨਸ਼ੇ ਨੂੰ ਰੋਕ ਸਕਣਾ ਮੁਸ਼ਕਿਲ ਨਹੀਂ ਹੈ। ਜੇ ਲੋਕ ਤਕੜੇ ਹੋਣਗੇ, ਫਿਰ ਨੇਤਾ ਲੋਕ ਵੀ ਅਜਿਹੇ ਲੋਕਾਂ ਨੂੰ ਬਚਾਉਣ ਲਈ ਕੁਝ ਨਹੀਂ ਕਰ ਸਕਦੇ।

ਗੁਰੂ ਨਾਨਕ ਦੇਵ ਨੇ ਸਾਨੂੰ ਜਾਤ-ਪਾਤ, ਊਚ-ਨੀਚ ਦੇ ਭੇਦ ਭਾਵ ਮਿਟਾ ਕੇ ਇੱਕ ਹੋਣ ਦੀ ਜਾਚ ਦੱਸੀ। ਗੁਰੂ ਨਾਨਕ ਸਾਹਿਬ ਦਾ ਉਪਦੇਸ ਸਾਰੀ ਲੋਕਾਈ ਲਈ ਸਾਂਝਾ ਹੈ, ਜਿਸ ਨੇ 'ਚਾਰਿ ਵਰਨਿ ਇਕੁ ਵਰਨੁ ਕਰਾਇਆ।' ਗੁਰੂ ਨਾਨਕ ਨੇ ਭਾਈ ਮਰਦਾਨੇ ਨੂੰ ਉਸ ਦੀ ਉਮਰ ਦੇ ਆਖਰੀ ਪਲਾਂ ਤੱਕ ਆਪਣੇ ਨਾਲ ਰੱਖਿਆ ਅਤੇ ਮਲਿਕ ਭਾਗੋ ਵਰਗਿਆਂ ਦਾ ਤਿਆਗ ਕੀਤਾ ਤੇ ਭਾਈ ਲਾਲੋ ਵਰਗੇ ਕਿਰਤੀਆਂ ਪਾਸ ਟਿਕਾਣਾ ਕੀਤਾ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਇੱਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾ ਕੇ ਸਭ ਨੂੰ ਬਰਾਬਰ ਕੀਤਾ। ਗੁਰੂ ਦੇ ਲਾਡਲੇ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੇ ਜਾਗੀਰਦਾਰੀ ਪ੍ਰਬੰਧ ਤੋੜ ਕੇ ਹਲ-ਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਅਤੇ ਨੀਵੇਂ ਕਹੇ ਜਾਣ ਵਾਲਿਆਂ ਨੂੰ ਬਹਾਦਰੀ ਦੇ ਖਿਤਾਬਾਂ ਨਾਲ ਨਿਵਾਜਿਆ। ਸਾਡਾ ਵਿਰਸਾ ਬਹੁਤ ਤਕੜਾ ਅਤੇ ਗੁਰੂ ਦੀਆਂ ਬਖਸ਼ਿਸ਼ਾਂ ਨਾਲ ਭਰਪੂਰ ਹੈ, ਪਰ ਸਿਆਸਤਦਾਨਾਂ ਨੇ ਨਿੱਜੀ ਲਾਲਚਾਂ ਕਰਕੇ ਤਰ੍ਹਾਂ ਤਰ੍ਹਾਂ ਦੀਆਂ ਵੰਡੀਆਂ ਪਾ ਕੇ ਪੰਜਾਬ ਨੂੰ ਰੋਲ ਦਿੱਤਾ। ਨੌਜੁਆਨ ਅੱਗੇ ਆਉਣ, ਤਹੱਈਆ ਕਰਨ ਕਿ ਇੱਕ ਪਿੰਡ ਵਿਚ ਸਭ ਦਾ ਸਾਂਝਾ ਇੱਕੋ ਗੁਰਦੁਆਰਾ ਹੋਵੇ, ਇੱਕੋ ਸ਼ਮਸ਼ਾਨਘਾਟ ਹੋਵੇ। ਸਾਰੇ ਭਾਈਚਾਰੇ ਗੁਰੂ ਦੀ ਸਿੱਖਿਆ ਨੂੰ ਪੱਲੇ ਬੰਨ੍ਹ ਕੇ ਆਪਸ ਵਿਚ ਮਿਲ ਬੈਠ ਕੇ ਰਹਿਣ ਅਤੇ ਪਿੰਡਾਂ ਦੀ ਭਲਾਈ ਬਾਰੇ ਸੋਚਣ, ਆਪਣੇ ਪਿੰਡਾਂ ਦੇ ਵਿਕਾਸ ਵਿਚ ਯੋਗਦਾਨ ਪਾਉਣ।

# ਹੈਰਾਨਕੁਨ ਹਨ ਕਈ ਖਾਲਿਸਤਾਨੀ ਆਗੂਆਂ ਦੇ ਭਾਰਤੀ ਏਜੰਸੀਆਂ ਨਾਲ ਗੁਪਤ ਸਬੰਧ

**ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਅਫਸਰ ਜੀ. ਬੀ. ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪਰੇਸੀ' ਅੱਜਕੱਲ੍ਹ ਬੜੀ ਚਰਚਾ ਵਿਚ ਹੈ। ਇਸ ਕਿਤਾਬ ਵਿਚ ਭਾਰਤੀ ਖੁਫੀਆ ਏਜੰਸੀ ਦੇ ਅਫਸਰਾਂ ਅਤੇ ਖਾਲਿਸਤਾਨ ਨਾਲ ਜੁੜੇ ਕੁਝ ਆਗੂਆਂ ਬਾਰੇ ਖੁਲਾਸੇ ਕੀਤੇ ਗਏ ਹਨ। ਬਲਰਾਜ ਦਿਓਲ ਨੇ ਇਸ ਪ੍ਰਸੰਗ ਵਿਚ ਕੁਝ ਖਾਸ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। -ਸੰਪਾਦਕ**

ਕਿਸੇ ਭਾਰਤੀ ਮਿਸ਼ਨ ਵਿਚ ਅਗਰ ਕੋਈ ਸਿੱਖ ਕਿਸੇ ਨਿੱਜੀ ਕੰਮ ਲਈ ਜਾ ਆਵੇ ਤਾਂ ਉਸ ਦੇ ਵਿਰੋਧੀ ਵੱਖਵਾਦੀ ਝੱਟ 'ਗਦਾਰੀ' ਦੇ ਇਲਜ਼ਾਮ ਲਗਾ ਦਿੰਦੇ ਹਨ। ਪੱਛਮੀ ਦੇਸ਼ਾਂ ਵਿਚ ਜੋ ਸਿੱਖ ਭਾਰਤੀ ਮਿਸ਼ਨਾਂ ਦੇ ਸਮਾਗਮਾਂ ਵਿਚ ਸ਼ਿਰਕਤ ਕਰ ਲੈਂਦੇ ਹਨ, ਉਹਨਾਂ 'ਤੇ ਤਾਂ ਖਾਲਿਸਤਾਨੀ ਕੱਟੜਪੰਥੀ ਪੱਕਾ ਗਦਾਰੀ ਦਾ ਠੱਪਾ ਲਗਾ ਦਿੰਦੇ ਹਨ। ਕਈਆਂ ਨੂੰ ਤਾਂ ਜਨਤਕ ਤੌਰ 'ਤੇ ਜ਼ਲੀਲ ਵੀ ਕੀਤਾ ਜਾਂਦਾ ਹੈ। ਕਥਿਤ ਖਾਲਿਸਤਾਨੀ ਇਸ ਵਰਤਾਰੇ ਨੂੰ ਆਪਣਾ ਧਰਮ ਸਮਝਦੇ ਹਨ ਹਾਲਾਂਕਿ ਖਾਲਿਸਤਾਨ ਨਿਰੋਲ ਰਾਜਸੀ ਵਿਚਾਰਧਾਰਾ ਹੈ ਜਿਸ ਨੂੰ ਬਹੁਤ ਸ਼ੈਤਾਨੀ ਨਾਲ ਧਰਮ ਦਾ ਜੁਗਾੜ ਲਗਾ ਕੇ ਖੜ੍ਹਾ ਕੀਤਾ ਗਿਆ ਹੈ। ਖਾਲਿਸਤਾਨੀ ਕੱਟੜਪੰਥੀ ਸਮਝਦੇ ਹਨ ਕਿ ਹਰ ਸਿੱਖ ਨੂੰ ਖਾਲਿਸਤਾਨ ਦਾ ਸਮਰਥਨ ਕਰਨਾ ਚਾਹੀਦਾ ਹੈ ਜਾਂ ਚੁੱਪ ਰਹਿਣਾ ਚਾਹੀਦਾ ਹੈ। ਉਹਨਾਂ ਦੀ ਇਹ ਮਨਸ਼ਾ ਜਨਤਕ ਤੌਰ 'ਤੇ ਕਾਫੀ ਹੱਦ ਤੱਕ ਪੂਰੀ ਹੁੰਦੀ ਰਹੀ ਹੈ ਪਰ ਅੰਦਰਖਾਤੇ ਬਹੁਗਿਣਤੀ ਆਮ ਸਿੱਖਾਂ ਨੇ ਖਾਲਿਸਤਾਨ ਦੀ ਮੰਗ ਦਾ ਸਮਰਥਨ ਨਹੀਂ ਕੀਤਾ। ਖਾਲਿਸਤਾਨੀ ਲਹਿਰ ਦੀ ਬਦਕਿਸਮਤੀ ਇਹ ਰਹੀ ਹੈ ਕਿ ਉਹਨਾਂ ਦੇ ਕਈ ਆਗੂਆਂ ਦੀ ਕਹਿਣੀ ਅਤੇ ਕਰਨੀ ਵਿਚ ਬਹੁਤ ਵੱਡਾ ਫਰਕ ਰਿਹਾ ਹੈ। ਨਾਅਰੇ ਖਾਲਿਸਤਾਨ ਦੇ ਲਗਾਓ ਪਰ ਅੰਦਰਖਾਤੇ ਕਰੋ ਜੋ ਮਰਜ਼ੀ, ਇੱਕ ਵਧੀਆ ਬਦਲ ਬਣਿਆ ਆ ਰਿਹਾ ਹੈ। ਵਿਰੋਧ ਭਾਵੇਂ ਸਿਧਾਂਤ, ਤਰਕ ਅਤੇ ਤਲਖ ਤਜਰਬੇ ਉਤੇ ਆਧਾਰਿਤ ਹੋਵੇ, ਕਦਾਚਿਤ ਪ੍ਰਵਾਨ ਨਹੀਂ ਰਿਹਾ। ਇਮਾਨਦਾਰ ਰਾਜਸੀ ਵਿਰੋਧ ਦਾ ਫਲ ਸਦਾ ਗੋਲੀਆਂ, ਡਾਂਗਾਂ, ਧਮਕੀਆਂ ਅਤੇ ਗਦਾਰੀ ਦੇ ਫਤਵੇ ਰਿਹਾ ਹੈ। ਖਾਲਿਸਤਨੀ ਸਦਾ ਇਹ ਦਾਅਵੇ ਕਰਦੇ ਰਹੇ ਹਨ ਕਿ ਭਾਰਤ ਵਿਚ ਸਿੱਖਾਂ ਨੂੰ ਕੋਈ ਆਜ਼ਾਦੀ ਨਹੀਂ ਹੈ ਪਰ ਆਪ ਖਾਲਿਸਤਾਨੀ ਵਿਚਾਰਧਾਰਾ ਦੇ ਵਿਰੋਧੀਆਂ ਨੂੰ ਹਿੰਸਕ ਢੰਗ ਨਾਲ ਵੀ ਦਬਾਉਂਦੇ ਆ ਰਹੇ ਹਨ।

**ਬਲਰਾਜ ਦਿਓਲ**
**ਸੰਪਾਦਕ 'ਖਬਰਨਾਮਾ'**
**ਈਮੇਲ: balrajdeol@rogers.com**


ਬੀਤੇ ਦੀਆਂ ਘਟਨਾਵਾਂ ਅਤੇ ਖਾਲਿਸਤਾਨ ਦੀ ਲਹਿਰ ਬਾਰੇ ਅਜੇ ਵੀ ਬਹੁਤ ਸਾਰੇ ਭੇਤ ਬਣੇ ਹੋਏ ਹਨ। ਇਹਨਾਂ ਵਿਚੋਂ ਕੁਝ ਭੇਤ ਜੱਗ ਜ਼ਾਹਰ ਕਰਨ ਵਾਲੀ ਇੱਕ ਕਿਤਾਬ 24 ਅਕਤੂਬਰ ਨੂੰ ਭਾਰਤ ਵਿਚ ਰਿਲੀਜ਼ ਕੀਤੀ ਗਈ ਹੈ ਜਿਸ ਦਾ ਨਾਮ 'ਦਿ ਖਾਲਿਸਤਾਨ ਕਾਂਸਪਰੇਸੀ' ਹੈ। ਇਹ ਕਿਤਾਬ ਭਾਰਤ ਦੀ ਮੁੱਖ ਖੁਫੀਆ ਏਜੰਸੀ 'ਰਾਅ' ਦੇ ਸਾਬਕਾ ਅਫਸਰ ਜੀ. ਬੀ. ਐਸ. ਸਿੱਧੂ ਦੀ ਲਿਖੀ ਹੋਈ ਹੈ। ਸਿੱਧੂ ਸਿੱਖ ਹੈ ਅਤੇ ਉਸ ਨੇ 26 ਕੁ ਸਾਲ 'ਰਾਅ' ਵਿਚ ਕੰਮ ਕੀਤਾ ਹੈ। 1998 ਵਿਚ ਉਹ ਸਪੈਸ਼ਲ ਸੈਕਟਰੀ ਦੇ ਅਹੁਦੇ ਤੋਂ ਰਿਟਾਇਰ ਹੋਇਆ ਸੀ। ਸਿੱਧੂ ਨੇ ਕੁਝ ਕਿਤਾਬਾਂ ਪਹਿਲਾਂ ਵੀ ਲਿਖੀਆਂ ਹਨ ਜਿਹਨਾਂ ਵਿਚੋਂ 'ਸਿਕਮ-ਡਾਅਨ ਆਫ ਡੈਮੋਕਰੇਸੀ' ਸ਼ਾਮਲ ਹੈ। ਸਿੱਧੂ 1973 ਵਿਚ ਸਿਕਮ ਦੀ ਰਾਜਧਾਨੀ ਗੰਗਟੌਕ ਵਿਚ 'ਰਾਅ' ਅਫਸਰ ਵਜੋਂ ਤਾਇਨਾਤ ਹੋਇਆ ਸੀ ਅਤੇ ਇਸ ਦੌਰਾਨ ਹੀ ਸਿਕਮ ਦਾ ਭਾਰਤ ਵਿਚ ਕਾਮਯਾਬ ਰਲੇਵਾਂ ਹੋਇਆ ਸੀ।

ਜੀ. ਬੀ. ਐਸ. ਸਿੱਧੂ ਇਸ ਕਿਤਾਬ ਵਿਚ ਬਹੁਤ ਸਨਸਨੀਖੇਜ ਖੁਲਾਸੇ ਕਰਦਾ ਹੈ ਅਤੇ ਸਬੂਤ ਵੀ ਪੇਸ਼ ਕਰਦਾ ਹੈ। ਸਿੱਧੂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਖਾਲਿਸਤਾਨ ਦੀ ਲਹਿਰ ਕਿਸੇ ਖਾਸ ਮਕਸਦ ਨਾਲ ਖੜ੍ਹੀ ਕੀਤੀ ਗਈ ਸੀ ਅਤੇ ਇਸ ਨੂੰ ਉਭਾਰਨ ਵਾਲਿਆਂ ਨੂੰ ਨੰਬਰ 1 ਅਕਬਰ ਰੋਡ ਬੇਸਡ ਸੈੱਲ ਦਾ ਸਮਰਥਨ ਹਾਸਲ ਸੀ। ਨੰਬਰ 1 ਅਕਬਰ ਰੋਡ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰਹਾਇਸ਼ ਨੰਬਰ 1 ਸਫਦਰਗੰਜ ਰੋਡ ਦੇ ਨਾਲ ਲਗਦਾ ਰੈਜ਼ੀਡੈਂਸ ਦਫਤਰ ਸੀ। 1 ਅਕਬਰ ਰੋਡ ਬੇਸਡ ਸੈੱਲ ਦਾ ਜ਼ਿਕਰ ਕਦੇ ਫਿਰ ਕਰਾਂਗੇ, ਇਸ ਲਿਖਤ ਵਿਚ ਕੁਝ ਅਹਿਮ ਖਾਲਿਸਤਾਨੀ ਆਗੂਆਂ ਦੇ ਭਾਰਤੀ ਏਜੰਸੀਆਂ, ਕਾਂਗਰਸ ਦੇ ਕੁਝ ਖਾਸ ਆਗੂਆਂ ਜਾਂ ਕਾਂਗਰਸ ਸਰਕਾਰ ਨਾਲ ਸਬੰਧਾਂ ਤੱਕ ਸੀਮਤ ਰਹਾਂਗੇ।

13 ਅਪਰੈਲ 1978 ਦੇ ਨਿਰੰਕਾਰੀ ਕਾਂਡ ਪਿੱਛੋਂ ਵੱਖਰੇ ਸਿੱਖ ਰਾਜ ਦੀ ਖੁੱਲ੍ਹ ਕੇ ਮੰਗ ਕਰਨ ਵਾਲਾ ਸੰਗਠਨ ਦਲ ਖਾਲਸਾ ਗਿਆਨੀ ਜ਼ੈਲ ਸਿੰਘ ਨੇ ਖੜ੍ਹਾ ਕਰਵਾਇਆ ਸੀ। ਇਸ ਲਈ ਪਹਿਲੀ ਮੀਟਿੰਗ ਚੰਡੀਗੜ੍ਹ ਦੇ ਹੋਟਲ ਅਰੋਮਾ ਵਿਚ ਕੀਤੀ ਗਈ ਸੀ। ਇਸ ਮੀਟਿੰਗ ਦਾ 600 ਰੁਪਏ ਦਾ ਬਿੱਲ ਗਿਆਨੀ ਜ਼ੈਲ ਸਿੰਘ ਨੇ ਅਦਾ ਕੀਤਾ ਸੀ। 6 ਅਗਸਤ 1978 ਨੂੰ ਗੁਰਦੁਆਰਾ ਅਕਾਲਗੜ੍ਹ ਸੈਕਟਰ 35 ਵਿਚ ਕੀਤੀ ਪ੍ਰੈਸ ਕਾਨਫਰੰਸ ਵਿਚ ਦਲ ਖਾਲਸਾ ਦਾ ਟੀਚਾ ਆਜ਼ਾਦ ਸਿੱਖ ਰਾਜ ਦੱਸਿਆ ਗਿਆ ਸੀ। ਦਲ ਖਾਲਸਾ ਨੂੰ ਗਿਆਨੀ ਜ਼ੈਲ ਸਿੰਘ ਦੀ ਛਤਰ ਛਾਇਆ ਲਗਾਤਾਰ ਮਿਲਦੀ ਰਹੀ ਸੀ। ਜ਼ੈਲ ਸਿੰਘ ਜਨਵਰੀ 1980 ਵਿਚ ਕੇਂਦਰੀ ਗ੍ਰਹਿ ਮੰਤਰੀ ਅਤੇ ਜੁਲਾਈ 1982 ਵਿਚ ਰਾਸ਼ਟਰਪਤੀ ਬਣਿਆ। ਰਿਪੋਰਟਾਂ ਮੁਤਾਬਿਕ ਜ਼ੈਲ ਸਿੰਘ ਚੰਡੀਗੜ੍ਹ ਬੇਸਡ ਰਿਪੋਰਟਰਾਂ ਨੂੰ ਫੋਨ ਕਰ ਕੇ ਦਲ ਖਾਲਸਾ ਦੀਆਂ ਖਬਰਾਂ ਆਪਣੇ ਅਖ਼ਬਾਰਾਂ ਦੇ ਮੁੱਖ ਪੰਨਿਆਂ 'ਤੇ ਲਗਾਉਣ ਲਈ ਆਖਦਾ ਰਹਿੰਦਾ ਸੀ।

ਅਮਰੀਕਾ ਨਿਵਾਸੀ ਖਾਲਿਸਤਾਨੀ ਆਗੂ ਗੰਗਾ ਸਿੰਘ ਢਿਲੋਂ ਪਾਕਿਸਤਾਨੀ ਡਿਕਟੇਟਰ ਜ਼ਿਆ ਉਲ ਹੱਕ ਦੇ ਬਹੁਤ ਨੇੜੇ ਸੀ। ਅੱਧ ਮਾਰਚ 1981 ਵਿਚ ਗੰਗਾ ਸਿੰਘ ਢਿਲੋਂ ਚੰਡੀਗੜ੍ਹ ਵਿਚ ਚੀਫ ਖਾਲਸਾ ਦੀਵਾਨ ਕਾਨਫਰੰਸ ਦੀ ਸਦਾਰਤ ਕਰਦਾ ਹੈ ਜਿਸ ਵਿਚ 'ਸਿੱਖ ਵੱਖਰੀ ਕੌਮ' ਦਾ ਮਤਾ ਪਾਸ ਕੀਤਾ ਜਾਂਦਾ ਹੈ। ਗੰਗਾ ਸਿੰਘ ਢਿਲੋਂ ਸਿੱਖਾਂ ਨੂੰ ਯੂ. ਐਨ. ਵਿਚ ਐਸੋਸੀਏਟ ਮੈਂਬਰਸ਼ਿਪ ਦੇਣ ਦਾ ਮਤਾ ਪੇਸ਼ ਅਤੇ ਪਾਸ ਕਰਵਾਉਂਦਾ ਹੈ। ਢਿਲੋਂ ਦੀ ਫੇਰੀ ਪਿੱਛੋਂ ਬੀ. ਜੇ. ਪੀ. ਆਗੂ ਅਟਲ ਬਿਹਾਰੀ ਬਾਜਪਾਈ ਲੋਕ ਸਭਾ ਵਿਚ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਹਵਾਲੇ ਨਾਲ ਸਵਾਲ ਪੁੱਛਦਾ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਕਰਨਾਲ ਵਿਚ ਢਿਲੋਂ ਨਾਲ ਮੁਲਾਕਾਤ ਕੀਤੀ ਸੀ। ਇਸ ਸਮੇਂ ਜ਼ੈਲ ਸਿੰਘ ਭਾਰਤ ਦਾ ਗ੍ਰਹਿ ਮੰਤਰੀ ਸੀ ਅਤੇ ਪਿੱਛੋਂ ਰਾਸ਼ਟਰਪਤੀ ਬਣਿਆ ਸੀ। ਢਿਲੋਂ ਨੂੰ ਐਸੀ ਕਾਨਫਰੰਸ ਲਈ ਭਾਰਤ ਵਿਚ ਐਂਟਰੀ ਕਿਉਂ ਦਿੱਤੀ ਗਈ, ਦੇ ਜਵਾਬ ਵਿਚ 10 ਅਗਸਤ 1981 ਨੂੰ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਖਾਲਿਸਤਾਨ ਦੀ ਮੰਗ ਕੈਨੇਡਾ ਅਤੇ ਅਮਰੀਕਾ ਤੱਕ ਹੀ ਸੀਮਤ ਹੈ।

ਕਿਤਾਬ ਦੇ ਸਫਾ 155 ਉਤੇ ਸਿੱਧੂ ਨੇ ਗੰਗਾ ਸਿੰਘ ਢਿਲੋਂ ਦਾ ਇੱਕ ਹੋਰ ਹਵਾਲਾ ਦਿੱਤਾ ਹੈ। ਪੰਜਾਬ ਵਿਚ ਜਦ ਹਾਲਤ ਖਰਾਬ ਹੋ ਗਈ ਅਤੇ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਅਕਾਲ ਤਖਤ 'ਤੇ ਡੇਰਾ ਲਾ ਲਿਆ ਤਾਂ ਜਨਵਰੀ-ਫਰਵਰੀ 1984 ਵਿਚ ਆਰ. ਐਨ. ਕਾਓ, ਬੀ. ਰਮਨ ਅਤੇ 'ਰਾਅ' ਦੇ ਦੋ ਹੋਰ ਅਫਸਰਾਂ ਨੇ ਲੰਡਨ ਤੇ ਯੂਰਿਕ ਦਾ ਦੌਰਾ ਕੀਤਾ। ਆਰ. ਐਨ. ਕਾਓ (ਰਾਮੇਸ਼ਵਰ ਨਾਥ ਕਾਓ) ਨੂੰ 1969 ਵਿਚ 'ਰਾਅ' ਦੀ ਕਾਇਮੀ ਸਮੇਂ ਪਹਿਲਾ ਮੁਖੀ ਬਣਾਇਆ ਗਿਆ ਸੀ ਅਤੇ ਸੇਵਾ ਮੁਕਤ ਹੋਣ ਪਿੱਛੋਂ ਇੰਦਰਾ ਗਾਂਧੀ ਨੇ ਉਸ ਨੂੰ ਆਪਣਾ ਵਿਸੇਸ਼ ਸਲਾਹਕਾਰ ਨਿਯੁਕਤ ਕਰ ਲਿਆ ਸੀ। ਬੀ. ਰਮਨ 'ਰਾਅ' ਦੇ ਕਾਊਂਟਰ ਟੈਰਰਿਜ਼ਮ ਯੂਨਿਟ ਦਾ ਮੌਕੇ ਮੁਖੀ ਸੀ। ਆਰ. ਐਨ. ਕਾਓ ਦਾ 1 ਅਕਬਰ ਰੋਡ ਬੇਸਡ ਸੈੱਲ ਵਿਚ ਵਿਸ਼ੇਸ਼ ਰੋਲ ਸੀ ਅਤੇ ਉਸ ਦਾ ਸਿੱਧਾ ਰਿਸਾਅ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੱਕ ਸੀ। ਇਹ ਦੋਵੇਂ ਇੰਦਰਾ ਗਾਂਧੀ ਦੇ ਪ੍ਰਿੰਸੀਪਲ ਸਕੱਤਰ ਪੀ. ਸੀ. ਅਲੈਗਜ਼ੈਂਡਰ ਦੇ ਲਗਾਤਾਰ ਸੰਪਰਕ ਵਿਚ ਰਹਿੰਦੇ ਸਨ। ਇਸ ਫੇਰੀ ਦਾ ਮਕਸਦ ਖਾਲਿਸਤਾਨੀ ਆਗੂਆਂ ਨੂੰ ਮਿਲ ਕੇ, ਭਿੰਡਰਾਂਵਾਲਾ ਨੂੰ ਦਰਬਾਰ ਸਾਹਿਬ ਸਮੂਹ ਤੋਂ ਬਾਹਰ ਨਿਕਲਣ ਲਈ ਮਨਾਉਣਾ ਸੀ। ਯੂਰਿਕ ਵਿਚ ਇਹਨਾਂ ਨੇ ਅਮਰੀਕਾ ਦੇ ਇੱਕ ਪ੍ਰਮੁੱਖ ਖਾਲਿਸਤਾਨੀ ਆਗੂ ਨਾਲ ਮੁਲਾਕਾਤ ਕੀਤੀ ਸੀ। ਇਸ ਸਿੱਖ ਆਗੂ ਨੇ ਇਹਨਾਂ ਨੂੰ ਦੱਸਿਆ ਕਿ ਉਹ ਮਦਦ ਕਰ ਸਕਦਾ ਹੈ ਅਗਰ ਉਸ ਨੂੰ ਭਾਰਤ ਆ ਕੇ ਭਿੰਡਰਾਂਵਾਲਾ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਮਿਲਣ ਦੀ ਆਗਿਆ ਦਿੱਤੀ ਜਾਵੇ। ਉਸ ਨੇ 'ਰਾਅ' ਅਫਸਰਾਂ ਨੂੰ ਇਹ ਵੀ ਦੱਸਿਆ ਕਿ ਅਮਰੀਕਾ ਵਿਚ ਕੁਝ ਖਾਲਿਸਤਾਨੀ ਆਗੂ ਵਾਸ਼ਿੰਗਟਨ ਵਿਚ ਤਾਇਨਾਤ 'ਰਾਅ' ਅਫਸਰ ਦਾ ਕਤਲ ਕਰਨਾ ਚਾਹੁੰਦੇ ਸਨ ਪਰ ਜਦ ਉਸ ਨੂੰ ਪਤਾ ਲੱਗਾ ਤਾਂ ਉਸ ਨੇ ਅਜਿਹਾ ਕਰਨ ਤੋਂ ਵਰਜ ਦਿੱਤਾ ਸੀ। ਸਿੱਧੂ ਨੇ ਦਾਅਵਾ ਕੀਤਾ ਹੈ ਕਿ ਇਹ ਆਗੂ ਗੰਗਾ ਸਿੰਘ ਢਿਲੋਂ ਸੀ। 'ਰਾਅ' ਨੇ ਢਿਲੋਂ ਦੀ ਮਦਦ ਦੀ ਆਫਰ ਇਸ ਪ੍ਰਵਾਨ ਨਹੀਂ ਸੀ ਕੀਤੀ ਕਿਉਂਕਿ 'ਰਾਅ' ਨੂੰ ਸ਼ੱਕ ਸੀ ਕਿ ਢਿਲੋਂ ਨੂੰ ਜਰਗਮਾਲ ਵਜੋਂ ਵਰਤਿਆ ਜਾ ਸਕਦਾ ਹੈ ਜਾਂ ਉਹ ਭਿੰਡਰਾਂਵਾਲਾ ਨਾਲ ਰਲ ਵੀ ਸਕਦਾ ਹੈ।






ਜੀ. ਬੀ. ਐਸ. ਸਿੱਧੂ

ਸਿੱਧੂ ਨੇ ਇਹ ਵੀ ਲਿਖਿਆ ਹੈ ਕਿ ਉਚ 'ਰਾਅ' ਅਫਸਰਾਂ ਦਾ ਇਹ ਗਰੁੱਪ ਲੰਡਨ ਵਿਚ ਜਗਜੀਤ ਸਿੰਘ ਚੌਹਾਨ ਸਮੇਤ ਹੋਰ ਕਈ ਖਾਲਿਸਤਾਨੀ ਆਗੂਆਂ ਨੂੰ ਵੀ ਮਿਲਿਆ ਸੀ।

ਜੀ. ਬੀ. ਐਸ. ਸਿੱਧੂ ਦੀ ਨਵੀਂ ਕਿਤਾਬ ਕੌਂਸਲ ਆਫ ਖਾਲਿਸਤਾਨ ਦੇ ਕੈਨੇਡਾ ਵਿਚ ਪ੍ਰਮੁੱਖ ਆਗੂ ਮਰਹੂਮ ਕੁਲਦੀਪ ਸਿੰਘ ਸੋਢੀ ਦਾ ਵੀ ਚੋਖਾ ਜ਼ਿਕਰ ਕਰਦੀ ਹੈ ਜਿਸ ਨੇ ਆਪਣੇ ਆਪ ਨੂੰ ਕੈਨੇਡਾ ਵਿਚ ਖਾਲਿਸਤਾਨ ਦਾ ਸਫੀਰ ਐਲਾਨਿਆ ਹੋਇਆ ਸੀ। ਸਿੱਧੂ ਲਿਖਦਾ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ 27 ਜੁਲਾਈ 1982 ਦੇ ਦਿਨ ਅਮਰੀਕਾ ਦੀ 8 ਦਿਨਾਂ ਦੀ ਸਟੇਟ ਫੇਰੀ ਲਈ ਪੁੱਜੀ ਸੀ। ਭਾਰਤ ਦੇ ਖੁਫੀਆ ਵਿਭਾਗ ਦੇ ਡਾਇਰੈਕਟਰ ਐਨ. ਐਫ. ਸਨਟੂਕ ਨੇ ਇਸ ਫੇਰੀ ਤੋਂ ਦੋ ਕੁ ਹਫਤੇ ਪਹਿਲਾਂ 'ਰਾਅ' ਅਫਸਰ ਸਿੱਧੂ ਨੂੰ ਕਾਲ ਕਰ ਕੇ ਦੱਸਿਆ ਸੀ ਕਿ ਗਾਂਧੀ ਨੂੰ ਅਮਰੀਕਾ ਅਤੇ ਕੈਨੇਡਾ ਵਿਚ ਵਸਦੇ ਖਾਲਿਸਤਾਨੀਆਂ ਤੋਂ ਖਤਰਾ ਹੈ ਜਿਸ ਲਈ ਚੇਤੰਨ ਰਹਿਣਾ ਪਵੇਗਾ ਪਰ ਇਸ ਖਤਰੇ ਬਾਰੇ ਕਿਸੇ ਕੋਲ ਕੋਈ ਪੱਕੀ ਜਾਣਕਾਰੀ ਨਹੀਂ ਸੀ। ਗਾਂਧੀ ਦੀ ਫੇਰੀ ਤੋਂ ਦੋ ਕੁ ਦਿਨ ਪਹਿਲਾਂ ਸਿੱਧੂ ਨਿਊ ਯਾਰਕ ਪੁੱਜ ਗਿਆ ਸੀ ਅਤੇ ਇੱਕ ਹੋਟਲ ਵਿਚ ਕਮਰਾ ਬੁੱਕ ਕਰਵਾ ਲਿਆ ਸੀ ਜੋ ਇੰਦਰਾ ਗਾਂਧੀ ਵਾਲੇ ਹੋਟਲ ਦੇ ਨਜ਼ਦੀਕ ਸੀ। ਭਾਰਤੀ ਸੁਰੱਖਿਆ ਏਜੰਸੀਆਂ ਦੇ ਹੋਰ ਕਈ ਅਫਸਰ ਵੀ ਅਮਰੀਕਾ ਪੁੱਜ ਗਏ ਸਨ। ਸਿੱਧੂ ਨੇ ਅਮਰੀਕਾ ਪੁੱਜਦੇ ਸਾਰ ਕੈਨੇਡਾ ਅਤੇ ਅਮਰੀਕਾ ਵਿਚ ਆਪਣੇ ਨਜ਼ਦੀਕੀਆਂ ਅਤੇ ਸੰਪਰਕਾਂ ਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ ਸਨ ਤਾਂ ਕਿ ਕਿਸੇ ਸੰਭਾਵੀ ਖਤਰੇ ਦੀ ਸੂਹ ਲੱਗ ਸਕੇ।

ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਤੋਂ ਇਲਾਵਾ ਗਾਂਧੀ ਨੇ 31 ਜੁਲਾਈ ਨੂੰ ਹੋਟਲ ਵਿਚ ਭਾਰਤੀਆਂ ਨੂੰ ਮਿਲਣਾ ਸੀ ਅਤੇ ਪਹਿਲੀ ਅਗਸਤ ਨੂੰ ਰਿਚਮੰਡ ਹਿੱਲ ਗੁਰਦੁਆਰੇ ਜਾਣਾ ਸੀ। ਸਿੱਧੂ ਦੀ ਨਜ਼ਰ ਇਹਨਾਂ ਦੋ ਦਿਨਾਂ ਉਤੇ ਸੀ। ਪਹਿਲੀ ਅਗਸਤ ਨੂੰ ਜਦ ਇੰਦਰਾ ਗਾਂਧੀ ਰਿਚਮੰਡ ਹਿੱਲ ਗੁਰਦੁਆਰੇ ਪੁੱਜੀ ਤਾਂ ਪ੍ਰਧਾਨ ਤਜਿੰਦਰ ਸਿੰਘ ਕਾਹਲੋਂ ਸਮੇਤ ਕਮੇਟੀ ਨੇ ਨਿੱਘਾ ਸਵਾਗਤ ਕੀਤਾ। ਗੁਰਦੁਆਰੇ ਅੰਦਰ ਇੰਦਰਾ ਗਾਂਧੀ ਨੂੰ ਜੀ ਆਇਆਂ ਆਖ ਕੇ ਸਿਰੋਪਾ ਦੇਣ ਪਿੱਛੋਂ ਸੰਗਤ ਨੂੰ ਸੰਬੋਧਨ ਕਰਨ ਲਈ ਆਖਿਆ ਗਿਆ। ਸਿੱਧੂ ਹਾਲ ਵਿਚ ਅਜਿਹੀ ਥਾਂ ਖੜ੍ਹਾ ਸੀ ਜਿੱਥੋਂ ਸਾਰੇ ਹਾਲ ਉਤੇ ਬਾਜ਼ ਅੱਖ ਰੱਖੀ ਜਾ ਸਕਦੀ ਸੀ ਅਤੇ ਇੱਕ ਵਿੰਡੋ ਰਾਹੀਂ ਹਾਲ ਦੇ ਬਾਹਰ ਤੋਂ ਅੰਦਰ ਆ ਰਹੀ ਸੰਗਤ ਵੱਲ ਵੀ ਵੇਖਿਆ ਜਾ ਸਕਦਾ ਸੀ। ਜਦ ਇੰਦਰਾ ਗਾਂਧੀ ਬੋਲ ਰਹੀ ਸੀ ਤਾਂ ਵਿੰਡੋ ਰਾਹੀਂ ਸਿੱਧੂ ਦਾ ਧਿਆਨ ਹਾਲ ਦੇ ਬਾਹਰ ਚਾਰ ਸਿੱਖਾਂ 'ਤੇ ਪਿਆ ਜਿਹਨਾਂ ਵਿਚੋਂ ਇੱਕ ਕੁਲਦੀਪ ਸਿੰਘ ਸੋਢੀ ਸੀ ਜੋ ਤਦ ਆਪਣੇ ਆਪ ਨੂੰ ਖਾਲਿਸਤਾਨ ਦਾ ਕੌਂਸਲ ਜਨਰਲ ਦੱਸਿਆ ਕਰਦਾ ਸੀ। ਸੋਢੀ ਦੀ ਇੱਕ ਸਿੱਖ ਨਾਲ ਤਲਖਕਲਾਮੀ ਹੋ ਰਹੀ ਜਾਪਦੀ ਸੀ ਅਤੇ ਦੂਜੇ ਦੋ ਸੋਢੀ ਦੀ ਮਦਦ ਕਰ ਰਹੇ ਸਨ ਤਾਂ ਕਿ ਚੌਥੇ ਨੂੰ ਗੁਰਦੁਆਰੇ ਅੰਦਰ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਸੋਢੀ ਉਸ ਨੂੰ ਰੋਕਣ ਵਿਚ ਕਾਮਯਾਬ ਰਿਹਾ ਅਤੇ ਤਦ ਤੱਕ ਗਾਂਧੀ ਦਾ ਭਾਸ਼ਣ ਖਤਮ ਹੋ ਗਿਆ ਅਤੇ ਉਸ ਨੂੰ ਪਾਸੇ ਦੇ ਦਰਵਾਜ਼ੇ ਰਸਤੇ ਵਿਦਾ ਕਰ ਦਿੱਤਾ ਗਿਆ। ਗਾਂਧੀ ਦੇ ਵਿਦਾ ਹੁੰਦੇ ਸਾਰ ਆਈ. ਬੀ. ਦੇ ਡਿਪਟੀ ਐਸ. ਡੀ. ਤਰਵੇਦੀ ਨੇ ਸਿੱਧੂ ਨੂੰ ਪੁਛਿਆ, 'ਤੇਰੇ ਗੰਨਮੈਨ ਕਿੱਥੇ ਹਨ?' ਸਿੱਧੂ ਨੇ ਜਵਾਬ ਦਿੱਤਾ ਕਿ ਮੈਂ ਕਦੇ ਵੀ ਕਿਸੇ ਗੰਨਮੈਨ ਖਤਰੇ ਬਾਰੇ ਗੱਲ ਨਹੀਂ ਸੀ ਕੀਤੀ। ਤਰਵੇਦੀ ਨੇ ਕਿਹਾ ਕਿ ਤੇਰੇ ਵਿਭਾਗ (ਰਾਅ) ਨੇ ਤਾਂ ਆਈ. ਬੀ. ਨੂੰ ਇੰਦਰਾ ਗਾਂਧੀ 'ਤੇ ਹਮਲੇ ਬਾਰੇ ਚਿਤਾਵਨੀ ਦਿੱਤੀ ਹੋਈ ਸੀ।

ਤਰਵੇਦੀ ਨਾਲ ਗੱਲ ਖਤਮ ਹੁੰਦੇ ਸਾਰੇ ਸਿੱਧੂ ਗੁਰਦੁਆਰੇ ਦੇ ਬਾਹਰ ਕੁਲਦੀਪ ਸਿੰਘ ਸੋਢੀ ਨੂੰ ਤਲਾਸ਼ਣ ਚਲੇ ਗਿਆ। ਸਿੱਧੂ ਮੁਤਾਬਿਕ ਉਹ ਕੁਲਦੀਪ ਸਿੰਘ ਸੋਢੀ ਨੂੰ ਮਾਰਚ 1979 ਵਿਚ ਟੋਰਾਂਟੋ ਦੇ ਇੱਕ ਹੋਟਲ ਵਿਚ ਇੱਕ ਸਿੱਖ ਕਾਨਫਰੰਸ ਵਿਚ ਮਿਲਿਆ ਸੀ। ਨਿਊ ਯਾਰਕ ਗੁਰਦੁਆਰੇ ਦੇ ਬਾਹਰ ਸੋਢੀ ਨੇ ਸਿੱਧੂ ਨੂੰ ਝੱਟ ਪਛਾਣ ਲਿਆ ਅਤੇ ਸਿੱਧੂ ਨੇ ਇੱਕ ਪਾਸੇ ਕਰ ਕੇ ਸੋਢੀ ਤੋਂ ਪਹਿਲਾਂ ਹੋਈ ਤਲਖਕਲਾਮੀ ਦੇ ਕਾਰਨ ਬਾਰੇ ਪੁੱਛਿਆ। ਸੋਢੀ ਨੇ ਕਿਹਾ- ਕੀ ਦੱਸਾਂ? ਸਾਡੇ ਗਰੁੱਪ ਵਿਚ ਟੋਰਾਂਟੋ ਤੋਂ ਆਏ ਇੱਕ ਸਿੱਖ ਕੋਲ ਪਿਸਤੌਲ ਸੀ ਅਤੇ ਉਹ ਗਾਂਧੀ ਨੂੰ ਗੁਰਦੁਆਰੇ ਵਿਚ ਮਾਰਨਾ ਚਾਹੁੰਦਾ ਸੀ। ਸੋਢੀ ਅਤੇ ਦੂਜੇ ਸੱਜਣ ਉਸ ਨੂੰ ਗੁਰਦੁਆਰੇ ਅੰਦਰ ਵੜਨੋਂ ਰੋਕ ਰਹੇ ਸਨ। ਸੋਢੀ ਅਜਿਹਾ ਕੁਝ ਕੈਨੇਡਾ ਅਤੇ ਅਮਰੀਕਾ ਵਿਚ ਨਹੀਂ ਸੀ ਵਾਪਰਨ ਦੇਣਾ ਚਾਹੁੰਦਾ, ਕਿਉਂਕਿ ਇਸ ਨਾਲ ਖਾਲਿਸਤਾਨੀਆਂ ਉਤੇ ਸ਼ਿਕੰਜਾ ਕੱਸਿਆ ਜਾਣਾ ਸੀ। ਸੋਢੀ ਨੇ ਗੰਨਮੈਨ ਦਾ ਨਾਮ ਨਹੀਂ ਦੱਸਿਆ ਪਰ ਇਹ ਕਿਹਾ ਕਿ ਉਹ ਟੋਰਾਂਟੋ ਤੋਂ ਆਇਆ ਸੀ। ਸੋਢੀ ਨੂੰ ਇਸ ਬੰਦੇ ਦੀ ਪਲਾਨ ਦਾ ਮਹੀਨਾ ਕੁ ਪਹਿਲਾਂ ਪਤਾ ਲੱਗਾ ਸੀ ਅਤੇ ਤਦ ਤੋਂ ਸੋਢੀ ਉਸ ਉਤੇ ਨਜ਼ਰ ਰੱਖ ਰਿਹਾ ਸੀ।

ਸਿੱਧੂ ਨੇ ਲਿਖਿਆ ਹੈ ਕਿ ਇਸ ਜਾਣਕਾਰੀ ਦੀ ਸੰਵੇਦਨਸ਼ੀਲਤਾ ਦਾ ਅਨੁਭਵ ਕਰਦਿਆਂ ਸਿੱਧੂ ਨੇ ਕੁਲਦੀਪ ਸਿੰਘ ਸੋਢੀ ਨੂੰ ਦੁਪਿਹਰ ਦੇ ਖਾਣੇ (ਲੰਚ) ਮੌਕੇ ਮਿਲਣ ਦੀ ਆਫਰ ਕੀਤੀ। ਗੁਰਦੁਆਰੇ ਅੰਦਰ ਆਈ. ਬੀ. ਦੇ ਡਿਪਟੀ ਐਸ. ਡੀ. ਤਰਵੇਦੀ ਵਲੋਂ ਮਾਰੇ ਨਹੋਰੇ ਦਾ ਜਵਾਬ ਦੇਣ ਲਈ ਸਿੱਧੂ ਨੇ ਸੋਢੀ ਨੂੰ ਇਹ ਵੀ ਦੱਸਿਆ ਕਿ ਲੰਚ ਮੌਕੇ ਉਸ ਨੂੰ ਕੁਝ ਅਹਿਮ ਬੰਦਿਆਂ ਨਾਲ ਮਿਲਾਇਆ ਜਾਵੇਗਾ। ਸੋਢੀ ਨੇ ਲੰਚ ਦੀ ਆਫਰ ਪ੍ਰਵਾਨ ਕਰ ਲਈ ਅਤੇ ਸਿੱਧੂ ਨੇ ਨਿਊ ਯਾਰਕ ਵਿਚ ਭਾਰਤੀ ਮਿਸ਼ਨ ਦੇ ਨਜ਼ਦੀਕ ਇੱਕ ਚਾਈਨੀਜ਼ ਰੈਸਟੋਰੈਂਟ ਵਿਚ ਪੰਜ ਬੰਦਿਆਂ ਲਈ ਟੇਬਲ ਬੁੱਕ ਕਰਵਾ ਲਿਆ।

ਸਿੱਧੂ ਨੇ ਆਈ. ਬੀ. ਦੇ ਅਫਸਰ ਸੁਭਾਸ਼ ਟੰਡਨ ਨਾਲ ਫੋਨ ਉਤੇ ਸੰਪਰਕ ਕਰ ਕੇ ਉਸ ਨੂੰ ਅਜਿਹੇ ਬੰਦੇ ਨਾਲ ਮੁਲਾਕਾਤ ਕਰਵਾਉਣ ਦੀ ਆਫਰ ਕੀਤੀ ਜੋ ਇੰਦਰਾ ਗਾਂਧੀ ਦੀ ਜ਼ਿੰਦਗੀ ਨੂੰ ਖਤਰੇ ਬਾਰੇ ਜਾਣਕਾਰੀ ਰੱਖਦਾ ਸੀ। ਟੰਡਨ ਲੰਚ ਲਈ ਵਿਹਲਾ ਨਹੀਂ ਸੀ ਅਤੇ ਉਸ ਨੇ ਆਈ. ਬੀ. ਦੇ ਦੋ ਅਫਸਰ ਤਰਵੇਦੀ ਅਤੇ ਸਹਿਗਲ ਨੂੰ ਲੰਚ ਲਈ ਰੈਸਟੋਰੈਂਟ ਭੇਜ ਦਿੱਤਾ। ਰੈਸਟੋਰੈਂਟ ਜਾਂਦਿਆਂ ਸਿੱਧੂ ਨੇ ਸੋਢੀ ਨੂੰ ਦੱਸਿਆ ਕਿ ਉਸ ਦੀ ਦੋ ਸੀਨੀਅਰ ਆਈ. ਬੀ. ਅਫਸਰਾਂ ਨਾਲ ਮੁਲਾਕਾਤ ਕਰਵਾਈ ਜਾਵੇਗੀ ਜੋ ਇੰਦਰਾ ਗਾਂਧੀ ਦੀ ਸਕਿਓਰਿਟੀ ਦਾ ਹਿੱਸਾ ਹਨ ਅਤੇ ਉਹ ਰਿਚਮੰਡ ਹਿੱਲ ਗੁਰਦੁਆਰੇ ਵੀ ਡਿਊਟੀ ਉਤੇ ਸਨ। ਜ਼ਾਹਰ ਹੈ ਕਿ ਸੋਢੀ ਤੇ ਸਿੱਧੂ ਰੈਸਟੋਰੈਂਟ ਨੂੰ ਇਕੱਠੇ ਗਏ ਸਨ ਅਤੇ ਇਸ ਦੌਰਾਨ ਦੋਵਾਂ ਵਿਚਕਾਰ ਹੋਰ ਬਹੁਤ ਵਿਚਾਰਿਆ ਗਿਆ ਹੋਵੇਗਾ। ਰੈਸਟੋਰੈਂਟ ਵਿਚ ਜਦ ਸਿੱਧੂ ਨੇ ਤਰਵੇਦੀ ਅਤੇ ਸਹਿਗਲ ਨਾਲ ਸੋਢੀ ਦੀ ਮੁਲਾਕਾਤ ਕਰਵਾਈ ਤਾਂ ਉਹ ਸੋਢੀ ਦੇ ਨਾਮ ਅਤੇ ਉਸ ਦੇ ਖਾਲਿਸਤਾਨੀ ਰੁਤਬੇ ਬਾਰੇ ਜਾਣਦੇ ਸਨ। ਸਿੱਧੂ ਮੁਤਾਬਿਕ ਸ਼ਕਲ ਸੂਰਤ ਤੋਂ ਸੋਢੀ ਖਾਲਿਸਤਾਨ ਪੱਖੀ ਨਹੀਂ ਸੀ ਜਾਪਦਾ। ਆਈ. ਬੀ. ਦੇ ਅਫਸਰ ਤਰਵੇਦੀ ਵੱਲ ਇਸ਼ਾਰਾ ਕਰਦਿਆਂ ਸਿੱਧੂ ਨੇ ਸੋਢੀ ਨੂੰ ਕਿਹਾ ਕਿ ਇਹ ਬੰਦਾ ਅੱਜ ਸਵੇਰੇ ਰਿਚਮੰਡ ਹਿੱਲ ਗੁਰਦੁਆਰੇ ਵਾਪਰੀ ਘਟਨਾ 'ਤੇ ਯਕੀਨ ਨਹੀਂ ਕਰਦਾ। ਸਿੱਧੂ ਨੇ ਸੋਢੀ ਨੂੰ ਉਹ ਜਾਣਕਾਰੀ ਸਾਂਝੀ ਕਰਨ ਲਈ ਆਖਿਆ ਜੋ ਉਸ ਨੇ ਰਿਚਮੰਡ ਹਿੱਲ ਗੁਰਦੁਆਰੇ ਸਿੱਧੂ ਨਾਲ ਕੀਤੀ ਸੀ। ਸਭ ਨੇ ਸੋਢੀ ਦੀ ਗੱਲ ਬਹੁਤ ਧਿਆਨ ਨਾਲ ਸੁਣੀ ਅਤੇ ਕਿਸੇ ਨੇ ਵੀ ਕੋਈ ਸਵਾਲ ਨਹੀਂ ਕੀਤਾ।

ਲੰਚ ਪਿੱਛੋਂ ਸਿੱਧੂ ਨੇ ਕੈਬ ਰਾਹੀਂ ਸੋਢੀ ਨੂੰ ਨਿਊ ਯਾਰਕ ਦੇ ਲਾਗਰਡੀਆ ਏਅਰਪੋਰਟ ਛੱਡ ਦਿੱਤਾ ਤਾਂ ਕਿ ਉਹ ਟੋਰਾਂਟੋ ਦੀ ਫਲਾਈਟ ਫੜ ਸਕੇ। ਏਅਰਪੋਰਟ ਜਾਂਦਿਆਂ ਰਸਤੇ ਵਿਚ ਜਦ ਸਿੱਧੂ ਨੇ ਸੋਢੀ ਤੋਂ ਪੁੱਛਿਆ ਕਿ ਵਪਾਰ ਕਿਵੇਂ ਚੱਲ ਰਿਹਾ ਹੈ ਤਾਂ ਸੋਢੀ ਨੇ ਕਿਹਾ ਕਿ ਇੰਦਰਾ ਗਾਂਧੀ ਦਾ ਧੰਨਵਾਦ ਹੈ ਜਿਸ ਨੇ ਪੰਜਾਬ ਸਮੱਸਿਆ ਨੂੰ ਇੰਨਾ ਉਲਝਾ ਲਿਆ ਹੈ ਕਿ ਹੁਣ ਵਿਦੇਸ਼ੀ ਸਿੱਖ ਸੋਢੀ ਦੇ ਸੰਗਠਨ (ਕੌਂਸਲ ਆਫ ਖਾਲਿਸਤਾਨ) ਵਲੋਂ ਕੀਤੇ ਜਾਂਦੇ ਪ੍ਰਚਾਰ ਉਤੇ ਵਿਸ਼ਵਾਸ ਕਰਨ ਲੱਗ ਪਏ ਹਨ। ਸੋਢੀ ਦੇ ਕਥਨ ਵਿਚ ਸ਼ਰਾਰਤ ਸੀ ਅਤੇ ਸੋਢੀ ਨੇ ਉਸ ਵਲੋਂ ਗਾਂਧੀ ਨੂੰ ਖਾਸ ਧੰਨਵਾਦ ਭੇਜਣ ਲਈ ਆਖਿਆ।

ਕਿਤਾਬ 'ਦਿ ਖਾਲਿਸਤਾਨ ਕਾਂਸਪਰੇਸੀ' ਦੇ ਸਫਾ 120 'ਤੇ ਸਿੱਧੂ ਲਿਖਦੇ ਹਨ ਕਿ ਸਤੰਬਰ 1983 ਦੇ ਅੱਧ ਵਿਚ ਮੌਕੇ ਦੇ 'ਰਾਅ' ਮੁਖੀ ਗਰੀਸ਼ (ਗੈਰੀ) ਸਕਸੈਨਾ ਨੇ ਉਸ ਨੂੰ ਫੋਨ ਕਰ ਕੇ ਦੱਸਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ 26 ਸਤੰਬਰ 1983 ਤੋਂ 2 ਅਕਤੂਬਰ ਤੱਕ ਨਿਊ ਯਾਰਕ ਜਾ ਰਹੇ ਹਨ ਜਿੱਥੇ ਗਾਂਧੀ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਨਾ ਹੈ। ਸਕਸੈਨਾ ਨੇ ਕਿਹਾ ਕਿ ਕੈਨੇਡਾ ਤੇ ਅਮਰੀਕਾ ਵਿਚ ਹਾਲਤ ਖਰਾਬ ਹੋ ਗਈ ਹੈ ਅਤੇ ਅਤਿਵਾਦੀਆਂ ਤੋਂ ਗਾਂਧੀ ਦੀ ਜ਼ਿੰਦਗੀ ਨੂੰ ਖਤਰਾ ਵਧ ਗਿਆ ਹੈ। ਸਕਸੈਨਾ ਨੇ ਕਿਹਾ ਕਿ ਗਾਂਧੀ ਦੀ ਸੁਰੱਖਿਆ ਜ਼ਰੂਰੀ ਹੈ ਅਤੇ ਹੋ ਸਕੇ ਤਾਂ ਸੰਭਵ ਬਣਾਇਆ ਜਾਵੇ ਕਿ ਗਾਂਧੀ ਖਿਲਾਫ ਯੂ. ਐਨ. ਸਾਹਮਣੇ ਕੋਈ ਰੋਸ ਪ੍ਰਦਰਸ਼ਨ ਨਾ ਹੋਵੇ; ਅਗਰ ਹੋਵੇ ਤਾਂ ਬਹੁਤ 'ਲੋ-ਕੀ' (ਹਲਕਾ) ਹੋਵੇ। ਸਿੱਧੂ ਨੇ ਗੈਰੀ ਸਕਸੈਨਾ ਨੂੰ ਕਿਹਾ ਕਿ ਇਸ ਬਾਰੇ ਉਹ ਕੋਈ ਗਰੰਟੀ ਨਹੀਂ ਦੇ ਸਕਦਾ ਅਤੇ ਵਿਭਾਗ ਵਿਚ ਸਿੱਧੂ ਦੀ ਮੌਜੂਦਾ ਜ਼ਿੰਮੇਵਾਰੀ ਵੀ ਵੱਖਰੀ ਹੈ ਪਰ ਸਕੈਸਨਾ ਨਾਲ ਚੰਗੇ ਸਬੰਧਾਂ ਕਾਰਨ ਸਿੱਧੂ ਨੇ ਅਮਰੀਕਾ ਜਾਣਾ ਪ੍ਰਵਾਨ ਕਰ ਲਿਆ ਅਤੇ ਪਿੱਛੋਂ

*(ਬਾਕੀ ਅਗਲੇ ਸਫੇ 'ਤੇ)*

# ਧਰਮ-ਨਿਰਪੱਖ ਵਿਰਾਸਤ ਨੂੰ ਕੱਟੜਵਾਦ ਦਾ ਖਤਰਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਨੀਤੀ ਉਸ ਲੀਹ ਤੋਂ ਲੱਥ ਚੁੱਕੀ ਹੈ, ਜਿਹੜੀ ਇਸ ਨੇ ਆਜ਼ਾਦੀ ਸੰਘਰਸ਼ ਦੌਰਾਨ ਕਈ ਨੁਕਸਾਂ ਦੇ ਬਾਵਜੂਦ ਲੰਮਾ ਸਮਾਂ ਫੜੀ ਰੱਖੀ ਸੀ। ਇਹ ਲੀਹ ਧਰਮ-ਨਿਰਪੱਖਤਾ ਦੀ ਸੀ। ਅੰਗਰੇਜ਼ੀ ਰਾਜ ਅੱਗੇ ਬੁਰੀ ਤਰ੍ਹਾਂ ਝੁਕੇ ਹੋਏ ਇਸ ਦੇਸ਼ ਅੰਦਰ ਆਜ਼ਾਦੀ ਲਹਿਰ ਦੌਰਾਨ ਜਿਸ ਧਰਮ-ਨਿਰਪੱਖਤਾ ਅਤੇ ਕੌਮੀ ਭਾਵਨਾ ਦੀ ਲੋੜ ਸੀ, ਉਸ ਦਾ ਪ੍ਰਗਟਾਵਾ ਸ਼ਾਇਰ ਇਕਬਾਲ ਨੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਵਿਚ ਇਨ੍ਹਾਂ ਸ਼ਬਦਾਂ ਨਾਲ ਕੀਤਾ ਸੀ: 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ।' ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਉਹ ਵੀ ਫਿਰਕੇਦਾਰੀ ਦੀ ਪਾਣ ਚੜ੍ਹਨ ਪਿੱਛੋਂ ਵੱਖਰੇ ਇਸਲਾਮੀ ਦੇਸ਼ ਦੀ ਮੰਗ ਕਰਨ ਲੱਗ ਪਿਆ ਤੇ ਉਸ ਵਕਤ ਉਸ ਨੇ 'ਚੀਨ-ਓ-ਅਰਬ ਹਮਾਰਾ, ਹਿੰਦੁਸਤਾਂ ਹਮਾਰਾ, ਮੁਸਲਿਮ ਹੈਂ ਹਮ ਵਤਨ ਹੈ ਸਾਰਾ ਜਹਾਂ ਹਮਾਰਾ' ਲਿਖ ਦਿੱਤਾ ਸੀ, ਪਰ ਭਾਰਤ ਦੀ ਆਜ਼ਾਦੀ ਲਹਿਰ ਦੀ ਕੇਂਦਰੀ ਲੀਹ ਧਰਮ-ਨਿਰਪੱਖਤਾ ਰਹੀ ਸੀ। ਦੇਸ਼ ਆਜ਼ਾਦ ਹੋਣ ਪਿੱਛੋਂ ਵੀ ਇਸ ਦੀ ਵਾਗ ਉਨ੍ਹਾਂ ਲੋਕਾਂ ਹੱਥ ਆਈ ਸੀ, ਜਿਹੜੇ ਧਰਮ-ਨਿਰਪੱਖ ਸਨ। ਜਵਾਹਰ ਲਾਲ ਨਹਿਰੂ ਦੇ ਨਾਲ ਬੇਸ਼ੱਕ 'ਪੰਡਿਤ' ਲਿਖਿਆ-ਬੋਲਿਆ ਜਾਂਦਾ ਸੀ, ਪਰ ਉਹ ਗਿਆਨ ਦਾ ਪੰਡਿਤ ਸੀ, ਧਰਮ ਦੇ ਪੱਖੋਂ ਓਹੋ ਜਿਹਾ ਪੰਡਿਤ ਕਦੇ ਨਹੀਂ ਬਣਿਆ, ਜਿਹੜਾ ਸਿਰਫ ਆਪਣੇ ਧਰਮ ਨੂੰ ਉੱਚਾ ਅਤੇ ਹੋਰਨਾਂ ਨੂੰ ਨੀਂਵਾਂ ਮੰਨਦਾ ਹੋਵੇ। ਉਸ ਨਾਲ ਜੁੜੇ ਹੋਰ ਵੱਡੇ ਆਗੂਆਂ ਵਿਚ ਮੌਲਾਨਾ ਅਬੁਲ ਕਲਾਮ ਆਜ਼ਾਦ ਵੀ ਸ਼ਾਮਲ ਸੀ, ਜਿਸ ਦੇ ਨਾਂ ਨਾਲ 'ਮੌਲਾਨਾ' ਜੁੜਿਆ ਹੋਣ ਦੇ ਬਾਵਜੂਦ ਆਪਣੇ ਧਰਮ ਦੇ ਹੋਰ ਮੌਲਾਣਿਆਂ ਵਾਂਗ ਧਰਮ ਦੇ ਨਾਂ ਉੱਤੇ ਵੱਖਰੇ ਦੇਸ਼ ਦੀ ਧਾਰਨਾ ਨਾਲ ਜੁੜਨ ਦੀ ਥਾਂ ਇਸ ਸੋਚ ਦੇ ਵਿਰੋਧ ਵਿਚ ਆਖਰ ਤੱਕ ਡਟਿਆ ਰਿਹਾ ਸੀ। ਉਸ ਨੇ ਕਿਹਾ ਸੀ ਕਿ ਇਸ ਦੇਸ਼ ਦੇ ਸੱਭਿਆਚਾਰ ਦੀ ਗੰਗਾ-ਜਮਨੀ ਤਹਿਜ਼ੀਬ ਏਥੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝ ਦੇ ਕਾਰਨ ਹੈ, ਅਸੀਂ ਇਸ ਨੂੰ ਛੱਡਣ ਬਾਰੇ ਸੋਚ ਵੀ ਨਹੀਂ ਸਕਦੇ। ਇਹ ਆਜ਼ਾਦੀ ਲਹਿਰ ਦੀ ਵਿਰਾਸਤ ਦਾ ਨਤੀਜਾ ਸੀ ਕਿ ਆਜ਼ਾਦ ਦੇਸ਼ ਦੇ ਮੁਢਲੇ ਆਗੂ ਧਰਮ-ਨਿਰਪੱਖ ਹੋਣ ਦੀ ਇਸ ਉੱਚ ਪੱਧਰੀ ਸੋਚ ਤੱਕ ਪਹੁੰਚੇ ਹੋਏ ਸਨ ਅਤੇ ਜ਼ਰਾ ਜਿੰਨੀ ਡਾਵਾਂਡੋਲਤਾ ਨਹੀਂ ਸੀ ਵਿਖਾਉਂਦੇ। ਅਫਸੋਸ! ਜਿਸ ਪਾਰਟੀ ਦੇ ਮੁਢਲੇ ਆਗੂ ਏਨੀ ਉੱਚੀ ਸੋਚ ਵਾਲੇ ਸਨ, ਉਸ ਦੀ ਅਗਲੀ ਪੀੜ੍ਹੀ ਨੇ ਭਾਰਤ ਨੂੰ ਕੁਰਾਹੇ ਪਾ ਛੱਡਿਆ।

ਅੱਜ ਦੇ ਭਾਰਤ ਦੀ ਲੀਡਰਸ਼ਿਪ ਇਹ ਸੋਚਣ ਉੱਤੇ ਮਗਜ਼-ਪੱਚੀ ਕਰਨਾ ਫਜ਼ੂਲ ਸਮਝਣ ਲੱਗੀ ਹੈ ਕਿ ਇਸ ਦੇਸ਼ ਵਿਚ ਸਾਰੇ ਲੋਕ ਬਰਾਬਰ ਹੋਣੇ ਚਾਹੀਦੇ ਹਨ। ਇੱਕ ਧਰਮ ਦੇ ਬੋਲ-ਬਾਲੇ ਵਾਲਾ ਰਾਜ ਕਿਹੋ ਜਿਹਾ ਹੋ ਸਕਦਾ ਹੈ, ਏਦਾਂ ਦੇ ਸਵਾਲ



ਪੁੱਛਣਾ ਅੱਜ ਬੇਲੋੜਾ ਹੁੰਦਾ ਜਾਂਦਾ ਹੈ। ਰਾਜ-ਦਰਬਾਰ ਅਤੇ ਪ੍ਰਸ਼ਾਸਨ ਹੀ ਨਹੀਂ, ਅਦਾਲਤੀ ਫੈਸਲਿਆਂ ਤੱਕ ਇਹੀ ਝਲਕ ਦਿਖਾਈ ਦਿੰਦੀ ਹੈ। ਅਸੀਂ ਅਮਰੀਕਾ ਵਰਗੇ ਦੇਸ਼ਾਂ ਬਾਰੇ ਇਹ ਪੜ੍ਹ ਕੇ ਹੈਰਾਨ ਹੁੰਦੇ ਰਹੇ ਸਾਂ ਕਿ ਉਥੇ ਇੱਕੋ ਕਸੂਰ ਬਦਲੇ ਗੋਰੇ ਨੂੰ ਘੱਟ ਸਜ਼ਾ ਅਤੇ ਗੈਰ-ਗੋਰੇ ਨੂੰ ਵੱਧ ਸਜ਼ਾ ਦਿੱਤੀ ਜਾਣ ਦੀਆਂ ਰਿਪੋਰਟ ਹਨ ਤੇ ਪੁਲਿਸ ਪੜਤਾਲ ਵਿਚ ਵੀ ਇਹੋ ਕੁਝ ਹੋਈ ਜਾਂਦਾ ਹੈ। ਅੱਜ ਭਾਰਤ ਵਿਚ ਵੀ ਇਹੋ ਕੁਝ ਹੁੰਦਾ ਦਿੱਸ ਰਿਹਾ ਹੈ। ਪੁਲਿਸ ਜਾਂਚ ਤੋਂ ਅਦਾਲਤੀ ਫੈਸਲਿਆਂ ਤੱਕ ਕੇਂਦਰ ਦੇ ਹਾਕਮਾਂ ਦੀ ਧਰਮ-ਧਾਰਨਾ ਵਾਲੇ ਲੋਕਾਂ ਅਤੇ ਇਸ ਧਾਰਨਾ ਦਾ ਵਿਰੋਧ ਕਰਨ ਵਾਲੇ ਲੋਕਾਂ ਲਈ ਵਖਰੇਵਾਂ ਸਾਫ ਨਜ਼ਰ ਆਉਣ ਲੱਗ ਪਿਆ ਹੈ। ਰਾਜਨੀਤੀ ਦਾ ਇਹ ਰੰਗ ਭਾਰਤੀ ਸਮਾਜ ਉੱਤੇ ਜਿਸ ਹੱਦ ਤੱਕ ਚੜ੍ਹ ਚੁਕਾ ਹੈ ਅਤੇ ਦਿਨੋ-ਦਿਨ ਹੋਰ ਗਹਿਰਾ ਹੁੰਦਾ ਜਾਂਦਾ ਹੈ, ਇਸ ਦੇ ਲਈ ਪਹਿਲਾ ਦੋਸ਼ ਉਨ੍ਹਾਂ ਲੋਕਾਂ ਸਿਰ ਹੀ ਜਾਂਦਾ ਹੈ, ਜਿਹੜੇ ਕਿਸੇ ਵੇਲੇ ਇਸ ਦੇਸ਼ ਦੀ ਧਰਮ-ਨਿਰਪੱਖਤਾ ਦੀ ਮਿਸਾਲ ਬਣਨ ਵਾਲੇ ਪ੍ਰਮੁੱਖ ਆਗੂਆਂ ਦੇ ਸਿਆਸੀ ਵਾਰਸ ਹਨ।

ਅਸੀਂ ਪਹਿਲਾਂ ਕਹਿ ਆਏ ਹਾਂ ਕਿ ਜਵਾਹਰ ਲਾਲ ਨਹਿਰੂ ਦੇ ਨਾਂ ਨਾਲ 'ਪੰਡਿਤ' ਲੱਗਣ ਦੇ ਬਾਵਜੂਦ ਉਹ ਸਦਾ ਧਰਮ-ਨਿਰਪੱਖ ਰਿਹਾ ਤੇ ਧਰਮ ਨੂੰ ਰਾਜਨੀਤੀ ਤੋਂ ਏਨਾ ਦੂਰ ਰੱਖਦਾ ਸੀ ਕਿ ਕਦੇ ਕਿਸੇ ਧਰਮ ਅਸਥਾਨ ਨਹੀਂ ਜਾਂਦਾ ਸੀ। ਕਹਿੰਦੇ ਹਨ ਕਿ ਪੁਰਖਿਆਂ ਦੀ ਸੋਚ ਦੀ ਜੜ੍ਹ ਕਈ ਪੀੜ੍ਹੀਆਂ ਤੱਕ ਜਾਂਦੀ ਹੈ, ਪਰ ਜਵਾਹਰ ਲਾਲ ਨਹਿਰੂ ਦੇ ਜੀਨ ਦੀ ਜੜ੍ਹ ਪਹਿਲੀ ਪੀੜ੍ਹੀ ਇੰਦਰਾ ਗਾਂਧੀ ਨਾਲ ਵੀ ਨਹੀਂ ਨਿਭੀ। ਆਪਣੇ ਬਾਪ ਤੋਂ ਉਲਟ ਉਹ ਸਿਰਫ ਕੁਰਸੀ ਕਾਇਮ ਰੱਖਣ ਵਾਸਤੇ ਕਿਸੇ ਵੀ ਧਰਮ ਅਸਥਾਨ ਵਿਚ ਮੱਥਾ ਟੇਕਣ ਤੁਰੀ ਰਹਿੰਦੀ ਸੀ ਅਤੇ ਨਾਲ ਦੀ ਨਾਲ ਧਰਮਾਂ ਦੇ ਭੇੜ ਕਰਾਉਣ ਦੇ ਗਲਤ ਰਾਹੇ ਪੈ ਗਈ ਸੀ। ਪੰਜਾਬ ਦੀ ਜਿਹੜੀ ਸਮੱਸਿਆ ਪੰਝੀ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਮੌਤਾਂ ਦਾ ਕਾਰਨ ਬਣੀ, ਉਹ ਵੀ ਇੰਦਰਾ ਗਾਂਧੀ ਅਤੇ ਉਸ ਦੇ ਦੁਆਲੇ ਜੁੜੀ ਜੁੰਡੀ ਦੀਆਂ ਰਾਜਨੀਤਕ ਤਿਕੜਮਾਂ ਦਾ ਨਤੀਜਾ ਸੀ ਤੇ ਫਿਰ ਜਦੋਂ ਉਹ ਖੁਦ ਜ਼ਿੰਦਾ ਨਾ ਰਹੀ ਤਾਂ ਬਹੁ-ਗਿਣਤੀ ਧਰਮ ਦੇ ਲੋਕਾਂ ਨੂੰ ਕੱਟੜਪੁਣੇ ਦੀ ਚੋਭ ਲਾਉਣ ਦਾ ਕੰਮ ਉਸ ਦੇ ਪੁਤਰ ਰਾਜੀਵ ਗਾਂਧੀ ਨੇ ਵੀ ਇਸ ਇਰਾਦੇ ਨਾਲ ਕੀਤਾ ਸੀ ਕਿ ਇਸ ਤਰ੍ਹਾਂ ਰਾਜ-ਗੱਦੀ ਦੀ ਹੰਢਣਸਾਰਤਾ ਵਧ ਜਾਵੇਗੀ। ਨਤੀਜਾ ਇਸ ਦਾ ਇਹ ਹੋਇਆ ਕਿ ਉਸ ਧਰਮ ਵਿਚ ਉਨ੍ਹਾਂ ਤੋਂ ਵੱਧ ਤਿੱਖੀਆਂ ਸੁਰਾਂ ਕੱਢਣ ਵਾਲਿਆਂ ਨੂੰ ਮੌਕਾ ਨਸੀਬ ਹੋ ਗਿਆ ਤੇ ਭਾਰਤ ਵਿਚ ਧਰਮ-ਨਿਰਪੱਖਤਾ ਦੇ ਜੜ੍ਹੀਂ ਤੇਲ ਦਿੱਤਾ ਹੋਣ ਕਰ ਕੇ ਉਹ ਧਿਰ ਲੰਮੀਆਂ ਰਾਜਸੀ ਪੁਲਾਂਘਾਂ ਪੁੱਟਣ ਲੱਗ ਪਈ, ਜਿਸ ਨੂੰ ਦੇਸ਼ ਦੇ ਲੋਕ ਕਈ ਵਾਰ ਰੱਦ ਕਰ ਚੁਕੇ ਸਨ। ਉਸ ਧਿਰ ਦੀ ਉਠਾਣ ਦਾ ਪੜੁੱਲ ਇਨ੍ਹਾਂ ਚੁਸਤੀਆਂ ਨੇ ਹੀ ਬੰਨ੍ਹਿਆ ਸੀ।

ਅੱਜ ਤੋਂ ਪੰਝੀ-ਸਾਲ ਪਹਿਲਾਂ ਜਦੋਂ ਇਹ ਕਿਹਾ ਜਾਂਦਾ ਸੀ ਕਿ ਗਲਤ ਧਾਰਨਾਵਾਂ ਵਿਚੋਂ ਰਾਜਸੀ ਲਾਭ ਲੈਣ ਦੇ ਰਾਹ ਪਈ ਕਾਂਗਰਸ ਲੀਡਰਸ਼ਿਪ ਆਪਣਾ ਵੀ ਨੁਕਸਾਨ ਕਰੇਗੀ ਅਤੇ ਦੇਸ਼ ਦਾ ਵੀ ਕਰਾਵੇਗੀ ਤਾਂ ਕਈ ਲੋਕਾਂ ਨੂੰ ਇਹ ਕਹਿਣਾ ਚੰਗਾ ਨਹੀਂ ਸੀ ਲੱਗਦਾ। ਉਨ੍ਹਾਂ ਨੂੰ ਇਹ ਗੱਲ ਸੁਣਨੀ ਮਨਜ਼ੂਰ ਨਹੀਂ ਸੀ ਕਿ ਜਿਹੜੇ ਕਾਂਗਰਸੀ ਅੱਜ ਇਸ ਪਾਰਟੀ ਵਿਚ ਰਹਿ ਕੇ ਇਹ ਖੇਡਾਂ ਖੇਡ ਰਹੇ ਹਨ, ਉਹ ਕੱਲ੍ਹ-ਕਲੋਤਰ ਨੂੰ ਬਹੁ-ਗਿਣਤੀ ਭਾਈਚਾਰੇ ਦੇ ਨਾਂ ਉੱਤੇ ਰਾਜਨੀਤੀ ਕਰਨ ਦੇ ਝੰਡਾਬਰਦਾਰਾਂ ਨਾਲ ਜਾ ਮਿਲਣਗੇ। ਅੱਜ ਇਹ ਸਭ ਕੁਝ ਸਾਡੇ ਸਾਹਮਣੇ ਹੈ। ਕਿਸੇ ਵੀ ਰਾਜ ਵਿਚ ਵੇਖ ਲਵੋ ਤਾਂ ਭਾਜਪਾ ਵਿਚ ਕਾਂਗਰਸੀਆਂ ਦੀ ਉਹ ਧਾੜ ਆਰਾਮ ਨਾਲ ਲੱਭ ਜਾਵੇਗੀ, ਜਿਹੜੀ ਕਾਂਗਰਸੀ ਰਾਜ ਵਿਚ ਅੰਗੂਰੀ ਚਰਦੀ ਤੇ ਧਰਮ-ਨਿਰਪੱਖਤਾ ਦੇ ਓਹਲੇ ਹੇਠ ਇੱਕ ਖਾਸ ਸੋਚ ਵਾਲੇ ਲੋਕਾਂ ਨਾਲ ਸਾਂਝਾਂ ਰੱਖੀ ਜਾਂਦੀ ਸੀ। ਗੋਆ ਵਰਗੇ ਧਰਮ-ਨਿਰਪੱਖ ਦਿੱਖ ਵਾਲੇ ਰਾਜ ਵਿਚ ਪਿਛਲੀ ਵਾਰੀ ਕਾਂਗਰਸ ਦੇ ਸਤਾਰਾਂ ਵਿਧਾਇਕ ਜਿੱਤੇ ਸਨ, ਚੌਦਾਂ ਜਣੇ ਭਾਜਪਾ ਦੇ ਨਾਲ ਚਲੇ ਗਏ ਅਤੇ ਤਿੰਨ ਮਸਾਂ ਇਸ ਪਾਰਟੀ ਵਿਚ ਟਿਕੇ ਰਹੇ ਹਨ। ਮੱਧ ਪ੍ਰਦੇਸ਼ ਵਿਚੋਂ ਬਾਈ ਵਿਧਾਇਕ ਇੱਕੋ ਛੜੱਪੇ ਵਿਚ ਆਪਣੀ ਧਰਮ-ਨਿਰਪੱਖਤਾ ਨੂੰ ਕੂੜੇਦਾਨ ਵਿਚ ਸੁੱਟ ਕੇ ਭਾਜਪਾ ਵਿਚ ਚਲੇ ਗਏ ਸਨ। ਇਹ ਸਭ ਸਹਿਜ-ਸੁਭਾਅ ਨਹੀਂ ਹੋ ਗਿਆ।

ਅਸੀਂ ਫਿਰ ਓਸੇ ਗੱਲ ਉੱਤੇ ਆਈਏ, ਜਿੱਥੋਂ ਕਹਾਣੀ ਸ਼ੁਰੂ ਕੀਤੀ ਸੀ। ਅੱਜ ਦਾ ਭਾਰਤ ਪਹਿਲਾਂ ਵਾਲੀ ਪਟੜੀ ਤੋਂ ਲੱਥ ਚੁਕਾ ਅਤੇ ਉਸ ਲੀਹ ਉੱਤੇ ਪੈ ਚੁਕਾ ਹੈ, ਜਿੱਥੇ ਧਰਮ-ਨਿਰਪੱਖਤਾ ਨੂੰ ਚਿੜਾਇਆ ਜਾਂਦਾ ਹੈ। ਭਾਰਤੀ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਲੋਕ ਉਲਟਾ ਦੂਸਰਿਆਂ ਨੂੰ 'ਟੁਕੜੇ-ਟੁਕੜੇ ਗੈਂਗ' ਆਖ ਕੇ ਭਾਰਤੀ ਲੋਕਾਂ ਸਾਹਮਣੇ ਬਦਨਾਮ ਅਤੇ ਗਏ-ਗੁਜ਼ਰੇ ਬਣਾ ਕੇ ਪੇਸ਼ ਕਰ ਰਹੇ ਹਨ। ਜਿਹੜਾ ਕੋਈ ਇਨ੍ਹਾਂ ਦੇ ਨਾਲ ਖੜੋ ਕੇ ਇੱਕ ਖਾਸ ਧਰਮ ਦੀ ਰਾਜਨੀਤੀ ਵਾਲੀ ਮੁਹਾਰਨੀ ਪੜ੍ਹਨ ਲੱਗ ਜਾਵੇ, ਉਹ ਠੀਕ ਹੈ ਤੇ ਬਾਕੀ ਸਾਰੇ ਲੋਕ ਇਨ੍ਹਾਂ ਦੀ ਨਜ਼ਰ ਵਿਚ 'ਟੁਕੜੇ-ਟੁਕੜੇ' ਗੈਂਗ ਬਣ ਜਾਂਦੇ ਹਨ। ਜੰਮੂ-ਕਸ਼ਮੀਰ ਦੇ ਫਾਰੂਕ ਅਬਦੁੱਲਾ ਤੇ ਉਸ ਦਾ ਪੁੱਤਰ ਕਿਸੇ ਸਮੇਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਮੰਤਰੀ ਬਣਾਏ ਗਏ ਸਨ, ਉਦੋਂ ਉਹ ਠੀਕ ਸਨ ਤੇ ਮਹਿਬੂਬਾ ਮੁਫਤੀ ਏਸੇ ਭਾਜਪਾ ਨਾਲ ਸਾਂਝੀ ਸਰਕਾਰ ਚਲਾਉਣ ਦੇ ਲਈ ਮੁੱਖ ਮੰਤਰੀ ਬਣੀ ਰਹੀ ਸੀ, ਉਦੋਂ ਉਹ ਵੀ ਠੀਕ ਸੀ, ਅੱਜ ਦੋਵੇਂ 'ਟੁਕੜੇ-ਟੁਕੜੇ ਗੈਂਗ' ਦੇ ਆਗੂ ਬਣਾ ਕੇ ਭਾਰਤ ਦੀ ਜਨਤਾ ਮੂਹਰੇ ਇਸ ਤਰ੍ਹਾਂ ਪੇਸ਼ ਕੀਤੇ ਜਾਂਦੇ ਹਨ, ਜਿਵੇਂ ਇਨ੍ਹਾਂ ਦੀ ਹੋਂਦ ਉਨ੍ਹਾਂ ਦੇ ਰਾਹ ਦਾ ਰੋੜਾ ਬਣਦੀ ਹੋਵੇ। ਧਰਮ ਨਿਰਪੱਖ ਧਿਰਾਂ ਇਸ ਦਾ ਰਾਹ ਰੋਕਣ ਜੋਗੀਆਂ ਨਹੀਂ ਰਹਿ ਗਈਆਂ। ਇਸ ਹਾਲਤ ਵਿਚ ਸਾਹਿਰ ਲੁਧਿਆਣਵੀ ਦਾ ਗੀਤ ਯਾਦ ਆਉਂਦਾ ਅਤੇ ਉਨ੍ਹਾਂ ਸਾਰੇ ਲੋਕਾਂ ਨੂੰ ਟੁੰਬ ਕੇ ਜਗਾਉਣ ਦੀ ਕੋਸ਼ਿਸ਼ ਕਰਦਾ ਹੈ, ਜਿਹੜੇ ਭਾਰਤ ਦੀ ਪ੍ਰਾਚੀਨਤਾ ਵਿਚੋਂ ਨਿਕਲੀ ਅਤੇ ਅੱਜ ਤੱਕ ਰਾਹ ਵਿਖਾਉਂਦੀ ਆਈ ਵਿਰਾਸਤ ਦੇ ਹਾਮੀ ਹਨ। ਸਾਹਿਰ ਨੇ ਲਿਖਿਆ ਸੀ,

ਜ਼ਰਾ ਮੁਲਕ ਕੇ ਰਹਿਬਰੋਂ ਕੋ ਬੁਲਾਓ,
ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਓ,
ਜਿਨਹੇਂ ਨਾਜ਼ ਹੈ ਹਿੰਦ ਪਰ, ਉਨ ਕੋ ਲਾਓ,
ਜਿਨਹੇਂ ਨਾਜ਼ ਹੈ ਹਿੰਦ ਪਰ,
ਵੋ ਕਹਾਂ ਹੈ, ਵੋ ਕਹਾਂ ਹੈਂ।

ਸੱਚੀ ਗੱਲ ਹੈ ਕਿ ਅੱਜ ਜਣਾ-ਖਣਾ ਆਗੂ ਬਣਿਆ ਪਿਆ ਹੈ, ਪਰ ਦੇਸ਼ ਦੀ ਵਿਰਾਸਤ ਦੀ ਸੰਭਾਲ ਲਈ ਹਾਲਾਤ ਦਾ ਸਾਹਮਣਾ ਕਰਨ ਵਾਲੇ ਲੋਕ, 'ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ", ਇਹੀ ਪਤਾ ਨਹੀਂ ਲੱਗ ਰਿਹਾ।

# ਹੈਰਾਨਕੁਨ ਹਨ ਕਈ ਖਾਲਿਸਤਾਨੀ ਆਗੂਆਂ ਦੇ ਭਾਰਤੀ ਏਜੰਸੀਆਂ ਨਾਲ ਗੁਪਤ ਸਬੰਧ

*(ਪਿਛਲੇ ਸਫੇ ਦੀ ਬਾਕੀ)*

ਸਾਰਾ ਪ੍ਰੋਗਰਾਮ ਵੀ ਸਾਂਝਾ ਕੀਤਾ।

ਸਿੱਧੂ 21 ਸਤੰਬਰ 1983 ਨੂੰ ਓਟਵਾ ਪੁੱਜਾ ਗਿਆ ਅਤੇ ਮੌਕੇ ਦੇ ਭਾਰਤੀ ਹਾਈ ਕਮਿਸ਼ਨਰ ਅਤੇ ਤਾਇਨਾਤ 'ਰਾਅ' ਅਫਸਰ ਨੂੰ ਮਿਲਿਆ ਤੇ ਹਾਲਾਤ ਬਾਰੇ ਵਿਚਾਰ-ਵਟਾਂਦਰਾ ਕੀਤਾ। ਦੋਵੇਂ ਸਮਝਦੇ ਸਨ ਕਿ ਖਾਲਿਸਤਾਨੀ ਗਤੀਵਿਧੀਆਂ ਵਧ ਗਈਆਂ ਹਨ ਪਰ ਉਹਨਾਂ ਨੂੰ ਗਾਂਧੀ ਦੀ ਜਾਨ ਨੂੰ ਕਿਸੇ ਖਤਰੇ ਦੀ ਜਾਣਕਾਰੀ ਨਹੀਂ ਸੀ ਅਤੇ ਸਮਝਦੇ ਸਨ ਕਿ ਕੈਨੇਡਾ ਤੇ ਅਮਰੀਕਾ ਦੇ ਵੱਖਵਾਦੀ ਸਿੱਖ ਨਿਊ ਯਾਰਕ ਵਿਚ ਰੋਸ ਪ੍ਰਦਰਸ਼ਨ ਕਰਨਗੇ। ਸਿੱਧੂ ਨੇ ਕੈਨੇਡਾ ਅਤੇ ਅਮਰੀਕਾ ਵਿਚ ਕਈ ਜਾਣਕਾਰਾਂ ਨਾਲ ਫੋਨ ਉਤੇ ਸੰਪਰਕ ਕਰ ਕੇ ਖਾਲਿਸਤਾਨੀ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ। ਸਿੱਧੂ ਨੇ ਟੋਰਾਂਟੋ ਵਿਚ ਕੁਲਦੀਪ ਸਿੰਘ ਸੋਢੀ ਅਤੇ ਕੁਝ ਹੋਰ ਜਾਣਕਾਰਾਂ ਨੂੰ ਮਿਲਣਾ ਵੀ ਜ਼ਰੂਰੀ ਸਮਝਿਆ ਅਤੇ 24 ਸਤੰਬਰ ਨੂੰ ਓਟਵਾ ਤੋਂ ਟੋਰਾਂਟੋ ਆ ਗਿਆ। ਟੋਰਾਂਟੋ ਪੁੱਜ ਕੇ ਜਦ ਸਿੱਧੂ ਨੇ ਸੋਢੀ ਨੂੰ ਇੱਕ ਰੈਸਟੋਰੈਂਟ ਵਿਚ ਮਿਲਣ ਲਈ ਫੋਨ ਕੀਤਾ ਤਾਂ ਸੋਢੀ ਨਿੱਜੀ ਤੌਰ 'ਤੇ ਮਿਲਣ ਤੋਂ ਇਹ ਆਖ ਕੇ ਇਨਕਾਰ ਕਰ ਗਿਆ ਕਿ ਉਸ ਦੀ ਸਿਹਤ ਠੀਕ ਨਹੀਂ ਹੈ। ਸਿੱਧੂ ਨੂੰ ਵਿਸ਼ਵਾਸ ਹੋ ਗਿਆ ਕਿ ਸੋਢੀ ਨੂੰ ਲੰਡਨ ਵਿਚ ਬੈਠੇ ਉਸ ਦੇ ਬੌਸ ਤੋਂ ਗਰੀਨ ਲਾਈਟ ਨਹੀਂ ਮਿਲੀ ਜਿਸ ਦਾ ਕਾਰਨ 1982 ਵਿਚ ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਵਿਚ ਸੋਢੀ ਵਲੋਂ ਉਸ ਨਾਲ ਕੀਤੀ ਮੁਲਾਕਾਤ ਹੋ ਸਕਦੀ ਹੈ। ਹੋ ਸਕਦਾ ਹੈ ਕਿ ਸੋਢੀ ਓਟਵਾ ਵਿਚ ਮੌਜੂਦਾ 'ਰਾਅ' ਅਫਸਰ ਦੇ ਸੰਪਰਕ ਵਿਚ ਹੋਵੇ ਜਿਸ ਨੇ ਸੋਢੀ ਨੂੰ ਸਿੱਧੂ ਨਾਲ ਮਿਲਣ ਦੀ ਆਗਿਆ ਨਾ ਦਿੱਤੀ ਹੋਵੇ ਜੋ ਅਕਸਰ ਅਜਿਹੇ ਕੇਸਾਂ ਵਿਚ ਹੁੰਦਾ ਹੈ।

ਚੰਗੀ ਗੱਲ ਇਹ ਸੀ ਕਿ ਸੋਢੀ ਫੋਨ 'ਤੇ ਸਿੱਧੂ ਨਾਲ ਹੋਰ ਗੱਲ ਕਰਨ ਲਈ ਤਿਆਰ ਸੀ। ਸੋਢੀ ਨੇ ਦੱਸਿਆ ਕਿ ਉਸ ਦੀ ਜਾਣਕਾਰੀ ਮੁਤਾਬਿਕ ਗਾਂਧੀ ਦੀ ਜ਼ਿੰਦਗੀ ਨੂੰ ਕੋਈ ਖਤਰਾ ਨਹੀਂ ਹੈ ਪਰ ਸਿੱਖ ਯੂ. ਐਨ. ਸਾਹਮਣੇ 28 ਸਤੰਬਰ ਨੂੰ ਰੋਸ ਪ੍ਰਦਰਸ਼ਨ ਜ਼ਰੂਰ ਕਰਨਗੇ ਅਤੇ ਇਸ ਲਈ ਟੋਰਾਂਟੋ ਤੋਂ 2-3 ਬੱਸਾਂ ਜਾਣਗੀਆਂ। ਸੋਢੀ ਨੇ ਦੱਸਿਆ ਕਿ ਉਹ ਅਜੇ ਇਹ ਨਹੀਂ ਜਾਣਦਾ ਕਿ ਉਹ ਇਸ ਰੋਸ ਪ੍ਰਦਰਸ਼ਨ ਲਈ ਨਿਊ ਯਾਰਕ ਜਾਵੇਗਾ ਜਾਂ ਨਹੀਂ?

ਸਿੱਧੂ 25 ਸਤੰਬਰ ਨੂੰ ਟੋਰਾਂਟੋ ਤੋਂ ਨਿਊ ਯਾਰਕ ਪੁੱਜ ਗਿਆ ਅਤੇ ਹੋਟਲ ਵਿਚ ਕਮਰਾ ਬੁੱਕ ਕਰਵਾ ਲਿਆ। ਸਿੱਧੂ ਨੇ ਅਮਰੀਕਾ ਵਿਚ ਕਈ ਜਾਣਕਾਰਾਂ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਅਤੇ 27 ਸਤੰਬਰ ਨੂੰ ਨਿਊ ਯਾਰਕ ਸਥਿਤ ਭਾਰਤੀ ਕੌਂਸਲਖਾਨੇ ਵੀ ਗਿਆ। ਇੰਦਰਾ ਗਾਂਧੀ ਦੀ ਫੇਰੀ ਮੌਕੇ ਉਹ ਉਸ ਦੇ ਹੋਟਲ ਦੀ ਲਾਬੀ ਦੇ ਆਸਪਾਸ ਨਿਗਾਹ ਰੱਖਦਾ ਰਿਹਾ ਅਤੇ 28 ਸਤੰਬਰ ਨੂੰ ਯੂ. ਐਨ. ਪਹੁੰਚ ਗਿਆ ਜਿਥੇ ਗਾਂਧੀ ਨੇ ਭਾਸ਼ਣ ਦੇਣਾ ਸੀ। ਅੰਦਰ ਦੀ ਹਾਲਤ ਵੇਖਣ ਪਿੱਛੋਂ ਉਹ ਬਾਹਰ ਆ ਗਿਆ ਜਿਥੇ ਗਾਂਧੀ ਖਿਲਾਫ਼ ਰੋਸ ਪ੍ਰਦਰਸ਼ਨ ਹੋਣਾ ਸੀ। ਸਿੱਧੂ ਨੇ ਯੂ. ਐਨ. ਬਿਲਡਿੰਗ ਦੇ ਬਾਹਰ ਸੜਕ 'ਤੇ ਸਿੱਖਾਂ ਨਾਲ ਭਰੀਆਂ ਦੋ ਬੱਸਾਂ ਪਾਰਕ ਕੀਤੀਆਂ ਵੇਖੀਆਂ ਜਿਹਨਾਂ ਉਤੇ ਕੈਨੇਡਾ ਦੀ ਨੰਬਰ ਪਲੇਟਾਂ ਸਨ। ਗਾਂਧੀ ਦੇ ਯੂ. ਐਨ. ਪੁੱਜਣ ਵਿਚ ਅਜੇ ਕੁਝ ਸਮਾਂ ਬਾਕੀ ਸੀ ਅਤੇ ਸਿੱਧੂ ਇਹਨਾਂ ਬੱਸਾਂ ਰਾਹੀਂ ਆਏ ਸਿੱਖਾਂ ਨੂੰ ਮਿਲਣ ਚਲੇ ਗਏ। ਇਹਨਾਂ ਵਿਚ ਕੁਲਦੀਪ ਸਿੰਘ ਸੋਢੀ ਨਹੀਂ ਸੀ ਜਿਸ ਨੇ ਟੋਰਾਂਟੋ ਵਿਚ ਫੋਨ ਗੱਲਬਾਤ ਦੌਰਾਨ ਇਸ ਰੋਸ ਪ੍ਰਦਰਸ਼ਨ ਲਈ ਟੋਰਾਂਟੋ ਤੋਂ 2-3 ਬੱਸਾਂ ਜਾਣ ਦੀ ਗੱਲ ਦੱਸੀ ਸੀ।

ਸਿੱਧੂ ਨੇ ਰੋਸਕਾਰੀ ਸਿੱਖਾਂ ਕੋਲ ਜਾ ਕੇ ਦੱਸਿਆ ਕਿ ਉਹ ਓਟਵਾ ਵਿਚ ਭਾਰਤੀ ਅੰਬੈਸੀ ਵਿਚ ਫਸਟ ਸੈਕਟਰੀ ਰਿਹਾ ਹੈ ਅਤੇ ਹੁਣ ਇੰਦਰਾ ਗਾਂਧੀ ਦੇ ਡੈਲੀਗੇਸ਼ਨ ਦਾ ਹਿੱਸਾ ਹੈ ਤੇ ਉਹਨਾਂ ਨੂੰ ਮਿਲਣ ਲਈ ਹੀ ਬਾਹਰ ਆਇਆ ਹੈ। ਸਿੱਧੂ ਨੇ ਰੋਸਕਾਰੀਆਂ ਨੂੰ ਕਿਹਾ ਕਿ ਉਹ ਨਿਊ ਯਾਰਕ ਵਿਚ ਹਨ ਜਿੱਥੇ ਸਿੱਖ ਹੋਣ ਕਾਰਨ ਉਹਨਾਂ ਦੀ ਹਰ ਹਰਕਤ ਨੋਟਿਸ ਕੀਤੀ ਜਾਵੇਗੀ ਜਿਸ ਦਾ ਪ੍ਰਭਾਵ ਸਿੱਖ ਭਾਈਚਾਰੇ ਉਤੇ ਪਵੇਗਾ। ਉਹਨਾਂ ਨੂੰ ਬੁਰੀ ਭਾਸ਼ਾ ਨਹੀਂ ਵਰਤਣੀ ਚਾਹੀਦੀ ਅਤੇ ਇੱਕ ਔਰਤ ਨੂੰ ਜਨਤਕ ਤੌਰ 'ਤੇ ਜ਼ਲੀਲ ਕਰਨ ਵਾਲੇ ਸ਼ਬਦ ਨਹੀਂ ਵਰਤਣੇ ਚਾਹੀਦੇ, ਭਾਵੇਂ ਉਹ ਪ੍ਰਧਾਨ ਮੰਤਰੀ ਹੈ ਜਿਸ ਖਿਲਾਫ ਉਹ ਰੋਸ ਪ੍ਰਦਰਸ਼ਨ ਕਰਨ ਆਏ ਹਨ।

ਕੁਝ ਅੜੀ ਪਿੱਛੋਂ ਉਹਨਾਂ ਮੰਨ ਲਿਆ ਕਿ ਉਹ ਗਾਲੀ-ਗਲੋਚ ਵਾਲੀ ਭਾਸ਼ਾ ਨਹੀਂ ਵਰਤਣਗੇ। ਇਸ ਪਿੱਛੋਂ ਉਹ ਯੂ. ਐਨ. ਬਿਲਡਿੰਗ ਦੇ ਅੰਦਰ ਚਲੇ ਗਿਆ ਜਿਥੇ ਗਾਂਧੀ ਨੇ ਭਾਸ਼ਣ ਦੇਣਾ ਸੀ। ਇਸ ਪਿੱਛੋਂ ਸਿੱਧੂ ਨੂੰ ਪਤਾ ਲੱਗਾ ਕਿ ਰੋਸਕਾਰੀਆਂ ਨੇ ਬੁਰੀ ਭਾਸ਼ਾ ਵਰਤਣ ਤੋਂ ਗੁਰੇਜ ਕਰ ਕੇ ਆਪਣਾ ਵਾਅਦਾ ਪੂਰਾ ਕਰ ਦਿੱਤਾ ਸੀ। ਭਾਰਤ ਪਰਤਣ ਸਮੇਂ ਜਹਾਜ਼ ਵਿਚ ਬੈਠਾ ਸਿੱਧੂ ਸੋਚ ਰਿਹਾ ਸੀ ਕਿ ਦੋਸਤਾਨਾ ਅੰਦਾਜ਼ ਅਤੇ ਸਾਦੀ ਭਾਸ਼ਾ ਵਿਚ ਰੋਸਕਾਰੀਆਂ ਨਾਲ ਗੱਲ ਕਰਨੀ ਕਿੰਨੀ ਅਸਰਦਾਰ ਰਹੀ ਸੀ!

ਪੰਜਾਬ ਦਾ ਸਾਬਕਾ ਮੰਤਰੀ ਡਾ. ਜਗਜੀਤ ਸਿੰਘ ਚੌਹਾਨ 1971 ਵਿਚ ਇੰਗਲੈਂਡ ਚਲੇ ਗਿਆ ਜਿਥੋਂ ਉਹ ਪਾਕਿਸਤਾਨ ਤੇ ਅਮਰੀਕਾ ਵੀ ਗਿਆ ਅਤੇ ਆਜ਼ਾਦ ਸਿੱਖ ਰਾਜ ਦਾ ਪ੍ਰਚਾਰ ਕਰਦਾ ਰਿਹਾ। 1977 ਵਿਚ ਮਨਮੋਹਨ ਡਿਸਾਈ ਦੀ ਸਰਕਾਰ ਬਣਨ ਪਿੱਛੋਂ ਉਹ ਭਾਰਤ ਪਰਤ ਗਿਆ ਪਰ 1979 ਵਿਚ ਵਾਪਸ ਲੰਡਨ ਚਲੇ ਗਿਆ। 13 ਜੂਨ 1984 ਨੂੰ ਲੰਡਨ ਵਿਚ ਖਾਲਿਸਤਾਨ ਦੀ ਜਲਾਵਤਨ ਸਰਕਾਰ ਬਣਾਉਣ ਵਾਲੇ ਜਗਜੀਤ ਸਿੰਘ ਚੌਹਾਨ ਨੂੰ ਰਾਜੀਵ ਗਾਂਧੀ ਦੀ ਸਰਕਾਰ ਨੇ 1989 ਵਿਚ ਭਾਰਤ ਆਉਣ ਦੇ ਦਿੱਤਾ ਸੀ। ਭਾਰਤ ਫੇਰੀ ਦੌਰਾਨ ਆਨੰਦਪੁਰ ਸਾਹਿਬ ਵਿਚ ਖਾਲਿਸਤਾਨ ਦਾ ਝੰਡਾ ਝੁਲਾਉਣ ਪਿੱਛੋਂ ਚੌਹਾਨ ਬਿਨਾ ਕਿਸੇ ਰੋਕ ਦੇ ਬਰਤਾਨੀਆ ਵਾਪਸ ਪਰਤ ਗਿਆ। 1971 ਤੋਂ 1989 ਤੱਕ ਉਸ ਕੋਲ ਭਾਰਤੀ ਪਾਸਪੋਰਟ ਸੀ ਜਿਸ ਨੂੰ 24 ਅਪਰੈਲ 1989 ਨੂੰ ਰੱਦ ਕੀਤਾ ਗਿਆ ਸੀ। ਸਾਲ 2001 ਵਿਚ ਉਹ ਫਿਰ ਭਾਰਤ ਪਰਤ ਗਿਆ ਅਤੇ 4 ਅਪਰੈਲ 2007 ਨੂੰ ਉਸ ਦੀ ਮੌਤ ਹੋ ਗਈ।

ਸਿੱਧੂ ਨੇ ਕਿਤਾਬ ਦੇ ਸਫਾ 155 'ਤੇ ਲਿਖਿਆ ਹੈ ਕਿ ਜਨਵਰੀ-ਫਰਵਰੀ 1984 ਵਿਚ 'ਰਾਅ' ਦੇ ਚਾਰ ਉਚ ਅਫਸਰਾਂ ਨੇ ਲੰਡਨ ਅਤੇ ਯੂਰਿਕ ਦਾ ਦੌਰਾ ਕੀਤਾ ਸੀ ਅਤੇ ਡਾ. ਚੌਹਾਨ ਸਮੇਤ ਕਈ ਖਾਲਿਸਤਾਨੀ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਸਨ। ਇਹਨਾਂ ਮੁਲਾਕਾਤਾਂ ਨੂੰ ਪਰਦੇ ਨਾਲ ਰਿਕਾਰਡ ਵੀ ਕੀਤਾ ਗਿਆ ਸੀ। ਅਜਿਹਾ ਤਦ ਹੀ ਸੰਭਵ ਹੋ ਸਕਦਾ ਸੀ ਅਗਰ ਇਹ ਆਗੂ 'ਰਾਅ' ਦੇ ਸੰਪਰਕ ਵਿਚ ਸਨ ਜਾਂ ਇਹਨਾਂ ਆਗੂਆਂ ਦੇ ਨਜ਼ਦੀਕੀ 'ਰਾਅ' ਦੇ ਸੰਪਰਕ ਵਿਚ ਸਨ। ਜੀ. ਬੀ. ਐਸ. ਸਿੱਧੂ ਨੇ ਇਸ ਕਿਸਮ ਦੇ ਕਈ ਖੁਲਾਸੇ 'ਦਿ ਖਾਲਿਸਤਾਨ ਕਾਂਸਪਰੇਸੀ' ਵਿਚ ਕੀਤੇ ਹਨ ਤੇ ਇਹ ਕਿਤਾਬ ਪੜ੍ਹਨਯੋਗ ਹੈ।

ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ

ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।

ਵਾਜਬ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ,
ਫੋਨ: 513-203-6315

43-

# ਮਾਯੂਸੀ ਦਾ ਮਹਾਤਮ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਉਦਾਸੀ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਦੱਸਿਆ ਸੀ ਕਿ ਸਾਡੀ ਖੁਸ਼ੀ ਸਾਡੇ ਤੋਂ ਬੇਮੁੱਖ ਨਾ ਹੋਵੇ। ਉਨ੍ਹਾਂ ਕਿਹਾ ਸੀ, "ਉਦਾਸ ਜਰੂਰ ਹੋਵੋ, ਪਰ ਕਦੇ ਵੀ ਨਿਰਾਸ਼ ਜਾਂ ਹਤਾਸ਼ ਨਾ ਹੋਵੋ, ਕਿਉਂਕਿ ਨਿਰਾਸ਼ਾ ਵਿਚੋਂ ਹੀ ਜ਼ਿੰਦਗੀ ਪ੍ਰਤੀ ਉਪਰਾਮਤਾ ਪੈਦਾ ਹੁੰਦੀ। ਹਤਾਸ਼ ਲੋਕ ਤਾਂ ਆਪਣੀ ਕਬਰ ਪੁੱਟਣ ਵਿਚ ਹੀ ਸਦਾ ਮਸ਼ਰੂਫ ਹੁੰਦੇ।...ਜਦ ਬੰਦਾ ਖੁਦ ਸੰਗ ਸੰਵਾਦ ਰਚਾਉਂਦਾ, ਉਦਾਸੀ ਨੂੰ ਅੰਤਰੀਵ ਵਿਚ ਵਸਾਉਂਦਾ ਅਤੇ ਇਸ ਵਿਚੋਂ ਚਾਨਣ ਕਾਤਰਾਂ ਤਲਾਸ਼ਦਾ, ਇਨ੍ਹਾਂ ਨੂੰ ਮਾਰਗ-ਦਰਸ਼ਨਾ ਬਣਾਉਂਦਾ ਤਾਂ ਉਦਾਸੀ ਇਕ ਰਹਿਮਤ ਦੀ ਨਿਆਈਂ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਛੋਟੇ ਜਿਹੇ ਕਾਵਿ ਬੰਦ ਵਿਚ ਵੱਡਾ ਸੁਨੇਹਾ ਦਿੱਤਾ ਹੈ, "ਮਨਾਂ ਮਾਯੂਸ ਨਾ ਹੋਵੀਂ, ਮਾਯੂਸੀ ਨਿਗਲ ਜਾਂਦੀ ਆ।" ਉਨ੍ਹਾਂ ਦਾ ਕਹਿਣਾ ਹੈ, "ਮਾਯੂਸੀ ਕਾਰਨ ਮੌਤ ਨੂੰ ਅਪਨਾਉਣ ਵਾਲੇ ਲੋਕ ਡਰਪੋਕ ਅਤੇ ਸੁਪਨਹੀਣ। ਉਹ ਮਨੁੱਖੀ ਜੀਵਨ ਦੀਆਂ ਕੁੜੱਤਣਾਂ, ਔਕੜਾਂ ਅਤੇ ਮੁਸ਼ਕਿਲਾਂ ਨਾਲ ਆਢਾ ਲਾਉਣ ਦੀ ਥਾਂ ਜੀਵਨ ਲੀਲਾ ਦੀ ਸਮਾਪਤੀ ਨੂੰ ਹੱਲ ਮੰਨਦੇ। ਖੁਦਕੁਸ਼ੀ ਦਰਅਸਲ ਮਾਨਸਿਕਤਾ ਵਿਚ ਅਸੁਰੱਖਿਆ ਦੀ ਭਾਵਨਾ ਹੁੰਦੀ, ਜੋ ਹੀਣ-ਭਾਵਨਾ ਬਣ ਕੇ, ਡਰਾਕਲ ਅਤੇ ਸਹਿਮੀ ਸ਼ਖਸੀਅਤ ਬਣਦੀ।" ਡਾ. ਭੰਡਾਲ ਨੇ ਨਸੀਹਤ ਕੀਤੀ ਹੈ ਕਿ ਮਾਯੂਸ ਹੋਣ ਦੀ ਥਾਂ ਕਦੇ ਪ੍ਰਾਪਤ ਨਿਆਮਤਾਂ ਪ੍ਰਤੀ ਸ਼ੁਕਰਾਨਾ ਕਰਨਾ, ਮਾਯੂਸੀ ਖੁਦ ਹੀ ਕਾਫੂਰ ਹੋ ਜਾਵੇਗੀ।...ਮਾਯੂਸੀ ਤੋਂ ਮਜਬੂਤੀ ਦੇ ਰਾਹੀ ਬਣੋ, ਜੀਵਨ-ਤੋਰ ਦੀ ਡਗਮਗਾਹਟ ਖਤਮ ਹੋ ਜਾਵੇਗੀ। -ਸੰਪਾਦਕ***

ਮਾਯੂਸੀ, ਮਨ ਦੀ ਮੌਲਤਾ ਵਿਚ ਪਿਲੱਤਣ ਦੀ ਪਰਤ, ਚਾਅਵਾਂ ਦੀ ਚਹਿਕਣੀ ਨੂੰ ਚੁੱਪ ਰਹਿਣ ਦਾ ਆਦੇਸ਼, ਚਿੰਤਾਵਾਂ ਦਾ ਚਿੱਤ ਦੇ ਚਿੱਤਰਪੱਟ 'ਤੇ ਫੈਲਣਾ ਅਤੇ ਆਪਣੇ ਆਪ ਨੂੰ ਕੋਸਣਾ ਤੇ ਕੋਹਣਾ।

ਮਾਯੂਸੀ, ਮਨ ਦੀਆਂ ਮਹੀਨ ਪਰਤਾਂ ਵਿਚ ਪਸਰ ਕੇ, ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਤ ਕਰਦੀ। ਇਸ ਨਾਲ ਸਰੀਰਕ ਤੇ ਊਰਜਿਕ ਵਿਕਾਸ ਵਿਚ ਰੁਕਾਵਟ, ਉਤਸ਼ਾਹ ਨੂੰ ਉਪਰਾਮਤਾ ਘੇਰਦੀ ਅਤੇ ਬੰਦਾ ਆਪਣੀ ਗੁੰਮਸ਼ੁਦਗੀ ਨੂੰ ਹੰਢਾਉਣ ਲਈ ਮਜਬੂਰ ਹੁੰਦਾ।

ਮਾਯੂਸੀ ਕਦੇ ਵੀ, ਕਿਸੇ ਵੀ ਹਾਲਾਤ, ਸਥਾਨ, ਸੋਚ ਅਤੇ ਸਰੋਕਾਰਾਂ ਵਿਚ ਉਤਪਨ ਹੁੰਦੀ, ਜਿਹੜੇ ਕਈ ਵਾਰ ਸਾਡੇ ਵਿੱਤੋਂ ਬਾਹਰੇ ਹੁੰਦੇ ਜਾਂ ਜਿਨ੍ਹਾਂ ਨੂੰ ਅਸੀਂ ਆਪਣੀ ਮਰਜ਼ੀ ਅਨੁਸਾਰ ਨਹੀਂ ਵਿਉਂਤ ਸਕਦੇ।

ਮਾਯੂਸੀ, ਬੱਚੇ ਦਾ ਮਾਂ ਕੋਲੋਂ ਵਿਛੜਨਾ, ਪ੍ਰੇਮੀ ਦਾ ਪ੍ਰੇਮਿਕਾ ਤੋਂ ਵਿਛੜ ਜਾਣਾ, ਮਾਪਿਆਂ ਦਾ ਔਲਾਦ ਤੋਂ ਵਿਛੋੜਾ ਜਾਂ ਬਜੁਰਗੀ ਦੀ ਮਹਰੂਮੀਅਤ ਨੂੰ ਹੰਢਾਉਣ ਦਾ ਵੀ ਨਾਮ ਹੁੰਦਾ।

ਮਾਯੂਸੀ ਕਈ ਵਾਰ ਖੁਸ਼ੀ ਦੇ ਮੌਕੇ 'ਤੇ ਅਚਨਚੇਤੀ ਦਸਤਕ ਦਿੰਦੀ, ਜਦ ਸਦਾ ਲਈ ਵਿਦਾ ਹੋ ਚੁੱਕੇ ਪਿਆਰੇ ਯਾਦ ਆਉਂਦੇ, ਜਿਨ੍ਹਾਂ ਦੀ ਮੌਜੂਦਗੀ ਵਿਚ ਖੁਸ਼ੀਆਂ ਨੇ ਦੂਣ-ਸਵਾਇਆ ਹੋਣਾ ਹੁੰਦਾ ਅਤੇ ਖੇੜਿਆਂ ਦੇ ਮੁਖੜੇ 'ਤੇ ਤਾਰਿਆਂ ਦੀ ਚਾਨਣੀ ਨੇ ਫੈਲਣਾ ਹੁੰਦਾ।

ਮਾਯੂਸੀ, ਮੁਹੱਬਤ ਦਾ ਬਹੁਤ ਹੀ ਸੂਖਮ ਰੂਪ, ਕਿਉਂਕਿ ਮਾਯੂਸ ਵੀ ਅਸੀਂ ਉਸ ਲਈ ਹੀ ਹੁੰਦੇ, ਜੋ ਸਾਨੂੰ ਸਭ ਤੋਂ ਪਿਆਰੇ ਹੁੰਦੇ। ਭਾਵੇਂ ਇਹ ਕੋਈ ਵਿਅਕਤੀ, ਵਸਤ, ਵਰਤਾਰਾ ਜਾਂ ਵਿਯੋਗ ਹੋਵੇ। ਬਿਗਾਨਿਆਂ ਲਈ ਕੌਣ ਮਾਯੂਸੀ ਦਾ ਸਾਥ ਭਾਲਦਾ?

ਮਾਯੂਸੀ ਕਦੇ ਪੇਤਲੀ, ਮਾਂਗਵੀਂ ਜਾਂ ਮਖੌਟਾ ਨਹੀਂ ਹੁੰਦੀ। ਜੇ ਇਹ ਰੂਹ ਵਿਚ ਉਤਰਦੀ ਤਾਂ ਬਹੁਤ ਸੂਖਮ ਅਤੇ ਸੁੱਚੀਆਂ ਤੰਦਾਂ ਵਿਚੋਂ ਜੀਵਨ ਦਾ ਸੁੱਚਮ ਤੇ ਉਚਮ ਜ਼ਿੰਦਗੀ ਨੂੰ ਹੋਰ ਰੁਸ਼ਨਾਉਂਦਾ।

ਕਈ ਵਾਰ ਅਸੀਂ ਕਿਸੇ ਨੂੰ ਦਿਖਾਉਣ ਲਈ ਮਾਯੂਸ ਅਤੇ ਉਦਾਸੀ ਵਿਚ ਉਤਰਦੇ, ਜਿਸ ਦੇ ਕੋਈ ਅਰਥ ਨਹੀਂ। ਮਾਯੂਸੀ ਜਦ ਮਖੌਟਾ ਹੁੰਦੀ ਤਾਂ ਇਸ ਦੀ ਅਸਲੀਅਤ ਜੱਗ-ਜਾਹਰ ਹੋਣ 'ਤੇ ਇਕ ਨਮੋਸ਼ੀ ਹੁੰਦੀ।

ਮਾਯੂਸੀ ਤਾਂ ਉਹ ਹੁੰਦੀ, ਜੋ ਤੁਸੀਂ ਖੁਦ ਮਾਣਦੇ ਹੋ। ਇਸ ਦੇ ਵਿਚ ਉਤਰਦੇ ਹੋ, ਇਸ ਦੀਆਂ ਲਹਿਰਾਂ ਸੰਗ ਤਰਦੇ ਹੋ। ਇਸ ਨਾਲ ਸੰਵਾਦ ਰਚਾਉਂਦੇ ਹੋ। ਇਸ ਦੀ ਥਾਹ ਪਾਉਂਦੇ ਤੇ ਇਸ ਨੂੰ ਹਮਸਫਰ ਬਣਾਉਂਦੇ ਹੋ। ਇਸ ਦੀ ਸਾਰਥਿਕਤਾ ਨੂੰ ਨਵੀਂਆਂ ਪੇਸ਼ਕਦਮੀਆਂ ਬਣਾਉਂਦੇ ਹੋ।

ਮਾਯੂਸੀ, ਜਦ ਕਿਸੇ ਦਰਸ਼ਕ ਨੂੰ ਕੋਈ ਦਰਦਵੰਤਾ ਸੀਨ ਦੇਖਦਿਆਂ ਘੇਰੇ। ਲਿਖਤ ਪੜ੍ਹਦਿਆਂ ਪਾਠਕ ਦੀ ਅੱਖ ਨਮ ਹੋ ਜਾਵੇ। ਲਿਖਤ ਵਿਚ ਸਿੰਮਦੇ ਅੱਥਰੂਆਂ ਦੇ ਸਨਮੁੱਖ ਹੋਵੋ। ਕਿਸੇ ਟੁੱਕ ਮੰਗਦੇ ਅਨਾਥ ਬੱਚੇ ਦੀ ਨੈਣਾਂ ਵਿਚ ਉਤਰੀ ਉਪਰਾਮਤਾ ਨੂੰ ਜਦ ਕੋਈ ਰਾਹੀ ਆਪਣੇ ਅੰਦਰ ਉਤਾਰੇ ਤਾਂ ਇਹ ਮਾਯੂਸੀ ਨੇਕ ਕਾਰਜਾਂ ਵੱਲ ਕਦਮ ਵਧਾਵੇ। ਕਿਸੇ ਦੇ ਹੰਝੂ ਵਿਚ ਹੰਝੂ ਹੰਝੂ ਹੋ ਜਾਣ ਵਾਲੀ ਮਾਯੂਸੀ ਨੂੰ ਨਤਮਸਤਕ ਹੋਣ ਨੂੰ ਜੀਅ ਕਰਦਾ, ਕਿਉਂਕਿ ਮਾਯੂਸੀ ਤੋਂ ਅੱਖਾਂ ਦੀ ਸਿੱਲ ਤੀਕ ਦਾ ਫਾਸਲਾ ਬਹੁਤ ਘੱਟ ਲੋਕ ਕਰਦੇ। ਜਿਹੜੇ ਲੋਕ ਕਰਦੇ, ਉਹ ਇਨਸਾਨੀਅਤ ਦੇ ਰਹਿਬਰ ਹੁੰਦੇ।

ਮਾਯੂਸੀ ਵਿਚ ਕਈ ਵਾਰ ਖੁਸ਼ੀ ਅਤੇ ਆਸ ਦਾ ਵਾਸਾ ਹੁੰਦਾ, ਜੋ ਮਾਯੂਸੀ ਨੂੰ ਮਾਯੂਸ ਨਹੀਂ ਹੋਣ ਦਿੰਦਾ। ਅਜਿਹੀ ਮਾਯੂਸੀ ਥੋੜ੍ਹਚਿੱਰੀ ਹੁੰਦੀ, ਜਦ ਕੋਈ ਬੱਚਾ ਉਚੇਰੀ ਵਿਦਿਆ ਪ੍ਰਾਪਤੀ ਲਈ ਘਰੋਂ ਬਾਹਰ ਪੈਰ ਧਰਦਾ। ਅਣਛੋਹੀਆਂ ਮੰਜ਼ਿਲਾਂ ਦੀ ਪ੍ਰਾਪਤੀ ਲਈ ਕੋਈ ਵਿਦੇਸ਼ ਨੂੰ ਉਡਾਣ ਭਰਦਾ ਜਾਂ ਕੋਈ ਲਾਡਾਂ ਪਾਲੀ ਧੀ ਆਪਣੇ ਬਾਪ ਦੇ ਘਰੋਂ ਵਿਦਾ ਹੋ, ਕਿਸੇ ਹੋਰ ਘਰ ਨੂੰ ਵਸਾਉਣ ਅਤੇ ਚਾਰ ਚੰਨ ਲਾਉਣ ਲਈ ਘਰ ਦੀ ਦਹਿਲੀਜ਼ ਟੱਪਦੀ। ਮਾਯੂਸੀ ਦੀ ਅਜਿਹੀ ਰੰਗਤ ਭਵਿੱਖੀ ਮਾਣਮੱਤੀ ਪ੍ਰਾਪਤੀਆਂ ਦਾ ਸੰਦੀਲਾ ਸੱਚ ਬਣਨ ਵੰਨੀਂ ਪਲੇਠਾ ਕਦਮ ਹੁੰਦੀ।

ਮਾਯੂਸੀ ਕਈ ਵਾਰ ਸਾਨੂੰ ਘੇਰਦੀ, ਜਦ ਕੁਝ ਲੋੜਾਂ ਤੇ ਥੁੜ੍ਹਾਂ ਦਾ ਸਾਹਮਣਾ ਕਰਦਿਆਂ, ਜੀਵਨ ਜਦੋਜਹਿਦ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਜੀਵਨ-ਮੁਹਾਰਾਂ ਚੜ੍ਹਦੇ ਪਾਸੇ ਮੋੜਦੇ। ਅਜਿਹੀ ਮਾਯੂਸੀ, ਮਾਣ ਦਾ ਰੁਤਬਾ ਪਾਉਂਦੀ, ਜਦ ਮੁਸ਼ਕਿਲਾਂ ਵਿਚੋਂ ਨਿੱਖਰ ਕੇ ਇਕ ਹੀਰਾ ਆਪਣੀ ਲਿਸ਼ਕ ਤੇ ਹੋਂਦ ਨਾਲ ਪਰਿਵਾਰ ਅਤੇ ਸਮਾਜ ਨੂੰ ਨਿਵੇਕਲੀ ਪਛਾਣ ਦਿੰਦਾ।

ਮਾਯੂਸੀ ਮਾਤਮ ਨਹੀਂ। ਇਹ ਤਾਂ ਸਗੋਂ ਮੰਥਨ ਹੈ ਆਪਣੇ ਆਪ ਦਾ, ਸੰਭਾਵਨਾਵਾਂ ਤੇ ਸਮਰਥਾਵਾਂ ਦਾ, ਸਿਰੜ ਤੇ ਸਾਧਨਾ ਦਾ ਅਤੇ ਸੁਪਨੇ ਤੇ ਸੱਚ ਵਿਚਲੇ ਫਾਸਲੇ ਨੂੰ ਮਿਟਾਉਣ ਦਾ। ਨਿਸ਼ਚਾ ਤੇ ਨਿੱਗਰਤਾ ਨਾਲ ਕਦਮਾਂ ਨੂੰ ਅਡੋਲਤਾ ਅਤੇ ਅਪਣੱਤ ਦਿੰਦਿਆਂ, ਇਨ੍ਹਾਂ ਵਿਚ ਮੰਜ਼ਿਲਾਂ ਨੂੰ ਉਗਾਉਣ ਦੀ ਚੇਸ਼ਟਾ। ਕਮੀਆਂ, ਕੁਤਾਹੀਆਂ ਅਤੇ ਕੁਰੀਤੀਆਂ ਨੂੰ ਸਮਝਣਾ। ਨਵੀਂ ਸ਼ਖਸੀਅਤ ਦੀ ਉਸਾਰੀ ਵੰਨੀਂ ਪਹਿਲ ਕਰਨ ਦੀ। ਮਾਣਮੱਤੇ ਸਫਰ ਦਾ ਆਗਾਜ਼ ਜੋ ਬਣਦੀ ਏ ਅੰਬਰੀਂ ਪਰਵਾਜ਼ ਅਤੇ ਜੋ ਸਿਰਜਦਾ ਏ ਅਲਬੇਲਾ ਜੀਵਨ-ਅੰਦਾਜ਼।

ਮਾਯੂਸੀ ਤਾਂ ਮੁਲਾਂਕਣ ਹੁੰਦੀ ਏ, ਸੁਪਨਿਆਂ ਨੂੰ ਹਾਸਲ ਕਰਨ ਲਈ ਤਰਜ਼ੀਹਾਂ ਤੇ ਤਦਬੀਰਾਂ ਦੀ ਸਿਰਜਾਣਤਮਕਤਾ ਦਾ। ਰਾਹਾਂ ਨੂੰ ਨਿਸ਼ਚਿਤ ਕਰਨ ਦੀ ਤਮੰਨਾ, ਸੁਪਨਿਆਂ ਦੀ ਸਾਰਥਕਤਾ ਤੇ ਸੁਹਾਵਣੇਪਣ 'ਚੋਂ ਸਮਾਜਕ ਸੇਧ ਅਤੇ ਸਮਰਪਣ ਦੀ ਲੋਚਾ। ਸੁਪਨੇ ਨੂੰ ਸੁਪਨਹੀਣ ਦੀਦਿਆਂ ਵਿਚ ਧਰਨ ਦੀ ਤੀਬਰਤਾ। ਫਿਰ ਮਾਯੂਸੀ ਨਿਵੇਕਲੇ ਅਤੇ ਵਿਲੱਖਣ ਰਾਹਾਂ ਦੀ ਕਰਮਵੇਤਾ ਬਣਦੀ।

ਮਾਯੂਸੀ, ਮਰਿਆਦਾਵਾਂ ਨੂੰ ਉਲੰਘ ਨੇ ਨਵੀਆਂ ਪਿਰਤਾਂ ਤੇ ਪਰੰਪਰਵਾਂ ਨੂੰ ਸਿਰਜਣ ਦੀ ਪਹਿਲ ਹੁੰਦੀ, ਜਦ ਮਾਯੂਸੀ ਵਿਚੋਂ ਹੀ ਸਿਰ ਉਚਾ ਰੱਖ ਕੇ ਜਿਉਣ ਨੂੰ ਜੀਵਨ-ਸ਼ੈਲੀ ਬਣਾਇਆ ਜਾਂਦਾ। ਕਈ ਵਾਰ ਬੇਹੀਆਂ ਤੇ ਥੋਥੀਆਂ ਕਦਰਾਂ-ਕੀਮਤਾਂ ਅਤੇ ਸਮਾਜਕ ਵਲਗਣਾਂ ਨੂੰ ਤੋੜਨ ਲੱਗਿਆਂ ਪਲ ਭਰ ਲਈ ਮਾਯੂਸੀ ਘੇਰਦੀ ਕਿ ਲੋਕ ਕੀ ਕਹਿਣਗੇ? ਪਰ ਜਦ ਤੁਸੀਂ ਇਸ ਤੋਂ ਉਪਰ ਉਠ ਕੇ ਕੁਝ ਅਜਿਹਾ ਕਰਦੇ ਹੋ ਕਿ ਲੋਕਾਂ ਦੀਆਂ ਜੀਭਾਂ ਠਾਕੀਆਂ ਜਾਂਦੀਆਂ ਅਤੇ ਉਹ ਨਿਸ਼ਾਨਦੇਹੀ ਤੇ ਨੇਕਨਾਮੀ ਦੀ ਸਿਫਤਾਂ ਕਰਦੇ ਤਾਂ ਮਾਯੂਸੀ ਨੂੰ ਨਵੀਂ ਮਾਨਤਾ ਮਿਲਦੀ।

ਮਾਯੂਸੀ ਜਦ ਕਿਸੇ ਕਿਰਤ, ਲਿਖਤ ਵਿਚ ਉਤਰਦੀ ਤਾਂ ਕਿਰਤ ਦੀ ਕਰਮਯੋਗਤਾ ਅਤੇ ਕਿਰਿਆਸ਼ੀਲਤਾ ਨੂੰ ਨਵਾਂ ਹੁਲਾਰ ਅਤੇ ਪਸਾਰ ਮਿਲਦਾ। ਜਦ ਕੋਈ ਕਿਰਤ ਕਿਸੇ ਦੀ ਮਾਯੂਸੀ ਨੂੰ ਉਲਥਾਉਣ ਅਤੇ ਇਸ ਨੂੰ ਨਵੇਂ ਦਾਇਰੇ ਦੇਣ ਦੇ ਕਾਬਲ ਹੋ ਜਾਵੇ ਤਾਂ ਕਿਰਤ, ਪਾਠਕ ਨੂੰ ਆਪਣੀ ਹੀ ਜੀਵਨ ਕਹਾਣੀ ਲੱਗਦੀ। ਅਜਿਹੀ ਮਾਯੂਸੀ ਬਹੁਤ ਨਾਯਾਬ ਹੁੰਦੀ ਅਤੇ ਇਸ ਦੀ ਬੇਨਿਆਜ਼ੀ ਵਿਚੋਂ ਹੀ ਬਰਕਤਾਂ ਤੇ ਬਹੁਲਤਾਵਾਂ ਦੀ ਬਾਰਸ਼ ਹੁੰਦੀ।

ਮਾਯੂਸੀ ਕਾਰਨ ਮੌਤ ਨੂੰ ਅਪਨਾਉਣ ਵਾਲੇ ਲੋਕ ਡਰਪੋਕ ਅਤੇ ਸੁਪਨਹੀਣ। ਉਹ ਮਨੁੱਖੀ ਜੀਵਨ ਦੀਆਂ ਕੁੜੱਤਣਾਂ, ਔਕੜਾਂ ਅਤੇ ਮੁਸ਼ਕਿਲਾਂ ਨਾਲ ਆਢਾ ਲਾਉਣ ਦੀ ਥਾਂ ਜੀਵਨ ਲੀਲਾ ਦੀ ਸਮਾਪਤੀ ਨੂੰ ਹੱਲ ਮੰਨਦੇ। ਖੁਦਕੁਸ਼ੀ ਦਰਅਸਲ ਮਾਨਸਿਕਤਾ ਵਿਚ ਅਸੁਰੱਖਿਆ ਦੀ ਭਾਵਨਾ ਹੁੰਦੀ, ਜੋ ਹੀਣ-ਭਾਵਨਾ ਬਣ ਕੇ, ਡਰਾਕਲ ਅਤੇ ਸਹਿਮੀ ਸ਼ਖਸੀਅਤ ਬਣਦੀ। ਅਜਿਹੇ ਲੋਕ ਉਲਾਰੂ ਬਿਰਤੀਆਂ ਦੇ ਮਾਲਕ ਹੁੰਦੇ, ਬਹੁਤ ਜਲਦੀ ਟੁੱਟ ਜਾਂਦੇ; ਪਰ ਮਾਯੂਸੀ ਵਿਚੋਂ ਉਭਰਨ ਵਾਲੇ ਉਦਮੀਆਂ ਨੂੰ ਆਵਾਮ ਸਲਾਮ ਕਰਦਾ।

ਮਾਯੂਸੀ ਨੂੰ ਮੰਨਤ ਬਣਾਓ ਕਿਉਂਕਿ ਮਾਯੂਸੀ ਇਕ ਮੌਕਾ ਏ ਖੁਦ ਦੇ ਰੂਬਰੂ ਹੋਣ ਦਾ, ਅੰਤਰ-ਝਾਤ ਮਾਰਨ ਦਾ ਅਤੇ ਅੰਦਰਲੀ ਪੁੰਨਿਆਂ ਨੂੰ ਬਾਹਰਲੀ ਮੱਸਿਆ ਦੇ ਨਾਮ ਕਰਨ ਦਾ। ਮੱਥੇ ਵਿਚਲੇ ਸੂਰਜ ਨਾਲ ਆਲੇ-ਦੁਆਲੇ ਦੇ ਹਨੇਰ ਨੂੰ ਦੂਰ ਕਰੋ ਅਤੇ ਮਾਨਵਤਾ ਨੂੰ ਮਾਨਵ-ਮਾਰਗ ਬਣਾਓ।

ਮਾਯੂਸੀ, ਸਵੈ-ਚਿੰਤਨ। ਖੁਦ ਤੋਂ ਖੁਦ ਤੀਕ ਦਾ ਸਫਰ। ਖੁਦ ਨੂੰ ਵਿਸਥਾਰਨ ਅਤੇ ਉਭਾਰਨ ਦਾ ਮੌਕਾ ਤੇ ਤਰਤੀਬ। ਕਦੇ ਵੀ ਨਕਾਰਾਤਮਕ ਨਾ ਸਮਝੋ, ਸਗੋਂ ਇਸ ਨੂੰ ਸਕਾਰਾਤਮਕ ਸਮਝੋਗੇ ਤਾਂ ਇਸ ਦੀ ਸੰਯੋਗਤਾ ਵਿਚੋਂ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ। ਮਨੁੱਖ ਵਿਚ ਹੁੰਦੀ ਹੈ ਅਸੀਮ ਸਮਰੱਥਾ, ਤਾਕਤ ਅਤੇ ਦ੍ਰਿੜਤਾ। ਲੋੜ ਹੈ ਕਿ ਸੁੱਤੀਆਂ ਪ੍ਰਵਿਰਤੀਆਂ ਨੂੰ ਜਗਾ ਕੇ, ਰੂਹ ਵਿਚ ਕੁਝ ਚੰਗੇਰਾ ਕਰਨ ਦਾ ਹੰਭਲਾ ਮਾਰੀਏ।

ਮਾਯੂਸੀ, ਮਹਾਤਮ ਹੁੰਦੀ, ਜਿਸ ਦਾ ਸੁਖਾਵਾਂ ਅਸਰ ਬਹੁਤ ਦੇਰ ਤੀਕ ਰਹਿੰਦਾ। ਕਈ ਵਾਰ ਤਾਂ ਕਈ ਪੀੜ੍ਹੀਆਂ ਤੱਕ ਹੁੰਦਾ। ਸੋ, ਮਾਯੂਸੀ ਨੂੰ ਕਿਹੜੇ ਅਰਥਾਂ ਵਿਚ ਅਗਲੀਆਂ ਪੀੜ੍ਹੀਆਂ ਦੇ ਨਾਮ ਕਰਨਾ, ਇਹ ਮਨੁੱਖ ਦੇ ਹੱਥ। ਮਾਯੂਸੀ ਨੂੰ ਮਰਨਹਾਰੀ ਰਾਹੀਂ ਚੇਤੇ ਕਰਿਆ ਜਾਵੇ ਜਾਂ ਇਸ ਨੂੰ ਮੰਨਣ ਤੇ ਮਾਣਨਯੋਗ ਰਹਿਤਲ ਦਾ ਨਾਮ ਦਿੱਤਾ ਜਾਵੇ, ਇਹ ਮਨੁੱਖੀ ਸੋਚ ਦੀ ਪੁਖਤਗੀ ਤੇ ਪਕੜ 'ਤੇ ਨਿਰਭਰ।

ਮਾਯੂਸੀ ਮਨ ਦਾ ਦਰ ਖੜਕਾਉਂਦੀ ਤਾਂ ਇਸ ਦਾ ਸਮੁੱਚੇ ਸਰੀਰ 'ਤੇ ਇਕਦਮ ਅਸਰ ਹੁੰਦਾ। ਸੋਚ, ਦ੍ਰਿਸ਼ਟੀਕੋਣ, ਕਾਰਜਕੁਸ਼ਲਤਾ, ਤੀਬਰਤਾ ਅਤੇ ਕਿਰਤ-ਕਾਮਨਾ ਪ੍ਰਭਾਵਤ ਹੁੰਦੀ। ਇਸ ਪ੍ਰਭਾਵ ਨੂੰ ਕਿਸ ਰੂਪ ਵਿਚ ਆਪਣੇ 'ਤੇ ਹਾਵੀ ਹੋਣ ਦੇਣਾ ਜਾਂ ਇਸ 'ਤੇ ਕਾਬੂ ਪਾ ਕੇ ਆਪਣੀ ਹਿੰਮਤ ਤੇ ਹੌਂਸਲੇ ਨੂੰ ਨਵੀਂ ਪਰਵਾਜ਼ ਦੇਣੀ, ਇਹ ਮਨੁੱਖੀ ਸੋਚ ਦੇ ਦਾਇਰੇ ਅਤੇ ਦਾਈਏ ਨਿਰਧਾਰਤ ਕਰਦੇ।

ਮਾਯੂਸੀ ਨੂੰ ਮਹਿਲ ਬਣਾਓ, ਜਿਸ ਦੀਆਂ ਨੀਂਹਾਂ ਵਿਚ ਤੁਹਾਡੇ ਚਰਿੱਤਰ ਦੀ ਬਜਰੀ ਹੋਵੇ, ਹੱਠ ਦਾ ਸੀਮਿੰਟ ਹੋਵੇ ਅਤੇ ਮੁੜ੍ਹਕੇ ਦਾ ਪਾਣੀ ਹੋਵੇ। ਮਜਬੂਤ ਨੀਂਹਾਂ ਉਪਰ ਵਿਅਕਤੀਤਵ-ਮਹਿਲ ਦੇ ਰੁਤਬੇ ਤੇ ਆਭਾ ਵਿਚੋਂ ਸੁਖਨ, ਸਕੂਨ, ਸੰਤੋਖ ਅਤੇ ਸਬਰ-ਸਬੂਰੀ ਦੀਆਂ ਕਿਰਨਾਂ ਚੌਗਿਰਦੇ ਨੂੰ ਰੁਸ਼ਨਾਉਂਦੀਆਂ ਨੇ। ਤੁਸੀਂ ਰੰਗਲੀਆਂ ਕਿਰਨਾਂ ਦੀ ਸਤਰੰਗੀ ਬਣਨਾ ਜਾਂ ਪਿਲੱਤਣਾਂ ਵਿਚ ਡੁੱਬੀ ਰੌਸ਼ਨੀ ਦਾ ਮਰਸੀਆ ਪੜ੍ਹਨਾ, ਇਹ ਮਨੁੱਖ 'ਤੇ ਨਿਰਭਰ।

ਮਾਯੂਸੀ ਨੂੰ ਹਲੀਮੀ, ਹਮਦਰਦੀ ਤੇ ਹੱਲਾਸ਼ੇਰੀ ਨਾਲ ਬਹੁਤ ਛੇਤੀ ਦੂਰ ਕੀਤਾ ਜਾ ਸਕਦਾ। ਮਾਯੂਸ ਵਿਅਕਤੀ ਨਾਲ ਚੜ੍ਹਦੀ ਕਲਾ ਦੀਆਂ ਬਾਤਾਂ ਪਾਓ। ਢਹਿ-ਢੇਰੀ ਸੋਚ ਵਿਚ ਉਸਾਰੂ ਬਿਰਤੀਆਂ ਦਾ ਜਾਗ ਲਾਓ। ਤਿੜਕੇ ਸੁਪਨਿਆਂ ਨੂੰ ਸਹਿਲਾਓ ਅਤੇ ਫਿਰ ਤੋਂ ਉਡਾਣ ਭਰਨ ਲਈ ਉਕਸਾਓ। ਦੇਖਣਾ! ਇਕ ਹੀ ਹੰਭਲੇ ਵਿਚ ਉਹ ਕਈ ਅਸਮਾਨਾਂ ਨੂੰ ਛੂਹਣ ਦੇ ਕਾਬਲ ਹੋ ਜਾਵੇਗਾ। ਲੋੜ ਹੈ, ਮਾਯੂਸੀ ਦੇ ਪੱਲੇ ਵਿਚ ਮਿਹਨਤ ਦੀਆਂ ਨਿਆਜ਼ਾਂ ਪਾਓ, ਬਹੁਤ ਸਾਰੀਆਂ ਨਿਆਮਤਾਂ ਤੇ ਬਰਕਤਾਂ ਮਨੁੱਖ ਦੀ ਝੋਲੀ ਵਿਚ ਪੈ ਜਾਣਗੀਆਂ।

ਮਾਯੂਸੀ ਅੰਤਰਯਾਤਮਾ ਵੀ ਹੁੰਦੀ, ਜਦੋਂ ਅਸੀਂ ਅੰਤਰ ਯਾਤਰਾ 'ਤੇ ਤੁਰਦੇ, ਗਵਾਚੇ ਆਪੇ ਨੂੰ ਲੱਭਣ ਦੀ ਤਮੰਨਾ ਮਨ ਵਿਚ ਪੈਦਾ ਹੁੰਦੀ। ਆਪੇ ਦੀ ਖੋਜ ਕਾਰਨ ਪੈਦਾ ਹੋਈ ਮਾਯੂਸੀ ਇਕ ਤੜਪ ਤੇ ਲੋਚਾ ਬਣ ਕੇ ਮਨੁੱਖੀ ਮਨ ਦੀਆਂ ਤਰਕੀਬਾਂ ਨੂੰ ਨਵੀਂ ਤਰਤੀਬ ਦਿੰਦੀ। ਮਾਯੂਸੀ ਦੇ ਉਸਾਰੂ ਰੰਗ ਨੂੰ, ਜੀਵਨੀ ਰੰਗਤ ਬਣਾ ਕੇ ਇਸ ਦੀਆਂ ਵਸੀਹ ਪਰਤਾਂ ਨੂੰ ਫਰੋਲਣਾ ਚਾਹੀਦਾ। ਇਸ ਨੂੰ ਜਗਿਆਸਾ ਬਣਾ ਕੇ ਨਵੀਆਂ ਧਰਾਤਲਾਂ ਦੀ ਚੋਣ ਕਰਨ ਅਤੇ ਇਨ੍ਹਾਂ ਵਿਚੋਂ ਮਨੁੱਖੀ ਸਦੀਵਤਾ ਤੇ ਸਥਿਰਤਾ ਨੂੰ ਸਮਾਜ ਦੇ ਨਾਵੇਂ ਲਾਉਣ ਵਾਲੇ ਹੀ ਦਰਅਸਲ ਸਹੀ ਨਾਇਕ ਹੁੰਦੇ। ਉਹ ਅਦਿੱਖ ਰਹਿ ਕੇ ਵੀ ਦਿਸਦਿਆਂ ਨਾਲੋਂ ਜ਼ਿਆਦਾ ਦੇਣਦਾਰੀਆਂ ਦੇ ਸਿਰਜਕ।

ਮਾਯੂਸੀ, ਸਾਡੇ ਆਲੇ-ਦੁਆਲੇ ਫੈਲੀ। ਵਾਪਰਦੀਆਂ ਘਟਨਾਵਾਂ ਕਾਰਨ ਲੋਕ ਮਾਯੂਸ। ਕੁਝ ਤਾਂ ਆਪਣੀ ਜ਼ਿੰਦਗੀ ਤੋਂ ਨਿਰਾਸ਼ ਤੇ ਉਪਰਾਮ ਹੋਣ ਕਾਰਨ ਮਾਯੂਸ ਹੁੰਦੇ, ਪਰ ਕੁਝ ਕਿਸੇ ਦੀਆਂ ਪ੍ਰਾਪਤੀਆਂ ਵਿਚੋਂ ਆਪਣੇ ਬੇਮਤਲਬੀ ਮਾਯੂਸੀ ਹੰਢਾਉਂਦੇ। ਮਾਯੂਸ ਹੋਣ ਦੀ ਥਾਂ ਕਦੇ ਪ੍ਰਾਪਤ ਨਿਆਮਤਾਂ ਪ੍ਰਤੀ ਸ਼ੁਕਰਾਨਾ ਕਰਨਾ, ਮਾਯੂਸੀ ਖੁਦ ਹੀ ਕਾਫੂਰ ਹੋ ਜਾਵੇਗੀ।

ਮਾਯੂਸ ਕਈ ਵਾਰ ਅਸੀਂ ਇਸ ਲਈ ਵੀ ਹੁੰਦੇ ਕਿ ਸਾਡੀਆਂ ਪ੍ਰਾਪਤੀਆਂ ਉਮੀਦ ਤੋਂ ਘੱਟ ਹੁੰਦੀਆਂ ਜਾਂ ਅਸੀਂ ਬੇਲੋੜਾ ਹੀ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਖੁਦ ਨੂੰ ਕੋਸਣ ਤੀਕ ਹੀ ਸੀਮਤ ਹੋ ਜਾਂਦੇ। ਕਦੇ ਕੋਸਣ ਦੀ ਥਾਂ ਆਪਣੇ ਆਪ ਨੂੰ ਸ਼ਾਬਾਸ਼ ਦੇਣਾ, ਤੁਹਾਡਾ ਮਨ ਖਿੜਿਆ ਰਹੇਗਾ ਅਤੇ ਮਾਯੂਸੀ ਦੀ ਪਿਲੱਤਣ ਮੁੱਖ ਦੀ ਬਹਾਰ ਨੂੰ ਪੱਤਝੱੜ ਵਿਚ ਬਦਲਣ ਦਾ ਹੀਆ ਨਹੀਂ ਕਰੇਗੀ। ਮਨੁੱਖ ਨੇ ਹਰਦਮ ਮਾਯੂਸ ਰਹਿਣਾ ਜਾਂ ਹਸਮੁੱਖਤਾ ਦਾ ਨਿੱਘ ਮਾਣਨਾ, ਇਹ ਮਨੁੱਖੀ ਮਨ ਦੀ ਉਸਾਰੂ ਜਾਂ ਢਹਿੰਦੀ ਕਲਾ ਦੀ ਨਿਸ਼ਾਨੀ ਹੁੰਦਾ।

ਮਾਯੂਸੀ, ਮਨੁੱਖ ਨੂੰ ਅੰਦਰੋਂ ਖੋਰਦੀ। ਸਵੈ-ਮਾਣ ਨੂੰ ਤੋੜਦੀ। ਆਤਮ-ਵਿਸ਼ਵਾਸ ਨੂੰ ਵਿਸਾਰਦੀ। ਮਨ ਦੀ ਤਕੜਾਈ ਨੂੰ ਸਿਉਂਕਦੀ ਅਤੇ ਸਵੈ-ਭਰੋਸੇ ਨੂੰ ਸੰਨ ਲਾਉਂਦੀ। ਅਜਿਹੀਆਂ ਅਲਾਮਤਾਂ ਵਿਚ ਘਿਰਿਆ ਵਿਅਕਤੀ ਬਹੁਤ ਜਲਦੀ ਤਿੜਕਦਾ। ਤਿੜਕਣ ਨਾਲ ਬਹੁਤ ਕੁਝ ਅਜਿਹਾ ਵੀ ਟੁੱਟ ਜਾਂਦਾ, ਜਿਸ ਦੀ ਮੁਰੰਮਤ ਹੋਣ ਦੀ ਕੋਈ ਆਸ ਨਹੀਂ ਹੁੰਦੀ। ਮਾਯੂਸੀ ਵਿਚ ਕਦੇ ਨਾ ਤਿੜਕੋ ਸਗੋਂ ਮਜਬੂਤ ਹੋਵੋ ਅਤੇ ਮਾਯੂਸੀ ਨੂੰ ਫਤਿਹ ਕਰੋ। ਇਸ ਦੀਆਂ ਮੁਹਾਰਾਂ ਨੂੰ ਜੀਵਨ ਦੀ ਸਦਉਪਯੋਗਤਾ ਵੱਲ ਮੋੜੋ, ਕਿਉਂਕਿ ਜ਼ਿੰਦਗੀ ਤਾਂ ਜ਼ਿੰਦਾਦਿਲੀ ਦਾ ਨਾਮ ਹੈ। ਹੌਂਸਲਾ ਹਾਰਨ ਵਾਲੇ ਤਾਂ ਰਾਹਾਂ ਦੀ ਖਾਕ ਬਣਨ ਜੋਗੇ ਹੀ ਹੁੰਦੇ।

ਮਾਯੂਸੀ, ਮਨ ਤੋਂ ਮਨ ਤੀਕ ਦਾ ਸਫਰ। ਸੋਚ ਤੋਂ ਸੋਚ ਤੀਕ ਦੀ ਯਾਤਰਾ। ਬਾਹਰਮੁਖਤਾ ਤੋਂ ਅੰਤਰਮੁਖਤਾ ਤੀਕ ਦਾ ਫਾਸਲਾ। ਰਾਤ ਤੋਂ ਦਿਨ ਤੀਕ ਦੀ ਜਾਚਨਾ। ਸ਼ਾਮ ਤੋਂ ਸਰਘੀ ਤੀਕ ਦੀ ਸੰਵੇਦਨਾ ਅਤੇ ਹਨੇਰ ਤੋਂ ਚਾਨਣ ਪੱਖ ਨੂੰ ਜਾਂਦੇ ਰਾਹਾਂ ਦੀ ਪਛਾਣ। ਸੋ, ਲੋੜ ਤਰਤੀਬਾਂ ਅਤੇ ਤਰਕੀਬਾਂ ਰਾਹੀਂ ਮਾਯੂਸੀ ਨੂੰ ਮਾਣ ਬਣਾ ਕੇ ਇਸ ਦੀਆਂ ਬਖਸ਼ਿਸ਼ਾਂ ਦਾ ਹਾਸਲ ਬਣੀਏ। ਮਾਯੂਸੀ ਵਿਚੋਂ ਮਾਰਗ, ਮੰਜ਼ਿਲਾਂ, ਮਾਣ-ਸਨਮਾਨ, ਮਰਤਬਿਆਂ ਅਤੇ ਮੁਕਟਾਂ ਦੀ ਪੁਨਰ ਸਿਰਜਣਾ ਹੋਵੇਗੀ।

ਅੰਤਰੀਵੀ ਮਾਯੂਸੀ ਵਿਚ ਰੰਗੇ ਹੁੰਦੇ ਨੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮਹਾਤਮਾ, ਕਿਉਂਕਿ ਉਹ ਖੁਦ ਦੇ ਖੋਜੀ ਹੁੰਦੇ। ਮਾਯੂਸੀ ਵਿਚ ਓਤਪੋਤ ਹੁੰਦੀਆਂ ਨੇ ਮਾਂਵਾਂ, ਕਿਉਂਕਿ ਉਨ੍ਹਾਂ ਦੀ ਮਾਯੂਸੀ ਵਿਚ ਆਪਣੀ ਔਲਾਦ ਅਤੇ ਘਰ-ਪਰਿਵਾਰ ਲਈ ਮੰਨਤਾਂ ਮੰਗਣਾ ਅਤੇ ਇਸ ਦੀ ਪ੍ਰਾਪਤੀ ਹੁੰਦੀ।

ਮਾਯੂਸੀ ਨੂੰ ਮਸ਼ਹੂਰੀ ਨਾ ਬਣਾਓ, ਸਗੋਂ ਇਸ ਨੂੰ ਨਿੱਜੀ ਜੀਵਨ ਰੰਗ-ਢੰਗ ਬਣਾਓ, ਜਿਸ ਦਾ ਖੁਦ ਨੂੰ ਵੀ ਪਤਾ ਨਾ ਹੋਵੇ। ਇਹ ਦਿਖਾਉਣ ਦੀ ਚੀਜ ਨਹੀਂ, ਸਗੋਂ ਮਨ ਦੀ ਮੌਜ ਨੂੰ ਸਿਰਜਣਾਤਮਕਤਾ ਵੰਨੀਂ ਪ੍ਰੇਰਿਤ ਕਰਨ ਦਾ ਵੱਲ ਹੁੰਦਾ। ਮਾਯੂਸੀ ਉਹ, ਜੋ ਉਸਾਰੂ, ਨਿੱਗਰ, ਨਿਰਮਾਣ ਭਰੀ, ਉਦੇਸ਼ ਪੂਰਕ, ਉਤਸ਼ਾਹਵੰਤੀ, ਉਦਮ ਵਾਲੀ ਅਤੇ ਅਰਦਾਸ ਤੋਂ ਅਰਥਮਈ ਜੀਵਨ ਦੀ ਆਧਾਰਸ਼ਿਲਾ ਬਣੇ।

ਮਾਯੂਸੀ ਦੀ ਉਪਰਾਮਤਾ ਨੂੰ ਇਲਹਾਮੀ, ਅਜ਼ਲੀ ਅਤੇ ਆਵੇਸ਼ੀ ਕਿਰਦਾਰ ਸੰਗ ਉਤਾਰਿਆ ਜਾ ਸਕਦਾ।

ਸਰਘੀ ਜਦ ਦਿਨ ਦੇ ਦਰ ਦੀ ਦਸਤਕ ਬਣਦੀ,

ਤਾਂ ਸ਼ਾਮ ਦੀ ਮਾਯੂਸੀ ਨੂੰ ਤ੍ਰੇਲ-ਤੁਪਕਿਆਂ ਨਾਲ ਧੋਵੇ।

ਦਰਿਆਂ ਦੀਆਂ ਲਹਿਰਾਂ ਦਾ ਆਵੇਸ਼ ਜਦ ਆਈ 'ਤੇ ਆਵੇ,

ਤਾਂ ਬਰੇਤਿਆਂ ਦੀ ਬਸਤੀ ਵੀ ਪਾਣੀ ਪਾਣੀ ਹੋਵੇ।

ਕਾਲੀਆਂ ਘਟਾਵਾਂ ਦਾ ਕਾਫਲਾ ਜਦ ਅੰਬਰ ਢਕਦਾ,

ਤਾਂ ਰੱਕੜਾਂ ਦੇ ਨਾਂਵੇਂ ਵੀ ਮੌਲਣ ਰੁੱਤ ਵਰਸੋਵੇ।

ਸੁਪਨਿਆਂ ਦਾ ਸੱਚ ਜਦ ਢਾਰਿਆਂ 'ਚੋਂ ਉਦੈ ਹੁੰਦਾ,

ਤਾਂ ਆਸਾਂ ਦਾ ਨੂਰ ਤਿੜਕੇ ਸ਼ਤੀਰਾਂ ਵਿਚੋਂ ਵੀ ਚੋਵੇ।

ਹਰਫਾਂ ਵਿਚ ਸੂਰਜ ਰੰਗੇ ਅਰਥਾਂ ਦੀ ਲੋਅ ਜਗਦੀ,

ਤਾਂ ਵਰਕਿਆਂ ਵਿਚਲੀ ਇਬਾਰਤ, ਨੂਰੀ ਇਬਾਦਤ ਹੋਵੇ।

ਜਦ ਕਿਸੇ ਪਰਿੰਦੇ ਦਾ ਬੋਲ ਗੁਟਕਣੀ ਦੀ ਬਾਤ ਪਾਵੇ,

ਤਾਂ ਹੋਠਾਂ 'ਤੇ ਚਿੱਪਕੀ ਚੁੱਪ ਦੇ ਗਲ ਜੀਵਨ-ਨਾਦ ਪਰੋਵੇ।

ਜਦ ਕੋਈ ਪੂਰਨਿਆਂ ਵਿਚੋਂ ਅੱਖਰ-ਜੋਤ ਦੇ ਦੀਦਾਰ ਕਰਦਾ,

ਤਾਂ ਉਸ ਦੇ ਅੰਦਰਲਾ ਹਨੇਰ, ਚਾਨਣ ਦਾ ਹਾਣੀ ਹੋਵੇ।

ਮਾਯੂਸੀ ਜਦ ਹੰਝੂਆਂ ਵਿਚ ਉਤਰਦੀ ਤਾਂ ਇਹ ਹੰਝੂ ਕੁਝ ਅਜਿਹਾ ਕਹਿ ਜਾਂਦੇ, ਜੋ ਕਈ ਗ੍ਰੰਥ ਵੀ ਨਹੀਂ ਕਹਿ ਸਕਦੇ। ਮਾਯੂਸੀ ਨੂੰ ਸਮਝਣ ਲਈ ਅੱਥਰੂ ਬਣਨਾ ਪੈਂਦਾ।

ਮਾਯੂਸੀ ਇਕ ਸਮੁੰਦਰ ਦੀ ਨਿਆਈਂ। ਬੇਹਿੰਮਤੇ ਰਹੇ ਜਾਂ ਹਿੰਮਤ ਹਾਰ ਗਏ ਤਾਂ ਡੁੱਬਣ ਤੋਂ ਕੌਣ ਬਚਾਵੇਗਾ? ਹਿੰਮਤ ਕਰਕੇ ਤਰਨਾ ਸ਼ੁਰੂ ਕਰ ਦੇਵੋਗੇ ਤਾਂ ਸਮੁੰਦਰ ਦੀਆਂ ਲਹਿਰਾਂ ਵੀ ਤੁਹਾਡੇ ਹੱਕ ਵਿਚ ਹੋ, ਕੰਢਿਆਂ 'ਤੇ ਪਹੁੰਚਾ ਦੇਣਗੀਆਂ। ਬੇਹਿੰਮਤੇ ਨਹੀਂ, ਸਗੋਂ ਹਿੰਮਤੀ ਬਣ ਕੇ ਮਾਯੂਸੀ ਨੂੰ ਮਾਤ ਦਿਓ।

ਮਾਯੂਸੀ ਮਿੱਤਰ-ਮੋਢੇ ਵਰਗੀ ਏ, ਜਿਸ 'ਤੇ ਸਿਰ ਰੱਖ ਕੇ ਰੋਣ ਨਾਲ ਮਨ ਹਲਕਾ ਹੋ ਜਾਂਦਾ। ਆਪਣੇ ਦੁੱਖਾਂ ਨੂੰ ਦੀਦਿਆਂ ਥੀਂ ਵਹਾਅ, ਹੌਲੇ ਹੋ ਕੇ ਜ਼ਿੰਦਗੀ ਨੂੰ ਨਵੇਂ ਸਿਰਿਓਂ ਵਿਉਂਤਣ ਲੱਗ ਪੈਣ ਤੇ ਜ਼ਿੰਦਗੀ ਇਸ ਨਵੀਂ ਪਹਿਲ ਨੂੰ ਜੀ ਆਇਆਂ ਕਹਿੰਦੀ।

ਸਭ ਤੋਂ ਜ਼ਿਆਦਾ ਮਾਯੂਸ ਅਸੀਂ ਉਸ ਵੇਲੇ ਹੁੰਦੇ, ਜਦੋਂ ਸਾਡੇ ਆਪਣੇ ਹੀ ਦਗਾ ਕਰਦੇ। ਮੁਸੀਬਤਾਂ ਵਿਚ ਘਿਰਿਆਂ ਨੂੰ ਕੋਈ ਵੀ ਆਪਣਾ ਨਜ਼ਰ ਨਾ ਆਉਂਦਾ, ਜਿਸ ਨਾਲ ਦੁੱਖ ਸਾਂਝਾ ਕੀਤਾ

***(ਬਾਕੀ ਅਗਲੇ ਸਫੇ 'ਤੇ)***

# ਬਿਰਧ ਆਸ਼ਰਮ ਦੀ ਹੂਕ

ਬਣੀ ਆਦਤ ਕਰਕੇ ਰਾਤੀਂ ਪਿਸ਼ਾਬ ਕਰਨ ਜਦ ਉਠਣ ਲੱਗਿਆ ਤਾਂ ਮੱਥਾ ਕੰਧ ਵਿਚ ਲੱਗਿਆ। ਮੈਨੂੰ ਕੰਧ ਮੰਜੇ ਤੋਂ ਥੱਲੇ ਨਾ ਉਤਰਨ ਦੇਵੇ। ਬਲਬ ਜਗਾਉਣ ਦੀ ਸੋਚੀ ਤਾਂ ਬੈੱਡ ਸਵਿਚ ਨਾ ਲੱਭੇ, ਜੋ ਮੇਰੇ ਪੋਤੇ ਨੇ ਮੇਰੀ ਸੌਖ ਲਈ ਮੇਰੇ ਮੰਜੇ ਦੇ ਕੋਲ ਨੂੰ ਲਮਕਾ ਦਿੱਤੀ ਸੀ। ਮੈਨੂੰ ਲੱਗਿਆ, ਮੈਂ ਸੁਪਨੇ ਵਿਚ ਕਿਧਰੇ ਹੋਰ ਪਿਆ ਹਾਂ। ਮੈਂ ਆਪਣੇ ਆਪ ਨੂੰ ਝੰਜੋੜਿਆ, ਮੂੰਹ ਉਤੇ ਦੋਵੇਂ ਹੱਥ ਕਈ ਵਾਰ ਫੇਰੇ। ਥੋੜ੍ਹੀ ਸੁਰਤ ਫੜੀ ਤਾਂ ਮੈਂ ਵੇਖਿਆ ਇਸ ਕਮਰੇ ਦੀ ਤਾਂ ਖਿੜਕੀ ਵੀ ਮੇਰੇ



**ਲਖਬੀਰ ਸਿੰਘ ਮਾਂਗਟ**
ਫੋਨ: 917-932-6439

ਸਾਹਮਣੇ ਨਹੀਂ, ਸਗੋਂ ਪਿਛਲੇ ਪਾਸੇ ਹੈ; ਖਿੜਕੀ ਵਿਚੋਂ ਆ ਰਹੇ ਚਾਨਣ ਨਾਲ ਮੈਂ ਜਾਣਿਆ ਕਿ ਕਮਰੇ ਵਿਚ ਦੋ ਹੋਰ ਮੰਜਿਆਂ 'ਤੇ ਵੀ ਕੋਈ ਸੁੱਤੇ ਹੋਏ ਸਨ। ਹੁਣ ਮੈਨੂੰ ਪਤਾ ਲੱਗ ਗਿਆ ਕਿ ਮੈਂ ਸੱਚਮੁਚ ਹੀ ਕਿਧਰੇ ਹੋਰ ਸੁੱਤਾ ਹੋਇਆ ਸਾਂ। ਇਹ ਸੁਪਨਾ ਨਹੀਂ, ਹਕੀਕਤ ਹੈ। ਮੈਨੂੰ ਇਹ ਵੀ ਖਿਆਲ ਆਇਆ ਕਿ ਸ਼ਾਇਦ ਮੈਂ ਕਿਸੇ ਰਿਸ਼ਤੇਦਾਰੀ ਵਿਚ ਨਾ ਆਇਆ ਹੋਵਾਂ, ਪਰ ਇਹ ਸੋਚ ਵੀ ਛੇਤੀ ਹੀ ਉਡ ਗਈ, ਜਦ ਸਾਰਾ ਕੁਝ ਵਾਪਰਿਆ ਘਟਨਾਕ੍ਰਮ ਮੈਨੂੰ ਯਾਦ ਆਇਆ। ਪਿਸ਼ਾਬ ਕਰਨ ਜਾਣ ਦੀ ਮੇਰੀ ਵਿਚ ਸੱਤਿਆ ਹੀ ਨਾ ਬਚੀ। ਮੇਰਾ ਸਿਰ ਮੈਥੋਂ ਸੰਭਾਲਿਆ ਨਾ ਜਾਵੇ ਤੇ ਮੈਂ ਮੁੜ ਮੰਜੇ ਵਿਚ ਢੇਰੀ ਹੋ ਗਿਆ। ਬਾਕੀ ਸਾਰੀ ਰਾਤ ਨੀਂਦ ਮੇਰੇ ਨੇੜੇ ਨਾ ਫਟਕੀ। ਕਈ ਦਿਨ ਮੇਰੇ ਨਾਲ ਇਸੇ ਤਰ੍ਹਾਂ ਵਾਪਰਿਆ ਤੇ ਮੈਂ ਕੰਧ ਵਾਲੇ ਪਾਸੇ ਹੀ ਮੰਜੇ ਤੋਂ ਉਤਰਨ ਲਈ ਉਠਦਾ ਰਿਹਾ।

ਉਠ ਖੜ੍ਹ ਬਾਈ, ਚਾਹ ਦਾ ਟਾਈਮ ਹੋ ਗਿਆ। ਹੁਣ ਤੱਕ ਮੈਂ ਅਸਲੀਅਤ ਨੂੰ ਮੰਨਣ ਦੇ ਆਪਣੇ ਆਪ ਨੂੰ ਕਾਬਲ ਕਰ ਲਿਆ ਸੀ। ਬੇਸ਼ਕ ਉਠਣ ਲੱਗੇ ਮੈਂ ਇਹ ਜਾਹਰ ਕਰਨਾ ਚਾਹਿਆ ਕਿ ਮੈਂ ਠੀਕ ਠਾਕ ਹਾਂ, ਪਰ ਉਨ੍ਹਾਂ ਦੇ ਇਹ ਬੋਲ, 'ਕੋਈ ਨਾ ਬਾਈ, ਇਹ ਸਾਰਾ ਕੁਝ ਸਾਡੇ ਨਾਲ ਵੀ ਵਾਪਰਿਆ, ਹੌਸਲਾ ਰੱਖ' ਨੇ ਮੇਰਾ ਹਉਕਾ ਕਢਾ ਹੀ ਦਿੱਤਾ। ਉਹ ਦੋਵੇਂ ਮੇਰੇ ਮੰਜੇ 'ਤੇ ਆ ਬੈਠੇ। ਉਹ ਮੈਨੂੰ ਧਰਵਾਸ ਦਿੰਦੇ ਦਿੰਦੇ ਚਾਹ ਪੀਣ ਆਪਣੇ ਨਾਲ ਲੈ ਗਏ। 'ਹਾਏ ਓ ਰੱਬਾ! ਮੰਜੇ ਦੀ ਚਾਹ ਵੀ ਛੁਟ'ਗੀ।' ਦਿਲ ਦੀ ਕੂਕ ਦਿਲ ਵਿਚ ਹੀ ਦਬ ਗਈ।

ਛੇਤੀ ਹੀ ਮੈਂ ਜਾਣ ਗਿਆ ਕਿ ਇਥੇ ਜਿੰਨੇ ਵੀ ਬਜੁਰਗ ਹਨ, ਸਾਰੇ ਉਪਰੋਂ ਤਾਂ ਦਿਖਣ ਨੂੰ ਬੜੇ ਖੁਸ਼ ਨਜਰ ਆਉਂਦੇ ਨੇ, ਪਰ ਸੱਚਾਈ ਬਿਲਕੁਲ ਹੀ ਉਲਟ ਹੈ। ਸਭ ਘਰਾਂ ਨੂੰ ਓਦਰੇ ਪਏ ਨੇ। ਇਸ ਦਾ ਪਹਿਲਾ ਚਾਨਣ, ਜੋ ਸਿਰਫ ਮੈਂ ਹੀ ਵੇਖ ਸਕਿਆ ਸਾਂ, ਪਹਿਲੀ ਵਾਰ ਅੰਦਰ ਵੜਨ ਲੱਗਿਆਂ, ਉਹ ਮੈਨੂੰ ਕਦੇ ਵੀ ਭੁੱਲ ਨਹੀਂ ਸਕਦਾ। ਜਿੰਨੇ ਵੀ ਬਿਰਧ ਨਵੇਂ ਆਏ ਬੰਦੇ ਨੂੰ ਵੇਖਣ ਲਈ ਜਾਂ ਕਹਿ ਲਉ ਮੇਰੇ ਸੁਆਗਤ ਲਈ ਖੜ੍ਹੇ ਸਨ, ਦਿਖਦੇ ਤਾਂ ਖੁਸ਼ ਸਨ, ਪਰ ਸਭ ਦੀਆਂ ਅੱਖਾਂ ਵਿਚ ਤੈਰਦਾ ਪਾਣੀ ਵੀ ਮੈਂ ਮਹਿਸੂਸ ਕਰ ਲਿਆ ਸੀ। ਇਹ ਸਿਰਫ ਮੈਨੂੰ ਹੀ ਨਹੀਂ, ਸਗੋਂ ਹਰ ਉਸ ਬਿਰਧ ਨੂੰ ਦਿਖਦਾ ਸੀ, ਜੋ ਪਹਿਲੀ ਵਾਰ ਆਪਣੀਆਂ ਲੱਤਾਂ ਨੂੰ ਧੂੰਹਦਾ ਹੋਇਆ ਇਥੇ ਅਣਮੰਨੇ ਮਨ ਨਾਲ ਗੇਟ ਦੇ ਅੰਦਰ ਪੈਰ ਰੱਖਦਾ ਸੀ ਅਤੇ ਉਸ ਦੇ ਕਾਲਜੇ ਦੀਆਂ ਤੰਦਾਂ ਘਰ ਦੀਆਂ ਕੰਧਾਂ ਨਾਲੋਂ ਕੜੱਕ ਕੜੱਕ ਕਰਕੇ ਟੁੱਟਦੀਆਂ ਸਨ। ਜੇ ਤੁਹਾਨੂੰ ਯਕੀਨ ਨਹੀਂ ਤਾਂ ਕਦੇ ਉਨ੍ਹਾਂ ਦੀਆਂ ਅੱਖਾਂ ਥਾਣੀ ਦਿਲ ਵਿਚ ਝਾਕ ਕੇ ਵੇਖਣਾ ਜਾਂ ਫਿਰ ਉਨ੍ਹਾਂ ਦੀ ਜਗ੍ਹਾ ਆਪਣੇ ਆਪ ਦਾ ਤਸੱਵਰ ਕਰਕੇ ਵੇਖਣਾ, ਸੱਚਾਈ ਪਤਾ ਲੱਗ ਜਾਵੇਗੀ। ਬਿਰਧ ਆਸ਼ਰਮ ਦੀਆਂ ਸੁੱਖ ਸਹੂਲਤਾਂ ਤੁਹਾਡਾ ਘਰ ਨਾਲੋਂ ਮੋਹ ਨਹੀਂ ਤੋੜ ਸਕਦੀਆਂ; ਇਹ ਇਥੇ ਵਸਦੇ ਬੁੱਤਾਂ ਦੇ ਦਿਲ ਵਿਚ ਉਤਰ ਕੇ ਹੀ ਵੇਖਿਆ ਜਾ ਸਕਦਾ ਹੈ ਕਿ ਉਹ ਘਰ ਨੂੰ ਕਿੰਨੇ ਤਰਸਦੇ ਰਹਿੰਦੇ ਨੇ। ਇਸ ਉਦਰੇਵੇਂ ਨੂੰ ਨਾ ਤਾਂ ਬਿਰਧ ਆਸ਼ਰਮ ਦੇ ਬਾਹਰ ਲਿਖੇ ਸੁਆਗਤੀ ਸ਼ਬਦ ਅਤੇ ਨਾ ਹੀ ਆਸ਼ਰਮ ਦੇ ਅੰਦਰ ਸਜਾਵਟ ਲਈ ਲੱਗੇ ਫੁੱਲ ਬੂਟੇ ਕਿਸੇ ਤਰੀਕੇ ਘਟਾ ਸਕਦੇ ਨੇ।

ਮੈਨੂੰ ਲੱਗਿਆ, ਮੈਂ ਕੋਈ ਸੁਪਨਾ ਵੇਖ ਰਿਹਾ ਹਾਂ, ਪਰ ਇਹ ਤਾਂ ਹਕੀਕਤ ਸੀ। ਥੋੜ੍ਹਾ ਥੋੜ੍ਹਾ ਹਨੇਰਾ ਹੋ ਗਿਆ ਸੀ, ਜਦ ਮੈਨੂੰ ਇਥੇ ਬਿਰਧ ਆਸ਼ਰਮ ਵਿਚ ਦਾਖਲ ਕਰਾਇਆ ਗਿਆ। ਮੇਰੇ ਨਾਮ ਦਾ ਇੱਕ ਫਾਰਮ ਭਰਿਆ ਗਿਆ, ਜਿਸ ਉਪਰ ਮੇਰੇ ਵੱਡੇ ਪੁੱਤਰ ਨੇ ਦਸਤਖਤ ਕੀਤੇ। ਰਜਿਸਟਰ ਵਿਚ ਮੇਰਾ ਨਾਮ ਦਰਜ ਕੀਤਾ ਗਿਆ। ਮੈਨੂੰ ਯਾਦ ਆਇਆ, ਇਵੇਂ ਮੇਰਾ ਬਾਪ ਮੈਨੂੰ ਪਿੰਡ ਦੇ ਸਕੂਲੇ ਕੱਚੀ ਪਹਿਲੀ ਵਿਚ ਦਾਖਲ ਕਰਾ ਕੇ ਆਇਆ ਸੀ। ਫਰਕ ਸਿਰਫ ਇੰਨਾ ਕੁ ਹੀ ਆ ਕਿ ਬਾਪ ਨੇ ਸਵੇਰ ਦੇ ਚਾਨਣ ਵਿਚ ਦਾਖਲ ਕਰਾਇਆ ਸੀ ਤੇ ਪੁੱਤ ਨੇ ਸ਼ਾਮ ਦੇ ਘੁਸਮੁਸੇ



ਵਿਚ। ਮੇਰੇ ਵਰਗੇ ਅਨੇਕਾਂ ਨਰ-ਨਾਰੀਆਂ ਇਥੇ ਸਨ। ਸਾਰੇ ਮੇਰੇ ਨਾਲ ਗੱਲਾਂ ਕਰ ਰਹੇ ਸਨ, ਬਸ ਕਹਿਣ ਨੂੰ। ਮੈਨੂੰ ਲੱਗਿਆ ਇਹ ਸਿਖਾਈਆਂ ਹੋਈਆਂ ਗੱਲਾਂ ਹੀ ਕਰ ਰਹੇ ਨੇ ਤਾਂ ਕਿ ਨਵਾਂ ਆਇਆ ਪਿੱਛੇ ਨੂੰ ਯਾਦ ਨਾ ਕਰੇ, ਸਗੋਂ ਉਸ ਨੂੰ ਭੁੱਲਣਾ ਸ਼ੁਰੂ ਕਰ ਦੇਵੇ। ਰੋਟੀ ਦਾ ਟਾਈਮ ਹੋਇਆ, ਸਾਰੇ ਕਹਿਣ ਲੱਗੇ, 'ਚਲੋ ਬਈ ਚਲੋ', ਪਰ ਮੇਰੀ ਭੁੱਖ ਤਾਂ ਘਰੋਂ ਚਲਦੇ ਸਾਰ ਹੀ ਮਰ ਗਈ ਸੀ। ਮੈਂ ਆਪਣੇ ਬਿਸਤਰੇ ਵਿਚ ਜਾ ਕੇ ਘੁਸ ਗਿਆ। ਜ਼ਿੰਦਗੀ ਦੇ ਪੁਰਾਣੇ ਤੋਂ ਪੁਰਾਣੇ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆਈ ਜਾਣ ਤੇ ਜਾਈ ਜਾਣ। ਮੇਰੇ ਮਾਪਿਆਂ ਨੇ ਚਾਰ ਕੁੜੀਆਂ ਬਾਅਦ ਸੁੱਖਾਂ ਸੁੱਖ ਸੁੱਖ ਹੋਏ ਪੁੱਤ ਨੂੰ ਪਤਾ ਨਹੀਂ ਕਿੰਨੇ ਚਾਵਾਂ ਨਾਲ ਪਾਲਿਆ ਹੋਵੇਗਾ। ਜੇ ਕਿਤੇ ਉਨ੍ਹਾਂ ਨੂੰ ਮੇਰੇ ਇਥੇ ਹੋਣ ਬਾਰੇ ਪਤਾ ਲੱਗ ਜਾਵੇ ਤਾਂ ਉਹ ਜਿਸ ਵੀ ਦੁਨੀਆਂ ਵਿਚ ਨੇ, ਥਾਏਂ ਮਰ ਜਾਣਗੇ; ਪਰ ਮੇਰੇ ਤਿੰਨੇ ਪੁੱਤ ਜਿਉਂਦੇ ਨੇ। ਬੱਚਿਆਂ ਵਾਲੇ ਨੇ। ਚਲੋ ਕਦੇ ਤਾਂ ਪੁੱਤਾਂ ਨੂੰ ਮੇਰੀ ਸੋਚ ਸਮਝ ਆਏਗੀ ਹੀ। ਮੈਨੂੰ ਇਹ ਸਮਝ ਨਹੀਂ ਆਈ ਕਿ ਜੇ ਬੁੱਢਾ ਬੰਦਾ ਕੰਮ ਕਰਨਯੋਗ ਨਹੀਂ ਰਹਿੰਦਾ ਤਾਂ ਉਹ ਘਰ ਵਿਚ ਵਾਧੂ ਦਾ ਭਾਰ ਕਿਉਂ ਲੱਗਣ ਲੱਗ ਜਾਂਦਾ ਹੈ? ਕਿਹਾ ਜਮਾਨਾ ਆ ਗਿਆ, ਬੁੱਢੇ ਬੰਦਿਆਂ ਤੇ ਬੁੱਢੇ ਡੰਗਰਾਂ ਵਿਚ ਕੋਈ ਫਰਕ ਨਹੀਂ ਰਹਿ ਗਿਆ। ਡੰਗਰਾਂ ਲਈ ਸ਼ਾਲਾਵਾਂ ਤੇ ਮਨੁੱਖਾਂ ਲਈ ਆਸ਼ਰਮ! ਮੇਰੇ ਬਾਬੇ ਅਤੇ ਬਾਪ ਨੇ ਤਾਂ ਬੁੱਢੇ ਹੋਏ ਬਲਦਾਂ ਤੋਂ ਕਦੇ ਝੁੱਲ ਵੀ ਨਹੀਂ ਸੀ ਉਤਰਨ ਦਿੱਤਾ। ਸੁਪਨਮਈ ਸੱਚਾਈ ਦੇ ਨਾਲ ਘੁਲਦਿਆਂ ਕਦੋਂ ਅੱਖ ਲੱਗੀ ਪਤਾ ਹੀ ਨਹੀਂ ਲੱਗਾ।

ਮੇਰੀ ਦੂਜੇ ਹੀ ਦਿਨ ਇਕ ਆਪਣੇ ਹਾਣੀ ਨਾਲ ਗੱਲਬਾਤ ਚਲ ਰਹੀ ਸੀ। ਭਰਾ ਆਪਣੇ ਕਮਰੇ ਵਿਚ ਤਾਂ ਸ਼ੀਸ਼ਾ ਹੀ ਨਹੀਂ ਹੈ, ਸਵੇਰੇ ਨਹਾ ਕੇ ਆਇਆ ਤਾਂ ਸ਼ੀਸ਼ਾ ਵੇਖਣ ਨੂੰ ਦਿਲ ਕੀਤਾ। ਉਸ ਆਖਿਆ ਕਿ ਸ਼ੀਸ਼ਾ ਤਾਂ ਸੀ, ਪਰ ਅਸੀਂ ਲਾਹ ਦਿੱਤਾ, ਮਤਾਂ ਆਪਣਾ ਮਸੋਸਿਆ ਜਿਹਾ ਮੂੰਹ ਵਿਖ ਜਾਵੇ। ਨਾਲੇ ਆਪਾਂ ਕਿਹੜਾ ਕਿਧਰੇ ਵਾਂਢੇ ਜਾਣੈ। ਮੈਂ ਮੂੰਹ ਦੂਜੇ ਪਾਸੇ ਨੂੰ ਕਰਕੇ ਅੱਖਾਂ ਦਾ ਪਾਣੀ ਪੂੰਝਿਆ ਤੇ ਸੋਚਿਆ ਕੀ ਇਹ ਕੱਲ੍ਹ ਵਾਲਾ ਬੰਦਾ ਹੀ ਹੈ, ਜੋ ਮੈਨੂੰ ਹੌਸਲਾ ਦਿੰਦਾ ਸੀ। ਸਿਰ 'ਤੇ ਬੰਨ੍ਹੇ ਪਰਨੇ ਨੂੰ ਖੋਲ੍ਹ ਕੇ ਸਿਰ ਤੇ ਦਾੜ੍ਹੀ ਵਿਚ ਕੰਘਾ ਕੀਤਾ। ਪਰਨਾ ਮੂੰਹ 'ਤੇ ਚੰਗੀ ਤਰ੍ਹਾਂ ਫੇਰਿਆ ਤੇ ਸਿਰ 'ਤੇ ਲਪੇਟ ਲਿਆ। ਫਿਰ ਅੱਖਾਂ ਵਿਚ ਪਾਣੀ ਆਉਂਦਾ ਮਹਿਸੂਸ ਕਰ ਮੈਂ ਜਲਦੀ ਨਾਲ ਮੰਜੇ 'ਤੇ ਮੂੰਹ ਦੂਜੇ ਪਾਸੇ ਨੂੰ ਕਰਕੇ ਲਿਟ ਗਿਆ। ਸ਼ਾਇਦ ਭਰਾ ਵੀ ਮੇਰੀ ਹਾਲਤ ਸਮਝ ਗਿਆ ਸੀ, ਉਹ ਵੀ ਚੁੱਪ ਕਰ ਗਿਆ। ਇਹ ਮੇਰੇ ਦਿਲ ਨੂੰ ਪਹਿਲਾ ਹਲੂਣਾ ਸੀ।

ਕਾਰ ਵਿਚੋਂ ਉੱਤਰ ਅੰਦਰ ਵੜਦੇ ਸਮੇਂ ਬੇਸ਼ਕ ਮੈਂ ਨੀਵੀਂ ਪਾਈ ਹੋਈ ਸੀ ਤੇ ਮੇਰਾ ਮੂੰਹ ਵੀ ਕਾਫੀ ਢਕਿਆ ਹੋਇਆ ਸੀ, ਪਰ ਗੇਟ 'ਤੇ ਲਿਖੇ ਹੋਏ ਸੁਆਗਤੀ ਸ਼ਬਦ ਪਤਾ ਨਹੀਂ ਮੇਰੇ ਮੱਥੇ ਵਿਚ ਕੀਕਣ ਚਲੇ ਗਏ ਸਨ। ਮੈਂ ਆਪਣੇ ਆਪ ਨੂੰ ਹੀ ਗਾਲ੍ਹ ਕੱਢ ਕੇ ਲਾਹਨਤ ਦੇਣ ਤੋਂ ਰੁਕ ਨਾ ਸਕਿਆ। ਪਤੰਦਰਾ ਤੂੰ ਆਪਦਾ ਵੰਸ਼ ਕਾਹਦੇ ਲਈ ਵਧਾਇਆ ਸੀ, ਜੇ ਤੇਰਾ ਸੁਆਗਤ ਇਥੇ ਹੀ ਹੋਣਾ ਸੀ। ਬਿਨਾ ਸ਼ੱਕ ਇਥੇ ਸਭ ਸੁਖ ਸਹੂਲਤਾਂ ਨੇ, ਸ਼ਾਨਦਾਰ ਕਮਰਾ ਹੈ, ਪਰ ਮੇਰਾ ਨਹੀਂ ਹੈ। ਵਧੀਆ ਮੰਜਾ ਬਿਸਤਰਾ ਹੈ, ਪਰ ਉਸ ਵਿਚ ਬਾਹਰਲੀ ਬੈਠਕ ਦੇ ਮੰਜੇ ਵਾਲਾ ਆਰਾਮ ਨਹੀਂ ਹੈ। ਬਹੁਤ ਵਧੀਆ ਖਾਣਾ ਹੈ, ਪਰ ਉਸ ਵਿਚ ਘਰ ਵਾਲਾ ਸੁਆਦ ਨਹੀਂ ਹੈ। ਬਹੁਤ ਖੁੱਲ੍ਹਾ-ਡੁੱਲ੍ਹਾ ਮੈਦਾਨ ਹੈ, ਪਰ ਵਿਹੜਾ ਨਹੀਂ ਹੈ। ਬਹੁਤ ਜਣੇ ਨੇ, ਪਰ ਮੇਰਾ ਕੋਈ ਨਹੀਂ ਹੈ। ਇਥੇ ਸਿਰਫ ਬਜੁਰਗ ਹਨ, ਬੁਢਾਪੇ ਦਾ ਅਸਲੀ ਸਾਥ ਜੁਆਕ, ਪੋਤੇ-ਪੋਤੀਆਂ ਨਹੀਂ ਹਨ। ਜੁਆਨੀ ਵੇਲੇ ਪੜ੍ਹੇ ਕਵੀ ਪਾਸ਼ ਦਾ ਲਿਖਿਆ ਯਾਦ ਆਇਆ ਕਿ ਚਾਰ ਕੰਧਾਂ ਦੀ ਵਲਗਣ ਘਰ ਨਹੀਂ ਹੁੰਦਾ। ਚਾਹੇ ਸਾਰਾ ਕੁਝ ਇਥੇ, ਘਰ ਤੋਂ ਵੀ ਵੱਧ ਕੇ ਹੈ, ਪਰ ਇਹ ਘਰ ਨਹੀਂ ਹੈ।

ਇਕ ਦਿਨ ਮੇਰਾ ਇਕ ਹੋਰ ਹਾਣੀ ਕਹਿ ਰਿਹਾ ਸੀ, ਮੈਂ ਘਰ ਵਿਚ ਪੈਦਾ ਹੋਇਆ। ਘਰ ਵਿਚ ਪਲਿਆ ਖੇਡਿਆ, ਘਰ ਵਿਚ ਜੁਆਨੀ ਆਈ ਤੇ ਗਈ। ਉਸ ਦੇ ਬੋਲਣ ਵਿਚ ਤੇਜ਼ੀ ਆਈ ਜਾ ਰਹੀ ਸੀ, ਘਰ ਵਿਚ ਹੀ ਮੇਰਾ ਆਪਣਾ ਪਰਿਵਾਰ ਬਣਿਆ, ਪਾਲਿਆ, ਘਰ ਵਿਚ ਹੀ ਮੈਂ ਬੁੱਢਾ ਹੋਇਆ ਤੇ ਹੁਣ ਮਰਨਾ ਵੀ ਮੈਂ ਉਸੇ ਘਰ ਵਿਚ ਹੀ ਚਾਹੁੰਨਾ। ਉਸ ਦੀਆਂ ਅੱਖਾਂ ਹੁਣ ਉਸ ਦੇ ਕਹਿਣੇ ਤੋਂ ਬਾਹਰ ਹੋ ਕੇ ਛਲਕ ਪਈਆਂ ਸਨ। ਜਿਵੇਂ ਆਖ ਰਹੀਆਂ ਹੋਣ, ਆਪਣੇ ਘਰ ਵਿਚ ਮਰਨ ਦਾ ਮਾਣ ਆਪਣਾ ਹੀ ਹੁੰਦਾ, ਉਹ ਇਥੇ ਨਹੀਂ ਹੋਣਾ, ਉਹ ਤਾਂ ਸਿਰਫ ਆਪਣੇ ਘਰ ਹੀ ਆ ਸਕਦਾ। ਜਿਵੇਂ ਉਸ ਨੂੰ ਲਗਦਾ ਹੋਵੇ ਕਿ ਲੋਕਾਂ ਦੇ ਚਿਹਰਿਆਂ 'ਤੇ ਲਿਖਿਆ ਦਿਸਿਆ ਕਰੇਗਾ ਕਿ ਉਹ ਬੁੜ੍ਹਾ ਘਰੋਂ ਬੇਘਰ ਹੋ ਕੇ ਮਰ ਗਿਆ। ਮੈਨੂੰ ਲੱਗਿਆ ਜਿਵੇਂ ਉਹ ਕੂਕ ਰਿਹਾ ਸੀ।

ਤੂੰ ਤਾਂ ਫਿਰ ਚੰਗਾਂ, ਮੇਰਾ ਤਾਂ ਕੋਈ ਭੋਗ ਪਾਉਣ ਵਾਲਾ ਵੀ ਨਹੀਂ। ਭੋਗ ਦੇ ਪੈਸੇ ਵੀ ਜਮ੍ਹਾਂ ਕਰਵਾ ਗਏ ਨੇ। ਸਾਡੇ ਦੂਜੇ ਸਾਥੀ ਨੇ ਕਿਹਾ ਤਾਂ ਮੇਰੇ ਕਾਲਜੇ ਰੁੱਗ ਭਰਿਆ ਗਿਆ। ਉਨ੍ਹਾਂ ਦੀਆਂ ਹੂਕਾਂ ਸੁਣ ਸੁਣ ਕੇ ਮੈਂ ਆਪਣੇ ਆਪ ਨੂੰ ਕਾਫੀ ਟਿਕਾਣੇ ਲੈ ਆਂਦਾ। ਭਾਈ ਇਹ ਤਾਂ ਹੁੰਦਾ ਸੀ ਕਿ ਬਾਬੇ ਦਾ ਮੰਜਾ ਅੰਦਰਲੇ ਕਮਰੇ 'ਚੋਂ ਖਿਸਕਦਾ ਖਿਸਕਦਾ ਬਾਹਰਲੀ ਬੈਠਕ ਵਿਚ ਆ ਜਾਂਦਾ ਸੀ, ਪਰ ਇੰਨੀ ਦੂਰ, ਇਹ ਤਾਂ ਕਦੇ ਨਹੀਂ ਸੀ ਸੁਣਿਆ ਚਿਤਵਿਆ। ਯਾਦ ਚੇਤੇ ਵਿਚ ਵੀ ਨਹੀਂ ਸੀ ਕਿ ਇਹ ਕੁਝ ਵੀ ਸਾਡੇ ਨਾਲ ਵਾਪਰੇਗਾ। ਕਾਸ਼! ਰੱਬ ਸਾਡੀ ਸੁਣਦਾ ਤੇ ਇਥੇ ਜਮ੍ਹਾਂ ਹੋਣ ਤੋਂ ਪਹਿਲਾਂ ਹੀ ਕਿਤੇ ਸਾਨੂੰ ਚੁੱਕ ਲੈਂਦਾ। ਮੈਂ ਵੀ ਆਪਣੇ ਦਿਲ ਦੀ ਭੜਾਸ ਸਾਂਝੀ ਕਰ ਲਈ। ਸਾਡੇ ਸਾਰਿਆਂ ਦੇ ਦਿਲ ਦੀ ਹੂਕ ਸ਼ਾਇਦ ਇਹੋ ਹੀ ਸੀ।

# ਲਿਖਣ ਕਲਾ

ਮਨੁੱਖੀ ਵਿਕਾਸ ਦੇ ਇਤਿਹਾਸ ਵਿਚ ਬੜੇ ਅਹਿਮ ਕ੍ਰਾਂਤੀਕਾਰੀ ਮੀਲ ਪੱਥਰ ਆਏ, ਜਦ ਉਸ ਨੇ ਕੁਝ ਵਿਸ਼ੇਸ਼ ਨਵਾਂ ਹੁਨਰ ਸਿੱਖਣ 'ਚ ਸਫਲਤਾ ਪ੍ਰਾਪਤ ਕੀਤੀ। ਅੱਗ ਦੀ ਖੋਜ, ਔਜਾਰਾਂ ਤੇ ਹਥਿਆਰਾਂ ਦੀ ਖੋਜ, ਖੇਤੀ ਅਤੇ ਪਹੀਏ ਦੀ ਖੋਜ ਆਦਿ। ਇਸੇ ਲੜੀ ਵਿਚ ਉਹ ਸਮਾਂ ਵੀ ਆਇਆ, ਜਦ ਮਨੁੱਖ ਨੇ ਲਿਖਣਾ ਸਿੱਖਿਆ, ਜਿਸ ਨੇ ਮਨੁੱਖੀ ਸਭਿਅਤਾ ਦੇ ਇਤਿਹਾਸ ਨੂੰ



**ਹਰਜੀਤ ਦਿਓਲ, ਬਰੈਂਪਟਨ**
ਫੋਨ: 905-676-9242

ਇਕ ਨਵਾਂ ਮੋੜ ਦਿੱਤਾ। ਪੁਰਾਤੱਤ ਵਿਗਿਆਨੀਆਂ ਦੀ ਬੇਮਿਸਾਲ ਲਗਨ ਸਦਕਾ ਅਸੀਂ ਨਾ ਸਿਰਫ ਧਰਤੀ ਥੱਲੇ ਦਫਨ ਅਣਗਿਣਤ ਭੇਦਾਂ ਦੀ ਥਾਹ ਪਾ ਸਕੇ, ਸਗੋਂ ਇਸ ਧਰਤੀ ਦੇ ਜੀਵ ਵਿਕਾਸ ਦੀਆਂ ਲੜੀਆਂ ਜੋੜਨ 'ਚ ਸਫਲ ਹੋਏ। ਸੰਸਾਰ ਦੇ ਵੱਖ ਵੱਖ ਸਥਾਨਾਂ ਤੋਂ ਖੁਦਾਈ ਰਾਹੀਂ ਪ੍ਰਾਪਤ ਹੋਏ ਅਵਸ਼ੇਸ਼ਾਂ ਰਾਹੀਂ ਅਸੀਂ ਮਨੁੱਖ ਦੀ ਲਿਖਣ ਕਲਾ ਦਾ ਦਿਲਚਸਪ ਮੁੱਢ ਸਮਝਣ ਵਿਚ ਕਾਮਯਾਬ ਹੋਏ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਲਿਖਣ ਕਲਾ ਦਾ ਮੁੱਢ ਕੋਈ 22,000 ਸਾਲ ਪਹਿਲਾਂ ਮਨੁੱਖ ਦੁਆਰਾ ਪ੍ਰਾਚੀਨ ਗੁਫਾਵਾਂ ਵਿਚ ਮੌਜੂਦ ਪੱਥਰਾਂ ਉੱਤੇ ਚਿੱਤਰਕਾਰੀ ਕਰਨ ਨਾਲ ਬੱਝਿਆ। ਇਸ ਉਪਰੰਤ ਲਗਭਗ 17,000 ਸਾਲ ਪਹਿਲਾਂ ਮਨੁੱਖ ਨੇ ਲਿਖਣ ਕਲਾ ਦੇ ਹੁਨਰ ਵੱਲ ਇੱਕ ਹੋਰ ਕਦਮ ਵਧਾ ਕੇ ਇੱਕ ਅਦੁੱਤੀ ਇਤਿਹਾਸ ਸਿਰਜਿਆ। 10 ਕੁ ਹਜਾਰ ਸਾਲ ਤੱਕ ਸੁਨੇਹਿਆਂ ਦਾ ਆਦਾਨ-ਪ੍ਰਦਾਨ ਕੁਝ ਸੰਕੇਤਾਂ ਅਤੇ ਚਿੰਨ੍ਹਾਂ ਦੀ ਚਿੱਤਰਕਾਰੀ ਦੁਆਰਾ ਹੀ ਕੀਤਾ ਜਾਂਦਾ ਰਿਹਾ, ਪਰ ਲਿਖਣ ਕਲਾ ਦਾ ਅਸਲ ਮੰਤਵ ਇਨ੍ਹਾਂ ਚਿੰਨ੍ਹ ਸੰਕੇਤਾਂ ਉੱਪਰ ਇੱਕ ਖਾਸ ਖੇਤਰ 'ਚ ਵਸ ਰਹੀਆਂ ਸਭਿਅਤਾਵਾਂ ਦੀ ਆਪਸੀ ਸਹਿਮਤੀ ਨਾਲ ਪੂਰਾ ਹੋਇਆ।

ਚਿੱਤਰ ਸੰਕੇਤਾਂ ਦਾ ਵਿਕਾਸ ਅਚਾਨਕ ਨਹੀਂ ਹੋਇਆ, ਸਗੋਂ ਲੰਮੇ ਸਮੇਂ ਤੋਂ ਇਸ ਕਾਰਜ ਲਈ ਜੁਟੇ ਰਹੇ ਬੁੱਧੀਮਾਨ ਵਿਅਕਤੀਆਂ ਦੀ ਘਾਲਣਾ ਰਾਹੀਂ ਥੋੜ੍ਹੀ ਸਫਲਤਾ ਹਾਸਲ ਹੋਈ। ਪ੍ਰਾਚੀਨ ਮੈਸੋਪੋਟਾਮੀਆ (ਅੱਜ ਦਾ ਇਰਾਕ) ਖੇਤਰ 'ਚ ਮਿਲੇ ਅਵਸ਼ੇਸ਼ਾਂ ਰਾਹੀਂ ਇਹ ਜਾਣਿਆ ਗਿਆ ਕਿ ਸਭ ਤੋਂ ਪਹਿਲੀ ਲਿਖਾਈ ਚੀਕਣੀ ਮਿੱਟੀ ਦੀਆਂ ਸਲੇਟਾਂ ਉੱਪਰ ਕੁਝ ਸੰਕੇਤ ਚਿੱਤਰ ਉਕੇਰਨ ਨਾਲ ਅਰੰਭ ਹੋਈ। ਲਗਭਗ ਪੰਜ ਕੁ ਹਜਾਰ ਸਾਲ ਪਹਿਲਾਂ ਇਨ੍ਹਾਂ ਚਿੱਤਰਾਂ ਵਿਚੋਂ ਗੋਲਾਈ (ਕਰਵ) ਨੂੰ ਖਤਮ ਕੀਤਾ ਗਿਆ, ਕਿਉਂਕਿ ਗਿੱਲੀ ਮਿੱਟੀ ਉੱਪਰ ਇਹ ਉਕੇਰਨਾ ਔਖਾ ਕੰਮ ਸੀ। ਇਸ ਦੀ ਜਗ੍ਹਾ ਸਿੱਧੀਆਂ ਫਾਨੇ ਵਰਗੀਆਂ ਲਕੀਰਾਂ ਉਕੇਰ ਕੇ ਸੰਕੇਤ ਚਿੱਤਰ ਬਣਾਉਣ ਦਾ ਰਾਹ ਕੱਢਿਆ ਗਿਆ।

ਕਈ ਸੌ ਸਾਲ ਇਵੇਂ ਹੀ ਸੂਚਨਾਵਾਂ ਦਾ ਆਦਾਨ-ਪ੍ਰਦਾਨ ਚਲਦਾ ਰਿਹਾ, ਪਰ ਇਸ ਕਲਾ ਵਿਚ ਵੱਡੀ ਤਬਦੀਲੀ ਆਈ ਜਦ ਇਹ ਚਿੰਨ੍ਹ ਸੰਕੇਤ ਬੋਲੇ ਜਾਣ ਵਾਲੇ ਸ਼ਬਦਾਂ ਦਾ ਰੂਪਾਂਤਰਣ ਕਰਨ ਲੱਗੇ। ਪੁਰਾਤੱਤ ਵਿਗਿਆਨੀਆਂ ਦਾ ਮੰਨਣਾ ਹੈ ਕਿ ਮੈਡੀਟੇਰੀਅਨ ਅਤੇ ਚੀਨ ਵਿਚ ਲਿਖਣ ਕਲਾ ਦੇ ਇਸ ਮੂਲ ਵਿਕਾਸ 'ਚ ਵੱਡਾ ਯੋਗਦਾਨ ਪਾਇਆ ਗਿਆ। ਅੱਜ ਵੀ ਚੀਨੀ ਲਿਖਾਈ ਇਨ੍ਹਾਂ ਪ੍ਰਾਚੀਨ ਚਿੰਨ੍ਹ ਸੰਕੇਤਾਂ ਨਾਲ ਬਹੁਤ ਮੇਲ ਖਾਂਦੀ ਹੈ। ਇਸ ਦੌਰਾਨ ਸੰਸਾਰ ਦੇ ਕਈ ਖੇਤਰਾਂ ਵਿਚ ਇਸ ਵਿਧੀ ਦੁਆਰਾ ਇਤਿਹਾਸ, ਕਾਨੂੰਨ ਅਤੇ ਕਹਾਣੀਆਂ ਨੂੰ



ਮਿੱਟੀ ਦੀਆਂ ਸਲੇਟਾਂ, ਪੱਥਰ ਅਤੇ ਇੱਕ ਖਾਸ ਕਿਸਮ ਦੇ ਪੱਤਿਆਂ ਉੱਤੇ ਦਰਜ ਕੀਤਾ ਜਾਣ ਲੱਗਾ।

ਤਿੰਨ ਕੁ ਹਜਾਰ ਸਾਲ ਹੋਏ ਲਿਖਣ ਕਲਾ ਵਿਚ ਕ੍ਰਾਂਤੀਕਾਰੀ ਪਰਿਵਰਤਨ ਆਇਆ, ਜਦ ਬੁੱਧੀਮਾਨਾਂ ਨੇ ਅਲਫਾਬੈਟ (ਵਰਣਮਾਲਾ) ਦੀ ਖੋਜ ਕਰਨ 'ਚ ਸਫਲਤਾ ਪ੍ਰਾਪਤ ਕਰ ਲਈ। ਇਸ ਨਾਲ ਬੋਲੀਆਂ ਜਾਣ ਵਾਲੀਆਂ ਧੁਨੀਆਂ ਦੀ ਅੱਖਰਾਂ ਨਾਲ ਤਰਜਮਾਨੀ ਹੋਣ ਲੱਗੀ। ਇਸ ਉਪਰੰਤ ਲਿਖਣ ਕਲਾ ਦਾ ਵਿਕਾਸ ਬੜੀ ਤੇਜੀ ਨਾਲ ਹੋਇਆ ਅਤੇ ਦੁਨੀਆਂ ਦੇ ਵੱਖ ਵੱਖ ਹਿੱਸਿਆਂ 'ਚ ਆਪੋ-ਆਪਣੀ ਬੋਲੀ ਅਨੁਸਾਰ ਲਿਖਣ ਭਾਸ਼ਾਵਾਂ ਦਾ ਵਿਸਤਾਰ ਹੁੰਦਾ ਗਿਆ। ਇਸ ਤਰ੍ਹਾਂ ਬੁੱਧੀਮਾਨ ਮਨੁੱਖ ਜਾਤੀ ਨੇ ਇਸ ਅਨੋਖੇ ਹੁਨਰ ਨਾਲ ਮਨੁੱਖਤਾ ਦਾ ਨਵਾਂ ਇਤਿਹਾਸ ਸਿਰਜਣ ਵਿਚ ਵੱਡਾ ਯੋਗਦਾਨ ਪਾਇਆ। ਅੱਜ ਕੰਪਿਊਟਰ ਯੁਗ ਨੇ ਭਾਵੇਂ ਇਸ ਦਿਸ਼ਾ ਵਿਚ ਹੈਰਾਨੀਜਨਕ ਬਦਲਾਓ ਲੈ ਆਂਦਾ ਹੈ, ਪਰ ਸਾਨੂੰ ਮਾਣ ਹੈ ਆਪਣੇ ਉਨ੍ਹਾਂ ਪੁਰਖਿਆਂ 'ਤੇ, ਜਿਨ੍ਹਾਂ ਪੱਥਰਾਂ ਉੱਤੇ ਚਿੱਤਰ ਉਕੇਰ ਇਸ ਹੁਨਰ ਵੱਲ ਪਹਿਲਾ ਕਦਮ ਵਧਾਇਆ।

# ਮਾਯੂਸੀ ਦਾ ਮਹਾਤਮ

(ਪਿਛਲੇ ਸਫੇ ਦੀ ਬਾਕੀ)

ਜਾ ਸਕੇ। ਫਿਰ ਖੁਦ ਹੀ ਦੁੱਖ ਤੇ ਖੁਦ ਹੀ ਮੋਢੇ ਬਣ ਕੇ ਅੰਦਰਲੇ ਗੁਬਾਰ ਨੂੰ ਰਾਹਤ ਦੇਣੀ ਪੈਂਦੀ ਅਤੇ ਮਾਯੂਸੀ ਬਨਦੀ ਸੱਜਣ ਦੀ ਬਾਂਹ।

ਮਾਯੂਸੀ ਦਾ ਸਵੈ-ਪ੍ਰਗਟਾਵਾ ਹੁੰਦਾ ਏ ਅੱਖਾਂ ਵਿਚੋਂ, ਬੋਲਾਂ ਰਾਹੀਂ, ਤੋਰ 'ਚੋਂ, ਚਿਹਰੇ ਤੋਂ, ਰੰਗ-ਰੂਪ 'ਚੋਂ, ਲਿਬਾਸ ਵਿਚੋਂ ਅਤੇ ਜੀਵਨ ਦੇ ਨਜ਼ਰੀਏ ਵਿਚੋਂ। ਤੁਹਾਡਾ ਸਮੁੱਚ, ਤੁਹਾਡਾ ਬਿੰਬ ਹੀ ਤਾਂ ਹੁੰਦਾ ਅਤੇ ਇਸ ਬਿੰਬ ਨੂੰ ਖੁਦ ਤੋਂ ਵੱਖ ਕਿੰਜ ਕਰੋਗੇ?

ਮਾਯੂਸੀ ਤੋਂ ਮਜਬੂਤੀ ਦੇ ਰਾਹੀ ਬਣੋ, ਜੀਵਨ-ਤੋਰ ਦੀ ਡਗਮਗਾਹਟ ਖਤਮ ਹੋ ਜਾਵੇਗੀ। ਤੁਸੀਂ ਨਿਗਰ ਕਦਮਾਂ ਦਾ ਨਾਮਕਰਣ ਹੋਵੋਗੇ। ਮਾਯੂਸੀ, ਮੜੀਆਂ ਨੂੰ ਜਾਂਦਾ ਮਾਰਗ ਨਹੀਂ, ਸਗੋਂ ਕਬਰ ਵਿਚੋਂ ਉਗਣ ਦਾ ਨਾਮ ਹੁੰਦੀ।

ਮਾਯੂਸੀ ਤਪਦਾ ਮਾਰੂਥਲ
ਜਿੰਦ ਪਿਘਲ ਜਾਂਦੀ ਆ
ਮਾਯੂਸੀ ਤਿੱਖੀ ਢਲਾਣ
ਰੂਹ ਫਿਸਲ ਜਾਂਦੀ ਆ
ਮਾਯੂਸੀ ਪੱਤਹੀਣ ਬਿਰਖ
ਹਮੇਸ਼ਾ ਨਿਫਲ ਜਾਂਦੀ ਆ
ਮਾਯੂਸੀ ਆਤਮ ਜਾਈ ਆ
ਹਮੇਸ਼ਾ ਇਕੱਲ ਪਾਂਦੀ ਆ
ਮਾਯੂਸੀ ਬੰਦ ਰਾਹ ਵਰਗੀ
ਸੋਚ ਸਿੱਥਲ ਜਾਂਦੀ ਆ
ਮਾਯੂਸੀ ਮੜੀਆਂ ਦੀ ਮਮਟੀ
ਜ਼ਿੰਦਗੀ ਬਿਫਲ ਜਾਂਦੀ ਆ
ਪਰ, ਮਨਾਂ ਮਾਯੂਸ ਨਾ ਹੋਵੀਂ
ਮਾਯੂਸੀ ਨਿਘਲ ਜਾਂਦੀ ਆ।

ਕਦੇ ਉਨ੍ਹਾਂ ਲੋਕਾਂ ਦੇ ਨੈਣਾਂ ਵਿਚ ਉਤਰੀ ਮਾਯੂਸੀ ਨੂੰ ਮਹਿਸੂਸ ਕਰਨਾ, ਜੋ ਦਿਨ ਭਰ ਦੂਸਰਿਆਂ ਨੂੰ ਹਸਾਉਂਦੇ, ਖੁਦ ਸਾਰੀ ਰਾਤ ਰੋਂਦਿਆਂ ਹੀ ਲੰਘਾਉਂਦੇ; ਕਿਉਂਕਿ ਉਨ੍ਹਾਂ ਦੇ ਅੰਤਰੀਵ ਵਿਚ ਵੱਸਦੀ ਮਾਯੂਸੀ ਕਦ ਚੈਨ ਨਾਲ ਸੌਣ ਦਿੰਦੀ ਆ। ਅਜਿਹੇ ਹਾਸਿਆਂ ਦੇ ਵਪਾਰੀ ਹੌਕਿਆਂ ਵਿਚੋਂ ਹੀ ਜ਼ਿੰਦਗੀ ਦੀ ਸਾਹ-ਸੰਗੀਤਕਾ ਨੂੰ ਲੋਚਦੇ ਨੇ।

ਮਾਯੂਸੀ ਹੋਵੇ ਜਾਂ ਮਹੂਰਤ, ਮੌਤ ਹੋਵੇ ਜਾਂ ਮੇਲਾ, ਮੁੱਕਰਨਾ ਹੋਵੇ ਜਾਂ ਮਿਲਾਪ, ਮਰਨਹਾਰੀ ਜਾਂ ਮੌਲਣਹਾਰੀ ਰੁੱਤ ਹੋਵੇ, ਮੋਹ-ਮੁੜਾਈ ਜਾਂ ਮੁਹੱਬਤ ਹੋਵੇ, ਮੰਗਤਾ ਹੋਵੇ ਜਾਂ ਮਹਾਂ-ਦਾਨੀ, ਮੜੀ ਹੋਵੇ ਜਾਂ ਮੰਦਿਰ, ਮੁਤਬੰਨਾ ਹੋਵੇ ਜਾਂ ਮਾਲਕ ਅਤੇ ਮਹਿੰਗਾ ਹੋਵੇ ਜਾਂ ਮੁਫਤ, ਜ਼ਿੰਦਗੀ ਤਾਂ ਚੱਲਦੀ ਹੀ ਰਹਿਣੀ ਏ। ਫਿਰ ਮਾਯੂਸੀ ਦੀ ਮੁਹਾਰਨੀ ਕਿਉਂ ਰਟੀਏ? ਜ਼ਿੰਦਗੀ ਨੂੰ ਉਸੇ ਰੂਪ ਵਿਚ ਹੀ ਮਾਣੀਏ ਜਿਵੇਂ ਜ਼ਿੰਦਗੀ ਸਾਨੂੰ ਮਿਲਦੀ ਏ। ਸਦੀਵੀ ਮਾਯੂਸੀ ਮੌਤ ਹੁੰਦੀ, ਜਦੋਂ ਕਿ ਪਲ ਭਰ ਦੀ ਮਾਯੂਸੀ ਵਿਚੋਂ ਮਹਾਨਤਾਵਾਂ ਜਨਮ ਲੈਂਦੀਆਂ।

# ਫਿਰਾਕ ਦਾ ਫਿਕਰ

## ਕਲਾ ਪਰਿਕਰਮਾ

ਉਰਦੂ ਸਾਹਿਤ ਵਿਚ ਵੀਹਵੀਂ ਸਦੀ ਦੇ ਸ਼ਾਇਰਾਂ ਦਾ ਜ਼ਿਕਰ ਹੁੰਦਾ ਹੈ ਤਾਂ ਉਰਦੂ ਜ਼ੁਬਾਨ ਵਿਚ ਪਹਿਲੀ ਵਾਰ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲੇ ਫਿਰਾਕ ਗੋਰਖਪੁਰੀ ਦਾ ਨਾਂ ਵਿਸ਼ੇਸ਼ ਰੂਪ ਵਿਚ ਲਿਆ ਜਾਂਦਾ ਹੈ। ਉਨ੍ਹਾਂ ਨੇ ਸ਼ਾਇਰੀ ਦੇ ਮੈਦਾਨ ਮੱਲਾਂ ਮਾਰੀਆਂ ਅਤੇ ਸਾਹਿਤ ਦੇ ਖੇਤਰ ਵਿਚ ਬਤੌਰ ਆਲੋਚਕ ਵੀ ਵਡਮੁੱਲਾ ਯੋਗਦਾਨ ਪਾਇਆ।

ਫਿਰਾਕ ਦਾ ਜਨਮ 28 ਅਗਸਤ 1896 ਨੂੰ ਗੋਰਖਪੁਰ (ਉਤਰ ਪ੍ਰਦੇਸ਼) ਦੇ ਇੱਕ ਕਾਇਸਥ ਪਰਿਵਾਰ ਵਿਚ ਹੋਇਆ। ਉਨ੍ਹਾਂ ਦਾ ਅਸਲੀ ਨਾਂ ਰਘੁਪਤੀ ਸਹਾਏ ਸੀ ਪਰ ਸਾਹਿਤ ਦੀ ਦੁਨੀਆ ਵਿਚ ਫਿਰਾਕ ਗੋਰਖਪੁਰੀ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮੁੱਢਲੀ ਸਿੱਖਿਆ ਰਾਮ-ਕ੍ਰਿਸ਼ਨ ਦੀਆਂ ਕਹਾਣੀਆਂ ਤੋਂ ਲਈ। ਇਸ ਉਪਰੰਤ ਉਨ੍ਹਾਂ ਨੂੰ ਖਾਸ ਤੌਰ 'ਤੇ ਅਰਬੀ, ਫਾਰਸੀ ਅਤੇ ਅੰਗਰੇਜ਼ੀ ਦੀ ਸਿੱਖਿਆ ਦਿਵਾਈ ਗਈ। ਇਸੇ ਦੌਰਾਨ 1914 ਵਿਚ

**ਅੱਬਾਸ ਧਾਲੀਵਾਲ**
ਫੋਨ: +91-98552-59650

ਪ੍ਰਸਿੱਧ ਜ਼ਿਮੀਂਦਾਰ ਵਿੰਦੇਸ਼ਵਰੀ ਪ੍ਰਸਾਦ ਦੀ ਧੀ ਕਿਸ਼ੋਰੀ ਦੇਵੀ ਨਾਲ ਉਨ੍ਹਾਂ ਦਾ ਵਿਆਹ ਹੋਇਆ।

ਫਿਰਾਕ ਨੇ ਸਖਤ ਮਿਹਨਤ ਤੇ ਲਗਨ ਸਦਕਾ ਬੀ.ਏ. ਵਿਚ ਸੂਬੇ ਵਿਚੋਂ ਚੌਥਾ ਸਥਾਨ ਹਾਸਲ ਕੀਤਾ। ਇਸ ਉਪਰੰਤ ਉਨ੍ਹਾਂ ਦੀ ਚੋਣ ਆਈ.ਸੀ.ਐਸ. (ਇੰਡੀਅਨ ਸਿਵਲ ਸਰਵਿਸ) ਲਈ ਹੋਈ ਪਰ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਲਹਿਰ ਦੇ ਚਲਦਿਆਂ ਫਿਰਾਕ ਨੇ 1920 ਵਿਚ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਉਂ ਉਹ ਆਜ਼ਾਦੀ ਸੰਗਰਾਮ ਨਾਲ ਜੁੜ ਗਏ। ਇਸ ਦੌਰਾਨ ਉਨ੍ਹਾਂ ਨੂੰ ਡੇਢ ਸਾਲ ਜੇਲ੍ਹ ਦੀ ਸਜ਼ਾ ਵੀ ਕੱਟਣੀ ਪਈ। ਜੇਲ੍ਹ ਤੋਂ ਰਿਹਾਅ ਹੋਣ ਮਗਰੋਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਕੁੱਲ ਹਿੰਦ ਕਾਂਗਰਸ ਦਾ ਸਕੱਤਰ ਬਣਾਇਆ। ਜਵਾਹਰ ਲਾਲ ਨਹਿਰੂ ਦੇ ਯੂਰਪ ਚਲੇ ਜਾਣ ਮਗਰੋਂ ਉਨ੍ਹਾਂ ਨੇ ਸਕੱਤਰੀ ਵੀ ਛੱਡ ਦਿੱਤੀ।

ਇਸ ਤੋਂ ਬਾਅਦ ਫਿਰਾਕ ਗੋਰਖਪੁਰੀ ਅਲਾਹਾਬਾਦ ਯੂਨੀਵਰਸਿਟੀ ਵਿਚ 1930 ਤੋਂ 1959 ਤੱਕ ਬਤੌਰ ਅੰਗਰੇਜ਼ੀ ਅਧਿਆਪਕ ਆਪਣੀਆਂ ਸੇਵਾਵਾਂ ਨਿਭਾਉਂਦੇ ਰਹੇ। ਉਹ ਪੜ੍ਹਾਈ ਕਰਾਉਣ ਦੇ ਨਾਲ-ਨਾਲ ਆਪਣੀ ਸ਼ਾਇਰੀ ਦੀ ਚੇਟਕ ਵੀ ਪੂਰੀ ਕਰਦੇ ਰਹੇ। ਅੰਗਰੇਜ਼ੀ ਅਧਿਆਪਕ ਹੋਣ ਦੇ ਬਾਵਜੂਦ ਉਨ੍ਹਾਂ ਨੇ ਉਰਦੂ ਅਤੇ ਹਿੰਦੀ ਸਾਹਿਤਕ ਆਲੋਚਨਾ ਦੀਆਂ ਕਿਤਾਬਾਂ ਲਿਖੀਆਂ।

ਬਤੌਰ ਸ਼ਾਇਰ ਫਿਰਾਕ ਨੇ ਉਰਦੂ ਦੀ ਲਗਭਗ ਹਰ ਕਾਵਿ ਸ਼ੈਲੀ ਵਿਚ ਰਚਨਾ ਕੀਤੀ; ਜਿਵੇਂ ਗਜ਼ਲ, ਨਜ਼ਮ, ਰੁਬਾਈ, ਕਤਾਅ ਆਦਿ ਅਤੇ ਆਪਣੀ ਵਿਲੱਖਣ ਪਛਾਣ ਬਣਾਈ। ਉਨ੍ਹਾਂ ਨੇ ਉਰਦੂ ਸ਼ਾਇਰੀ ਦੀਆਂ ਦਰਜਨ ਤੋਂ ਵੱਧ ਅਤੇ ਵਾਰਤਕ ਵਿਚ ਅੱਧੀ ਦਰਜਨ ਤੋਂ ਵਧੇਰੇ ਕਿਤਾਬਾਂ ਦੀ ਸੰਪਾਦਨਾ ਵੀ ਕੀਤੀ। ਹਿੰਦੀ ਵਿਚ ਵੀ ਕਿਤਾਬਾਂ ਲਿਖੀਆਂ। ਇਸ ਦੇ ਨਾਲ ਨਾਲ ਉਨ੍ਹਾਂ ਅੰਗਰੇਜ਼ੀ ਸਾਹਿਤ ਅਤੇ ਸਭਿਆਚਾਰਕ ਵਿਸ਼ਿਆਂ 'ਤੇ ਵੀ ਕਿਤਾਬਾਂ ਲਿਖੀਆਂ।

ਆਧੁਨਿਕ ਸ਼ਾਇਰੀ ਵਿਚ ਫਿਰਾਕ ਨੂੰ ਉਚਾ ਮੁਕਾਮ ਹਾਸਲ ਹੈ। ਅਜੋਕੀ ਸ਼ਾਇਰੀ 'ਤੇ ਉਨ੍ਹਾਂ ਦੀ ਡੂੰਘੀ ਛਾਪ ਹੈ। ਵਧੀਆ ਸ਼ਾਇਰ ਹੋਣ ਦੇ ਨਾਲ ਨਾਲ ਉਹ ਉਮਦਾ ਸ਼ਖਸੀਅਤ ਦੇ ਮਾਲਕ ਵੀ ਸਨ। ਹਾਜ਼ਰ ਜਵਾਬੀ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ।

ਉਨ੍ਹਾਂ ਦੇ ਸਮਕਾਲੀਆਂ ਵਿਚ ਡਾ. ਅੱਲਾਮਾ ਇਕਬਾਲ, ਫੈਜ਼ ਅਹਿਮਦ ਫੈਜ਼, ਕੈਫੀ ਆਜ਼ਮੀ, ਜੋਸ਼ ਮਲੀਹਾਬਾਦੀ, ਜਿਗਰ ਮੁਰਾਦਾਬਾਦੀ, ਸਾਹਿਰ ਲੁਧਿਆਣਵੀ ਆਦਿ ਸ਼ਾਮਲ ਸਨ। ਇਨ੍ਹਾਂ ਮਹਾਨ ਸ਼ਾਇਰਾਂ ਦੇ ਵਿਚਕਾਰ ਫਿਰਾਕ ਗੋਰਖਪੁਰੀ ਨੇ ਆਪਣੀ ਵੱਖਰੀ ਪਛਾਣ ਬਣਾਈ ਅਤੇ ਆਪਣੀ ਚੰਗੀ ਸ਼ਾਇਰੀ ਦਾ ਲੋਹਾ ਮਨਵਾਇਆ।

ਆਮ ਉਰਦੂ ਸ਼ਾਇਰਾਂ ਵਾਂਗ ਫਿਰਾਕ ਨੇ ਵੀ ਆਪਣੀ ਸ਼ਾਇਰੀ ਦੀ ਸ਼ੁਰੂਆਤ ਗਜ਼ਲਗੋਈ ਨਾਲ ਕੀਤੀ। ਫਿਰਾਕ ਦੀ ਸ਼ਾਇਰੀ ਦਾ ਬਹੁਤਾ



*ਸ਼ਾਇਰ ਫਿਰਾਕ ਗੋਰਖਪੁਰੀ*




*ਫਿਰਾਕ ਗੋਰਖਪੁਰੀ ਦੀ ਯਾਦ ਵਿਚ ਜਾਰੀ ਕੀਤੀ ਡਾਕ ਟਿਕਟ।*

ਹਿੱਸਾ ਰੁਮਾਨੀਅਤ, ਰਹੱਸ ਅਤੇ ਸ਼ਾਸਤਰੀਅਤਾ ਨਾਲ ਭਰਪੂਰ ਹੈ। ਉਨ੍ਹਾਂ ਆਪਣੀਆਂ ਗਜ਼ਲਾਂ ਰਾਹੀਂ ਰੁਮਾਨੀ ਸ਼ਾਇਰੀ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਉਨ੍ਹਾਂ ਦੇ ਰੁਮਾਨੀ ਅਤੇ ਰਹੱਸਮਈ ਅੰਦਾਜ਼ੇ-ਬਿਆਨ ਨੂੰ ਇਨ੍ਹਾਂ ਸ਼ਿਅਰਾਂ ਵਿਚ ਪ੍ਰਤੱਖ ਵੇਖਿਆ ਸਕਦਾ ਹੈ। ਜਿਵੇਂ:

ਬਹੁਤ ਪਹਿਲੇ ਸੇ ਇਨ ਕਦਮੋਂ ਕੀ
ਆਹਟ ਜਾਨ ਲੇਤੇ ਹੈਂ।
ਤੁਝੇ ਐ ਜ਼ਿੰਦਗੀ ਹਮ ਦੂਰ ਸੇ
ਪਹਿਚਾਨ ਲੇਤੇ ਹੈਂ।

---

ਮੈਂ ਹੂੰ ਦਿਲ ਹੈ ਤਨਹਾਈ ਹੈ।
ਤੁਮ ਭੀ ਹੋਤੇ ਅੱਛਾ ਹੋਤਾ।

---

ਇਕ ਉਮਰ ਕਟ ਗਈ ਹੈ
ਤੇਰੇ ਇੰਤਜ਼ਾਰ ਮੇਂ।
ਐਸੇ ਭੀ ਹੈਂ ਕਿ ਕਟ ਨਾ ਸਕੀ
ਜਿਨ ਸੇ ਏਕ ਰਾਤ।

---

ਅਬ ਤੋ ਉਨਕੀ ਯਾਦ ਭੀ ਆਤੀ ਨਹੀਂ।
ਕਿਤਨੀ ਤਨਹਾ ਹੋ ਗਈ ਤਨਹਾਈਆਂ।

---

ਤੁਮ ਮੁਖਾਤਿਬ ਭੀ ਹੋ ਕਰੀਬ ਭੀ ਹੋ।
ਤੁਮ ਕੋ ਦੇਖੇਂ ਕਿ ਤੁਮ ਸੇ ਬਾਤ ਕਰੇਂ।

---

ਕੌਣ ਯੇਹ ਲੇ ਰਹਾ ਅੰਗੜਾਈ।
ਆਸਮਾਨੋਂ ਕੋ ਨੀਂਦ ਆਤੀ ਹੈ।

ਦਰਅਸਲ, ਫਿਰਾਕ ਨੇ ਆਪਣੀ ਸ਼ਾਇਰੀ ਅੰਦਰ ਰਵਾਇਤੀ ਭਾਵ ਅਤੇ ਸ਼ਬਦ ਭੰਡਾਰ ਦੀ ਵਰਤੋਂ ਕਰਦਿਆਂ ਇਸ ਨੂੰ ਨਵੀਂ ਸ਼ੈਲੀ ਅਤੇ ਨਵੇਂ ਵਿਸ਼ਿਆਂ ਨਾਲ ਜੋੜਨ ਦੀ ਸਫਲ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਮਾਜ ਵਿਚ ਪਸਰੇ ਦੁੱਖ-ਦਰਦ ਨੂੰ ਨਿੱਜੀ ਅਨੁਭਵ ਬਣਾ ਕੇ ਆਪਣੀ ਸ਼ਾਇਰੀ ਵਿਚ ਢਾਲਣ ਦਾ ਉਪਰਾਲਾ ਕੀਤਾ। ਉਨ੍ਹਾਂ ਰੋਜ਼ਾਨਾ ਜੀਵਨ ਦੇ ਕੌੜੇ ਸੱਚ ਨੂੰ ਸਭਿਆਚਾਰ ਅਤੇ ਲੋਕ ਭਾਸ਼ਾ ਦੇ ਪ੍ਰਤੀਕਾਂ ਨਾਲ ਜੋੜ ਕੇ ਸ਼ਾਇਰੀ ਕੀਤੀ। ਫਿਰਾਕ ਦੇ ਵਿਆਪਕ ਅਧਿਐਨ ਅਤੇ ਫਾਰਸੀ, ਹਿੰਦੀ, ਬ੍ਰਜ ਭਾਸ਼ਾ 'ਤੇ ਡੂੰਘੀ ਪਕੜ ਦੇ ਚਲਦਿਆਂ ਉਨ੍ਹਾਂ ਦੀ ਸ਼ਾਇਰੀ ਵਿਚ ਭਾਰਤ ਦੀ ਮੂਲ ਪਛਾਣ ਰਚ ਗਈ ਹੈ।

ਫਿਰਾਕ ਅੰਗਰੇਜ਼ੀ ਭਾਸ਼ਾ ਦੇ ਵਿਦਵਾਨ ਸਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਉਰਦੂ ਭਾਸ਼ਾ ਨਾਲ ਅੰਤਾਂ ਦਾ ਲਗਾਅ ਸੀ। ਇਸ ਦਾ ਅੰਦਾਜ਼ਾ ਉਨ੍ਹਾਂ ਦੇ ਇੱਕ ਸ਼ਿਅਰ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ:

ਮੇਰੀ ਘੁੱਟੀ ਮੇਂ ਪੜੀ ਥੀ
ਹੋ ਕੇ ਹਲ ਉਰਦੂ ਜ਼ੁਬਾਂ।
ਜੋ ਭੀ ਮੈਂ ਕਹਿਤਾ ਗਿਆ
ਹੁਸਨ-ਏ-ਬਿਆਂ ਹੋਤਾ ਗਿਆ।

ਸ਼ਾਇਰੀ ਦੇ ਨਾਲ ਨਾਲ ਫਿਰਾਕ ਨੇ ਆਲ ਇੰਡੀਆ ਰੇਡੀਓ 'ਤੇ ਵੀ ਸੇਵਾਵਾਂ ਦਿੱਤੀਆਂ। ਇਕ ਥਾਂ ਜੀਵਨ ਦੀਆਂ ਮੁਸ਼ਕਿਲਾਂ ਨੂੰ ਬਿਆਨ ਕਰਦਿਆਂ ਆਖਦੇ ਹਨ:

ਜ਼ਿੰਦਗੀ ਕਾ ਕੋਈ ਇਲਾਜ ਨਹੀਂ।
ਮੌਤ ਕਾ ਭੀ ਇਲਾਜ ਹੋ ਸ਼ਾਇਦ।

ਫਿਰਾਕ ਦੀਆਂ ਚੋਣਵੀਆਂ ਰਚਨਾਵਾਂ ਵਿਚ ਗੁਲ-ਏ-ਨਗਮਾ, ਮਸ਼ਆਲ, ਰੂਹੇ-ਕਾਇਨਾਤ, ਸ਼ਬਿਸਤਾਨ, ਸਰਗਮ, ਬਜ਼ਮੇ ਜ਼ਿੰਦਗੀ, ਰੰਗੇ ਸ਼ਾਇਰੀ, ਨਗਮਾ-ਏ-ਸਾਜ਼, ਗਜ਼ਲਿਸਤਾਨ ਆਦਿ ਸ਼ਾਮਲ ਹਨ। ਉਹ ਬਹੁਤ ਜ਼ਿੰਦਾਦਿਲ ਇਨਸਾਨ ਸਨ। ਫਿਰਾਕ ਦੇ ਵਿਦਿਆਰਥੀ ਜੀਵਨ ਦੀ ਇੱਕ ਘਟਨਾ ਬੇਹੱਦ ਦਿਲਚਸਪ ਹੈ। ਦਰਅਸਲ, ਫਿਰਾਕ ਗੋਰਖਪੁਰੀ ਆਗਰਾ ਯੂਨੀਵਰਸਿਟੀ ਵਿਚ ਇੰਟਰ ਸਾਇੰਸ ਦੇ ਵਿਦਿਆਰਥੀ ਸਨ। ਇਸ ਦੌਰਾਨ ਉਹ ਸਾਰੇ ਵਿਸ਼ਿਆਂ ਵਿਚ ਵਧੀਆ ਨੰਬਰ ਪ੍ਰਾਪਤ ਕਰਦੇ ਪਰ ਫਿਜ਼ਿਕਸ ਵਿਚੋਂ ਅਕਸਰ ਫੇਲ੍ਹ ਹੋ ਜਾਂਦੇ। ਇੱਕ ਦਿਨ ਕਾਲਜ ਦੇ ਪ੍ਰਿੰਸੀਪਲ ਨੇ ਉਨ੍ਹਾਂ ਨੂੰ ਬੁਲਾ ਕੇ ਪੁੱਛਿਆ, "ਬਈ ਕੀ ਗੱਲ ਹੈ, ਬਾਕੀ ਵਿਸ਼ਿਆਂ ਵਿਚ ਤੁਹਾਡਾ ਨਤੀਜਾ ਬਹੁਤ ਵਧੀਆ ਰਹਿੰਦਾ ਹੈ ਪਰ ਫਿਜ਼ਿਕਸ ਵਿਚ ਕਿਉਂ ਫੇਲ੍ਹ ਹੋ ਜਾਂਦੇ ਹੋ?"

ਫਿਰਾਕ ਨੇ ਫੌਰੀ ਉਤਰ ਦਿੰਦਿਆਂ ਕਿਹਾ, "ਜਨਾਬ, ਇਸ ਲਈ ਕਿ ਮੈਂ ਫਿਜ਼ੀਕਲੀ ਕਮਜ਼ੋਰ ਹਾਂ।"

ਫਿਰਾਕ ਨੂੰ ਉਨ੍ਹਾਂ ਦੇ ਸਾਹਿਤ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ ਬਹੁਤ ਸਾਰੇ ਇਨਾਮਾਂ ਨਾਲ ਨਿਵਾਜਿਆ ਗਿਆ। ਇਸ ਪ੍ਰਸੰਗ ਵਿਚ 1969 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਉਰਦੂ ਸ਼ਾਇਰੀ ਦੀ ਪੁਸਤਕ 'ਗੁਲ-ਏ-ਨਗਮਾ' ਲਈ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੂੰ 1960 ਵਿਚ ਉਰਦੂ ਦਾ ਸਾਹਿਤ ਅਕੈਡਮੀ ਐਵਾਰਡ, 1968 ਵਿਚ ਪਦਮ ਭੂਸ਼ਣ, 1968 ਵਿਚ ਸੋਵੀਅਤ ਲੈਂਡ ਨਹਿਰੂ ਇਨਾਮ, 1970 ਵਿਚ ਸਾਹਿਤ ਅਕੈਡਮੀ ਫੈਲੋਸ਼ਿਪ, 1981 ਵਿਚ ਗਾਲਿਬ ਅਕੈਡਮੀ ਐਵਾਰਡ ਮਿਲੇ। ਇਸੇ ਦੌਰਾਨ 1970 ਵਿਚ ਉਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ। ਫਿਰਾਕ ਗੋਰਖਪੁਰੀ ਦੀਆਂ ਰਚਨਾਵਾਂ ਵਿਚ ਖੂਬਸੂਰਤ ਨਜ਼ਮਾਂ ਅਤੇ ਰੁਬਾਈਆਂ ਵੀ ਸ਼ਾਮਲ ਹਨ। ਉਨ੍ਹਾਂ ਨਾਵਲ 'ਸਾਧੂ ਔਰ ਕੁਟੀਆ' ਅਤੇ ਕਈ ਕਹਾਣੀਆਂ ਵੀ ਲਿਖੀਆਂ।

ਉਰਦੂ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਦਾ ਇਹ ਹਰਮਨ ਪਿਆਰਾ ਲੇਖਕ ਫਿਰਾਕ ਗੋਰਖਪੁਰੀ ਲੰਮੀ ਬਿਮਾਰੀ ਤੋਂ ਬਾਅਦ ਅਖੀਰ 3 ਮਾਰਚ 1982 ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਨੇ ਆਪਣੇ ਅੰਤਿਮ ਸਾਹ ਦਿੱਲੀ ਵਿਖੇ ਲਏ। ਉਨ੍ਹਾਂ ਦੀ ਦੇਹ ਨੂੰ ਅਲਾਹਾਬਾਦ ਲਿਜਾਇਆ ਗਿਆ ਜਿੱਥੇ ਗੰਗਾ ਜਮਨਾ ਦੇ ਸੰਗਮ 'ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਦਸੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-458



*ਕਹਿਰ ਕਰੋਨਾ ਦਾ, ਚੌਪਟ ਧੰਦੇ, ਕੈਸੀ ਰੱਬ ਦੀ ਮਰਜ਼ੀ,*
*ਪਹਿਲੋਂ ਹੀ 'ਰੈਡੀਮੇਡ' ਰਿਵਾਜ ਨੇ ਸੀਗੇ ਮਾਰੇ ਦਰਜ਼ੀ!*

## ਕੈਪਸ਼ਨ ਮੁਕਾਬਲਾ-456



ਭੁੱਲੀਆਂ ਵਿਸਰੀਆਂ ਖੇਡਾਂ ਦੀ
ਝਾਕੀ ਖੂਬ ਬਣਾਈ।
ਟੰਗ ਪਲੰਘੇ ਬਾਂਦਰ ਕੀਲੇ ਦੀ
ਝੱਟ ਯਾਦ ਹੈ ਆਈ।
ਸਾਦੇ ਲੋਕ ਸਸਤੀਆਂ ਖੇਡਾਂ
ਨ ਹਿੰਗ ਫਟਕੜੀ ਲੱਗੇ,
ਪਰ ਨਵੀਂ ਤਕਨੀਕ ਨੇ
ਲੰਘਾ ਦਿੱਤੀ ਦੁਨੀਆਂ ਅੱਗੇ।
*-ਸੇਵਾ ਸਿੰਘ ਨੂਰਪੁਰੀ*

---

ਬਚਪਨ ਦੀਆਂ ਇਹ ਖੇਡਾਂ
ਕੋਈ ਤਾਂ ਮੋੜ ਲਿਆਓ,
ਇੱਕ ਦੂਜੇ ਦੇ ਮੋਢੇ ਚੜ੍ਹ ਕੇ
ਫਲ ਤੋੜ ਕੇ ਵੀ ਤਾਂ ਖਾਓ।
ਇਹ ਨਾਦਾਨੀ ਤੇ ਸ਼ੈਤਾਨੀ
ਨਾਲੇ ਮਨ ਪਰਚਾਓ,
ਝੂਠਾ-ਮੂਠਾ ਰੋਸਾ ਯਾਰੋ
ਹੁਣ ਨੰਦੀ ਮੋੜ ਲਿਆਓ।
*-ਦੀਪਿਕਾ ਬਾਂਸਲ*
*ਫੋਨ: 91-94179-22214*

---

ਨਾ ਰਹੀਆਂ ਖੇਡਾਂ, ਰਹਿ ਗਈਆਂ ਨੇ ਗੱਲਾਂ।
ਪੱਬਜੀ ਜਿਹੀ ਖੇਡਾਂ 'ਚ, ਮਾਰਨ ਲੱਗੇ ਮੱਲਾਂ।
ਤੰਦਰੁਸਤੀ ਵੀ ਨਾ ਆਈ ਪੈਸੇ ਵੀ ਗਵਾਏ,
ਇੰਟਰਨੈੱਟ 'ਤੇ ਖੇਡ ਕੇ
ਤੂੰ ਬਲਵਾਨ ਕਹਾਏਂ।
*-ਪੂਜਾ ਪੁੰਡਰਕ*
*ਫੋਨ: 91-74010-00274*

---

ਬਸਤਿਆਂ ਬਚਪਨ ਦੱਬਿਆ
ਗਾਚੀ, ਫੱਟੀ ਗੱਲ ਪੁਰਾਣੀ,
ਦਾਈਆਂ ਦੁਕੜੇ ਦੰਗਲ ਛਿੰਝਾ
ਗੁਆਚੇ ਕੜਕਾਲੀ ਡੰਡੇ ਹਾਣੀ।
ਦਾਦੀ ਮਾਂ ਦੀਆਂ ਭੁੱਲੇ ਬਾਤਾਂ
ਮੌਡਰਨ ਹੋਈ ਕਹਾਣੀ,
ਜੜ੍ਹਾਂ ਨਾਲੋਂ ਟੁੱਟੇ 'ਜਿਉਣਿਆ'
ਮੰਗਦੇ ਨਹੀਂ ਫੇਰ ਪਾਣੀ।
*-ਜਤਿੰਦਰ ਭੁੱਚੋ*
*ਫੋਨ: 91-95014-75400*

---

ਬਾਂਦਰ ਕਿੱਲਾ, ਸ਼ੱਕਰ-ਭਿੱਜੀ
ਨਾਂ ਨਾ ਕੋਈ ਜਾਣਦਾ।
ਡੰਡਾ ਡੁੱਕ ਤੇ ਗੁੱਲੀ ਡੰਡਾ
ਕੋਈ ਨਹੀਂ ਪਛਾਣਦਾ।
ਵਿਰਸੇ ਨਾਲੋਂ ਟੁੱਟ ਗਏ ਹਾਂ,
ਨੈੱਟ ਸਰਦਾਰੀ ਮਾਣਦਾ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਕਬੱਡੀ, ਭਲਵਾਨੀ, ਪੀਲ-ਪੁਲਾਂਘੜਾ
ਸਿਹਤ ਨੂੰ ਸਮਝਿਆ ਜਾਂਦਾ ਸੀ ਖਜ਼ਾਨਾ।
ਹੁਣ ਤਾਂ ਹਾਏ ਪੈਸਾ ਹਾਏ ਪੈਸਾ ਹੁੰਦੀ ਫਿਰੇ
ਸਿਹਤ ਦਾ ਨਾ ਰਿਹਾ ਕੋਈ ਪੈਮਾਨਾ।
ਕੀ ਬੱਚਾ, ਬੁੱਢੇ ਤੇ ਕੀ ਜੁਆਨ
ਮੋਬਾਇਲਾਂ ਨੂੰ ਚੰਬੜਿਆ ਫਿਰੇ ਜ਼ਮਾਨਾ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਹੋ ਗਈਆਂ ਖਤਮ ਸਰੀਰਕ ਖੇਡਾਂ
ਤੇ ਡਿਜ਼ੀਟਲ ਖੇਡਾਂ ਆਈਆਂ।
ਤਨ ਤੇ ਮਨ ਦੀ ਸਿਹਤ ਦੀਆਂ
ਧੱਜੀਆਂ ਨੇ ਬਹੁਤ ਉਡਾਈਆਂ।
*-ਮੂਲ ਚੰਦ ਸ਼ਰਮਾ*
*ਫੋਨ: 91-94784-08898*

---

ਨੰਗੇ ਪਿੰਡੇ, ਨੰਗੇ ਪੈਰੀਂ
ਭੱਜਦੇ, ਡੁੱਬਦੇ, ਰੁੱਖਾਂ 'ਤੇ ਚੜ੍ਹਦੇ।
ਸਿੱਧੇ, ਪੁੱਠੇ ਪੰਗੇ ਲੈਂਦੇ,
ਵਿਰਾਸਤੀ ਖੇਡਾਂ, ਖੂੰਡੇ ਲੱਗੀਆਂ,
ਮੋਬਾਈਲਾਂ ਵਾਲੇ ਕਦੋਂ ਨੇ ਖੜ੍ਹਦੇ!
*-ਦਵਿੰਦਰ ਕੌਰ*

---

ਬਚਪਨ ਦੀਆਂ ਖੇਡਾਂ ਇਹ ਪਿਆਰੀਆਂ
ਅਲੋਪ ਹੁਣ ਹੋ ਗਈਆਂ ਇਹ ਸਾਰੀਆਂ।
ਬੱਸ ਹੁਣ ਫੋਟੋਆਂ ਦੇਖ ਕੇ ਹੀ, ਯਾਦਾਂ
ਤਾਜ਼ੀਆਂ ਕਰ ਲਈਦੀਆਂ ਇਹ ਸਾਰੀਆਂ।
*-ਇੰਦਰਜੀਤ ਮੰਗਾ, ਪਿਟਸਬਰਗ*

---

ਫੌਲਾਦ ਵਾਂਗ ਸੀ ਬਣ ਜਾਂਦੀਆਂ ਨੂਹੀਆਂ
ਚੜ੍ਹ ਘਨ੍ਹੇੜੀ ਇਕ ਦੂਜੇ 'ਤੇ
ਪਾ ਕਰੰਗੜੀ ਜੰਗ ਪਲੰਗਾ
ਕਿੰਜ ਦਰਖਤਾਂ ਦੇ ਤਣਿਆਂ ਨੂੰ ਪਾ ਜੱਫੀਆਂ
ਚੜ੍ਹ ਜਾਂਦੇ ਸੀ ਡਾਲੀ ਤੋਂ ਡਾਲੀ।
ਮਾਰ ਦਿੱਤਾ ਮੱਚ ਅੱਜ ਮੋਬਾਈਲਾਂ ਨੇ
ਖੇਡਣਾ ਤਾਂ ਦੂਰ ਦਾ ਵਾਸਤਾ
ਚੜ੍ਹਦੀ ਜੁਆਨੀ ਬੀਮਾਰੀਆਂ ਘੇਰਾ ਪਾਇਆ।
*-ਦਰਸ਼ਨਪਾਲ ਦੋਸਾਂਝ*

# ਬਰਾਕ ਓਬਾਮਾ ਦੀ ਸਾਫਗੋਈ, ਕਾਂਗਰਸ ਲਾਲ-ਪੀਲੀ ਹੋਈ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜਿਨ੍ਹਾਂ ਨੇ ਅੱਠ ਸਾਲ 'ਵ੍ਹਾਈਟ ਹਾਊਸ' ਦੇ 'ਓਵਲ ਆਫਿਸ' ਵਿਚ ਬੈਠ ਅਮਰੀਕਾ ਦੀ ਜਨਤਾ ਦਾ ਦਿਲ ਹੀ ਨਹੀਂ ਸੀ ਜਿੱਤਿਆ, ਸਗੋਂ ਦੁਨੀਆਂ ਭਰ ਤੋਂ ਵੀ ਵਾਹ ਵਾਹ ਖੱਟੀ ਸੀ। ਆਪਣੇ ਦੇਸ਼ ਵਿਚ ਟੀਸੀ ਦਾ ਰੁਤਬਾ ਹਾਸਲ ਕਰਨ ਵਾਲੇ ਉਹ ਪਹਿਲੇ ਸਿਆਹਫਾਮ (ਕਾਲਿਆਂ ਦੀ ਨਸਲ ਵਿਚੋਂ) ਸਨ। ਇਸੇ ਲਈ ਉਨ੍ਹਾਂ ਦੀ ਜਿੱਤ ਕਈ ਕੱਟੜ ਕਿਸਮ ਦੇ ਗੋਰਿਆਂ ਨੂੰ ਹਜਮ ਨਹੀਂ ਸੀ ਹੋਈ, ਪਰ ਜਲਦੀ ਹੀ ਉਨ੍ਹਾਂ ਦੀਆਂ ਲੋਕ-ਪੱਖੀ ਨੀਤੀਆਂ ਕਾਰਨ ਉਹ ਹਰਮਨ ਪਿਆਰੇ ਹੋ ਗਏ। ਇਸੇ ਲਈ ਉਹ ਦੂਜੀ ਵਾਰ ਵੀ ਜੇਤੂ ਰਹੇ ਸਨ। ਅਮਰੀਕਾ ਦੇ ਸੈਨਟਰ ਹੋਣ ਕਾਰਨ ਉਹ ਕਈ ਅਹਿਮ ਕਮੇਟੀਆਂ ਵਿਚ ਰਹੇ, ਜਿਸ ਕਾਰਨ ਉਹ ਆਪਣੇ ਦੇਸ਼ ਦੇ ਵੱਖ ਵੱਖ ਪਹਿਲੂਆਂ ਸਬੰਧੀ ਹੀ ਜਾਣਕਾਰੀ ਨਹੀਂ ਸੀ ਰਖਦੇ, ਸਗੋਂ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਦੇ ਮਾਮਲਿਆਂ ਦੀ ਵੀ ਪੂਰੀ ਸੋਝੀ ਸੀ। ਅਜਿਹੀ ਪਰਪੱਕ ਅਤੇ ਸੁਲਝੀ ਰਾਜਸੀ ਜਾਣਕਾਰੀ ਕਰਕੇ ਹੀ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਦੀ ਬਹੁਤ ਭੱਲ ਬਣੀ ਹੋਈ ਸੀ। ਉਹ ਕਰੜੇ ਤੋਂ ਕਰੜੇ ਕਦਮ ਚੁੱਕਣ ਤੋਂ ਦਰੇਗ ਨਹੀਂ ਸੀ ਕਰਦੇ। ਇਸ ਦੀ ਸਭ ਤੋਂ ਪ੍ਰਮੁੱਖ ਮਿਸਾਲ ਪਾਕਿਸਤਾਨ ਵਿਚ ਛੁਪੇ ਓਸਾਮਾ-ਬਿਨ-ਲਾਦੇਨ ਦੀ ਸੂਹ ਕੱਢ ਕੇ, ਪਾਕਿਸਤਾਨ ਨੂੰ ਦੱਸੇ ਬਿਨਾ ਹੀ ਉਸ ਦਾ ਖੁਰਾ-ਖੋਜ ਮਿਟਾਉਣ ਵਾਲਾ ਕਾਰਜ ਸੀ।

ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਸਵੈ ਜੀਵਨੀ 'ਏ ਪ੍ਰੋਮਿਸਡ ਲੈਂਡ' ਦਾ ਪਹਿਲਾ ਹਿੱਸਾ ਪ੍ਰਕਾਸ਼ਿਤ ਹੋਇਆ ਹੈ। ਇਹ ਕਿਤਾਬ ਅਜੇ ਅਮਰੀਕਾ ਤੋਂ ਬਾਹਰ ਤਾਂ ਬਾਜ਼ਾਰ ਵਿਚ ਮਿਲ ਨਹੀਂ ਰਹੀ, ਪਰ ਕਿਤਾਬ ਦੇ ਕੁਝ ਕੁਝ ਹਿੱਸੇ ਅਖਬਾਰਾਂ ਰਾਹੀਂ ਸਾਹਮਣੇ ਆ ਰਹੇ ਹਨ। ਭਾਰਤ, ਭਾਰਤੀ ਰਾਜਸੀ ਪ੍ਰਣਾਲੀ, ਰਾਜਸੀ ਨੇਤਾਵਾਂ ਸਬੰਧੀ ਕੀਤੀਆਂ ਉਨ੍ਹਾਂ ਦੀਆਂ ਬੇਬਾਕ ਟਿੱਪਣੀਆਂ ਖੂਬ ਚਰਚਾ ਵਿਚ ਹਨ। ਆਪਣੇ ਅਹੁਦੇ ਦੇ ਅੱਠ ਸਾਲ ਦੀ ਮਿਆਦ ਦੌਰਾਨ ਉਹ 2010 ਵਿਚ ਸਰਕਾਰੀ ਦੌਰੇ 'ਤੇ ਭਾਰਤ ਗਏ ਸਨ। ਉਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਸਨ। ਰਾਹੁਲ ਗਾਂਧੀ ਕਾਂਗਰਸ ਦੇ ਜਨਰਲ ਸਕੱਤਰ ਸਨ। ਓਬਾਮਾ ਦੀ ਪ੍ਰਧਾਨ ਮੰਤਰੀ ਨਾਲ ਤਾਂ ਗੱਲਬਾਤ ਹੋਣੀ ਹੀ ਸੀ, ਕਾਂਗਰਸ ਦੀ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਵੀ ਰਸਮੀ ਗੱਲਬਾਤ ਹੋਈ। ਡਾ. ਮਨਮੋਹਨ ਸਿੰਘ ਨੂੰ ਤਾਂ ਉਹ ਪਹਿਲਾ ਵੀ ਮਿਲ ਚੁਕੇ ਸਨ ਅਤੇ ਉਸ ਤੋਂ ਬਾਅਦ ਵੀ ਮਿਲੇ।

ਆਪਣੀ ਸਵੈ-ਜੀਵਨੀ ਵਿਚ ਓਬਾਮਾ ਨੇ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਸਬੰਧੀ ਵਿਚਾਰ ਤਾਂ ਪ੍ਰਗਟਾਏ ਹਨ ਹੀ, ਇਸ ਦੇ ਨਾਲ ਨਾਲ ਉਨ੍ਹਾਂ ਨੇ ਸਾਡੇ ਦੇਸ਼ ਦੇ ਰਾਜਨੀਤਕ ਤਾਣੇ-ਬਾਣੇ 'ਤੇ ਵੀ ਕੁਝ ਟਿੱਪਣੀਆਂ ਕੀਤੀਆਂ ਹਨ। ਭਾਰਤ ਦੇ ਰਾਜਸੀ ਸਿਸਟਮ ਦੀਆਂ ਕੁਝ ਬੁਨਿਆਦੀ ਗੱਲਾਂ ਜਿਵੇਂ ਰਾਜਸੀ ਚੌਧਰ ਲਈ ਹਿੰਸਾ ਦੀ ਵਰਤੋਂ, ਜਾਤ-ਪਾਤ ਦਾ ਬੋਲਬਾਲਾ, ਪਰਿਵਾਰਵਾਦ ਦੇ ਦੁਆਲੇ ਸੁੰਗੜ ਚੁਕਾ ਰਾਜਸੀ ਪਾਰਟੀਆਂ ਦਾ ਢਾਂਚਾ ਆਦਿ। ਇਸ ਤੋਂ ਇਹ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਕਿ ਇਹ ਗੱਲਾਂ ਉਨ੍ਹਾਂ ਨੇ ਸਿਰਫ ਆਪਣੇ ਭਾਰਤੀ ਦੌਰੇ ਸਮੇਂ ਹੀ ਮਹਿਸੂਸ ਕੀਤੀਆਂ। ਇਹ ਸੰਖੇਪ ਜਿਹੀ ਟਿੱਪਣੀ ਓਬਾਮਾ ਦੀ ਭਾਰਤ ਸਬੰਧੀ ਡੂੰਘੀ ਜਾਣਕਾਰੀ ਦੀ ਲਖਾਇਕ ਹੈ। ਉਹ ਲੰਮਾ ਸਮਾਂ ਸੈਨੇਟਰ ਰਹੇ। ਇਸ ਲਈ ਇਸ ਪਰਪੱਕ ਰਾਜਸੀ ਹਸਤੀ ਨੇ ਵਿਸ਼ਵ ਦੇ ਕੁਝ ਪ੍ਰਸਿੱਧ ਦੇਸ਼ਾਂ ਪ੍ਰਤੀ ਆਪਣੀ ਜਾਣਕਾਰੀ ਵਧਾਉਣ ਦੇ ਉਪਰਾਲੇ ਜਾਰੀ ਰੱਖੇ। ਦੂਜਾ, ਜਦੋਂ ਉਨ੍ਹਾਂ ਨੇ ਆਪਣੇ ਮੁਲਕ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਹੋਵੇਗਾ ਤਾਂ ਉਸ ਤੋਂ ਬਾਅਦ ਇਸ ਪੱਖ ਵਲ ਵੱਧ ਧਿਆਨ ਦਿੱਤਾ ਹੋਵੇਗਾ ਤਾਂ ਜੋ ਦੂਜੇ ਮੁਲਕਾਂ ਨਾਲ ਆਪਸੀ ਸਬੰਧਾਂ ਨੂੰ ਅੱਗੇ ਵਧਾਉਣ ਲਈ ਉਸ ਦੇਸ਼ ਦੀ ਰਾਜਨੀਤਕ ਪ੍ਰਣਾਲੀ ਦੀ ਉਨ੍ਹਾਂ ਨੂੰ ਪੂਰੀ ਜਾਣਕਾਰੀ ਹੋਵੇ।

ਇਕ ਚੰਗਾ ਕੌਮਾਂਤਰੀ ਨੇਤਾ ਉਹੀ ਹੋ ਸਕਦਾ ਹੈ, ਜੋ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਤੋਂ ਵੀ ਭਲੀ ਭਾਂਤ ਜਾਣੂੰ ਹੋਵੇ। ਅਮਰੀਕਾ ਵਰਗੇ ਦੇਸ਼ ਦੇ ਰਾਸ਼ਟਰਪਤੀ ਨੂੰ ਤਾਂ ਹਰ ਪੱਖੋਂ ਚੇਤੰਨ ਹੋਣ ਦੀ ਲੋੜ ਹੁੰਦੀ ਹੈ, ਕਿਉਂਕਿ ਉਹ ਇਕ ਸੁਪਰ ਪਾਵਰ ਮੁਲਕ ਹੈ, ਜਿਸ ਨੂੰ ਕੁਝ ਕੁ ਵਿਦਵਾਨ ਆਪੇ ਥਾਪਿਆ ਥਾਣੇਦਾਰ ਵੀ ਕਹਿ ਦਿੰਦੇ ਹਨ। ਅਜਿਹੀ ਸ਼ਕਤੀਸ਼ਾਲੀ ਹਸਤੀ ਦੇ ਸਲਾਹਕਾਰ ਵੀ ਬਹੁਤ ਸ਼ਾਤਰ ਦਿਮਾਗ ਹੁੰਦੇ ਹਨ ਅਤੇ ਹਰ ਮੁਲਕ ਦੇ ਮਾਮਲਿਆਂ ਨੂੰ ਨਜਿੱਠਣ ਲਈ ਵੱਖਰੇ ਵੱਖਰੇ ਆਹਲਾ ਅਫਸਰ ਹੁੰਦੇ ਹਨ, ਪਰ ਚੰਗਾ ਮੁਖੀ ਹਮੇਸ਼ਾ ਸਲਾਹਕਾਰਾਂ 'ਤੇ ਹੀ ਨਿਰਭਰ ਨਹੀਂ ਰਹਿੰਦਾ, ਸਗੋਂ ਆਪ ਵੀ ਲੋੜੀਂਦੀ ਜਾਣਕਾਰੀ ਨਾਲ ਲੈਸ ਹੁੰਦਾ ਹੈ।

ਇਸ ਤੋਂ ਪਹਿਲਾਂ ਕਿ ਬਰਾਕ ਓਬਾਮਾ ਦੀਆਂ ਹੋਰ ਟਿੱਪਣੀਆਂ ਦਾ ਜ਼ਿਕਰ ਕੀਤਾ ਜਾਵੇ, ਉਨ੍ਹਾਂ ਦੇ ਉਪਰੋਕਤ ਕਥਨ ਨੂੰ ਹੀ ਵਾਚਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਬਾਅਦ ਦਾ ਕੁਝ ਸਮਾਂ ਛੱਡ ਕੇ ਸਾਡੇ ਦੇਸ਼ ਦੀ ਰਾਜਨੀਤੀ ਰਸਾਤਲ ਵੱਲ ਹੀ ਗਈ ਹੈ। ਰਾਜਨੀਤੀ ਵਿਚ ਲੱਠਮਾਰਾਂ ਦਾ ਇਜ਼ਾਫਾ ਹੋਇਆ ਹੈ, ਪਰਿਵਾਰਵਾਦ ਸਿਖਰ 'ਤੇ ਪਹੁੰਚ ਚੁਕਾ ਹੈ, ਚੋਣ-ਤੰਤਰ ਪੈਸੇ ਵਾਲਿਆਂ ਦੇ ਅਧੀਨ ਹੋ ਚੁਕਾ ਹੈ, ਜਾਤ-ਪਾਤ ਦਾ ਬੋਲਬਾਲਾ ਸਮਾਜਕ ਜੀਵਨ ਵਿਚ ਹੀ ਨਹੀਂ, ਸਗੋਂ ਰਾਜਸੀ ਵਰਤਾਰੇ ਵਿਚ ਪੂਰੀ ਤਰ੍ਹਾਂ ਪੈਰ ਪਸਾਰ ਚੁਕਾ ਹੈ। ਆਮ ਇਨਸਾਨ ਤਾਂ ਚੋਣਾਂ ਲੜਨ ਦੀ ਸੋਚ ਵੀ ਨਹੀਂ ਸਕਦਾ। ਭਾਵੇਂ ਸਾਰੀਆਂ ਰਾਜਸੀ ਪਾਰਟੀਆਂ ਇਹ ਕਹਿੰਦੀਆਂ ਹਨ ਕਿ ਉਹ ਪੰਚਾਇਤ ਦੀਆਂ ਚੋਣਾਂ ਵਿਚ ਸਿੱਧੇ ਦਖਲ ਦੇ ਵਿਰੁੱਧ ਹਨ, ਪਰ ਇਹ ਕਥਨ ਸੱਚਾਈ ਤੋਂ ਕੋਹਾਂ ਮੀਲ ਦੂਰ ਹੈ। ਔਰਤਾਂ ਤੇ ਐਸ. ਸੀ., ਬੀ. ਸੀ. ਲਈ ਰਾਖਵੀਆਂ ਸੀਟਾਂ 'ਤੇ ਵੀ ਪਾਰਟੀਆਂ ਵੱਲੋਂ ਹੀ ਉਮੀਦਵਾਰ ਨਾਮਜ਼ਦ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਜਿੱਤ ਉਪਰੰਤ ਉਹ ਪਾਰਟੀ ਦੇ ਉਪਰਲੇ ਨੇਤਾਵਾਂ ਦੇ ਇਸ਼ਾਰੇ 'ਤੇ ਹੀ ਚਲਦੇ ਹਨ। ਜੋ ਔਰਤਾਂ ਪੰਚ ਜਾਂ ਸਰਪੰਚ ਬਣਦੀਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਦੇ ਪਤੀ ਹੀ ਸਾਰੇ ਕੰਮ-ਕਾਜ ਕਰਦੇ ਹਨ। ਔਰਤਾਂ ਤਾਂ ਅੰਗੂਠਾ ਲਾਉਣ ਜੋਗੀਆਂ ਹੀ ਹੁੰਦੀਆਂ ਹਨ।

ਸੂਬਿਆਂ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਲਈ ਚੋਣਾਂ ਦਾ ਰੌਲ-ਘਚੋਲਾ ਵੱਡੇ ਪੱਧਰ ਦਾ ਹੀ ਹੁੰਦਾ ਹੈ। ਵੋਟਾਂ ਤੋਂ ਪਹਿਲਾਂ ਦੇ ਲੜਾਈ ਝਗੜਿਆਂ ਦੀ ਤਾਂ ਗੱਲ ਹੀ ਕੀ ਕਰਨੀ ਹੈ, ਵੋਟਾਂ ਵਾਲੇ ਦਿਨ ਜਾਅਲੀ ਵੋਟਾਂ ਦੇ ਭੁਗਤਾਨ ਤੋਂ ਲੈ ਕੇ ਪੋਲਿੰਗ ਬੂਥਾਂ 'ਤੇ ਕਬਜ਼ਾ ਕਰਨ ਦੀਆਂ ਵਾਰਦਾਤਾਂ ਵੱਡੀ ਗਿਣਤੀ ਵਿਚ ਵਾਪਰਦੀਆਂ ਹਨ। ਜਦੋਂ ਤੋਂ ਵੋਟਿੰਗ ਮਸ਼ੀਨਾਂ ਦੀ ਵਰਤੋਂ ਸ਼ੁਰੂ ਹੋਈ ਹੈ, ਇਨ੍ਹਾਂ ਨਾਲ ਛੇੜ-ਛਾੜ ਦਾ ਰੌਲਾ ਵੀ ਚੱਲ ਰਿਹਾ ਹੈ, ਖਾਸ ਕਰ ਵਰਤਮਾਨ ਕੇਂਦਰੀ ਸਰਕਾਰ ਦੇ ਸਮੇਂ ਤੋਂ। ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿਚ ਬਰਾਕ ਓਬਾਮਾ ਦੇ ਪ੍ਰਗਟਾਏ ਵਿਚਾਰਾਂ 'ਤੇ ਕਿਸੇ ਕਿਸਮ ਦੇ ਕਿੰਤੂ-ਪ੍ਰੰਤੂ ਦੀ ਲੋੜ ਨਹੀਂ ਭਾਸਦੀ।

ਭਾਰਤ ਦੀ ਬਹੁਤੀ ਜਨਤਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਪੱਛਮੀ ਮੁਲਕਾਂ ਵਿਚ ਸਾਡੇ ਦੇਸ਼ ਪ੍ਰਤੀ ਇਹ ਧਾਰਨਾ ਪੱਕੀ ਘਰ ਕਰ ਗਈ ਹੈ। ਇਹ ਠੀਕ ਹੈ ਕਿ ਪਿਛਲੇ ਕੁਝ ਸਮੇਂ ਤੋਂ ਹਾਲਾਤ ਕੁਝ ਬਦਲੇ ਹਨ। ਮੱਧ ਵਰਗ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਨਵੇਂ ਧਨਾਢ ਵੀ ਤੇਜੀ ਨਾਲ ਵੱਧ ਰਹੇ ਹਨ, ਪਰ ਇਸ ਹਕੀਕਤ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਗਰੀਬੀ ਦੂਰ ਕਰਨ ਦੇ ਮਾਮਲੇ ਵਿਚ ਅਸੀਂ ਅਜੇ ਪੂਣੀ ਵੀ ਨਹੀਂ ਕੱਤੀ। ਸੋ, ਬਰਾਕ ਓਬਾਮਾ ਨੇ ਸਾਡੀ ਦੁਖਦੀ ਰਗ 'ਤੇ ਹੱਥ ਠੀਕ ਜਗਾ ਹੀ ਧਰਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੇਸ਼ ਦੇ ਧਨ ਕੁਬੇਰਾਂ ਸਬੰਧੀ ਸੰਖੇਪ ਵਿਚ ਹੀ ਸੱਚਾਈ ਬਿਆਨ ਕਰ ਦਿੱਤੀ ਹੈ ਕਿ ਉਨ੍ਹਾਂ ਦਾ ਰਹਿਣ-ਸਹਿਣ ਮੁਗਲ ਸ਼ਾਸਕਾਂ ਵਰਗਾ ਹੈ। ਉਨ੍ਹਾਂ ਨੇ ਨਿਸ਼ਾਨਾ ਟਿਕਾਣੇ 'ਤੇ ਲਾਇਆ ਹੈ। ਵੈਸੇ ਦੇਖਿਆ ਜਾਵੇ ਤਾਂ ਵਿਸ਼ਵ ਦੇ ਚੋਟੀ ਦੇ ਅਮੀਰ ਸ਼ਖਸਾਂ ਦੀ ਸੂਚੀ ਵਿਚ ਭਾਰਤੀ ਕਿਤੇ ਨੇੜੇ-ਤੇੜੇ ਨਹੀਂ ਖੜ੍ਹਦੇ, ਪਰ ਦੂਜੇ ਦੇਸ਼ਾਂ ਦੇ ਅਮੀਰ ਜਿਥੇ ਆਪਣੀ ਦੌਲਤ ਦੀ ਵਰਤੋਂ ਨਿਜੀ ਐਸ਼ੋ-ਅਰਾਮ ਲਈ ਤਾਂ ਕਰਦੇ ਹੀ ਹਨ, ਉਥੇ ਉਹ ਦਾਨ-ਪੁੰਨ ਵੀ ਬਹੁਤ ਕਰਦੇ ਹਨ। ਇਸ ਪੱਖੋਂ ਸਾਡੇ ਦੇਸ਼ ਦੇ ਅਮੀਰ ਫਾਡੀ ਹੀ ਹਨ।

ਬਰਾਕ ਓਬਾਮਾ ਨੇ ਭਾਰਤ ਦੇ ਤਿੰਨ ਰਾਜਸੀ ਨੇਤਾਵਾਂ ਸਬੰਧੀ ਵੀ ਟਿੱਪਣੀਆਂ ਕੀਤੀਆਂ ਹਨ ਅਤੇ ਇਹ ਤਿੰਨੋ ਕਾਂਗਰਸ ਨਾਲ ਸਬੰਧ ਰੱਖਦੇ ਹਨ। ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪ੍ਰਤੀ ਬਰਾਕ ਓਬਾਮਾ ਨੇ ਬੜਾ ਸਤਿਕਾਰ ਪ੍ਰਗਟ ਕੀਤਾ ਹੈ। ਸੋਨੀਆ ਗਾਂਧੀ ਪ੍ਰਤੀ ਹਾਂ-ਵਾਚੀ ਟਿੱਪਣੀ ਵੀ ਕੀਤੀ ਹੈ ਅਤੇ ਉਨ੍ਹਾਂ ਦੇ ਪੁੱਤਰ-ਮੋਹ ਵੱਲ ਵੀ ਇਸ਼ਾਰਾ ਕੀਤਾ ਹੈ, ਪਰ ਰਾਹੁਲ ਗਾਂਧੀ ਵਿਚ ਉਨ੍ਹਾਂ ਨੂੰ ਦੂਰਦਰਸ਼ਤਾ ਦੀ ਘਾਟ ਮਹਿਸੂਸ ਹੋਈ ਅਤੇ ਲੱਗਿਆ ਜਿਵੇਂ ਉਨ੍ਹਾਂ ਵਿਚ 'ਜਨੂੰਨ' ਦੀ ਘਾਟ ਹੈ। ਓਬਾਮਾ ਨੂੰ ਮਹਿਸੂਸ ਹੋਇਆ ਜਿਵੇਂ ਰਾਹੁਲ ਗਾਂਧੀ ਉਨ੍ਹਾਂ ਨਾਲ ਗੱਲਬਾਤ ਕਰਦੇ ਸਮੇਂ ਥੋੜ੍ਹਾ ਝਿਜਕ ਰਿਹਾ ਹੋਵੇ। ਬਸ ਇਸੇ ਗੱਲ ਤੋਂ ਕੁਝ ਕਾਂਗਰਸੀ ਨੇਤਾਵਾਂ ਨੂੰ ਬੇਚੈਨੀ ਹੋ ਗਈ ਕਿ ਉਨ੍ਹਾਂ ਦੇ 'ਹੋਣਹਾਰ ਨੇਤਾ', 'ਕਾਂਗਰਸ ਪਾਰਟੀ ਦੇ ਭਵਿੱਖ', 'ਰੂਹੇ-ਰਵਾਂ', 'ਦੇਸ਼ ਦੇ ਨੌਜਵਾਨਾਂ ਦੇ ਦਿਲ ਦੀ ਧੜਕਣ', 'ਭਵਿੱਖ ਦੇ ਪ੍ਰਧਾਨ ਮੰਤਰੀ' ਸਬੰਧੀ ਅਜਿਹੇ ਨਕਾਰਾਤਮਕ ਸ਼ਬਦ ਕਹਿਣ ਵਾਲਾ ਓਬਾਮਾ ਹੁੰਦਾ ਕੌਣ ਹੈ? ਇਹ ਭੜਾਸ ਕਿਸੇ ਪੁਰਾਣੇ ਨੇਤਾ ਜਾਂ ਨੇਤਾਵਾਂ ਨੇ ਨਹੀਂ, ਸਗੋਂ ਰਾਹੁਲ ਦੇ ਕਰੀਬੀ ਕੁਝ ਨੌਜਵਾਨ ਨੇਤਾਵਾਂ ਨੇ ਹੀ ਕੱਢੀ ਹੈ। ਆਖਿਰ ਅਜਿਹੇ ਮੌਕੇ ਰੋਜ਼ ਰੋਜ਼ ਤਾਂ ਮਿਲਦੇ ਨਹੀਂ ਕਿ ਆਪਣੇ ਪਿਆਰੇ ਨੇਤਾ ਪ੍ਰਤੀ ਵਫਾਦਾਰੀ ਦਿਖਾਈ ਜਾ ਸਕੇ!


ਜਿਹੜੇ ਕਾਂਗਰਸੀ ਰਾਹੁਲ ਸਬੰਧੀ ਟਿੱਪਣੀ ਤੋਂ ਔਖੇ ਹਨ, ਕੀ ਉਹ ਦੱਸ ਸਕਦੇ ਹਨ ਕਿ ਜਦੋਂ ਤੋਂ ਰਾਹੁਲ ਨੂੰ ਪਾਰਟੀ ਪ੍ਰਧਾਨ ਬਣਾਇਆ ਗਿਆ, ਉਸ ਨੇ ਪਾਰਟੀ ਵਿਚ ਕਿਹੜੀ ਨਵੀਂ ਰੂਹ ਫੂਕੀ? ਇਕ ਤੋਂ ਬਾਅਦ ਇਕ ਚੋਣਾਂ ਵਿਚ ਕਾਂਗਰਸ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਜਦੋਂ ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਪੰਜ ਸਾਲ ਦੀ ਮਿਆਦ ਪੂਰੀ ਹੋਣ ਬਾਅਦ ਮੁੜ ਕਾਂਗਰਸ ਦੀ ਸਰਪ੍ਰਸਤੀ ਵਾਲੇ ਮੋਰਚੇ ਦਾ ਬਹੁਮਤ ਆ ਗਿਆ ਤਾਂ ਸਾਰਿਆਂ ਨੂੰ ਯਕੀਨ ਸੀ ਕਿ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇਗਾ। ਡਾ. ਮਨਮੋਹਨ ਸਿੰਘ ਨੇ ਵੀ ਕਹਿ ਦਿੱਤਾ ਸੀ ਕਿ ਰਾਹੁਲ ਪ੍ਰਧਾਨ ਮੰਤਰੀ ਬਣ ਜਾਵੇ; ਪਰ ਰਾਹੁਲ ਆਪ ਪਿੱਛੇ ਹਟ ਗਿਆ। ਅਸਲ ਕਾਰਨ ਤਾਂ ਰਾਹੁਲ ਜਾਂ ਸੋਨੀਆ ਗਾਂਧੀ ਹੀ ਦੱਸ ਸਕਦੇ ਹਨ, ਪਰ ਆਮ ਧਾਰਨਾ ਇਹੋ ਹੈ ਕਿ ਰਾਹੁਲ ਨੂੰ ਉਸ ਸਮੇਂ ਆਪਣੇ ਆਪ 'ਤੇ ਪੂਰਾ ਵਿਸ਼ਵਾਸ ਨਹੀਂ ਸੀ ਕਿ ਉਹ ਇਹ ਅਹੁਦਾ ਸੰਭਾਲ ਲਵੇਗਾ ਜਾਂ ਨਹੀਂ? ਜੇ ਬਰਾਕ ਓਬਾਮਾ ਵਰਗਾ ਸੂਝਵਾਨ ਸਿਆਸਤਦਾਨ ਇਹ ਲਿਖ ਰਿਹਾ ਹੈ ਕਿ ਉਹ ਅਯੋਗ ਹੈ ਜਾਂ ਉਸ ਵਿਚ ਜਨੂੰਨ ਦੀ ਘਾਟ ਹੈ ਤਾਂ ਇਸ ਤੇ ਹੋ-ਹੱਲਾ ਕਰਨ ਦੀ ਕੀ ਲੋੜ ਹੈ? ਇਹ ਤਾਂ ਹੈ ਨਹੀਂ ਕਿ ਓਬਾਮਾ ਦੀ ਕਾਂਗਰਸ ਜਾਂ ਗਾਂਧੀ ਪਰਿਵਾਰ ਨਾਲ ਕੋਈ ਜ਼ਾਤੀ ਦੁਸ਼ਮਣੀ ਹੈ। ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਕਿਸੇ ਨੌਜਵਾਨ ਨੇਤਾ ਪ੍ਰਤੀ ਜਾਣ-ਬੁਝ ਕੇ ਤਾਂ ਗਲਤ ਬਿਆਨੀ ਕਰਨ ਤੋਂ ਰਿਹਾ?

ਦੂਜੀ ਗੱਲ ਇਹ ਕਿ ਅਮਰੀਕੀ ਖੁਫੀਆ ਤੰਤਰ ਦੀ ਮਾਰ ਬਹੁਤ ਦੂਰ ਤੱਕ ਹੈ। ਉਹ ਦੁਨੀਆਂ ਭਰ ਦੀਆਂ ਖਾਸ ਖਾਸ ਹਸਤੀਆਂ 'ਤੇ ਘੋਖਵੀਂ ਨਜ਼ਰ ਰੱਖਦੇ ਹਨ। ਕੌਣ ਕਿੰਨੇ ਪਾਣੀ 'ਚ ਹੈ, ਇਸ ਦੀ ਉਨ੍ਹਾਂ ਨੂੰ ਖਬਰ ਹੁੰਦੀ ਹੈ। ਅਸਲ ਵਿਚ ਇਕ ਤਾਂ ਕੁਦਰਤੀ ਹੀ ਰਾਹੁਲ ਵਿਚ ਰਾਜਸੀ ਜੋੜ-ਤੋੜ ਕਰਨ ਦੀ ਸਮਰਥਾ ਨਹੀਂ। ਅਜਿਹੀ ਕਾਬਲੀਅਤ ਦੀ ਅਣਹੋਂਦ ਕਾਰਨ ਕੋਈ ਵੀ ਸ਼ਖਸ ਰਾਜਨੀਤੀ ਵਿਚ ਪ੍ਰਵਾਨ ਨਹੀਂ ਚੜ੍ਹ ਸਕਦਾ, ਵਿਸ਼ੇਸ਼ ਕਰ ਭਾਰਤੀ ਰਾਜਨੀਤਕ ਮਾਹੌਲ ਵਿਚ। ਰਾਹੁਲ ਮੂਲ ਰੂਪ ਵਿਚ ਬੇਹੱਦ ਸ਼ਰੀਫ ਸ਼ਖਸ ਹੈ। ਉਹ ਬਹੁਤੀਆਂ ਤਿਗੜਮਬਾਜ਼ੀਆਂ ਵਿਚ ਪੈ ਹੀ ਨਹੀਂ ਸਕਦਾ। ਸੱਚੇ-ਸੁੱਚੇ ਕਿਰਦਾਰ ਵਾਲਾ ਹੈ, ਹਾਰ ਲਈ ਜ਼ਿੰਮੇਵਾਰੀ ਲੈਣ ਨੂੰ ਤਿਆਰ ਹੈ। ਇਸੇ ਲਈ 2019 ਦੀਆਂ ਚੋਣਾਂ ਤੋਂ ਬਾਅਦ ਆਪਣੀ ਪਾਰਟੀ ਦੀ ਹਾਰ ਦੀ ਜ਼ਿੰਮੇਵਾਰੀ ਸਵੀਕਾਰ ਕਰਕੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਹੋ ਗਿਆ। ਉਸ 'ਤੇ ਪਾਰਟੀ ਆਗੂਆਂ ਅਤੇ ਪਰਿਵਾਰ ਵੱਲੋਂ ਆਪਣਾ ਫੈਸਲਾ ਬਦਲਣ ਲਈ ਬਹੁਤ ਦਬਾ ਪਾਇਆ ਗਿਆ, ਪਰ ਉਹ ਆਪਣੀ ਜ਼ਿਦ 'ਤੇ ਅੜਿਆ ਰਿਹਾ। ਅਜਿਹਾ ਹੌਂਸਲਾ ਘੱਟ-ਵੱਧ ਨੇਤਾਵਾਂ ਨੇ ਹੀ ਦਿਖਾਇਆ ਹੈ।

ਕਾਂਗਰਸ ਪਾਰਟੀ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਰਾਹੁਲ ਗਾਂਧੀ ਪਾਰਟੀ ਨੂੰ ਅੱਗੇ ਨਹੀਂ ਲਿਜਾ ਸਕਦਾ। ਪਾਰਟੀ ਨੂੰ ਕਿਸੇ ਬਦਲਵੇਂ ਨੇਤਾ ਦੀ ਭਾਲ ਕਰਨੀ ਚਾਹੀਦੀ ਹੈ ਅਤੇ ਰਾਹੁਲ ਨੂੰ ਪਾਰਟੀ ਦਾ ਸਰਬਰਾਹ ਥਾਪ ਦੇਣ। ਰਾਹੁਲ ਦੀ ਬਦਕਿਸਮਤੀ ਇਹ ਵੀ ਰਹੀ ਕਿ ਉਸ ਨੂੰ ਰਾਜਨੀਤੀ ਦੀ ਸਿਖਿਆ ਦੇਣ ਵਾਲੇ ਕਿਸੇ ਸੁਲਝੇ ਨੇਤਾ ਦੀ ਚੋਣ ਨਹੀਂ ਕੀਤੀ ਗਈ। ਇਸ ਦੀ ਇਕ ਛੋਟੀ ਜਿਹੀ ਮਿਸਾਲ ਹੈ ਕਿ ਜਦੋਂ ਡਾ. ਮਨਮੋਹਨ ਸਿੰਘ ਦੀ ਦੂਜੀ ਪਾਰੀ ਸਮੇਂ ਦਾਗੀ ਰਾਜਸੀ ਨੇਤਾਵਾਂ ਨੂੰ ਬਚਾਉਣ ਲਈ ਇਕ ਆਰਡੀਨੈਂਸ ਲਿਆਉਣ ਦੀ ਤਿਆਰੀ ਸੀ ਤਾਂ ਕਾਂਗਰਸ ਪਾਰਟੀ ਵੱਲੋਂ ਬੁਲਾਈ ਗਈ ਇਕ ਪ੍ਰੈਸ ਕਾਨਫਰੰਸ ਵਿਚ ਰਾਹੁਲ ਨੇ ਆ ਕੇ ਉਸ ਆਰਡੀਨੈਂਸ ਦੀ ਕਾਪੀ ਪਾੜ ਦਿੱਤੀ ਅਤੇ ਉਸ ਆਰਡੀਨੈਂਸ ਨੂੰ 'ਬਕਵਾਸ' ਕਿਹਾ ਸੀ। ਜੇ ਇਹ ਘਟਨਾ ਅਚਨਚੇਤ ਹੀ ਵਾਪਰੀ ਸੀ ਤਾਂ ਇਹ ਨਿਰਸੰਦੇਹ ਹੀ ਰਾਹੁਲ ਗਾਂਧੀ ਦਾ ਗੈਰ ਰਾਜਨੀਤਕ ਵਿਹਾਰ ਅਤੇ ਹੋਛੀ ਰਾਜਨੀਤਕ ਸਿਖਿਆ ਦਾ ਕੋਝਾ ਨਮੂਨਾ ਸੀ। ਜੇ ਇਸ ਘਟਨਾ ਦੁਆਰਾ ਉਨ੍ਹਾਂ ਦਾ ਰਾਜਸੀ ਕੱਦ ਉੱਚਾ ਚੁੱਕਣ ਦਾ ਨਾਟਕ ਕੀਤਾ ਗਿਆ ਸੀ ਤਾਂ ਵੀ ਬਿਨਾ ਸ਼ੱਕ ਇਹ ਨਾਟਕ ਹੇਠਲੇ ਦਰਜੇ ਦਾ ਨਾਟਕ ਸੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰਾਹੁਲ ਦੇ ਰਾਜਸੀ ਅਧਿਆਪਕ ਆਪ ਹੀ ਰਾਜਨੀਤੀ ਤੋਂ ਕੋਰੇ ਸਨ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕਾਂਗਰਸ ਇਸ ਸਮੇਂ ਅਨੁਭਵੀ ਨੇਤਾ ਦੀ ਘਾਟ ਕਾਰਨ ਘੁੰਮਣ-ਘੇਰੀ ਵਿਚ ਫਸੀ ਹੋਈ ਹੈ। ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਲਾਮ ਨਬੀ ਅਜ਼ਾਦ, ਕਪਿਲ ਸਿੱਬਲ ਅਤੇ ਉਨ੍ਹਾਂ ਵਰਗੇ ਪੁਰਾਣੇ, ਅਨੁਭਵੀ ਨੇਤਾ ਪਾਰਟੀ ਵਿਚ ਆਈ ਖੜੋਤ ਨੂੰ ਤੋੜਨ ਲਈ ਅਵਾਜ਼ ਬੁਲੰਦ ਕਰ ਰਹੇ ਹਨ, ਪਰ ਇਸ ਦੇ ਉਲਟ ਗਾਂਧੀ ਪਰਿਵਾਰ ਦੇ ਕਈ ਜੀ-ਹਜੂਰੀਏ ਇਨ੍ਹਾਂ ਪੁਰਾਣੇ ਨੇਤਾਵਾਂ ਨੂੰ ਕਾਂਗਰਸ ਵਿਰੋਧੀ ਗਰਦਾਨ ਰਹੇ ਹਨ। ਜੇ ਰਾਹੁਲ ਗਾਂਧੀ ਵਿਚ ਅਨੁਭਵ ਅਤੇ ਜਨੂੰਨ ਹੁੰਦਾ ਤਾਂ ਉਹ ਨਿਸ਼ਚੇ ਹੀ ਅਜਿਹੀ ਗੁੰਝਲਦਾਰ ਸਥਿਤੀ ਵਿਚੋਂ ਪਾਰਟੀ ਨੂੰ ਬਾਹਰ ਕੱਢਣ ਦਾ ਉਪਰਾਲਾ ਕਰਦੇ। ਸੋ, ਸਮਾਂ ਇਹ ਮੰਗ ਕਰਦਾ ਹੈ ਕਿ ਬਰਾਕ ਓਬਾਮਾ ਦੇ ਰਾਹੁਲ ਵਿਰੁੱਧ ਪ੍ਰਗਟਾਏ ਵਿਚਾਰਾਂ ਤੇ ਪ੍ਰਤੀਕਿਰਿਆ ਜਾਹਰ ਕਰਨ ਨਾਲੋਂ ਕਾਂਗਰਸ ਆਪਣਾ ਘਰ ਸਵਾਰਨ ਵੱਲ ਜਿਆਦਾ ਧਿਆਨ ਦੇਵੇ।

ਕਾਂਗਰਸ ਨੂੰ ਤਾਂ ਇਸ ਗੱਲੋਂ ਖੁਸ਼ ਹੋਣਾ ਚਾਹੀਦਾ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨੇ ਸੋਨੀਆ ਗਾਂਧੀ ਦੀ ਬਾਹਰੀ ਦਿਖ ਦੀ ਹੀ ਪ੍ਰਸ਼ੰਸਾ ਨਹੀਂ ਕੀਤੀ, ਸਗੋਂ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਰਾਜਸੀ ਹਸਤੀ ਮੰਨਿਆ ਹੈ ਅਤੇ ਕਾਂਗਰਸੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਬੇਹਦ ਇਮਾਨਦਾਰ ਪ੍ਰਧਾਨ ਮੰਤਰੀ ਕਹਿ ਕੇ ਵਡਿਆਇਆ ਹੈ। ਪਰ ਸ਼ਾਇਦ ਕੱਟੜ ਕਾਂਗਰਸੀ ਸਮਰਥਕਾਂ ਲਈ 'ਕਾਂਗਰਸ ਹੀ ਗਾਂਧੀ ਪਰਿਵਾਰ ਅਤੇ ਗਾਂਧੀ ਪਰਿਵਾਰ ਹੀ ਕਾਂਗਰਸ' ਤੋਂ ਵੱਧ ਸੱਚ ਕੁਝ ਹੈ ਹੀ ਨਹੀਂ। ਇਸ ਲਈ ਉਹ ਡਾ. ਮਨਮੋਹਨ ਸਿੰਘ ਦੀ ਵਡਿਆਇਆ ਤੋਂ ਖੁਸ਼ ਨਹੀਂ, ਪਰ ਰਾਹੁਲ ਗਾਂਧੀ ਵਿਰੁੱਧ ਵਰਤੇ ਸ਼ਬਦਾਂ ਤੋਂ ਖਫਾ ਹਨ।






ਬਰਾਕ ਓਬਾਮਾ ਅਤੇ ਡਾ. ਮਨਮੋਹਨ ਸਿੰਘ ਦੀ ਇਕ ਪੁਰਾਣੀ ਤਸਵੀਰ ਅਤੇ (ਖੱਬੇ) ਬਰਾਕ ਓਬਾਮਾ ਦੀ ਪੁਸਤਕ ਦਾ ਮੁਖੜਾ



ਬਰਾਕ ਓਬਾਮਾ ਨਾਲ ਰਾਹੁਲ ਗਾਂਧੀ



ਸੋਨੀਆ ਗਾਂਧੀ

ਗੁਰਬਾਣੀ ਵਿਆਖਿਆ

# ਜਪੁਜੀ-ਸੰਖੇਪ ਸਾਰ (2)

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਇਸ ਸੰਸਾਰ ਵਿਚ ਚਲਦੇ ਕੁਦਰਤੀ ਨਿਯਮਾਂ ਤੇ ਉਨ੍ਹਾਂ ਦੇ ਇੰਤਜ਼ਾਮ ਨੂੰ ਹੋਰ ਨੇੜਿਓਂ ਘੋਖਣ ਨਾਲ ਪਤਾ ਲਗਦਾ ਹੈ ਕਿ ਇਹ ਬ੍ਰਹਿਮੰਡ ਬੇਅੰਤ ਹੈ। ਇਸ ਵਿਚ ਕੁਦਰਤੀ ਪਦਾਰਥਾਂ ਦੀ ਭਰਮਾਰ ਹੈ, ਜਿਨ੍ਹਾਂ ਦੇ ਭੰਡਾਰ ਥਾਂ ਥਾਂ ਲੱਗੇ ਹੋਏ ਹਨ। ਉਨ੍ਹਾਂ ਵਿਚ ਜੋ ਕੁਝ ਪਿਆ ਹੈ, ਉਹ ਇਕੋ ਵੇਲੇ ਦਾ ਪਾਇਆ ਹੋਇਆ ਹੈ। ਇੰਦਾਂ ਕਰਨਾ ਉਸ ਪਰਮ-ਸਤਿ ਦਾ ਬੁਨਿਆਦੀ ਕੰਮ ਹੈ, ਜੋ ਦਿਸਦਾ ਹੀ ਹੈ। ਇਹ ਉਸ ਨੇ ਕਰਨ ਲਈ ਕੀਤਾ ਹੈ, ਮੁਨਾਫੇ ਲਈ ਨਹੀਂ। ਉਸ ਦੇ ਭੰਡਾਰ ਬਿਨਾ ਕਿਸੇ ਕੀਮਤ ਦੇ ਉਪਲੱਬਦ ਹਨ। ਇਹ ਕਹੋ ਕਿ ਇਹ ਸੰਸਾਰ ਇਕ ਮੁਫਤ ਮੰਡੀ ਹੈ, ਜਿੱਥੇ ਵਸਤਾਂ ਦਾ ਆਉਣਾ, ਜਾਣਾ, ਤੁਲਣਾ, ਭਰਨਾ, ਤੱਕੜੀ, ਵੱਟਾ, ਬਾਰਦਾਨਾ, ਮਜ਼ਦੂਰੀ, ਮਸੂਲ ਆਦਿ ਸਭ ਬੇਲਾਗਤ ਹਨ। ਵਸਤਾਂ ਦੀ ਖਪਤ 'ਤੇ ਵੀ ਕੋਈ ਹੱਦਬੰਦੀ ਨਹੀਂ ਹੈ। ਇੰਨਾ ਕੁਝ ਮੁਫਤ ਹੈ ਕਿ ਗਿਣਾਇਆ ਨਹੀਂ ਜਾ ਸਕਦਾ। ਵੇਦ ਤੇ ਪੁਰਾਣ ਅਤੇ ਉਨ੍ਹਾਂ ਵਿਚਲੇ ਬ੍ਰਹਮਾ, ਮਹੇਸ਼, ਇੰਦਰ, ਕ੍ਰਿਸ਼ਨ, ਗੋਪੀਆਂ, ਸਿੱਧ, ਬੁੱਧ, ਦੇਵਤੇ, ਰਿਸ਼ੀ-ਮੁਨੀ ਤੇ ਸ਼ਾਸਤਰਾਂ ਨੂੰ ਪੜ੍ਹਨ ਵਾਲੇ ਵਿਖਿਆਨੀ ਸਦੀਆਂ ਤੋਂ ਉਨ੍ਹਾਂ ਦਾਤਾਂ ਦਾ ਜਾਇਜ਼ਾ ਲਾਉਂਦੇ ਆ ਰਹੇ ਹਨ, ਪਰ ਲਾ ਨਹੀਂ ਸਕੇ। ਆਪਣੀਆਂ ਆਪਣੀਆਂ ਅਨੁਮਾਨੀ ਗੱਲਾਂ ਕਹਿ ਕਹਿ ਕੇ ਚਲੇ ਜਾਂਦੇ ਰਹੇ, ਪਰ ਇਹ ਕਾਰਜ ਪੂਰਾ ਨਾ ਹੋਇਆ। ਹੋਵੇ ਵੀ ਕਿਵੇਂ? ਇਹ ਬ੍ਰਹਿਮੰਡ ਹੈ ਹੀ ਐਸਾ ਕਿ ਜਿੱਡਾ ਵੱਡਾ ਕਹਿ ਦੇਵੋ, ਉੱਡਾ ਈ ਵੱਡਾ ਹੋ ਜਾਂਦਾ ਹੈ। ਇਸ ਬਾਰੇ ਇਹੀ ਤੱਥ ਸਹੀ ਹੈ ਕਿ ਇਹ ਗਿਣਤੀਆਂ-ਮਿਣਤੀਆਂ ਤੋਂ ਪਰ੍ਹੇ ਹੈ। ਜੇ ਕੋਈ ਇਸ ਤੱਥ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ, ਉਸ ਨੂੰ ਮੂਰਖਾਂ ਦੇ ਮਹਾਂ ਮੂਰਖਾਂ ਦਾ ਮੋਹਰੀ ਆਖਣਾ ਬਣਦਾ ਹੈ। (ਪਉੜੀ 26 ਅਤੇ 31)

ਪਰ ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਇਸ ਬ੍ਰਹਿਮੰਡੀ ਬਾਜ਼ਾਰ ਵਿਚ ਸਭ ਕੁਝ ਹੀ ਮੁਫਤ ਹੈ। ਭੋਲੇ ਲੋਕ ਮੁਫਤ ਸਮਝ ਕੇ ਪੂਜਾ, ਭਗਤੀ ਅਤੇ ਅਰਦਾਸਾਂ ਰਾਹੀਂ ਬਹੁਤ ਚੀਜ਼ਾਂ ਮੰਗਦੇ ਹਨ। ਕਈ ਅਸੀਮ ਤਾਕਤ ਮੰਗਦੇ ਹਨ, ਕਈ ਤਰ੍ਹਾਂ ਤਰ੍ਹਾਂ ਦੀਆਂ ਹੋਰ ਦੁਨਿਆਵੀ ਵਸਤਾਂ ਮੰਗਦੇ ਹਨ, ਕਈ ਖਾਂਦੇ-ਪੀਂਦੇ ਬਿਨਾ ਲੋੜ ਤੋਂ ਹੀ ਮੰਗੀ ਜਾਂਦੇ ਹਨ ਅਤੇ ਬਹੁਤ ਸਾਰੇ ਗਰੀਬ ਦੁੱਖ-ਭੁੱਖ ਦੇ ਮਾਰੇ ਲਾਚਾਰ ਹੋਏ ਮੰਗਦੇ ਹਨ। ਲੋਕ ਸਮਝਦੇ ਹਨ ਕਿ ਕੁਦਰਤ ਦਾ ਵਿਤਰਣ ਅਨਿਯਮਿਤ ਢੰਗ ਨਾਲ ਹੁੰਦਾ ਹੈ, ਜੋ ਮਰਜੀ ਮੰਗੋ, ਮਿਲ ਜਾਂਦਾ ਹੈ। ਪਰ ਨਹੀਂ, ਕਾਇਨਾਤ ਦੀ ਇਸ ਮੰਡੀ ਦਾ ਪ੍ਰਬੰਧ ਕਿਸੇ ਦੀਆਂ ਅਰਜ਼ਾਂ ਅਰਜ਼ੋਈਆਂ, ਅਮੀਰੀ-ਗਰੀਬੀ ਦੇ ਵਾਸਤਿਆਂ ਅਤੇ ਤਰਸ ਮਿਹਰ ਕਰਨ ਨਾਲ ਨਹੀਂ ਚਲਦਾ। ਇਹ ਪੱਕੇ ਕੁਦਰਤੀ ਨਿਯਮਾਂ ਅਨੁਸਾਰ ਚਲਦਾ ਹੈ, ਜੋ ਕਿਸੇ ਵਾਸਤੇ ਮੁੜਦੇ ਤੇ ਝੁਕਦੇ ਨਹੀਂ। ਅਮੁਲ ਸਿਰਫ ਜੀਵਨ ਦੇਣ ਵਾਲੇ ਤੇ ਜੀਵਨ-ਵਰਧਕ ਪਦਾਰਥ ਹੀ ਹਨ, ਜਿਵੇਂ ਹਵਾ, ਪਾਣੀ, ਮਿੱਟੀ, ਧੁੱਪ ਤੇ ਬਨਸਪਤੀ ਆਦਿ। ਬਾਕੀ ਸਭ ਵਸਤਾਂ ਮਿਹਨਤ ਭਰੇ ਕਰਮ ਕਰ ਕੇ ਹਾਸਲ ਕਰਨੀਆਂ ਪੈਂਦੀਆਂ ਹਨ। ਜੋ ਕਰੇਗਾ, ਸੋ ਲਵੇਗਾ। ਜੋ ਲੋਕ ਇਸ ਭੇਤ ਨੂੰ ਸਮਝ ਗਏ, ਉਹ ਬਾਦਸ਼ਾਹਾਂ ਦੇ ਬਾਦਸ਼ਾਹ ਹਨ; ਜੋ ਨਹੀਂ ਸਮਝਦੇ, ਉਹ ਚਪੇੜਾਂ ਦੇ ਲਾਇਕ ਹਨ। ਇਸ ਤੋਂ ਵਧ ਇਸ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ। (ਪਉੜੀ 25 ਅਤੇ ਅੰਤਮ ਸਲੋਕ)

ਮੰਗਣ ਦੇ ਨਾਲ ਨਾਲ ਕਈ ਪੁੱਛਦੇ ਹਨ ਕਿ ਕੁਦਰਤ ਦਾ ਇਹ ਅਧਭੁਤ ਪ੍ਰਬੰਧ ਚਲਦਾ ਕਿਹੋ ਜਿਹੀ ਰਿਹਾਇਸ਼ਗਾਹ ਤੋਂ ਹੈ? ਮੀਰਾਂ, ਸ਼ਾਹਾਂ ਤੇ ਸ਼ਹਿਨਸ਼ਾਹਾਂ ਦੇ ਮਹਿਲ ਦੇਖ ਕੇ ਉਹ ਸੋਚਦੇ ਹਨ ਕਿ ਉੱਥੇ ਤਾਂ ਬਹੁਤ ਸਾਰੇ ਗਵੱਈਏ ਤਰ੍ਹਾਂ ਤਰ੍ਹਾਂ ਦੇ ਸਾਜਾਂ ਨਾਲ ਬੜੇ ਹੀ ਸੁੰਦਰ ਰਾਗ ਅਲਾਪਦੇ ਰਹਿੰਦੇ ਹੋਣਗੇ? ਹਾਂ, ਅਲਾਪਦੇ ਹਨ; ਪਰ ਉਹ ਗਵੱਈਏ ਮਨੁੱਖ ਤੇ ਔਰਤਾਂ ਨਹੀਂ, ਸਗੋਂ ਪੌਣ, ਪਾਣੀ, ਅਗਨੀ, ਸਮਾਨਤਾ ਵਾਲੇ ਨਿਯਮ ਤੇ ਕੁਦਰਤੀ ਸ਼ਕਤੀਆਂ ਹਨ। ਉਸ ਦੇ ਦਰ 'ਤੇ ਗਾਉਣ ਵਾਲਿਆਂ ਵਿਚ ਮਨੁੱਖਤਾ ਦੇ ਉਹ ਸਾਰੇ ਸਨਮਾਨ ਪਾਤਰ ਹਨ, ਜੋ ਮਨੁੱਖ ਨੇ ਘੜੇ ਤੇ ਸਵਾਰੇ ਹਨ। ਉਨ੍ਹਾਂ ਵਿਚ ਦੇਵੀ-ਦੇਵਤੇ ਹਨ; ਸਮਾਧੀਆਂ ਲਾਉਣ ਵਾਲੇ ਸਾਧ ਸੰਤ ਤੇ ਸਿੱਧ ਪੁਰਖ ਹਨ; ਜਤੀ, ਸਤੀ, ਸੰਤੋਖੀ, ਸੂਰਬੀਰ, ਵੇਦ ਪੜ੍ਹਦੇ ਪੰਡਿਤ ਤੇ ਰਿਸ਼ੀ-ਮੁਨੀ ਹਨ; ਸੁਰਗਾਂ ਵਿਚ ਰਹਿੰਦੀਆਂ ਮਨਮੋਹਨ ਸੁੰਦਰੀਆਂ ਤੇ ਚਾਰੇ ਜਨਮ-ਜਾਤਾਂ ਦੇ ਜੀਵ ਹਨ; ਧਰਤੀ ਦੇ ਸਭ ਖੰਡ, ਤਾਰਾ ਮੰਡਲ ਤੇ ਬ੍ਰਹਿਮੰਡ ਹਨ ਅਤੇ ਉਨ੍ਹਾਂ ਸਭਨਾਂ ਨੂੰ ਪੂਜਣ ਵਾਲੇ ਹਰ ਤਰ੍ਹਾਂ ਦੇ ਭਗਤ ਜਨ ਹਨ। ਇਸ ਤੋਂ ਇਲਾਵਾ ਕਿੰਨੇ ਹੋਰ ਸਿਫਤਗੀਰ ਹਨ, ਜੋ ਇਸ ਵੇਲੇ ਯਾਦ ਨਹੀਂ ਆ ਰਹੇ। ਹਰ ਵੱਡੀ ਛੋਟੀ ਚੀਜ਼, ਜੋ ਕੁਦਰਤ ਨੇ ਬਣਾਈ ਹੈ ਤੇ ਜੋ ਇਸ ਦਾ ਸ਼ਿੰਗਾਰ ਬਣੀ ਹੋਈ ਹੈ, ਮਾਨੋ ਉਹੀ ਉਸ ਪਰਮ-ਸਤਿ ਦੇ ਅਨੂਠੇ ਦਰ ਅੱਗੇ ਬੈਠੀ ਉਸ ਦੀਆਂ ਵਡਿਆਈਆਂ ਦੇ ਗੀਤ ਗਾ ਰਹੀ ਹੈ। ਇਹ ਤਮਾਮ ਕੁਦਰਤ ਉਸ ਦਾ ਦਰ ਹੈ, ਜਿਸ 'ਤੇ ਬੈਠੀ ਸਾਰੀ ਕਾਇਨਾਤ ਉਸ ਪ੍ਰਤੀ ਕ੍ਰਿਤੱਗਤਾ ਦਾ ਪ੍ਰਗਟਾਵਾ ਕਰ ਰਹੀ ਹੈ। ਇਹ ਉਹੀ ਪੱਕੇ ਨਿਯਮਾਂ ਵਾਲਾ ਸਦੀਵੀ ਸੱਚ ਹੈ, ਜਿਸ ਨੇ ਬਹੁ-ਰੰਗੀ ਤੇ ਬਹੁ-ਭਾਂਤੀ ਪਦਾਰਥੀ ਦੁਨੀਆਂ ਰਚੀ ਹੋਈ ਹੈ ਤੇ ਜੋ ਆਪਣੇ ਸੁਭਾਅ ਅਨੁਸਾਰ ਇਸ ਨੂੰ ਕਰ ਕਰ ਕੇ ਨਿਹਾਰਦਾ ਰਹਿੰਦਾ ਹੈ। ਉਸ ਦੇ ਨਿਯਮਾਂ ਦੀ ਉਲੰਘਣਾ ਨਹੀਂ ਹੋ ਸਕਦੀ। ਜੋ ਲੋਕ ਇਹ ਗੱਲ ਜਾਣ ਕੇ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹਨ, ਉਹ ਬਾਦਸ਼ਾਹਾਂ ਦੇ ਵੀ ਬਾਦਸ਼ਾਹ ਹਨ। (ਪਉੜੀ 27)

ਕਈ ਚਿੰਤਕ ਇਸ ਬਾਰੇ ਵੀ ਸੋਚਦੇ ਹਨ ਕਿ ਇਹ ਕੁਦਰਤ ਕਦੋਂ ਬਣੀ ਤੇ ਕਿਵੇਂ ਬਣੀ? ਇਸ ਗੱਲ ਦਾ ਨਾ ਕਿਸੇ ਨਜ਼ੂਮੀ ਨੂੰ ਪਤਾ ਹੈ, ਨਾ ਪੰਡਿਤ ਨੂੰ, ਨਾ ਕਾਦੀ ਨੂੰ ਤੇ ਨਾ ਹੀ ਕਿਸੇ ਜੋਗੀ ਨੂੰ। ਕਹਿਣ ਨੂੰ ਸਾਰੇ ਬਹੁਤ ਕੁਝ ਕਹਿੰਦੇ ਹਨ, ਪਰ ਬਿਨਾ ਕਿਸੇ ਠੋਸ ਆਧਾਰ ਤੋਂ ਕਹਿਣ ਨਾਲ ਪੱਕੀ ਗੱਲ ਨਹੀਂ ਬਣਦੀ। ਇਸ ਭੇਤ ਨੂੰ ਓਹੀ ਵੱਡੇ ਨਿਯਮਾਂ ਦੇ ਘੜ੍ਹਨ ਵਾਲਾ ਪਰਮ-ਸਤਿ ਜਾਣਦਾ ਹੈ, ਜਿਸ ਦਾ ਕੀਤਾ ਸਾਰਾ ਕੁਝ ਵਾਪਰਦਾ ਹੈ। ਵੇਦਾਂ ਤੇ ਕਤੇਬਾਂ ਨੇ ਲੱਖ ਵਾਰ ਪਾਤਾਲਾਂ ਆਕਾਸ਼ਾਂ ਨੂੰ ਪੁਣ-ਛਾਣ ਕੇ ਦੇਖ ਲਿਆ ਹੈ ਤੇ ਸਭ ਇਕੋ ਮੋਟੀ ਗੱਲ ਕਹਿੰਦੇ ਹਨ ਕਿ ਤੱਥ ਮਿਟ ਚੁੱਕੇ ਹਨ ਤੇ ਤੱਥਾਂ ਦੀ ਅਣਹੋਂਦ ਕਾਰਨ ਕੁਝ ਨਹੀਂ ਕਿਹਾ ਜਾ ਸਕਦਾ। ਇਸ ਲਈ ਇਹ ਮਸਲਾ ਇਕ ਬੁਝਾਰਤ ਬਣਿਆ ਹੋਇਆ ਹੈ। ਗੁਣ ਵਡਿਆਈਆਂ ਦੇ ਸਾਧਾਰਨ ਵਿਚਾਰ ਨਾਲ ਵੀ ਇੱਡੀ ਕਿੱਡੀ ਕੁ ਵੱਡੀ ਗੱਲ ਕਹੀ ਜਾ ਸਕਦੀ ਹੈ। ਵਿਚਾਰ ਕਰਨ ਵਾਲਿਆਂ ਦੀ ਤਾਂ ਆਪਣੀ ਸੁਰਤ ਉਨ੍ਹਾਂ ਨਦੀ ਨਾਲਿਆਂ ਵਰਗੀ ਹੈ, ਜਿਨ੍ਹਾਂ ਨੇ ਸਮੁੰਦਰ ਵਿਚ ਡਿਗਣਾ ਹੈ, ਪਰ ਉਨ੍ਹਾਂ ਨੇ ਉਸ ਨੂੰ ਕਦੇ ਦੇਖਿਆ ਨਹੀਂ ਕਿ ਉਹ ਕਿੱਡਾ ਕੁ ਵੱਡਾ ਹੈ। ਉਨ੍ਹਾਂ ਦੀ ਤੁੱਛ ਕਲਪਨਾ ਵਾਲਾ ਸਮੁੰਦਰ ਤਾਂ ਅਸਲ ਸਮੁੰਦਰ ਦੇ ਪਹਾੜਾਂ ਜਿੱਡੇ ਪਸਾਰ ਸਾਹਮਣੇ ਕੀੜੀ ਬਰਾਬਰ ਵੀ ਨਹੀਂ ਹੋਣਾ। (ਪਉੜੀ 21, 22 ਅਤੇ 23)

ਇਸ ਹਾਲਤ ਦੇ ਬਾਵਜੂਦ ਵੀ ਚਿੰਤਕ, ਜਗਿਆਸੂ ਤੇ ਸ਼ਰਧਾਲੂ ਸ੍ਰਿਸ਼ਟੀ ਦੇ ਕਾਰਕ-ਅੰਸ਼ ਨੂੰ ਮਿਲ ਕੇ ਉਸ ਨੂੰ ਦੇਖਣਾ ਚਾਹੁੰਦੇ ਹਨ। ਉਹ ਪੂਜਾ ਪਾਠ ਤੇ ਨਾਮ ਰਟਨ ਰਾਹੀਂ ਉਸ ਨਾਲ ਸੰਪਰਕ ਬਣਾਉਣਾ ਲੋਚਦੇ ਹਨ ਤੇ ਪ੍ਰੇਮ ਵਸ ਉਸ ਦੀ ਟਹਿਲ ਸੇਵਾ ਕਰਨਾ ਚਾਹੁੰਦੇ ਹਨ; ਪਰ ਇਹ ਬਚਕਾਨੀ ਤੇ ਹਾਸੋਹੀਣੀ ਗੱਲ ਹੈ, ਕਿਉਂਕਿ ਕਰੋੜਾਂ ਵਾਰ ਜੀਭ-ਰਟਨ ਕੀਤਿਆਂ ਵੀ ਇੰਦਾਂ ਨਹੀਂ ਹੁੰਦਾ। ਕੀ ਕਦੇ ਕੀਟ ਪਤੰਗੇ ਵੀ ਉਡ ਕੇ ਅਸਮਾਨ ਨੂੰ ਮਿਲੇ ਹਨ? ਕਈ ਮੋਟੀ ਅਕਲ ਵਾਲੇ ਮੰਤਰਾਂ, ਤੰਤਰਾਂ, ਸਿਆਣਪਾਂ ਤੇ ਯੋਗ ਸਾਧਨਾਵਾਂ ਨਾਲ ਆਪਣੀ ਤਾਕਤ ਵਧਾ ਕੇ ਕੁਦਰਤ ਜਿਹੀਆਂ ਸ਼ਕਤੀਆਂ ਆਪਣੇ ਹੱਥ ਵਿਚ ਕਰਨਾ ਚਾਹੁੰਦੇ ਹਨ। ਪਰ ਨਾ ਕਿਸੇ ਨੇ ਅਜਿਹੀ ਕੋਈ ਤਾਕਤ ਹਾਸਲ ਕੀਤੀ ਤੇ ਨਾ ਕਿਸੇ ਦੀ ਤਾਕਤ ਅੱਜ ਤੀਕ ਚੱਲੀ। ਇਹ ਕੁਦਰਤ ਨੂੰ ਵਸ ਕਰਨ ਦੇ ਸਹੀ ਢੰਗ ਨਹੀਂ, ਸਿਰਫ ਪਖੰਡ ਹਨ। ਇਹ ਲੋਕ ਕਈ ਇੰਦਾਂ ਦੀਆਂ ਬੇਤੁਕੀਆਂ ਗੱਲਾਂ ਵੀ ਕਰਦੇ ਹਨ ਕਿ ਇਸ ਸੰਸਾਰ ਦਾ ਕਾਰ-ਵਿਹਾਰ ਇਕ ਮਾਈ ਦੇ ਤਿੰਨ ਪੁੱਤਰ ਚਲਾ ਰਹੇ ਹਨ, ਜੋ ਪਤਾ ਨਹੀਂ ਕਿਵੇਂ ਗਰਭਵਤੀ ਹੋਈ ਸੀ। ਤਿੰਨਾਂ ਨੇ ਦੁਨੀਆਂ ਨੂੰ ਪੈਦਾ ਕਰਨ, ਪਾਲਣ ਪੋਸਣ ਤੇ ਖਤਮ ਕਰਨ ਦੇ ਕੰਮ ਆਪਸ ਵਿਚ ਵੰਡੇ ਹੋਏ ਹਨ। ਪਰ ਅਸਚਰਜ ਦੀ ਗੱਲ ਹੈ ਕਿ ਉਨ੍ਹਾਂ ਨੂੰ ਉਹ ਕਲਪਿਤ ਮਾਈ ਤੇ ਉਸ ਦੇ ਫਰਜ਼ੀ ਪੁੱਤਰ ਤਾਂ ਖਾਧ ਖੁਰਾਕ ਵਰਤਾਉਂਦੇ ਦਿਸਦੇ ਹਨ, ਪਰ ਕੁਦਰਤ ਦੇ ਥਾਂ ਥਾਂ ਸਥਾਪਤ ਕੀਤੇ ਉਹ ਅਮੁੱਕ ਭੰਡਾਰ ਨਹੀਂ ਦਿੱਸਦੇ, ਜਿਨ੍ਹਾਂ ਵਿਚ ਪਹਿਲਾਂ ਹੀ ਆਦਿ ਤੋਂ ਅੰਤ ਤੀਕ ਦੇ ਖਾਧ ਪਦਾਰਥ ਇਕੋ ਵਾਰ ਦੇ ਪਾਏ ਹੋਏ ਹਨ, ਜੋ ਕਦੇ ਖਤਮ ਨਹੀਂ ਹੋਏ। ਉਨ੍ਹਾਂ ਭਰੇ ਭਰਾਏ ਭੰਡਾਰ ਦੇ ਹੁੰਦਿਆਂ ਦੇਵੀ-ਦੇਵਤਿਆਂ ਦਾ ਕੀ ਕੰਮ? ਦੇਵਤਿਆਂ ਦੀ ਗੱਲ ਛੱਡੋ, ਉਨ੍ਹਾਂ ਦੇ ਪਿਛੋਕੜ ਪਿਆ ਜੋ ਪਰਮ-ਸਤਿ ਹਮੇਸ਼ਾ ਤੋਂ ਇਹ ਕੌਤਕ ਰਚਾ ਰਿਹਾ ਹੈ, ਉਹੀ ਮਨੁੱਖੀ ਧਿਆਨ ਦਾ ਅਸਲ ਪਾਤਰ ਹੈ, ਉਸੇ ਨੂੰ ਵਿਚਾਰੋ! (ਪਉੜੀ 30, 31 ਅਤੇ 32)

ਜੇ ਇਹ ਸ਼ਰਧਾਵਾਨ ਭਗਤ ਹਵਾਈ ਗੱਲਾਂ ਛੱਡ ਕੇ ਜਮੀਨੀ ਪੱਧਰ 'ਤੇ ਆਉਣ ਤਾਂ ਇਹ ਕੁਝ ਸਿੱਖ ਵੀ ਸਕਦੇ ਹਨ। ਆਪਣੇ ਕੰਨੋਂ ਮੁੰਦਰਾਂ ਲਾਹ ਕੇ ਮਨ ਵਿਚ ਸੰਤੋਖ ਲਿਆਉਣ, ਭਿਖਿਆ ਦੀ ਝੋਲੀ ਸੁੱਟ ਕੇ ਕਿਰਤ ਕਮਾਈ ਕਰਨ, ਸਵਾਹ ਮਲਣੀ ਛੱਡ ਕੇ ਸੋਚ ਵਿਚਾਰ ਵਲ ਪੈਣ, ਹੱਟੀ ਕੱਟੀ ਅਣਲੱਗ ਦੇਹ ਮਿਹਨਤ ਮੁਸ਼ੱਕਤ ਲੇਖੇ ਲਾਉਣ ਤੇ ਜੋਗ ਜੁਗਤਾਂ ਦਾ ਡੰਡਾ ਫੇਰਨ ਦੀ ਥਾਂ ਆਪਣੇ ਵਿਚ ਸਵੈ ਵਿਸ਼ਵਾਸ ਪੈਦਾ ਕਰਨ। ਜੇ ਇਹ ਇਸ ਤਰ੍ਹਾਂ ਸਮਝਦਾਰੀ ਨਾਲ ਵਿਚਰਨਾ ਸ਼ੁਰੂ ਕਰਨ ਤਾਂ ਹੀ ਯਥਾਰਥਕ ਸੋਚ ਦੇ ਮਾਲਕ ਬਣ ਸਕਦੇ ਹਨ। ਦਿਮਾਗ ਨੂੰ ਤਰਕ ਵਿਵੇਕ ਅਨੁਸਾਰ ਕੰਮ ਲੈਣ ਲਈ ਸਿਧਾਉਣਾ ਸਭ ਤੋਂ ਵੱਡੀ ਸਿੱਧੀ ਹੈ। ਇਸ ਨਾਲ ਸਭ ਜਮਾਤਾਂ ਦਾ ਪੰਥੀ-ਗਿਆਨ ਘਰ ਬੈਠੇ ਸਮਝ ਆ ਜਾਵੇਗਾ। ਜੇ ਇਹ ਲੋਕ ਗਿਆਨ ਨੂੰ ਆਪਣਾ ਚੂਰਮਾ ਬਣਾਉਣ ਤੇ ਉਸ ਨੂੰ ਹਲੀਮੀ ਨਾਲ ਸਭ ਨੂੰ ਵਰਤਾਉਣ, ਸੰਜੋਗ ਵਿਜੋਗ ਭਾਵ ਘਾਟੇ-ਵਾਧੇ ਨੂੰ ਜੀਵਨ ਦੇ ਜਰੂਰੀ ਅੰਗ ਸਮਝਣ ਤੇ ਆਪਣੇ ਕੰਮਾਂ ਨੂੰ ਆਪ ਕਰਨਾ ਸਿੱਖਣ ਤਾਂ ਸਿੱਧੀਆਂ ਰਿੱਧੀਆਂ ਬਾਰੇ ਸੋਚਣ ਦੀ ਲੋੜ ਹੀ ਨਾ ਪਵੇ। (ਪਉੜੀ 28-29)।

ਇਸ ਲਈ ਸੱਚ ਦੇ ਨੇੜੇ ਲੱਗਣ ਲਈ ਸੰਸਾਰ ਨੂੰ ਮਨਘੜਤ ਖਿਆਲੀ ਜ਼ਾਵੀਏ ਤੋਂ ਦੇਖਣ ਦੀ ਥਾਂ ਅਸਲੀਅਤ ਦੀ ਨਜ਼ਰ ਨਾਲ ਦੇਖਣਾ ਜਰੂਰੀ ਹੈ। ਇਹ ਬਹੁਤੀ ਵੱਡੀ ਨਹੀਂ, ਸਿੱਧੀ ਜਿਹੀ ਗੱਲ ਹੈ। ਜਰਾ ਸੋਚੋ ਕਿ ਕਿਵੇਂ ਪੌਣ, ਪਾਣੀ, ਅਗਨੀ ਤੇ ਪਤਾਲ ਨਾਲ ਬਣੀ ਇਹ ਧਰਤੀ ਇਕ ਧਰਮਸਾਲ ਦੀ ਨਿਆਈਂ ਆਸਮਾਨੀ ਫਿਜ਼ਾ ਵਿਚ ਟਿਕੀ ਹੋਈ ਹੈ। ਸਾਰਾ ਸੰਸਾਰ ਇਸ ਦੇ ਦਿਨਾਂ, ਰਾਤਾਂ, ਰੁਤਾਂ, ਤਿੱਥਾਂ ਤੇ ਵਾਰਾਂ ਦੇ ਪਾਲਣੇ ਵਿਚ ਝੂਲ ਕੇ ਵਧਦਾ ਫੁਲਦਾ ਹੈ। ਮਨੁੱਖ ਦਾ ਗਿਆਨ ਇਸ ਦੁਆਲੇ ਹੀ ਘੁੰਮਦਾ ਹੈ, ਕਿਉਂਕਿ ਇਸ ਤੋਂ ਬਾਹਰ ਉਹ ਕਿਤੇ ਗਿਆ ਨਹੀਂ ਹੈ। ਜੇ ਧਰਤੀ ਤੇ ਰਹਿੰਦੇ ਮਨੁੱਖ ਦੇ ਗਿਆਨ ਨੂੰ ਖੇਤਰਾਂ ਵਿਚ ਵੰਡ ਲਈਏ ਤਾਂ ਪਹਿਲਾ ਖੇਤਰ ਧਰਮ ਦਾ ਹੈ। ਸਾਰੀ ਧਰਤੀ ਤੇ ਧਰਮ ਦਾ ਪਹਿਰਾ ਹੈ ਤੇ ਇਸ ਵਿਚ ਹਰੇਕ ਚੀਜ਼ ਸਮਾਨਤਾ ਦੀਆਂ ਹਿਸਾਬੀ ਸਮੀਕਰਣਾਂ ਅਨੁਸਾਰ ਵਿਚਰਦੇ ਸਖਤ ਕੁਦਰਤੀ ਨਿਯਮਾਂ ਵਿਚ ਜਕੜੀ ਹੋਈ ਹੈ। ਹਰ ਕਰਮ ਦਾ ਕਾਰਕ ਹੈ ਤੇ ਹਰ ਕਰਮ ਦਾ ਕਰਮ ਜਿੱਡਾ ਹੀ ਪ੍ਰਤੀਕਰਮ ਹੈ। ਜੋ ਕਰੋ ਉਹੀ ਵਾਪਸ ਮਿਲਦਾ ਹੈ। ਹਰ ਚੀਜ਼ ਵਿਧੀ ਵਿਧਾਨ ਅਨੁਸਾਰ ਗਿਣ-ਮਿਣ ਕੇ ਵਿਚਰਦੀ ਹੈ। ਇਸ ਵਿਚ ਤਰ੍ਹਾਂ ਤਰ੍ਹਾਂ ਦੇ ਰੰਗਾਂ, ਨਸਲਾਂ ਤੇ ਨਾਂਵਾਂ ਵਾਲੇ ਜੀਵ ਜੰਤੂ ਹਨ। ਸਭ ਨੂੰ ਆਪਣੇ ਹਰ ਇਕ ਕਰਮ ਦੇ ਸਿੱਟੇ ਸਹੀ ਸਹੀ ਅਨੁਪਾਤ ਵਿਚ ਭੁਗਤਣੇ ਪੈਂਦੇ ਹਨ। ਮਾਨੋ ਇੱਥੇ ਹਰ ਚੰਗੇ ਮਾੜੇ ਕਰਮ ਦੀ ਪਛਾਣ ਕਰਨ ਤੇ ਉਸ ਦਾ ਹਿਸਾਬ ਕਰਨ ਲਈ ਅਚੂਕ ਪੰਚ ਬੈਠੇ ਹੋਏ ਹਨ। ਉਨ੍ਹਾਂ ਦਾ ਕੰਮ ਇੰਨਾ ਪੱਕਾ ਤੇ ਇਮਾਨਦਾਰੀ ਵਾਲਾ ਹੈ ਕਿ ਜੇ ਕਿਸੇ ਨੇ ਸੱਚ-ਝੂਠ ਦੀ ਪਰਖ ਕਰਨੀ ਹੋਵੇ ਤਾਂ ਉਹ ਇੱਥੇ ਆ ਕੇ ਕਰੇ। ਇਸ ਜਹਾਨ ਵਿਚ ਇੰਨੇ ਸੱਚੇ ਕੁਦਰਤੀ ਇਨਸਾਫ ਦਾ ਮਾਹੌਲ ਹੈ ਕਿ ਬਿਨ ਦੇਖਿਆਂ ਵਿਸ਼ਵਾਸ ਨਹੀਂ ਹੁੰਦਾ। (ਪਉੜੀ 34)

ਧਰਮ ਦੇ ਖੇਤਰ ਵਿਚ ਤਾਂ ਸਹੀ-ਗਲਤ ਦੀ ਪਛਾਣ ਕਰਨ ਤੇ ਕਰਮ ਅਨੁਸਾਰ ਫਲ ਦੇਣ ਵਾਲਾ ਧਰਮ ਸਹੀ ਤੌਰ 'ਤੇ ਚਲ ਹੀ ਰਿਹਾ ਹੈ। ਦੂਜਾ ਖੇਤਰ ਗਿਆਨ ਦਾ ਹੈ, ਜੋ ਧਰਮ ਖੰਡ ਦੇ ਗਿਆਨ ਨਾਲ ਸਬੰਧਤ ਹੈ। ਇਸ ਦੀ ਗੱਲ ਕਰੀਏ ਤਾਂ ਮਨੁੱਖ ਨੇ ਇਸ ਵਿਚ ਗਿਆਨ ਦਾ ਕੋਈ ਉਪਰਾਲਾ ਨਹੀਂ ਕੀਤਾ। ਉਸ ਨੂੰ ਨਹੀਂ ਪਤਾ ਕਿ ਕੁਦਰਤ ਦਾ ਧਰਮ ਪਿਛੋਂ ਕਿਵੇਂ ਚਲ ਰਿਹਾ ਹੈ। ਗਿਆਨ ਪ੍ਰਾਪਤੀ ਦੀ ਥਾਂ ਸਾਰੀ ਦੁਨੀਆਂ ਭਰਮਾਂ ਵਿਚ ਪੈ ਕੇ ਪੂਜਾ ਪਾਠ ਤੇ ਨਾਮ ਰਟਨ ਵਿਚ ਲੱਗੀ ਹੋਈ ਹਨ। ਲੋਕ ਕਈ ਤਰ੍ਹਾਂ ਦੇ ਦੇਵੀ-ਦੇਵਤਿਆਂ ਦੀਆਂ ਆਰਤੀਆਂ ਉਤਾਰ ਰਹੇ ਹਨ ਤੇ ਜਾਨਵਰਾਂ ਪੱਥਰਾਂ ਤੀਕ ਨੂੰ ਧਿਆ ਰਹੇ ਹਨ। ਪਵਨ, ਜਲ, ਅਗਨੀ, ਬ੍ਰਹਮਾ, ਵਿਸ਼ਨੂੰ, ਸ਼ਿਵ, ਪਾਰਬਤੀ, ਇੰਦਰ, ਪਹਾੜ, ਸੂਰਜ, ਚੰਦਰਮਾ, ਤਾਰਾ-ਮੰਡਲ, ਰਿਸ਼ੀ ਮੁਨੀ, ਸਿੱਧ ਪੁਰਖ, ਗੌਤਮ ਬੁੱਧ, ਕੀਮਤੀ ਪੱਥਰ, ਸਾਗਰ, ਸਮੂਹ ਜੋਨੀਆਂ ਦੇ ਜੀਵ, ਹਨੂਮਾਨ ਤੇ ਰਾਜੇ ਮਹਾਰਾਜੇ, ਸਭ ਪੂਜਾ ਦੇ ਪਾਤਰ ਬਣਾਏ ਹੋਏ ਹਨ। ਹਿਸਾਬ ਲਾਉ ਤਾਂ ਉਨ੍ਹਾਂ ਦੀ ਗਿਣਤੀ ਹੀ ਕੋਈ ਨਹੀਂ ਹੈ, ਕਿਉਂਕਿ ਗਿਆਨ-ਵਿਹੂਣੇ ਲੋਕ ਹਰ ਥਾਂ ਸ਼ਰਧਾ ਨਾਲ ਮੱਥੇ ਟੇਕ ਰਹੇ ਹਨ। ਗਿਆਨ ਸੋਚ ਵਿਚਾਰ ਦਾ ਵਿਸ਼ਾ ਨਾ ਰਹਿ ਕੇ ਦਿਖਾਵੇ ਦੀ ਖੇਡ ਬਣ ਗਿਆ ਹੈ। ਇਹ ਤਾਂਡਵ ਰੂਪ ਧਾਰਨ ਕਰ ਗਿਆ ਹੈ ਅਤੇ ਇਸ ਦੀ ਥਾਂ ਗੀਤ-ਸੰਗੀਤ, ਕੌਤਕ, ਮਨ-ਪ੍ਰਚਾਵੇ ਤੇ ਮਨੋਰੰਜਨੀ ਸਵਾਦਾਂ ਨੇ ਲੈ ਲਈ ਹੈ। ਗਿਆਨ ਦਾ ਵਿਕਾਸ ਮੂਲੋਂ ਹੀ ਖੜੋਤ ਵਿਚ ਹੈ। (ਪਉੜੀ 35)

ਤੀਜਾ ਖੇਤਰ ਮਿਹਨਤ ਮੁਸ਼ੱਕਤ ਕਰ ਕੇ ਵਸਤਾਂ ਸਿਰਜਣ ਦਾ ਹੈ। ਬਸ ਇਹੀ ਖੰਡ ਹੈ, ਜਿੱਥੇ ਮਨੁੱਖ ਨੇ ਵੱਡੀ ਮਾਰ ਮਾਰੀ ਹੈ। ਇਸ ਵਿਚ ਇੰਨਾ ਲਾਜਵਾਬ ਕੰਮ ਹੋਇਆ ਹੈ ਕਿ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਵਿਚ ਅਤਿ-ਸੁੰਦਰ ਵਸਤਾਂ ਹੀ ਨਹੀਂ ਘੜੀਆਂ ਗਈਆਂ, ਸਗੋਂ ਇੱਥੇ ਕੀਤੀ ਦਿਮਾਗੀ ਮਿਹਨਤ ਸਦਕਾ ਮਨੁੱਖ ਦੀ ਸੋਚ ਤੇ ਬੁੱਧੀ ਦਾ ਵਿਕਾਸ ਵੀ ਹੋਇਆ ਹੈ। ਮਨੁੱਖ ਦਾ ਮਨ, ਬੁੱਧੀ, ਸੁਰਤ, ਸੋਚ ਤੇ ਸਮਝ ਉਸ ਪੱਧਰ ਤੀਕ ਉੱਚੇ ਹੋ ਗਏ ਹਨ, ਜਿਸ ਪੱਧਰ ਦੇ ਉਸ ਨੇ ਸਿੱਧਾਂ ਤੇ ਦੇਵਤਿਆਂ ਨੂੰ ਕਲਪਿਆ ਹੋਇਆ ਸੀ। ਚੌਥਾ ਖੇਤਰ ਸੂਰਬੀਰਤਾ, ਸ਼ਕਤੀ ਤੇ ਬਹਾਦਰੀ ਦਾ ਹੈ। ਇਸ ਖੰਡ ਵਿਚ ਫਿਰ ਕੋਈ ਉਪਲਬਧੀ ਨਹੀਂ ਹੋਈ। ਸੁਰੱਖਿਆ, ਉਤਪਾਦਨ ਤੇ ਤਕਨੀਕੀ ਸੋਚ, ਉਨ੍ਹਾਂ ਵਿਚੋਂ ਕਿਸੇ ਇਕ ਦਾ ਵਿਕਾਸ ਨਹੀਂ ਹੋਇਆ। ਜੋਰ, ਤਾਕਤ ਨੂੰ ਅਕਲ ਨਾਲ ਵਧਾ ਕੇ ਉੱਨਤੀ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਲੋਕ ਜੋਰ ਦੀਆਂ ਗੱਲਾਂ ਕਰਦੇ ਹਨ, ਪਰ ਇਸ ਨੂੰ ਵਰਤਣ ਦਾ ਜਿਗਰਾ ਨਹੀਂ ਰੱਖਦੇ। ਆਪ ਸੂਰਬੀਰ ਬਣਨ ਦੀ ਥਾਂ ਸੂਰਬੀਰਾਂ ਦੀ ਪੂਜਾ ਕਰਦੇ ਹਨ। ਧਾੜਵੀਆਂ ਦੀਆਂ ਧਾੜਾਂ ਵੇਲੇ ਵੀ ਮੈਦਾਨ ਵਿਚ ਨਹੀਂ ਆਉਂਦੇ। ਹਮਲਾਵਰ ਹਮਲਾ ਕਰਦੇ ਹਨ ਤੇ ਇਹ ਸੂਰਮੇ ਮੈਦਾਨ ਵਿਚ ਸੂਰਮਗਤੀ ਦਿਖਾਉਣ ਦੀ ਥਾਂ ਆਪਣੇ ਤੋਂ ਪਹਿਲੇ ਸੂਰਮਿਆਂ ਦੀ ਪੂਜਾ ਕਰਨ ਬੈਠ ਜਾਂਦੇ ਹਨ। ਸਭ ਤੋਂ ਵੱਧ ਭਗਤ ਵੱਡੇ ਸੂਰਮੇ ਰਾਮ ਚੰਦਰ ਦੇ ਹਨ। ਉਸ ਦੀ ਪਤਨੀ ਸੀਤਾ ਦੀ ਵੀਰਤਾ ਦੀ ਵੀ ਸ਼ਰਧਾਲੂਆਂ ਵਿਚ ਬੜੀ ਚਰਚਾ ਹੈ। ਲੋਕ ਉਨ੍ਹਾਂ ਦੀਆਂ ਸੁੰਦਰ ਮੂਰਤੀਆਂ ਬਣਾ ਕੇ ਪੂਜਦੇ ਹਨ। ਉਨ੍ਹਾਂ ਦੇ ਭਗਤ ਟੁੱਟ ਕੇ ਨਾ ਕਿਸੇ ਹੋਰ ਪਾਸੇ ਜਾਂਦੇ ਹਨ ਤੇ ਨਾ ਹੀ ਕਿਸੇ ਹੋਰ ਕਾਰਨ ਉਨ੍ਹਾਂ ਦੀ ਗਿਣਤੀ ਕਦੇ ਘਟਦੀ ਹੈ। ਉਨ੍ਹਾਂ ਤੋਂ ਇਲਾਵਾ ਇੱਥੇ ਕਈ ਹੋਰ ਲੋਕਾਂ ਦੇ ਭਗਤ ਵੀ ਹਨ, ਜੋ ਉਨ੍ਹਾਂ ਦੇ ਸੇਵਕ ਬਣ ਕੇ ਹੀ ਸੱਚਾ ਅਨੰਦ ਅਨੁਭਵ ਕਰ ਲੈਂਦੇ ਹਨ। ਪੰਜਵਾਂ ਖੇਤਰ ਸੱਚ ਖੰਡ ਦਾ ਹੈ, ਜਿੱਥੇ ਨਿਰੰਕਾਰ ਦਾ ਨਿਵਾਸ ਹੈ। ਇਸ ਵਿਚ ਤਾਂ ਦੇਸ਼, ਦੁਨੀਆਂ ਤੇ ਬ੍ਰਹਿਮੰਡ ਸਮੇਤ ਸਭ ਕੁਝ ਦੀ ਸਿਰਜਣਾ ਹੁੰਦੀ ਹੈ। ਇਸ ਖੇਤਰ ਦੀ ਸੱਚੀ ਕਿਰਤ ਰਾਹੀਂ ਤਰ੍ਹਾਂ ਤਰ੍ਹਾਂ ਦੀਆਂ ਬਸਤੀਆਂ ਤੇ ਵਸਤਾਂ ਬਣਦੀਆਂ ਹਨ ਤੇ ਉਨ੍ਹਾਂ ਦੇ ਗੁਣਾਂ ਤੇ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਨਾਮ ਤੇ ਕੰਮ ਮਿਲਦੇ ਹਨ। ਕਿਉਂਕਿ ਕਿਸੇ ਨੇ ਦੇਖਿਆ ਨਹੀਂ, ਇਸ ਲਈ ਇਸ ਖੇਤਰ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਬੱਸ ਸੋਚ ਕੇ ਹੈਰਾਨ ਹੀ ਹੋ ਸਕੀਦਾ ਹੈ। (ਪਉੜੀ 36-37)।

ਭਾਵੇਂ ਮਿਹਨਤ ਦੇ ਖੇਤਰ ਵਿਚ ਤਸੱਲੀਬਖਸ਼ ਪ੍ਰਾਪਤੀਆਂ ਹੋਈਆਂ ਹਨ, ਪਰ ਗਿਆਨ ਤੇ ਜੋਰ ਦੇ ਖੇਤਰ ਵਿਚ, ਖਾਸ ਤੌਰ 'ਤੇ ਤਾਕਤ ਪੈਦਾ ਕਰਨ ਦੀਆਂ ਤਕਨੀਕਾਂ ਦੇ ਖੇਤਰਾਂ ਵਿਚ, ਮਨੁੱਖ ਬਹੁਤ ਪਛੜਿਆ ਹੋਇਆ ਹੈ। ਫਿਰ ਵੀ ਗਿਆਨ ਪ੍ਰਾਪਤੀ ਦਾ ਇਹ ਉੱਦਮ ਛੱਡਿਆ ਨਹੀਂ ਜਾ ਸਕਦਾ। ਗਿਆਨ ਦੀ ਕੁੰਜੀ ਸੱਚ ਖੰਡ ਵਿਚ ਹੈ ਤੇ ਸੱਚ ਖੰਡ ਦਾ ਰਾਹ ਤਕਨੀਕੀ ਰਾਹ ਹੈ। ਇਸ ਲਈ ਸੱਚ ਖੰਡ ਦਾ ਗਿਆਨ ਗੱਲਾਂ ਨਾਲ ਨਹੀਂ, ਸਗੋਂ ਲੰਮੇ ਤਕਨੀਕੀ ਸੰਘਰਸ਼ ਰਾਹੀਂ ਪ੍ਰਾਪਤ ਹੋਵੇਗਾ। ਇਸ ਨੂੰ ਪਾਉਣ ਲਈ ਧੀਰਜਵਾਨ ਸੁਨਿਆਰੇ ਵਾਂਗ ਸਿਰ ਸੁੱਟ ਕੇ ਬਾਰੀਕ ਕੰਮ ਕਰਨ ਵਾਲੇ ਤਕਨੀਕੀ ਕਾਮਿਆਂ ਦੀ ਲੋੜ ਹੈ। ਉਸ ਮਹੀਨ ਕਾਰਜਸ਼ੀਲਤਾ ਵਾਲੇ ਕਾਰਖਾਨੇ ਵਿਚ ਵਰਤੇ ਜਾਣ ਵਾਲੇ ਔਜ਼ਾਰਾਂ ਵਾਂਗ ਡੂੰਘੇ ਸਰਵੇਖਣ (Observation) ਦੇ ਨਵੇਂ ਨਵੇਂ ਔਜ਼ਾਰ ਘੜਨੇ ਪੈਣਗੇ। ਡੂੰਘਾਈ ਵਿਚ ਜਾਣ ਲਈ ਸਿਰੜ ਦੀ ਭੱਠੀ, ਵੇਦਾਂ ਭਾਵ ਪੁਸਤਕਾਲਿਆਂ ਦਾ ਹਥੌੜਾ, ਲਗਨ ਦੀ ਧੌਂਕਣੀ ਅਤੇ ਹੌਸਲੇ ਦੀ ਅਗਨੀ ਵਰਤਣੀ ਪਵੇਗੀ। ਫਿਰ ਆਸ਼ਾਵੰਦੀ ਲਾਭ ਦੀ ਕੁਠਾਲੀ ਵਿਚ ਸੱਚੇ ਤੱਥਾਂ ਦਾ ਅੰਮ੍ਰਿਤ ਢਾਲਣਾ ਪਵੇਗਾ। ਅਜਿਹੀ ਟਕਸਾਲ ਵਿਚ ਸੱਚ ਦਾ ਅੰਮ੍ਰਿਤ ਢਲ ਕੇ ਹੀ ਪਰਮ-ਸਤਿ ਦੇ ਅਸਲ ਨਾਮ ਵਾਲਾ ਸ਼ਬਦ ਘੜਿਆ ਜਾਵੇਗਾ। ਇਸ ਤਰ੍ਹਾਂ ਦੀ ਸੱਚੀ ਪ੍ਰਯੋਗਸ਼ਾਲਾ ਵਿਚ ਉਹੀ ਲੋਕ ਕੰਮ ਕਰਨ ਦੇ ਕਾਬਲ ਹੋਣਗੇ, ਜੋ ਨਿਰਪੱਖ ਤੇ ਬੇਲਾਗ ਨਜ਼ਰ ਨਾਲ ਪੇਖ ਸਕਣਗੇ ਤੇ ਜਿਨ੍ਹਾਂ ਦੀ ਉਦਾਸੀਨਤਾ ਦੇਖ ਕੇ ਦੇਖਣ ਵਾਲੇ ਵੀ ਅੱਸ਼-ਅੱਸ਼ ਕਰ ਉਠਣਗੇ; ਪਰ ਇਹ ਬਹੁਤ ਲੰਮਾ ਤੇ ਜੋਖਮ ਭਰਿਆ ਕਾਰਜ ਹੈ। ਜਿਨ੍ਹਾਂ ਨੇ ਵੀ ਇਸ ਕੰਮ ਨੂੰ ਹੱਥ ਪਾਇਆ, ਉਹ ਬਿਨਾ ਕੁਝ ਪ੍ਰਾਪਤ ਕੀਤੇ ਮੁਸ਼ੱਕਤ ਘਾਲ ਕੇ ਚਲੇ ਗਏ। ਭਾਵੇਂ ਉਹ ਕੋਈ ਕਾਮਯਾਬੀ ਹਾਸਲ ਨਾ ਕਰ ਸਕੇ ਤਾਂ ਵੀ ਉਨ੍ਹਾਂ ਦੇ ਨਾਮ ਇਤਿਹਾਸ ਦੇ ਪੰਨਿਆਂ ਵਿਚ ਚਮਕਦੇ ਹਨ, ਪਰ ਉਨ੍ਹਾਂ ਤੋਂ ਬਾਅਦ ਕਰਨ ਵਾਲੀ ਕਿੰਨੀ ਹੀ ਮੁਸ਼ੱਕਤ ਬਾਕੀ ਰਹਿੰਦੀ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੇ ਕਰਨੀ ਹੈ। ਇਹ ਕਾਰਜ ਵਿਗਿਆਨਕ ਸੋਚ ਤੇ ਤਕਨੀਕੀ ਵਿਕਾਸ ਦੇ ਰਸਤੇ ਸੰਭਵ ਹੋਵੇਗਾ, ਜਿਸ ਦਾ ਮੁਢਲਾ ਪ੍ਰਤੀਕ ਇਮਾਨਦਾਰ ਸੁਨਿਆਰੇ ਦਾ ਕਾਰਖਾਨਾ ਹੈ। ਇਸੇ ਪਾਸਿਉਂ ਕਰਤਾ ਪੁਰਖ ਦਾ ਸੱਚਾ ਨਾਂ ਭਾਵ ਸਤਿ ਨਾਮ ਘੜ ਕੇ ਸਾਹਮਣੇ ਆਵੇਗਾ। ਇਸ ਲਈ ਪਰਮ-ਸਤਿ ਦੇ ਗਿਆਨ ਦੀ ਸੇਧ ਪੂਜਾ ਪਾਠ ਵੱਲ ਨਹੀਂ, ਸਗੋਂ ਤਕਨੀਕ-ਕਲਾ ਤੇ ਆਧੁਨਿਕ ਪ੍ਰਯੋਗਸ਼ਾਲਾਵਾਂ ਮਿਲਵੇਂ ਮਾਡਲ ਵੱਲ ਹੈ। ਯਕੀਨ ਮੰਨੋ, ਪਰਮ-ਸਤਿ ਹੈ ਤਾਂ ਇਸ ਕੁਦਰਤ ਵਿਚ ਹੈ, ਇਸ ਦੀ ਗਹਿਰਾਈ ਵਿਚ ਹੈ। ਇਸ ਦੀ ਖੋਜ ਜਾਰੀ ਰਹਿਣੀ ਚਾਹੀਦੀ ਹੈ। (ਪਉੜੀ 38 ਤੇ ਅੰਤਿਮ ਸਲੋਕ)

ਇਸ ਤਰ੍ਹਾਂ ਜਪੁਜੀ ਕਿਸੇ ਧਰਮ ਦੀ ਰੂਪ ਰੇਖਾ ਨਹੀਂ ਹੈ, ਸਗੋਂ ਗੁਰੂ ਨਾਨਕ ਦੀ ਸਿੱਖੀ ਵਿਚਾਰਧਾਰਾ ਦਾ ਮੂਲ ਸਿਧਾਂਤ ਹੈ। ਇਹ ਸਿੱਖੀ ਨੂੰ ਦੂਜੇ ਸਭ ਧਰਮਾਂ, ਵਿਸ਼ਵਾਸਾਂ ਅਤੇ ਅਧਿਆਤਮਕ ਸੋਚਾਂ ਨਾਲੋਂ ਨਿਖੇੜਦਾ ਹੈ। ਇਹ ਵਿਗਿਆਨਕ ਵਿਧੀ ਦਾ ਪਹਿਲਾ ਸੰਪੂਰਨ ਸ਼ਾਹਕਾਰ ਹੈ, ਜਿਸ ਨੇ ਮਨੁੱਖਤਾ ਨੂੰ ਸੱਚ ਦੀ ਸਹੀ ਸੇਧ ਦਿੱਤੀ ਹੈ। ਇਸੇ ਜਿਹੀ ਦਿਸ਼ਾ ਵਿਚ ਚਲ ਕੇ ਆਧੁਨਿਕ ਵਿਗਿਆਨ ਨੇ ਕੁਦਰਤ ਦੇ ਬਹੁਤ ਸਾਰੇ ਭੇਤ ਪਾਏ ਹਨ। ਇਨ੍ਹਾਂ ਪ੍ਰਾਪਤੀਆਂ ਸਦਕਾ ਅੱਜ ਮਨੁੱਖ ਕੁਦਰਤ ਦੀਆਂ ਅਣਗਿਣਤ ਪ੍ਰਕ੍ਰਿਆਵਾਂ ਨੂੰ ਸਮਝ ਗਿਆ ਹੈ ਤੇ ਬਾਕੀਆਂ ਨੂੰ ਸਮਝ ਜਾਵੇਗਾ। ਜਿਹੋ ਜਿਹੀ ਬੁੱਧ ਤੇ ਸੁੱਧ ਉਸ ਨੇ ਪ੍ਰਾਪਤ ਕਰ ਲਈ ਹੈ, ਉਸ ਨਾਲ ਹੁਣ ਪਰਮ-ਸਤਿ ਦੀ ਅਸਲ ਰੂਪ ਰੇਖਾ ਤਿਆਰ ਕਰ ਲੈਣਾ ਉਸ ਲਈ ਬਹੁਤਾ ਕਠਿਨ ਕੰਮ ਨਹੀਂ ਹੈ। ਜੇ ਪੰਜਾਂ ਖੰਡਾਂ ਦੀ ਵਾਰਤਾ ਗੁਰੂ ਸਾਹਿਬ ਅੱਜ ਮੁੜ ਵਿਚਾਰਨ ਤਾਂ ਉਨ੍ਹਾਂ ਨੂੰ ਸਰਮ ਖੰਡ ਵਾਂਗ ਹਰ ਪਾਸੇ ਅਥਾਹ ਉੱਨਤੀ ਪ੍ਰਤੀਤ ਹੋਵੇਗੀ।

ਭਾਵੇਂ ਗੁਰੂ ਸਾਹਿਬ ਨੇ ਆਪਣੇ ਅਨੁਭਵ ਤਰਕ ਤੇ ਦ੍ਰਿੜਤਾ ਨਾਲ ਵਰਣਨ ਕੀਤੇ ਹਨ, ਪਰ ਫਿਰ ਵੀ ਕਈ ਅਜੋਕੇ ਸਿੱਖ ਵਿਦਵਾਨ ਗੁਰੂ ਸਾਹਿਬ ਦੇ ਇਸ ਪਾਰਦਰਸ਼ੀ ਗਿਆਨ ਸੁਨੇਹੇ ਨੂੰ ਈਸਾਈ ਧਾਰਮ ਦੀ ਵਿਆਖਿਆ ਵਾਂਗ ਰੈਡੀਕਲ ਹਰਮੀਨਿਊਟਿਕਸ (Radical Hermeneutics) ਨਾਲ ਜੋੜ ਕੇ ਦੇਖਦੇ ਹਨ। ਇਹ ਸਿੱਖ ਮੱਤ ਦੀ ਤ੍ਰਾਸਦੀ ਹੈ ਕਿ ਉਹ ਇਸ ਨੂੰ ਸਮਝ ਨਹੀਂ ਸਕੇ। ਉਨ੍ਹਾਂ ਦਾ ਇਹ ਪਿੱਛਾਖੜੀ ਕਾਰਾ ਸਪਸ਼ਟ ਸਿੱਖ ਜਗਿਆਸੂਆਂ ਨੂੰ ਪੋਸਟ ਮਾਡਰਨਿਜ਼ਮ (Post-modernism) ਦੇ ਨਾਂ ਹੇਠ ਪਿੱਛਲਖੁਰੀ ਮੋੜ ਕੇ ਅਗਿਆਨ ਦੇ ਅੰਧੇਰਿਆਂ ਵੱਲ ਧੱਕਣ ਵਾਲਾ ਹੈ। ਇਹ ਅਧਿਆਤਮਵਾਦ ਦਾ ਆਖਰੀ ਵਿਚਾਰ-ਧਾਰਾਤਮਿਕ ਪੈਂਤੜਾ ਹੈ, ਪਰ ਇਹ ਗੁਰੂ ਸਾਹਿਬ ਦੇ ਸਿੱਖੀ ਸਿਧਾਂਤ 'ਤੇ ਨਹੀਂ ਚਲੇਗਾ। ਕਾਰਨ ਇਹ ਕਿ ਇਹ ਸਿਧਾਂਤ ਪਹਿਲਾਂ ਹੀ ਤਰਕ, ਵਿਵੇਕ ਤੇ ਵਿਗਿਆਨ ਦੀ ਨਿੱਗਰ ਨੀਂਹ ਉੱਤੇ ਟਿਕਿਆ ਹੈ। ਇਸ ਨਾਲ ਟੱਕਰ ਲੈਣਾ ਵਿਗਿਆਨ ਨਾਲ ਟੱਕਰ ਲੈਣ ਬਰਾਬਰ ਹੈ।

**ਧਰਮ ਦੇ ਖੇਤਰ ਵਿਚ ਤਾਂ ਸਹੀ-ਗਲਤ ਦੀ ਪਛਾਣ ਕਰਨ ਤੇ ਕਰਮ ਅਨੁਸਾਰ ਫਲ ਦੇਣ ਵਾਲਾ ਧਰਮ ਸਹੀ ਤੌਰ 'ਤੇ ਚਲ ਹੀ ਰਿਹਾ ਹੈ। ਦੂਜਾ ਖੇਤਰ ਗਿਆਨ ਦਾ ਹੈ, ਜੋ ਧਰਮ ਖੰਡ ਦੇ ਗਿਆਨ ਨਾਲ ਸਬੰਧਤ ਹੈ। ਇਸ ਦੀ ਗੱਲ ਕਰੀਏ ਤਾਂ ਮਨੁੱਖ ਨੇ ਇਸ ਵਿਚ ਗਿਆਨ ਦਾ ਕੋਈ ਉਪਰਾਲਾ ਨਹੀਂ ਕੀਤਾ। ਉਸ ਨੂੰ ਨਹੀਂ ਪਤਾ ਕਿ ਕੁਦਰਤ ਦਾ ਧਰਮ ਪਿਛੋਂ ਕਿਵੇਂ ਚਲ ਰਿਹਾ ਹੈ। ਗਿਆਨ ਪ੍ਰਾਪਤੀ ਦੀ ਥਾਂ ਸਾਰੀ ਦੁਨੀਆਂ ਭਰਮਾਂ ਵਿਚ ਪੈ ਕੇ ਪੂਜਾ ਪਾਠ ਤੇ ਨਾਮ ਰਟਨ ਵਿਚ ਲੱਗੀ ਹੋਈ ਹਨ। ਲੋਕ ਕਈ ਤਰ੍ਹਾਂ ਦੇ ਦੇਵੀ-ਦੇਵਤਿਆਂ ਦੀਆਂ ਆਰਤੀਆਂ ਉਤਾਰ ਰਹੇ ਹਨ ਤੇ ਜਾਨਵਰਾਂ ਪੱਥਰਾਂ ਤੀਕ ਨੂੰ ਧਿਆ ਰਹੇ ਹਨ।**

# ਆਦਿ ਸਚੁ ਜੁਗਾਦਿ ਸਚੁ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥1॥

ਜਪੁਜੀ ਸਾਹਿਬ ਦੇ ਮੂਲ ਮੰਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਸਤਿ ਤਾਂ ਕਹਿ ਦਿੱਤਾ ਸੀ, ਹੁਣ ਬਾਣੀ ਦਾ ਅਰੰਭ ਕਰਨ ਵੇਲੇ ਉਹ ਸੱਚ ਕਿਵੇਂ ਅਤੇ ਕਿਹੋ ਜਿਹਾ ਹੈ? ਉਸ ਦੀ ਵਿਆਖਿਆ ਕਰਦਿਆਂ ਫੁਰਮਾਉਂਦੇ ਹਨ ਕਿ ਉਹ ਇਕ ਹੈ, ਉਹ ਅਜਨਮਾ ਅਤੇ ਅਵਿਨਾਸ਼ੀ ਹੈ। ਜਦੋਂ ਕੁਝ ਵੀ ਨਹੀਂ ਸੀ, ਤਾਂ ਵੀ ਉਹ ਪ੍ਰਭੂ ਆਪਣੇ ਆਪ ਵਿਚ ਸਥਿਤ ਸੀ, ਜਦੋਂ ਰਚਨਾ ਦਾ ਮੁੱਢ ਬੱਝਾ ਤੇ ਰਚਨਾ ਸ਼ੁਰੂ ਕੀਤੀ ਅਤੇ ਜੁਗਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਵੀ ਉਹ ਪ੍ਰਭੂ ਆਪ ਹੀ ਸੀ। ਅਰਬਾਂ ਸਾਲ ਬੀਤ ਗਏ ਹਨ, ਉਹ ਹੁਣ ਵੀ ਹੈ ਅਤੇ ਜਦੋਂ ਤਕ ਇਸ ਸ੍ਰਿਸ਼ਟੀ ਦਾ ਅੰਤ ਹੋ ਜਾਵੇਗਾ, ਤਦ ਵੀ ਉਸ ਦੀ ਹੋਂਦ ਕਾਇਮ ਹੀ ਰਹੇਗੀ। ਉਸ ਵਿਚ ਕੋਈ ਫਰਕ ਨਹੀਂ ਪਵੇਗਾ, ਕਿਉਂਕਿ ਉਹ ਇਸ ਸਾਰੇ ਸੰਸਾਰ ਰੂਪੀ ਪਰਪੰਚ ਦਾ ਕਾਰਨ ਅਤੇ ਕਰਤਾ ਹੈ। ਆਓ, ਹੁਣ ਆਪਾਂ ਸੁਖਮਨੀ ਸਾਹਿਬ ਵਿਚਲੇ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਰਾਹੀਂ ਇਸ ਸੱਚ ਦੀ ਵਿਆਖਿਆ ਕੀਤੀ ਦੇਖਦੇ ਹਾਂ।

ਸਤਿ ਸਤਿ ਸਤਿ ਪ੍ਰਭੁ ਸੁਆਮੀ॥
ਗੁਰ ਪ੍ਰਸਾਦਿ ਕਿਨੈ ਵਖਿਆਨੀ॥
ਸਚੁ ਸਚੁ ਸਚੁ ਸਭੁ ਕੀਨਾ॥
ਕੋਟਿ ਮਧੇ ਕਿਨੈ ਬਿਰਲੈ ਚੀਨਾ॥
ਭਲਾ ਭਲਾ ਭਲਾ ਤੇਰਾ ਰੂਪ॥
ਅਤਿ ਸੁੰਦਰ ਅਪਾਰ ਅਨੂਪ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥
ਘਟਿ ਘਟਿ ਸੁਨੀ ਸ੍ਰਵਨ ਬਖ੍ਹਾਣੀ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ॥8॥12

ਸੁਖਮਨੀ ਸਾਹਿਬ ਦੀ ਬਾਰਵੀਂ ਅਸ਼ਟਪਦੀ ਦੇ ਅੱਠਵੇਂ ਪਦ ਵਿਚ ਗੁਰੂ ਅਰਜਨ ਦੇਵ ਜੀ ਨਿਰਣਾ ਕਰਦੇ ਹਨ ਕਿ ਤਿੰਨੋਂ ਹੀ ਕਾਲ ਉਹ ਸਭ ਦਾ ਮਾਲਕ ਅਤੇ ਕਰਤਾ ਪੁਰਖੁ ਸੱਚ ਹੈ ਅਤੇ ਸਦਾ ਹੀ ਸੱਚ ਰਹੇਗਾ। ਕਿਸੇ ਵਿਰਲੇ ਵਿਅਕਤੀ ਨੇ ਹੀ ਗੁਰੂ ਦੀ ਕਿਰਪਾ ਕਰਕੇ ਇਸ ਸੱਚ ਦਾ ਵਰਣਨ ਕੀਤਾ ਹੈ। ਉਹ ਪ੍ਰਭੂ ਆਪ ਤਾਂ ਸੱਚ ਹੈ ਹੀ ਅਤੇ ਉਸ ਦਾ ਰਚਿਆ ਹੋਇਆ ਬ੍ਰਹਿਮੰਡ ਵੀ ਸੱਚ ਹੀ ਹੈ। ਕਰੋੜਾਂ ਵਿਚੋਂ ਕੋਈ ਵਿਰਲਾ ਹੀ ਇਸ ਸੱਚ ਨੂੰ ਅਨੁਭਵ ਕਰਦਾ ਹੈ। ਹੇ ਪ੍ਰਭੂ! ਤੇਰਾ ਰੂਪ ਬਹੁਤ ਭਲਾ ਅਤੇ ਪਿਆਰਾ ਹੈ। ਤੇਰਾ ਰੂਪ ਅਤੀ ਸੁੰਦਰ, ਅਪਰੰਪਰ ਅਤੇ ਵਰਣਨ ਤੋਂ ਪਰੇ ਹੈ। ਤੇਰੇ ਵਾਂਗ ਤੇਰੀ ਬਾਣੀ ਵੀ ਅਤੀ ਨਿਰਮਲ ਭਾਵ ਬਿਨਾ ਕਿਸੇ ਮੈਲ ਤੋਂ ਹੈ ਅਤੇ ਇਹ ਹਰ ਇਕ ਘਟ ਭਾਵ ਹਰ ਸਰੀਰ ਵਿਚ ਵਿਆਪਕ ਹੈ ਤੇ ਸੁਣਾਈ ਦਿੰਦੀ ਹੈ। ਉਨ੍ਹਾਂ ਹੀ ਪਵਿਤਰ ਹਿਰਦੇ ਵਾਲਿਆਂ ਨੇ ਇਸ ਨੂੰ ਅਨੁਭਵ ਕੀਤਾ ਅਤੇ ਵਰਣਨ ਕੀਤਾ ਹੈ, ਉਨ੍ਹਾਂ ਪਵਿੱਤਰ ਹਿਰਦਿਆਂ ਵਾਲਿਆਂ ਨੇ ਪ੍ਰੇਮ ਸਹਿਤ ਨਾਮ ਜਪਿਆ ਵੀ ਹੈ। ਪ੍ਰਮੇਸ਼ਵਰ ਆਪ ਸ਼ਬਦ ਭਾਵ ਬਾਣੀ ਵਿਚ ਸਮਾਇਆ ਹੋਇਆ ਹੈ ਅਤੇ ਉਸ ਦੀ ਬਾਣੀ ਵੀ ਉਸੇ ਵਾਂਗ ਅਥਾਹ ਤੇ ਅਗੰਮ ਹੈ।

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ॥
ਸਤਿ ਪੁਰਖੁ ਮਾਹਿ ਸਮਾਣੀ॥
ਸਤਿ ਕਰਮੁ ਜਾ ਕੀ ਰਚਨਾ ਸਤਿ॥
ਮੂਲੁ ਸਤਿ ਸਤਿ ਉਤਪਤਿ॥
ਸਤਿ ਕਰਣੀ ਨਿਰਮਲ ਨਿਰਮਲੀ॥
ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿਨਾਮੁ ਪ੍ਰਭ ਕਾ ਸੁਖਦਾਈ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥6॥

ਅੱਗੇ ਫਿਰ ਸੋਲ੍ਹਵੀਂ ਅਸ਼ਟਪਦੀ ਦੇ ਛੇਵੇਂ ਪਦ ਵਿਚ ਪਰਮੇਸ਼ਵਰ ਪਰਿਵਰਤਨ-ਰਹਿਤ ਸਰੂਪ ਬਾਰੇ ਦੱਸਦਿਆਂ ਕਹਿੰਦੇ ਹਨ ਕਿ ਉਸ ਦਾ ਨਿੱਜ-ਅਸਥਾਨ ਵੀ ਨਿਸ਼ਚਿਤ ਅਤੇ ਪਰਿਵਰਤਨ ਤੋਂ ਰਹਿਤ ਹੈ। ਉਹ ਸਤਿਪੁਰਸ਼ ਪ੍ਰਧਾਨ ਅਤੇ ਸਭ ਦਾ ਸ਼੍ਰੋਮਣੀ ਹੈ। ਉਸ ਦੀ ਬਾਣੀ ਅਤੇ ਕਰਨੀ ਵੀ ਸੱਚ ਹੈ। ਉਹ ਅਤੇ ਉਸ ਦੀ ਬਾਣੀ ਸਾਰਿਆਂ ਹੀ ਜੀਵਾਂ ਵਿਚ ਗੁਪਤ ਰੂਪ ਵਿਚ ਵਿਆਪਕ ਹੈ। ਉਸ ਦਾ ਹਰ ਕਰਮ ਵੀ ਸੱਚ ਹੈ ਅਤੇ ਉਸ ਦੀ ਸਾਰੀ ਰਚਨਾ ਵੀ ਸੱਚ ਹੀ ਹੈ। ਉਹ ਪ੍ਰਭੂ ਆਪ ਹੀ ਕਾਰਜ ਅਤੇ ਕਾਰਣ ਹੋਣ ਕਰਕੇ ਸਾਰੀ ਰਚਨਾ ਉਸ ਦਾ ਆਪਣਾ ਹੀ ਰੂਪ ਹੈ। ਅਕਾਲ ਪੁਰਖ ਆਪ ਅਤੇ ਉਸ ਦੀ ਕਿਰਤ ਮੈਲ ਰਹਿਤ ਅਤੇ ਨਿਰਮਲ ਹੈ। ਜਿਸ ਉਪਰ ਉਹ ਕਿਰਪਾ ਕਰਕੇ ਉਸ ਨੂੰ ਸਮਝ ਅਤੇ ਸੋਝੀ ਬਖਸ਼ ਦਿੰਦਾ ਹੈ, ਉਸ ਨੂੰ ਸੱਚ ਦਾ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਅਤੇ ਉਸ ਦਾ ਨਾਮ ਵੀ ਸੱਚਾ ਹੈ ਅਤੇ ਸਾਰੇ ਸੁੱਖਾਂ ਦਾ ਦੇਣ ਵਾਲਾ ਹੈ; ਪਰ ਸੱਚੇ ਨਾਮ 'ਤੇ ਭਰੋਸਾ ਗੁਰੂ ਦੀ ਕਿਰਪਾ ਨਾਲ ਹੀ ਹੁੰਦਾ ਹੈ।

ਸਤਿ ਬਚਨ ਸਾਧੂ ਉਪਦੇਸ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥
ਨਾਮੁ ਜਪਤ ਤਾ ਕੀ ਗਤਿ ਹੋਇ॥
ਆਪਿ ਸਤਿ ਕੀਆ ਸਭੁ ਸਤਿ॥
ਆਪੇ ਜਾਨੈ ਅਪਨੀ ਮਿਤਿ ਗਤਿ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥
ਅਵਰ ਨ ਬੂਝਿ ਕਰਤ ਬੀਚਾਰੁ॥
ਕਰਤੇ ਕੀ ਮਿਤਿ ਨ ਜਾਨੈ ਕੀਆ॥
ਨਾਨਕ ਜੋ ਤਿਸੁ ਭਾਵੈ
ਸੋ ਵਰਤੀਆ॥7॥16

ਫਿਰ ਇਸੇ ਅਸ਼ਟਪਦੀ ਦੇ ਸੱਤਵੇਂ ਪਦ ਵਿਚ ਕਹਿੰਦੇ ਹਨ ਕਿ ਸਾਧੂ ਉਸ ਪ੍ਰਭੂ ਨਾਲ ਅਭੇਦ ਹੋ ਚੁਕਾ ਹੈ, ਇਸ ਲਈ ਉਸ ਦੇ ਬਚਨ ਵੀ ਸੱਚ ਹੁੰਦੇ ਹਨ ਅਤੇ ਸਾਧੂ ਦਾ ਉਪਦੇਸ਼ ਵੀ ਸੱਚ ਹੁੰਦਾ ਹੈ। ਜਿਨ੍ਹਾਂ ਨੂੰ ਉਸ ਦੇ ਬਚਨ 'ਤੇ ਭਰੋਸਾ ਆ ਜਾਂਦਾ ਹੈ, ਉਹ ਉਸ ਦੇ ਉਪਦੇਸ਼ 'ਤੇ ਅਮਲ ਵੀ ਕਰਦੇ ਹਨ। ਐਸਾ ਵਿਅਕਤੀ ਪ੍ਰਭੂ ਅਤੇ ਮਾਇਆ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ, ਤਾਂ ਨਾਮ ਦੇ ਜਪ ਅਭਿਆਸ ਨਾਲ ਸੰਸਾਰ ਸਾਗਰ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਫਿਰ ਕਹਿੰਦੇ ਹਨ ਕਿ ਕਰਤਾ ਪੁਰਖ ਆਪ ਵੀ ਅਤੇ ਉਸ ਦਾ ਕਾਰਜ ਰੂਪੀ ਸੰਸਾਰ-ਦੋਨੋਂ ਹੀ ਸੱਚੇ ਹਨ। ਆਪਣੀ ਗਤਿ ਮਿਤ ਵੀ ਉਹ ਆਪ ਹੀ ਜਾਣਦਾ ਹੈ। ਸਭ ਦੇ ਕਰਤਾ ਨੂੰ ਕਿਸੇ ਨਾਲ ਵੀ ਸਲਾਹ ਮਸ਼ਵਰਾ ਕਰਨ ਦੀ ਲੋੜ ਨਹੀਂ ਪੈਂਦੀ ਅਤੇ ਨਾ ਹੀ ਉਹ ਕਿਸੇ ਨਾਲ ਇਸ ਸਬੰਧੀ ਕੋਈ ਵਿਚਾਰ-ਵਟਾਂਦਰਾ ਹੀ ਕਰਦਾ ਹੈ; ਕਿਉਂਕਿ ਕਿਰਤ, ਕਰਤੇ ਦਾ ਅੰਤ ਨਹੀਂ ਜਾਣ ਸਕਦੀ ਅਤੇ ਨਾ ਹੀ ਉਸ ਦੀ ਵਡਿਆਈ ਨੂੰ ਸਮਝ ਹੀ ਸਕਦੀ ਹੈ। ਇਸ ਲਈ ਕਰਤਾ ਪੁਰਖ ਨੂੰ ਜੋ ਭਾਉਂਦਾ ਹੈ ਅਤੇ ਜੋ ਉਸ ਦੀ ਰਜ਼ਾ ਹੁੰਦੀ ਹੈ, ਸੋ ਹੀ ਵਾਪਰਦਾ ਹੈ। ਸਭ ਕੁਝ ਉਸ ਦੀ ਦੀ ਰਜ਼ਾ ਵਿਚ ਹੀ ਸਭ ਕੁਝ ਵਾਪਰ ਰਿਹਾ ਹੈ। ਕੁਝ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੈ।

ਆਦਿ ਸਚੁ ਜੁਗਾਦਿ ਸਚੁ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥1॥

ਇਸ ਸਲੋਕ ਦੀ ਅਹਿਮੀਅਤ ਨੂੰ ਸਮਝਦਿਆਂ ਗੁਰੂ ਅਰਜਨ ਦੇਵ ਜੀ ਇਸ ਸਲੋਕ ਨੂੰ ਆਧਾਰ ਬਣਾ ਕੇ ਸਤਾਰਵੀਂ ਅਸ਼ਟਪਦੀ ਰਾਹੀਂ ਇਸ ਸਲੋਕ ਦੀ ਵਿਆਖਿਆ ਕਰਦੇ ਹਨ। ਇਥੇ ਸਲੋਕ ਵਿਚ ਥੋੜ੍ਹਾ ਪਾਠ ਭੇਦ ਹੈ। ਮੂਲ ਸਲੋਕ ਵਿਚ 'ਭੀ' ਹੈ, ਜਦੋਂਕਿ ਇਥੇ ਇਸ ਸਲੋਕ ਵਿਚ 'ਭਿ' ਹੈ। ਇਹ ਕਿਉਂ ਹੈ, ਇਹ ਗੁਰੂ ਜਾਣੇ ਅਤੇ ਉਸ ਦੀ ਰਜ਼ਾ।

ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥1॥17

ਗੁਰੂ ਅਰਜਨ ਦੇਵ ਜੀ ਸਤਾਰਵੀਂ ਅਸ਼ਟਪਦੀ ਦੇ ਪਹਿਲੇ ਪਦ ਰਾਹੀਂ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦੇ ਨਾਮ ਰੂਪੀ ਚਰਨ ਸੱਚੇ ਹਨ, ਉਸ ਨਾਲ ਜੁੜਨ ਵਾਲੇ ਵੀ ਸੱਚੇ ਹਨ। ਜੋ ਵਿਅਕਤੀ ਨਾਮ ਜਪਦੇ ਹਨ, ਉਨ੍ਹਾਂ ਦੀ ਪੂਜਾ ਵੀ ਸੱਚੀ ਹੈ ਅਤੇ ਉਹ ਸੇਵਕ ਵੀ ਸੱਚੇ ਹਨ। ਸਤਿ ਸਰੂਪ ਪਰਮੇਸ਼ਰ ਦਾ ਸ਼ਬਦ ਸਰੂਪੀ ਦਰਸ਼ਨ ਵੀ ਸੱਚੇ ਅਤੇ ਦਰਸ਼ਨ ਕਰਨ ਵਾਲੇ ਭਗਤ ਜਨ ਵੀ ਸੱਚੇ ਹਨ। ਉਸ ਸੱਚੇ ਪ੍ਰਭੂ ਦਾ ਨਾਮ ਵੀ ਸੱਚ ਹੈ ਅਤੇ ਨਾਮ ਦਾ ਅਭਿਆਸ ਕਰਨ ਵਾਲੇ ਵੀ ਸੱਚੇ ਹਨ। ਉਹ ਤਾਂ ਸੱਚ ਹੈ ਹੀ, ਪਰ ਜਿਸ ਸ਼ਕਤੀ ਰਾਹੀਂ ਸਿਰੀ ਰਚਨਾ ਨੂੰ ਆਧਾਰ ਦੇ ਕੇ ਧਾਰਨ ਕੀਤਾ ਹੋਇਆ ਹੈ, ਉਹ ਸ਼ਕਤੀ ਵੀ ਸੱਚ ਹੀ ਹੈ। ਜੀਵ ਰੂਪ ਹੋ ਕੇ ਗੁਣਾਂ ਨੂੰ ਧਾਰਨ ਕਰਨ ਵਾਲਾ ਜੀਵ ਵੀ ਸੱਚ ਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਗੁਣਾਂ ਦੀ ਸਮਝ ਵੀ ਪ੍ਰਭੂ ਆਪ ਹੀ ਬਖਸ਼ਦਾ ਹੈ। ਸ਼ਬਦ ਅਤੇ ਉਸ ਨੂੰ ਪ੍ਰਗਟ ਕਰਨ ਵਾਲਾ ਪ੍ਰਭੂ ਦੋਨੋਂ ਹੀ ਸੱਚ ਹਨ। ਜਿਸ ਨਾਮ ਅਭਿਆਸੀ ਜੀਵ ਆਤਮਾ ਨੂੰ ਸਤਿ ਸਰੂਪ ਪਰਮੇਸ਼ਰ ਦੀ ਪਛਾਣ ਹੋ ਜਾਂਦੀ ਹੈ, ਉਸ ਨੂੰ ਸਾਰਾ ਸੰਸਾਰ ਹੀ ਕਰਤਾਰ ਦਾ ਰੂਪ ਦਿਖਾਈ ਦੇਣ ਲੱਗ ਪੈਂਦਾ ਹੈ।

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥
ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ॥
ਬੂਝੈ ਬੂਝਨਹਾਰੁ ਬਿਬੇਕ॥
ਨਾਰਾਇਨ ਮਿਲੇ ਨਾਨਕ ਏਕ॥2॥

ਅੱਗੇ ਸਤਾਰਵੀਂ ਅਸ਼ਟਪਦੀ ਦੇ ਦੂਸਰੇ ਪਦ ਵਿਚ ਸਤਿ ਸਰੂਪ ਨੂੰ ਹਿਰਦੇ ਵਿਚ ਪਛਾਣ ਕਰ ਲੈਣ ਵਾਲੇ ਬਾਰੇ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਸੱਚੇ ਸਰੂਪ ਨੂੰ ਪਛਾਣ ਲਿਆ ਹੈ, ਉਸ ਨੂੰ ਸਭ ਦੇ ਮੂਲ ਉਸ ਕਰਤਾ ਪੁਰਖ ਦਾ ਗਿਆਨ ਪ੍ਰਗਟ ਹੋ ਜਾਂਦਾ ਹੈ। ਇਸ ਕਰਕੇ ਉਸ ਦੇ ਅੰਤਰ ਆਤਮਾ ਵਿਚ ਅਟੁੱਟ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਅਤੇ ਉਸ ਨੂੰ ਪਰਮ ਤੱਤ ਦੀ ਸਮਝ ਆ ਜਾਂਦੀ ਹੈ। ਉਸ ਦੀ ਆਤਮਾ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ। ਜਿਸ ਦੇ ਫਲਸਰੂਪ ਉਹ ਇਸ ਸੰਸਾਰ ਵਿਚ ਨਿਰਭਉ ਹੋ ਕੇ ਵਿਚਰਦਾ ਹੈ। ਉਹ ਵਿਅਕਤੀ ਜਿਉਂਦੇ ਜੀਅ ਹੀ ਆਪਣੀ ਆਤਮਿਕ ਜੋਤ ਨੂੰ ਪਰਮ ਜੋਤ ਵਿਚ ਲੀਨ ਕਰ ਦਿੰਦਾ ਹੈ ਤਾਂ ਦੋਹਾਂ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ ਅਤੇ ਉਹ ਵਿਅਕਤੀ ਪਰਮੇਸ਼ਰ ਦਾ ਹੀ ਰੂਪ ਹੋ ਜਾਂਦਾ ਹੈ। 'ਜੋਤੀ ਜੋਤਿ ਮਿਲੀ ਸੰਪੂਰਨੁ ਥੀਆ ਰਾਮ' ਦੀ ਅਵਸਥਾ ਵਿਚ ਪਹੁੰਚ ਕੇ ਉਸ ਪ੍ਰਭੂ ਵਿਚ ਉਸ ਦੀ ਆਤਮਾ ਵਿਸ਼ਰਾਮ ਪਾ ਲੈਂਦੀ ਹੈ। ਇਹੋ ਹੀ ਉਸ ਦਾ ਬਿਬੇਕ ਭਾਵ ਸੱਤ-ਅਸੱਤ ਦਾ ਨਿਰਣਾ ਕਰਨ ਦੀ ਬੁੱਧੀ ਪ੍ਰਾਪਤ ਕਰ ਲੈਂਦਾ ਹੈ ਅਤੇ ਸੱਤ ਵਸਤੂ ਨਾਲ ਅਭੇਦ ਹੋਣ ਦਾ ਹੀ ਯਤਨ ਕਰਦਾ ਹੈ। ਉਸ ਨੂੰ ਫਿਰ ਕੋਈ ਸੰਸਾਰਕ ਪਦਾਰਥਾਂ ਦੀ ਇੱਛਾ ਹੀ ਨਹੀਂ ਬਚਦੀ। ਫਿਰ ਉਸ ਲਈ ਸੰਸਾਰ ਵਿਚ ਕਰਨਯੋਗ ਕੋਈ ਵੀ ਕੰਮ ਬਾਕੀ ਨਹੀਂ ਰਹਿੰਦਾ। ਉਹ ਸਿਰਫ ਆਪਣੇ ਫਰਜ਼ਾਂ ਦੀ ਪੂਰਤੀ ਹੀ ਕਰਦਾ ਹੈ। ਪ੍ਰਭੂ ਕਿਰਪਾ ਕਰੇ ਉਹ ਦਿਨ ਨਸੀਬ ਹੋਵੇ। ਆਮੀਨ!

# ਗੁਰੂ ਨਾਨਕ ਪ੍ਰਕਾਸ਼ ਪੁਰਬ ਇਸ ਸਾਲ ਮੱਘਰ ਪੂਰਨਮਾਸ਼ੀ ਨੂੰ ਕਿਉਂ?

ਡਾ. ਆਸਾ ਸਿੰਘ ਘੁੰਮਣ
ਫੋਨ: 91-97798-53245

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 'ਕੱਤਕ ਕਿ ਵਿਸਾਖ' ਦਾ ਵਿਵਾਦ ਤਾਂ ਨਿਰੰਤਰ ਜਾਰੀ ਹੀ ਹੈ, ਪਰ ਇਸ ਸਾਲ ਇਕ ਹੋਰ ਵਰਤਾਰਾ ਨਜ਼ਰ ਆ ਰਿਹਾ ਹੈ ਕਿ ਗੁਰੂ ਜੀ ਦਾ ਗੁਰਪੁਰਬ ਕੱਤਕ ਦੀ ਪੂਰਨਮਾਸ਼ੀ ਨੂੰ ਨਹੀਂ, ਸਗੋਂ ਮੱਘਰ ਦੀ ਪੂਰਨਮਾਸ਼ੀ ਨੂੰ ਮਨਾਇਆ ਜਾ ਰਿਹਾ ਹੈ। ਪਿਛਲੇ ਸਾਲ ਗੁਰੂ ਜੀ ਦਾ 550ਸਾਲਾ ਬੜੇ ਉਤਸ਼ਾਹ ਨਾਲ ਸਾਰੇ ਸਿੱਖ ਜਗਤ ਨੇ ਕੱਤਕ ਪੂਰਨਮਾਸ਼ੀ, 13 ਨਵੰਬਰ ਨੂੰ ਮਨਾਇਆ ਸੀ, ਪਰ ਇਸ ਸਾਲ ਕੱਤਕ ਦੀ ਪੂਰਨਮਾਸ਼ੀ ਭਾਵੇਂ ਕਿ ਦੀਵਾਲੀ ਤੋਂ ਪਹਿਲਾਂ 15 ਕੱਤਕ ਨੂੰ ਆ ਗਈ ਸੀ, ਪਰ ਇਹ ਦਿਹਾੜਾ ਉਸ ਦਿਨ ਨਹੀਂ ਮਨਾਇਆ ਗਿਆ।

ਸੁਭਾਵਿਕ ਹੀ ਜਗਿਆਸੂ ਮਨ ਦਾ ਸੁਆਲ ਪੈਦਾ ਕਰਨਾ ਬਣਦਾ ਹੈ ਕਿ ਅਜਿਹਾ ਕਿਉਂ? ਅਜਿਹਾ ਹੋਣ ਨਾਲ ਇੱਕ ਵਾਰੀ ਫੇਰ ਚੇਤੰਨ ਸਿੱਖ ਸੁਆਲ ਕਰਦੇ ਹਨ ਕਿ ਜੇ ਨਾਨਕਸ਼ਾਹੀ ਕੈਲੰਡਰ ਹੂਬਹੂ ਲਾਗੂ ਕਰ ਲਿਆ ਜਾਂਦਾ ਤਾਂ ਪ੍ਰਕਾਸ਼ ਉਤਸਵ ਦੀਆਂ ਤਾਰੀਖਾਂ ਵਿਚ ਅਜਿਹੀ ਅਜੀਬ ਅਦਲਾ-ਬਦਲੀ ਨਹੀਂ ਸੀ ਹੋਇਆ ਕਰਨੀ। ਕੈਨੇਡਾ ਵਾਸੀ ਪਾਲ ਸਿੰਘ ਪੁਰੇਵਾਲ ਨੇ ਬਹੁਤ ਮਿਹਨਤ ਕਰਕੇ ਇਹ ਕੈਲੰਡਰ ਤਿਆਰ ਕੀਤਾ ਸੀ, ਜਿਸ ਦਾ ਇਕੋ ਇੱਕ ਮਕਸਦ ਇਹੀ ਸੀ ਕਿ ਸਾਰੇ ਸੰਸਾਰ ਵਿਚ ਵਿਚਰ ਰਿਹਾ ਸਿੱਖ ਜਗਤ, ਕਿਉਂਕਿ ਹੁਣ ਸੂਰਜੀ ਕੈਲੰਡਰ ਵਰਤ ਰਿਹੈ, ਇਸ ਲਈ ਇਸ ਕੈਲੰਡਰ ਦੇ ਮੁਤਾਬਕ ਗੁਰਪੁਰਬਾਂ, ਸੰਗਰਾਂਦਾਂ ਅਤੇ ਹੋਰ ਇਤਿਹਾਸਕ ਦਿਹਾੜਿਆਂ ਨੂੰ ਨਿਸ਼ਚਿਤ ਤਾਰੀਖਾਂ ਨਾਲ ਜੋੜ ਦੇਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਭਾਵੇਂ ਵਿਸਾਖ ਸੁਦੀ ਤਿੰਨ ਸੰਮਤ 1526 ਭਾਵ 15 ਅਪਰੈਲ 1469 ਈਸਵੀ ਨੂੰ ਹੋਇਆ, ਪਰ ਸਿੱਖ ਸੰਗਤਾਂ ਵਿਚ ਇਹ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਣਾ ਪ੍ਰਚਲਿਤ ਹੋ ਗਿਆ, ਭਾਵੇਂ ਇਸ ਦੇ ਕਾਰਨ ਕੋਈ ਵੀ ਹੋਣ। ਸੰਨ 1469 ਵਿਚ ਕੱਤਕ ਪੂਰਨਮਾਸ਼ੀ 20 ਅਕਤੂਬਰ ਨੂੰ ਸੀ। ਇਸ ਲਈ ਪਾਲ ਸਿੰਘ ਪੁਰੇਵਾਲ ਦੇ ਮੁਤਾਬਕ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀ ਤਾਰੀਖ ਪੱਕੇ ਤੌਰ 'ਤੇ 20 ਅਕਤੂਬਰ ਨਿਸ਼ਚਿਤ ਕੀਤੀ ਜਾ ਸਕਦੀ ਹੈ; ਪਰ ਅਜਿਹਾ ਹੋ ਨਾ ਹੋ ਸਕਿਆ। ਉਸ ਦੇ ਵੀ ਕੁਝ ਠੋਸ ਕਾਰਨ ਹਨ।

ਨਾਨਕਸ਼ਾਹੀ ਕੈਲੰਡਰ ਨੂੰ ਕਈ ਮੁੱਦਿਆਂ 'ਤੇ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਵਿਚ ਕੁਝ ਅਦਲਾ-ਬਦਲੀਆਂ ਵੀ ਕੀਤੀਆਂ ਗਈਆਂ। ਉਨ੍ਹਾਂ ਵਿਚੋਂ ਮੁੱਖ ਇਹ ਵੀ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਦਿਹਾੜਾ ਚੰਦਰਮਾ ਵਰ੍ਹੇ ਮੁਤਾਬਕ ਮਨਾਇਆ ਜਾਣਾ ਜਾਰੀ ਰੱਖਿਆ ਜਾਵੇ। ਹਿੰਦੁਸਤਾਨ ਸਮੇਤ ਹੋਰ ਕਈ ਦੇਸ਼ ਅਤੇ ਕੌਮਾਂ ਸੂਰਜੀ ਵਰ੍ਹੇ ਦੇ ਨਾਲ ਨਾਲ ਚੰਦਰਮਾ ਵਰ੍ਹੇ ਦੀਆਂ ਤਿੱਥਾਂ/ਤਾਰੀਖਾਂ ਵਰਤਦੀਆਂ ਹਨ ਅਤੇ ਉਨ੍ਹਾਂ ਦੇ ਵਿਸ਼ੇਸ਼ ਤੌਰ 'ਤੇ ਧਾਰਮਿਕ ਤਿਉਹਾਰ ਚੰਦਰਮਾ ਵਰ੍ਹੇ ਮੁਤਾਬਕ ਹਨ। ਮਿਸਾਲ ਵਜੋਂ ਮੁਸਲਮਾਨਾਂ ਭਰਾਵਾਂ ਦੇ ਸਾਰੇ ਧਾਰਮਿਕ ਤਿਉਹਾਰ ਚੰਦਰਮਾ ਚਾਲ 'ਤੇ ਆਧਾਰਿਤ ਹਨ।

ਚੰਦਰਮਾ ਸਾਲ ਦੀ ਇੱਕੋ ਇੱਕ ਸਮੱਸਿਆ ਹੈ ਕਿ ਇਸ ਅਨੁਸਾਰ ਦਿਨ ਅੱਗੇ-ਪਿੱਛੇ ਹੁੰਦੇ ਰਹਿੰਦੇ ਹਨ, ਪਰ ਚੰਦਰਮਾ ਕਿਉਂਕਿ ਉਸ ਪ੍ਰਭੂ ਦਾ ਅਨੋਖਾ ਕ੍ਰਿਸ਼ਮਾ ਹੈ ਅਤੇ ਸੀਤਲ, ਸੁੰਦਰ, ਸਦੀਵੀ ਚਾਨਣ ਸਰੋਤ ਹੈ, ਇਸ ਲਈ ਮਾਨਵੀ-ਮੁੱਢ ਤੋਂ ਹੀ ਇਸ ਨਾਲ ਅਨੇਕਾਂ ਕਿਸਮ ਦੇ ਹਾਵ-ਭਾਵ ਅਤੇ ਅਹਿਸਾਸ ਜੁੜੇ ਹਨ।

ਹਿੰਦੁਸਤਾਨ ਦੇ ਬ੍ਰਾਹਮਣਾਂ ਵੱਲੋਂ ਚੰਦਰਮਾ ਸਾਲ ਨੂੰ ਸੂਰਜੀ ਸਾਲ ਦੇ ਬਰਾਬਰ ਬਣਾਈ ਰੱਖਣ ਲਈ ਯਤਨ ਨਿਰੰਤਰ ਜਾਰੀ ਹਨ। ਅਸਲ ਵਿਚ ਚੰਦਰਮੀ ਸਾਲ ਸੂਰਜੀ ਸਾਲ ਦੇ ਮੁਕਾਬਲੇ ਕਰੀਬ 11 ਦਿਨ ਛੋਟਾ ਹੁੰਦਾ ਹੈ। ਚੰਦਰਮਾ ਸਾਲ ਵਿਚ 354 ਦਿਨ ਹੁੰਦੇ ਹਨ, ਜਦੋਂ ਕਿ ਸੂਰਜੀ ਸਾਲ ਵਿਚ 365 ਦਿਨ। ਇਨ੍ਹਾਂ ਨੂੰ ਬਰਾਬਰ ਤੋਰਨ ਲਈ ਹਰ ਤੀਸਰੇ ਸਾਲ ਚੰਦਰਮਾ ਸਾਲ ਵਿਚ ਇਕ ਮਹੀਨਾ ਜੋੜ ਦਿੱਤਾ ਜਾਂਦਾ ਹੈ, ਜਿਸ ਨੂੰ ਮਲ ਮਾਸ ਜਾਂ ਲੌਂਦ ਦਾ ਮਹੀਨਾ ਕਹਿੰਦੇ ਹਨ। ਮਲ ਮਾਸ ਵਿਚ ਸ਼ੁਭ ਕੰਮ ਭਾਵ ਗੁਰਪੁਰਬ ਵਗੈਰਾ ਮਨਾਉਣਾ ਵਰਜਿਤ ਹੁੰਦਾ ਹੈ।

ਇਸੇ ਵਹਿਮ-ਭਰਮ ਜਾਂ ਅੰਧ ਵਿਸ਼ਵਾਸੀ ਪਰੰਪਰਾ ਕਰਕੇ ਇਸ ਸਾਲ ਕੱਤਕ ਦੇ ਮਹੀਨੇ ਵਿਚਲੀ ਪੂਰਨਮਾਸ਼ੀ ਸ਼ੁਭ ਨਹੀਂ ਸੀ ਅਤੇ ਹੁਣ ਗੁਰੂ ਜੀ ਦਾ ਪਰਗਟ ਦਿਵਸ ਮੱਘਰ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਵੇਗਾ। ਗੁਰੂ ਜੀ ਦੇ ਫਲਸਫੇ ਨੂੰ ਯਾਦ ਕੀਤਾ ਜਾਵੇਗਾ, ਸ਼ਬਦਾਂ ਦਾ ਕੀਰਤਨ ਕੀਤਾ ਜਾਵੇਗਾ ਅਤੇ ਮਹਾਪੁਰਖਾਂ ਵੱਲੋਂ ਕੌਮ ਦੇ ਨਾਂ ਸੰਦੇਸ਼ ਦਿੱਤੇ ਜਾਣਗੇ।

ਅਫਸੋਸ! ਜਿਸ ਸਰਵਉੱਚ ਗੁਰੂ ਮਹਾਰਾਜ ਨੇ ਸਾਨੂੰ ਵਹਿਮਾਂ-ਭਰਮਾਂ-ਭੁਲੇਖਿਆਂ ਵਿਚੋਂ ਬਾਹਰ ਕੱਢ ਕੇ ਇੱਕ ਉਚੇਰਾ, ਸੁਚੇਰਾ ਅਤੇ ਕੁਦਰਤ ਨਾਲ ਇੱਕਸਾਰਤਾ ਵਾਲਾ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ, ਉਨ੍ਹਾਂ ਦਾ ਪ੍ਰਕਾਸ਼ ਦਿਹਾੜਾ ਹੀ ਭਰਮ-ਭੁਲੇਖਿਆਂ ਵਿਚ ਤੁਰਿਆ ਫਿਰਦਾ ਹੈ।

## ਬਿਰਧ

ਸਰੀਰਕ ਪੱਖੋਂ ਬਿਰਧ ਹੋ ਗਿਆ ਹਾਂ
ਪਰ ਜੋਸ਼ ਤੇ ਹੋਸ਼ ਅੱਜ ਵੀ ਜਵਾਨ ਨੇ
ਬਿਰਧ ਹੋ ਗਿਆ ਸਮਾਜ 'ਚੋਂ ਪਿਆਰ
ਸੱਚਾਈ, ਏਕਤਾ, ਸ਼ਰਮ ਤੇ ਸਤਿਕਾਰ
ਜਵਾਨ ਹੋ ਰਹੇ ਨੇ ਝੂਠ, ਠੱਗੀ, ਮੱਕਾਰੀ
ਪਲਾਂ 'ਚ ਅਮੀਰੀ, ਲਾਲਚ ਤੇ ਯਾਰ ਮਾਰ।

ਆ ਗਏ ਨੇ ਫੇਰ ਚਿੱਟੇ, ਨੀਲੇ ਤੇ ਭਗਵੇਂ
ਫਿਰਦੇ ਘਰ-ਘਰ ਹੱਥ ਬੰਨੀ ਮੰਮੋ ਠੱਗਣੇ
ਮੂੰਹ ਵਿਚੋਂ ਰਾਲ੍ਹਾਂ ਸੁੱਟਦੇ, ਅੱਖਾਂ 'ਚ ਚਮਕ
ਅੱਜ ਇਨਵੈਸਟ ਕਰਨਗੇ ਚੰਦ ਰੋਕੜੇ।

ਕੱਲ ਏਹੀ ਹੋਣਗੇ ਸੇਠ ਅੰਬਾਨੀ-ਅਡਾਨੀ
ਲੋਕਾਂ ਦੇ ਸਿਰ ਉਤੇ ਹੋਵੇਗਾ ਉਹੀ ਟੋਕਰਾ
ਬੇਵਸੀ, ਖਵਾਰੀ ਤੇ ਪੰਜ ਸਾਲ ਦੀ ਉਡੀਕ
ਇਹ ਕਾਲ ਚੱਕਰ ਏਸੇ ਤਰ੍ਹਾਂ
ਚੱਲਦਾ ਰਹੇਗਾ
'ਸਾਹੀ' ਜਦੋਂ ਤੱਕ ਲੋਕਾਂ ਦੀ
ਸੋਚ ਜਵਾਨ ਨਹੀਂ ਹੁੰਦੀ।

-ਚਰਨਜੀਤ ਸਿੰਘ ਸਾਹੀ

## ਬਾਬੇ ਨੂੰ ਅਰਜ਼ੋਈ

-ਸੇਵਾ ਸਿੰਘ ਨੂਰਪੁਰੀ

ਬੜੀ ਤਿੱਖੀ ਤਲਬ ਹੈ ਸਭ ਨੂੰ,
ਬਾਬੇ ਨਾਨਕ ਦੇ ਦੀਦਾਰ ਦੀ।
ਉਂਜ ਨਾ ਕਾਹਲ ਹੈ ਨਾ ਪ੍ਰਵਾਹ,
ਕਿਸੇ ਨੂੰ ਸੱਚੇ ਕਿਰਦਾਰ ਦੀ।

ਖੁਦਗਰਜ਼ੀਆਂ ਖਰਮਸਤੀਆਂ
ਗੁਆਚਿਆ ਇਹ ਹਰਦਮ,
ਪਰ ਭੁੱਲਿਆ ਹੈ ਉਪਦੇਸ਼ ਨੂੰ
ਮਹਿਮਾ ਧੰਨ ਨਿਰੰਕਾਰ ਦੀ।

ਕੁਰਾਹੇ ਪਾਇਆ ਹੈ ਡੇਰਿਆਂ
ਪਾਠ ਰਟੇ ਨੇ ਵਾਂਗਰ ਤੋਤਿਆਂ,
ਵਿਸਰਿਆ ਹੈ ਸੇਵਾ ਦਇਆ
ਭੁੱਲੀ ਗੱਲ ਸਤਿ ਕਰਤਾਰ ਦੀ।

ਨਾ ਮਦਦ ਹੈ ਦੀਨ ਦੁਖੀ ਦੀ
ਗੋਲਕ ਦੇ ਮੂੰਹ ਖੋਲ੍ਹੇ ਘਰਾਂ ਵੱਲ,
ਖਾਸ ਹੈ ਸ਼ੀਂਹ ਮੁਕੱਦਮਾਂ ਦਾ
ਹਾਲਤ ਬਣੀ ਬਰਖੁਰਦਾਰ ਦੀ।

ਚੜ੍ਹਦੀ ਨ ਖੁਮਾਰੀ ਨਾਮੁ ਦੀ
ਬਹੁਤੇ ਉਲਰੇ ਨੇ ਜਾਮ ਵੱਲ,
ਹੁਣ ਘਰ ਘਰ ਨਿੱਤ ਖੁਆਰੀ
ਵਾਰੀ ਹੈ ਨਸ਼ਿਆਂ ਦੇ ਵਾਰ ਦੀ।

ਵਰ 'ਵੱਸਦੇ ਰਹਿਣ ਕੁਪੱਤੇ' ਦਾ
'ਭਲੇ ਉਜੜ ਜਾਣ' ਦਾ ਸਰਾਪ,
ਜਾਪਦਾ ਅੱਜ ਵੀ ਸੱਚ ਹੋ ਰਹੀ
ਸਾਖੀ ਪੰਜਾਬ ਦੇ ਘਰ-ਬਾਰ ਦੀ।

ਵੈਰੀਆਂ ਲਾਇਆ ਹੈ ਪੂਰਾ ਜ਼ੋਰ
ਨਸਲਕੁਸ਼ੀ ਹੋਰ ਕਰਨ ਨੂੰ,
ਪਰ ਚੰਗੇ ਉਜੜ ਵਸ ਜਾਣਗੇ,
ਕਿਧਰੇ ਸਮੁੰਦਰਾਂ ਦੇ ਪਾਰ ਦੀ।

ਉਂਜ ਬੀਜ ਨਾਸ਼ ਨਹੀਂ ਹੋਣਗੇ
ਤੇਰੇ ਨਾਮ ਲੇਵਾ ਸਪੁੱਤਰਾਂ ਦੇ,
ਡੁਗਡੁਗੀ ਅੱਜ ਵੀ ਵੱਜ ਰਹੀ
ਕੈਨੇਡਾ-ਇੰਗਲੈਂਡ ਸਰਦਾਰ ਦੀ।

ਹੇ ਮਿਹਰ ਕਰੀਂ ਮੇਰੇ ਦਾਤਿਆ
ਰੱਖੀਂ ਭੁਜੰਗੀਆਂ ਦੇ ਸਿਰ ਹੱਥ,
ਰਹੇ ਸਦਾ ਚੜ੍ਹਦੀ ਕਲਾ ਵਿਚ
ਗੁੱਡੀ ਚੜ੍ਹੇ ਦੇਸ਼ ਤੇ ਬਾਹਰ ਵੀ।

# ਕੈਨੇਡਾ 'ਚ ਹੋ ਰਹੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ: ਕੁਝ ਨੁਕਤੇ ਕੁਝ ਵਿਚਾਰ

***ਕੈਨੇਡਾ ਵਿਚ ਅਗਲੇ ਸਾਲ ਜੂਨ ਮਹੀਨੇ ਤਿੰਨ ਵਿਸ਼ਵ ਪੰਜਾਬੀ ਕਾਨਫਰੰਸਾਂ ਹੋ ਰਹੀਆਂ ਹਨ। ਇਹ ਕਾਨਫਰੰਸਾਂ ਵਿਸ਼ਵ ਭਰ ਵਿਚ ਫੈਲੇ ਪੰਜਾਬੀਆਂ ਦੇ ਯੋਗਦਾਨ ਬਾਰੇ ਹੋ ਰਹੀਆਂ ਹਨ ਪਰ ਉਹ ਕਿਹੜੇ ਕਾਰਨ ਜਾਂ ਮਸਲੇ ਹਨ ਜਿਨ੍ਹਾਂ ਕਰਕੇ ਕੈਨਡਾ ਵਿਚ ਐਤਕੀਂ ਇਕ ਨਹੀਂ, ਬਲਕਿ ਤਿੰਨ-ਤਿੰਨ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਨੌਬਤ ਆ ਗਈ ਹੈ। ਇਸ ਬਾਰੇ ਵਿਸਥਾਰ ਸਹਿਤ ਚਰਚਾ ਡਾ. ਹਰਕੰਵਲ ਕੋਰਪਾਲ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਨ੍ਹਾਂ ਕਾਨਫਰੰਸਾਂ ਦੇ ਪ੍ਰਬੰਧਕਾਂ ਲਈ ਕੁਝ ਸਵਾਲ ਵੀ ਛੱਡੇ ਹਨ। -ਸੰਪਾਦਕ***

ਅੱਜ ਜਦੋਂ ਪੂਰੇ ਸੰਸਾਰ ਦੀਆਂ ਨਜ਼ਰਾਂ ਕਰੋਨਾ ਮਹਾਂਮਾਰੀ ਤੋਂ ਮੁਕਤੀ ਲਈ ਵੈਕਸੀਨਾਂ ਦੇ ਟ੍ਰਾਇਲਾਂ 'ਤੇ ਲੱਗੀਆਂ ਹੋਈਆਂ ਹਨ, ਤਾਂ ਕੈਨੇਡਾ ਦੇ ਸਭ ਤੋਂ ਵੱਡੀ ਆਬਾਦੀ ਵਾਲੇ, ਦੂਜੇ ਵੱਡੇ ਪ੍ਰੋਵਿੰਸ ਉਂਟਾਰੀਓ ਦੇ ਗ੍ਰੇਟਰ ਟੋਰਾਂਟੋ ਏਰੀਆ ਵਿਚ ਪੈਂਦੇ ਇਸ ਦੇ ਤੀਜੇ ਵੱਡੇ ਅਤੇ ਪ੍ਰਭਾਵੀ ਪੰਜਾਬੀ ਵਸੋਂ ਵਾਲੇ ਸ਼ਹਿਰ ਬਰੈਂਪਟਨ ਵਿਚ ਕੁਝ ਪੰਜਾਬੀ ਪੇਸ਼ਾਵਰ ਕਾਰੋਬਾਰੀ ਅਗਲੇ ਸਾਲ 2021 ਵਿਚ ਸਮਾਨਾਂਤਰ ਕਰਵਾਈਆਂ ਜਾਣ ਵਾਲੀਆਂ ਤਿੰਨ ਛੇਵੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਲਈ ਤਿਆਰੀਆਂ ਕਰ ਰਹੇ ਹਨ। ਇਨ੍ਹਾਂ ਕਾਨਫਰੰਸਾਂ ਦੇ ਪ੍ਰਬੰਧਕ ਵੈਬੀਨਾਰਾਂ (ਇੰਟਰਨੈੱਟ ਦੇ ਮਾਧਿਅਮ ਰਾਹੀਂ ਸੈਮੀਨਾਰ), ਵੈੱਬ ਚੈਨਲਾਂ, ਵ੍ਹੱਟਸਐਪ ਗਰੁੱਪਾਂ, ਫੇਸਬੁੱਕ ਪੋਸਟਾਂ, ਜ਼ੂਮ ਮੀਟਿੰਗਾਂ, ਡਾਕੂਮੈਂਟਰੀਆਂ ਅਤੇ ਅਖਬਾਰੀ ਖਬਰਸਾਜ਼ੀ ਜ਼ਰੀਏ ਹੁਣੇ ਤੋਂ ਆਪੋ-ਆਪਣੀਆਂ ਪ੍ਰਚਾਰ ਮੁਹਿੰਮਾਂ ਚਲਾ ਰਹੇ ਹਨ।

ਦਿਲਚਸਪ ਪਹਿਲੂ ਇਹ ਹੈ ਕਿ ਜੂਨ ਮਹੀਨੇ ਇਕੋ ਤਾਰੀਕ ਜਾਂ ਚਾਰ ਪੰਜ ਦਿਨਾਂ ਦੇ ਅੱਗੜ ਪਿੱਛੜ ਫਰਕ ਨਾਲ ਹੋਣ ਵਾਲੀਆਂ ਇਨ੍ਹਾਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਮੁੱਖ ਪ੍ਰਬੰਧਕ ਜਲੰਧਰ ਤੋਂ ਨਕੋਦਰ ਤੀਕ ਪੈਂਦੇ ਦੁਆਬੇ ਦੇ ਇਕੋ ਇਲਾਕੇ ਨਾਲ ਸੰਬੰਧਿਤ ਹਨ। ਤਿੰਨੇ ਪ੍ਰਬੰਧਕ ਹੀ ਇਥੇ 2017 ਦੀ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ

**ਡਾ. ਹਰਕੰਵਲ ਕੋਰਪਾਲ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮਿਲੇ ਪੰਜ ਲੱਖ ਰੁਪਏ ਦੇ ਫੰਡ ਦੇ ਉਭਰੇ ਵਿਵਾਦ ਕਾਰਨ ਰਿਸ਼ਤਿਆਂ ਵਿਚ ਤ੍ਰੇੜਾਂ ਪੈਣ ਪਿੱਛੋਂ ਬਿਖਰਨ ਅਤੇ ਫਿਰ ਧੜੇਬੰਦੀਆਂ ਤੋਂ ਪਹਿਲਾਂ 2009 ਦੀ ਪਹਿਲੀ, 2011 ਦੀ ਦੂਜੀ ਅਤੇ 2015 ਦੀ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਸਮੇਂ ਇਕੋ ਮੰਚ 'ਤੇ ਸਨ। ਤਿੰਨਾਂ ਦੀਆਂ ਰਿਸ਼ਤੇਦਾਰੀਆਂ ਸਾਕ-ਸਕੀਰੀਆਂ ਵੀ ਸੁਣੀਂਦੀਆਂ ਹਨ, ਬਲਕਿ ਤਿੰਨਾਂ ਵਿਚੋਂ ਦੋ ਤਾਂ ਨੇੜਲੇ ਰਿਸ਼ਤੇ ਵਿਚੋਂ ਭਰਾ ਭੈਣ ਹੀ ਦੱਸੇ ਜਾਂਦੇ ਹਨ। ਤਿੰਨੇ ਪ੍ਰਬੰਧਕ ਹੀ ਵਿਸ਼ਵ ਭਰ ਵਿਚ ਫੈਲੇ ਪੰਜਾਬੀਆਂ ਨੂੰ ਤਾਲਮੇਲ ਦਾ ਸਬਕ ਪੜ੍ਹਾਉਣ ਲਈ ਪੱਬਾਂ ਭਾਰ ਹਨ ਅਤੇ ਏਕਤਾ ਦੇ ਸੂਤਰ ਦੀ ਲੜੀ ਵਿਚ ਪਰੋਣ ਦੇ ਸੁਨੇਹੜੇ ਦੇ ਦਾਅਵੇਦਾਰ ਹਨ ਪਰ ਖੁਦ ਉਹ ਇਕਮੁੱਠ ਹੋ ਕੇ ਕਾਨਫਰੰਸ ਕਰਨ ਲਈ ਤਿਆਰ ਨਹੀਂ। ਇਸ ਤੋਂ ਪਹਿਲਾਂ ਕਿ ਅਸੀਂ 2017 ਵਿਚ ਚੌਥੀ ਕਾਨਫਰੰਸ ਮੌਕੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਮਿਲੇ ਪੰਜ ਲੱਖ ਰੁਪਏ ਫੰਡ ਬਾਰੇ ਕੋਈ ਚਰਚਾ ਕਰੀਏ, ਸਾਡੇ ਵਿਚਾਰ ਅਨੁਸਾਰ ਹੁਣ ਤਕ ਸੰਸਾਰ ਭਰ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਤਬਸਰਾ ਕਰਨਾ ਯੋਗ ਹੋਵੇਗਾ ਤਾਂ ਜੋ ਇਨ੍ਹਾਂ ਦੇ ਸੰਕਲਪ, ਅਮਲੀ ਨੁਹਾਰ, ਇਤਿਹਾਸ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ ਅਤੇ ਇਨ੍ਹਾਂ ਦੇ ਮਨੋਰਥ ਅਤੇ ਦਿਸ਼ਾ ਦ੍ਰਿਸ਼ਟੀ ਬਾਰੇ ਕੋਈ ਸੇਧ ਲਈ ਜਾ ਸਕੇ।

ਸਤੰਬਰ 1980 ਵਿਚ ਲੰਡਨ ਵਿਚ ਹੋਈ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਤੋਂ ਲੈ ਕੇ ਪਿਛਲੇ 40 ਵਰ੍ਹਿਆਂ ਦੌਰਾਨ ਸਮੇਂ ਸਮੇਂ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ, ਥਾਈਲੈਂਡ ਆਦਿ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਦਾ ਮੁਲੰਕਣ ਕਰੀਏ ਤਾਂ ਪਤਾ ਲਗਦਾ ਹੈ ਕਿ ਪ੍ਰਬੰਧਕਾਂ ਨੇ ਹਮੇਸ਼ਾ ਹੀ ਇਨ੍ਹਾਂ ਦਾ ਮਕਸਦ ਵਿਸ਼ਵ ਭਰ ਵਿਚ ਫੈਲੇ ਪੰਜਾਬੀ ਭਾਈਚਾਰੇ ਦਰਮਿਆਨ ਤਾਲਮੇਲ ਬਣਾਉਣਾ; ਮੇਲਜੋਲ ਵਧਾਉਣ ਲਈ ਪੁਲ ਬਣਾਉਣਾ; ਵਿਚਾਰਾਂ ਦੇ ਲੈਣ-ਦੇਣ ਰਾਹੀਂ ਸਦਭਾਵਨਾ ਤੇ ਪੰਜਾਬੀ ਏਕੇ ਨੂੰ ਮਜ਼ਬੂਤ ਕਰਨਾ; ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਕਲਾ, ਸਿਨੇਮਾ, ਰੰਗਮੰਚ, ਖੇਡ ਜਗਤ, ਸਿੱਖਿਆ ਤੇ ਅਰਥਚਾਰੇ ਦੀ ਤਰੱਕੀ ਬਾਰੇ ਵਿਚਾਰਾਂ ਵਾਸਤੇ ਕੋਈ ਕੌਮਾਂਤਰੀ ਮੌਕਾ ਤੇ ਮੰਚ ਮੁਹੱਈਆ ਕਰਨਾ; ਪੰਜਾਬੀਆਂ ਦੀ ਵਿਸ਼ਵ ਪੱਧਰੀ ਪਛਾਣ, ਵਿਸ਼ੇਸ਼ ਪ੍ਰਾਪਤੀਆਂ, ਨੈਤਿਕ ਜੀਵਨ ਮੁੱਲਾਂ ਤੇ ਉਨ੍ਹਾਂ ਦੇ ਗਲੋਬਲੀ ਨਾਗਰਿਕ ਬਿੰਬ ਨੂੰ ਉਭਾਰਨਾ; ਪੰਜਾਬੀ ਡਾਇਸਪੋਰਾ ਦੇ ਚਲੰਤ ਮੁੱਦਿਆਂ, ਸਰੋਕਾਰਾਂ ਤੇ ਮਸਲਿਆਂ ਬਾਰੇ ਨਿੱਠ ਕੇ ਚਰਚਾ ਤੇ ਇਨ੍ਹਾਂ ਦੇ ਹੱਲ ਦੀ ਤਲਾਸ਼ ਕਰਨਾ ਅਤੇ ਪਰਵਾਸੀ ਪੰਜਾਬੀ ਚੇਤਨਾ ਦੇ ਵਿਹਾਰਕ ਪੈਟਰਨ ਨੂੰ ਉਤਰ ਆਧੁਨਿਕ ਪ੍ਰਸੰਗ ਵਿਚ ਸਮਝਣ ਦੇ ਨਾਲ ਨਾਲ ਪੰਜਾਬੀਅਤ ਦੇ ਦੇਸ਼ਾਂ ਦੇਸ਼ਾਂਤਰਾਂ ਤੀਕ ਖਿੰਡੇ ਗੁਣਾਤਮਕ ਵਰਕਿਆਂ ਨੂੰ ਏਕਤਾ ਦੇ ਸਿਧਾਂਤ-ਸੂਤਰ ਵਿਚ ਗੁੰਦਣਾ ਆਦਿ ਦੱਸਿਆ ਜਾਂਦਾ ਰਿਹਾ ਹੈ। ਯੂਨੀਵਰਸਿਟੀਆਂ ਜਾਂ ਵੱਡੀਆਂ ਵਿਦਿਅਕ ਸੰਸਥਾਵਾਂ ਵਿਚ ਹੁੰਦੀਆਂ ਵਿਧੀਵਤ ਵਿਸ਼ਵ ਪੰਜਾਬੀ ਕਾਨਫਰੰਸਾਂ ਭਾਵੇਂ ਕਿਸੇ ਹੱਦ ਤੀਕ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਬਾਰੇ ਦਿਸ਼ਾ ਤੇ ਦ੍ਰਿਸ਼ਟੀ ਨੂੰ ਮਰਕਜ਼ ਵਿਚ ਰੱਖਣ ਵਿਚ ਸਫਲ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਸ਼ਾਨ ਤੇ ਮਰਿਆਦਾ ਬਰਕਰਾਰ ਰਹਿੰਦੀ ਹੈ ਪਰ ਪੰਜਾਬੀ ਮੁਆਸ਼ਰੇ ਦੇ ਪੈਸੇ ਤੇ ਵੱਕਾਰ ਪੱਖੋਂ ਸੰਪੂਰਨ, ਸਭਿਆਚਾਰਕ ਚੇਤਨਾ ਪੱਖੋਂ ਕੋਰੇ ਪਰ ਸਿਆਸੀ ਪੈਂਠ ਰੱਖਣ ਵਾਲੇ ਲੋਕ, ਜਿਨ੍ਹਾਂ ਅੰਦਰ ਸਪਾਂਸਰਾਂ ਅਤੇ ਪ੍ਰੋਮੋਟਰਾਂ ਨੂੰ ਕੀਲਣ ਦੀ ਸਮਰੱਥਾ ਹੁੰਦੀ ਹੈ, ਦੀ ਪ੍ਰਬੰਧਕੀ ਮਾਰ ਹੇਠ ਅਜਿਹੀਆਂ ਕਾਨਫਰੰਸਾਂ ਮਹਿਜ਼ 'ਮੌਜ ਮੇਲੇ ਦੇ ਜਸ਼ਨ', 'ਆਓ ਭਗਤ ਦੇ ਮੇਲੇ' ਜਾਂ ਕਾਰੋਬਾਰੀ ਕਿਸਮ ਦਾ ਨਿੱਜੀ ਲਘੁਤਮ ਮਹੱਤਮ ਕੱਢਣ ਦਾ ਵਸੀਲਾ ਬਣ ਜਾਂਦੀਆਂ ਹਨ। ਫਿਰ ਇਨ੍ਹਾਂ ਵਿਚ ਉਹੋ ਚਿਹਰੇ, ਉਹੋ ਮੁੱਦੇ, ਉਹੋ ਭਾਸ਼ਣ ਦਾ ਦੁਹਰਾਓ ਰਹਿੰਦਾ ਹੈ। ਕਈ ਵਾਰ ਫੰਡਾਂ ਦੇ ਵਿਵਾਦ ਦਾ ਚੱਕਰਵਾਤ ਅਚਨਚੇਤੀ ਉਠ ਖਲੋਂਦਾ ਹੈ। ਖੈਰ, ਵਿਸ਼ਵ ਪੰਜਾਬੀ ਕਾਨਫਰੰਸ ਦੇ ਇਤਿਹਾਸ ਦੀਆਂ ਮੁੱਢਲੀਆਂ ਦੋ ਤਿੰਨ ਕਾਨਫਰੰਸਾਂ ਤਾਂ ਲੇਖਕਾਂ ਲਈ ਵਿਦੇਸ਼ੀ ਵੀਜ਼ੇ ਲਵਾਉਣ, ਜਹਾਜ਼ ਦੇ ਝੂਟੇ ਲੈਣ, ਸੈਰ ਸਪਾਟਾ, ਦਾਅਵਤਾਂ ਦੇ ਵਿਅੰਜਨਾਂ ਦਾ ਲੁਤਫ ਲੈਣ ਦਾ ਵੱਧ ਵਸੀਲਾ ਸਮਝੀਆਂ ਜਾਂਦੀਆਂ ਰਹੀਆਂ ਹਨ।

ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਇਤਿਹਾਸ ਦਾ ਮੁੱਢ ਸਤੰਬਰ 1980 ਵਿਚ ਲੰਡਨ (ਇੰਗਲੈਂਡ) ਵਿਚ ਹੋਈ ਪਹਿਲੀ ਕਾਨਫਰੰਸ ਨਾਲ ਬੱਝਦਾ ਹੈ। ਇਸ ਦੀ ਰੂਪ-ਰੇਖਾ ਘੜਨ ਅਤੇ ਪਿਰਤ ਪਾਉਣ ਵਾਲੇ ਇਸ ਦੇ ਪ੍ਰਬੰਧਕੀ ਕਰਤਾ ਧਰਤਾ ਰਣਜੀਤ ਧੀਰ ਸਨ ਜੋ ਅੱਜ ਉਮਰ ਦੀ ਢਲ ਰਹੀ ਸ਼ਾਮ 'ਤੇ ਵੀ ਸਭਿਆਚਾਰਕ ਅਤੇ ਸਿਆਸੀ ਤੌਰ 'ਤੇ ਉਵੇਂ ਚੇਤਨਸ਼ੀਲ ਸਾਹਿਤ ਰਸੀਏ ਨਜ਼ਰ ਆਉਂਦੇ ਹਨ। ਪਹਿਲੀ ਕਾਨਫਰੰਸ ਵਿਚ ਭਾਵੇਂ ਸਰੋਤਿਆਂ ਦੀ ਨਿਗੂਣੀ ਹਾਜ਼ਰੀ ਸੀ ਪਰ ਭਾਰਤ ਤੋਂ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਨਾਵਲਕਾਰ ਗੁਰਦਿਆਲ ਸਿੰਘ, ਸ਼ਾਇਰ ਐਸ.ਐਸ. ਮੀਸ਼ਾ ਆਦਿ ਦੀ ਸ਼ਮੂਲੀਅਤ ਇਸ ਨੂੰ ਯਾਦਗਾਰੀ ਬਣਨ ਦਾ ਰੰਗ ਭਾਗ ਲਾ ਗਈ। ਡਾ. ਰਣਧੀਰ ਸਿੰਘ ਚੰਦ ਜੋ ਆਪ ਇਸ ਵਿਚ ਸ਼ਾਮਲ ਹੋਇਆ ਸੀ, ਨੇ ਇਸ ਨੂੰ ਆਪਣੇ ਪੱਤਰ 'ਸੁਰਤਾਲ' ਵਿਚ ਸਫਲ ਪਖੰਡ ਗਰਦਾਨਦਿਆਂ ਲਿਖਿਆ ਸੀ, "40-50 ਆਦਮੀਆਂ ਦੇ ਸਮਾਗਮਾਂ ਦੀ ਹਾਜ਼ਰੀ ਵਾਲੀ ਇਸ ਕਾਨਫਰੰਸ ਦੀਆਂ ਪ੍ਰਾਪਤੀਆਂ ਸੈਰ ਸਪਾਟਾ, ਮੌਜ ਮੇਲਾ, ਪ੍ਰਬੰਧਕਾਂ ਦੀ ਪਬਲੀਸਿਟੀ ਅਤੇ ਆਰਥਿਕ ਲਾਭ ਰਹੀਆਂ ਹਨ।" ਪ੍ਰਿੰਸੀਪਲ ਸੇਖੋਂ ਸਮੇਤ ਕਈ ਲੇਖਕਾਂ ਬਾਰੇ ਉਦੋਂ ਕਈ ਲਤੀਫੇ ਵੀ ਹਾਸੇ ਦੇ ਅਨਾਰ ਬਣ ਕੇ ਚੱਲਦੇ ਰਹੇ।

ਇਸ ਕਾਨਫਰੰਸ ਦੀ ਜੋ ਵੀ ਪ੍ਰਾਪਤੀ ਰਹੀ ਹੋਵੇ ਪਰ ਇਸ ਭਾਗਾਂ ਭਰੀ ਕਾਨਫਰੰਸ ਦੀ ਮਿਹਰ ਨਾਲ ਦੋ ਸਾਲ ਬਾਅਦ ਹੀ 1982 ਵਿਚ ਰਣਜੀਤ ਧੀਰ ਈਲਿੰਗ ਦੇ ਕੌਂਸਲਰ ਜ਼ਰੂਰ ਬਣ ਗਏ। ਫਿਰ 2001 ਵਿਚ ਉਹ ਮੇਅਰ ਵੀ ਹੋ ਗਏ ਅਤੇ 2015 ਵਿਚ ਉਨ੍ਹਾਂ ਦੀ ਪਤਨੀ ਮੇਅਰ ਦੀ ਕੁਰਸੀ 'ਤੇ ਪੁੱਜ ਗਈ। ਪੰਜਾਬੀ ਪ੍ਰੇਮ ਨਾਲ ਛਿੜੀ ਸਿਆਸੀ ਵਾਰ ਧੀਰ ਨੂੰ ਇੰਨੀ ਰਾਸ ਆਈ ਕਿ 2017 ਵਿਚ ਰਾਣੀ ਐਲਿਜ਼ਬਥ ਦੂਜੀ ਨੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ। ਖੈਰ, ਰਣਜੀਤ ਧੀਰ ਤਾਂ ਇਸ ਦੇ ਯੋਗ ਹੀ ਸਨ ਪਰ ਉਨ੍ਹਾਂ ਦੀ ਰੀਸੇ ਤੁਰੇ ਅਮੀਨ ਮਲਿਕ ਨੇ ਜਦੋਂ ਜੂਨ 2002 ਵਿਚ ਇੰਗਲੈਂਡ ਅੰਦਰ ਅਜਿਹੀ ਕਾਨਫਰੰਸ ਕਰਵਾਈ ਤਾਂ ਕਾਨਫਰੰਸ ਦੇ ਦੂਜੇ ਦਿਨ ਸਫਲਤਾ ਦਾ ਆਨੰਦ ਮਾਣਦੇ ਅਤੇ ਦਾਰੂ ਪੀ ਕੇ ਢੋਲ ਦੇ ਡੱਗੇ 'ਤੇ ਨੱਚਦੇ ਬੱਕਰੇ ਬੁਲਾਉਂਦੇ ਚਾਂਭਲੇ ਪੰਜਾਬੀਆਂ ਦੇ ਵਿਚਕਾਰ ਹੀ ਅਮੀਨ ਵਿਰੋਧੀਆਂ ਨੇ ਅਮੀਨ ਮਲਿਕ ਦਾ ਕੁਟਾਪਾ ਚਾੜ੍ਹ ਦਿੱਤਾ। ਇਸ ਕਾਂਡ ਕਰ ਕੇ ਪਾਕਿਸਤਾਨੀ ਸ਼ਾਇਰ ਇਕਬਾਲ ਕੈਸਰ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ ਸੀ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ,



**ਐਚ.ਐਸ. ਹੰਸਪਾਲ**

ਸਾਬਕਾ ਐਮ.ਪੀ. ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਮੈਂਬਰ ਐਚ.ਐਸ. ਹੰਸਪਾਲ ਨੇ ਵੀ ਮੁੱਖ ਪ੍ਰਬੰਧਕ ਵਜੋਂ ਦੋ ਕਾਨਫਰੰਸਾਂ ਕਰਵਾਈਆਂ ਜਿਨ੍ਹਾਂ ਵਿਚੋਂ 1983 ਨੂੰ ਬੈਂਕਾਕ (ਥਾਈਲੈਂਡ) ਵਿਚ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ ਕਰਵਾਈ ਪਹਿਲੀ ਕਾਨਫਰੰਸ (ਇਸ ਵਿਚ ਨਾਮਧਾਰੀ ਗੁਰੂ ਜਗਜੀਤ ਸਿੰਘ ਵੀ ਸ਼ਾਮਿਲ ਸੀ) ਨੂੰ ਆਸ਼ਿਫ ਸ਼ਾਹਕਾਰ ਨੇ 'ਅੱਧ-ਸਰਕਾਰੀ' ਕਿਹਾ ਸੀ। ਉਨ੍ਹਾਂ ਵੱਲੋਂ 2018 ਵਿਚ ਚੰਡੀਗੜ੍ਹ ਵਿਚ ਕਰਵਾਈ ਗਈ ਦੂਜੀ ਕਾਨਫਰੰਸ ਨੂੰ ਇਸ ਲਿਹਾਜ਼ ਤੋਂ ਤਾਂ 'ਪੂਰੀ ਸਰਕਾਰੀ' ਮੰਨਿਆ ਜਾ ਸਕਦਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਪ੍ਰਸਤੀ ਨਾਲ ਹੋਈ ਇਸ ਕਾਨਫਰੰਸ ਲਈ ਪੰਜਾਬ ਆਰਟਸ ਕੌਂਸਲ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਤੇ ਪਾਕਿਸਤਾਨੀ ਪੰਜਾਬ ਤੋਂ ਸਭਿਆਚਾਰਕ ਦੂਤ ਫਖਰ ਜ਼ਮਾਨ ਉਨ੍ਹਾਂ ਦੇ ਮੁੱਖ ਸਹਿਯੋਗੀ ਸਨ।



***ਪਰਵਾਸੀ ਪੰਜਾਬੀ ਸਾਹਿਤ ਚਿੰਤਨ ਲਈ ਪ੍ਰਭਾਵੀ ਤਹਿਰੀਕ ਖੜ੍ਹੀ ਕਰਨ ਵਾਲੇ ਡਾ. ਸ.ਪ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੀ ਪ੍ਰਬੰਧਕੀ ਨਿਰਦੇਸ਼ਨਾ ਹੇਠ 21 ਫਰਵਰੀ 2019 ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸ ਕਾਲਜ, ਲੁਧਿਆਣਾ ਵਿਖੇ 'ਪਰਵਾਸੀ ਪੰਜਾਬ ਸਾਹਿਤ: ਗਲੋਬਲੀ ਪਰਿਪੇਖ' ਦੇ ਵਿਸ਼ੇ 'ਤੇ ਹੋਈ ਕਾਨਫਰੰਸ ਇਸ ਵਿਸ਼ੇ 'ਤੇ ਕੌਮਾਂਤਰੀ ਮਾਹਿਰਾਂ ਦੀ ਹਾਜ਼ਰੀ ਕਾਰਨ ਮਹੱਤਵਪੂਰਨ ਰਹੀ।***

ਇਨ੍ਹਾਂ ਕਾਨਫਰੰਸਾਂ ਦੇ ਪ੍ਰਸੰਗ ਵਿਚ ਜ਼ਿਕਰਯੋਗ ਵੱਡੀ ਪੁਲਾਂਘ ਦਸੰਬਰ 1983 ਵਿਚ ਡਾ. ਵਿਸ਼ਵਨਾਥ ਤਿਵਾੜੀ ਵੱਲੋਂ 1982 ਵਿਚ ਰਾਜ ਸਭਾ ਮੈਂਬਰ ਬਣਨ ਦੇ ਇਕ ਸਾਲ ਬਾਅਦ ਕਰਵਾਈ ਕਾਨਫਰੰਸ ਮੰਨੀ ਜਾ ਸਕਦੀ ਹੈ। ਇਸ ਕਾਨਫਰੰਸ ਵਿਚ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੋਵੇਂ ਸ਼ਾਮਿਲ ਸਨ। ਉਂਜ, ਇਸ ਕਾਨਫਰੰਸ ਦੇ ਸਾਲ ਬਾਅਦ 1984 ਵਿਚ ਪੰਜਾਬ ਯੂਨੀਵਰਸਿਟੀ ਵਿਚ ਹੀ ਕਿਸੇ ਅਣਪਛਾਤੇ ਸ਼ਖਸ ਨੇ ਗੋਲੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।

ਪਾਕਿਸਤਾਨੀ ਪੰਜਾਬ ਵਿਚ ਹੋਈਆਂ ਕਾਨਫਰੰਸਾਂ ਦੀ ਚਰਚਾ ਕਰੀਏ ਤਾਂ ਵਰਲਡ ਪੰਜਾਬੀ ਕਾਂਗਰਸ ਨਾਂ ਦੇ ਸੰਗਠਨ ਦੀ 1984 ਵਿਚ ਕਾਇਮੀ ਪਿੱਛੋਂ 1986 ਨੂੰ ਲਾਹੌਰ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਵਾ ਕੇ ਪੰਜਾਬੀ ਲੇਖਕ ਤੇ ਸਿਆਸੀ ਆਗੂ ਫਖਰ ਜ਼ਮਾਨ ਨੇ ਇਸ ਦੀ ਮੋੜ੍ਹੀ ਗੱਡੀ। ਫਖਰ ਜ਼ਮਾਨ ਜੋ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਵਜ਼ਾਰਤ ਵਿਚ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਵੀ ਰਹੇ, ਨੇ ਭਾਰਤੀ ਪੰਜਾਬ ਦੇ ਆਪਣੇ ਮਿੱਤਰਾਂ ਮਰਹੂਮ ਡਾ. ਸੁਤਿੰਦਰ ਸਿੰਘ ਨੂਰ ਤੇ ਡਾ. ਦੀਪਕ ਮਨਮੋਹਨ ਸਿੰਘ ਜ਼ਰੀਏ ਭਾਰਤੀ ਪੰਜਾਬੀ ਲੇਖਕਾਂ ਨਾਲ ਆਪਣੇ ਰਾਬਤੇ ਦਾ ਤਾਣਾ ਬਾਣਾ ਮਜ਼ਬੂਤ ਕਰਦਿਆਂ 2001 ਤੋਂ ਫਰਵਰੀ 2020 ਤਕ ਲਗਾਤਾਰ ਕਾਨਫਰੰਸਾਂ ਦੀ ਲੜੀ ਜਾਰੀ ਰੱਖੀ। 1992 ਵਿਚ ਹੋਈ ਉਸ ਦੀ ਕਾਨਫਰੰਸ ਵਿਚ ਬੇਨਜ਼ੀਰ ਭੁੱਟੋ ਨੇ ਵੀ ਸ਼ਮੂਲੀਅਤ ਕੀਤੀ ਸੀ। 2005 ਵਿਚ ਉਸ ਦੀ ਕਰਵਾਈ 11ਵੀਂ ਕੌਮਾਂਤਰੀ ਪੰਜਾਬੀ ਕਾਨਫਰੰਸ ਇਸ ਪੱਖੋਂ ਅਹਿਮ ਸੀ। ਇਸ ਵਿਚ ਸ਼ਾਮਿਲ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਨੇ ਲਾਹੌਰ ਵਿਚ ਪੰਜਾਬੀ ਇੰਸਟੀਚਿਊਟ ਆਫ ਲੈਂਗੂਏਜ਼ ਐਂਡ ਕਲਚਰ ਖੋਲ੍ਹਣ ਦਾ ਐਲਾਨ ਕੀਤਾ ਜਦਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਵਿਚ ਵਰਲਡ ਪੰਜਾਬੀ ਸੈਂਟਰ ਦੀ ਸਥਾਪਨਾ ਦਾ ਐਲਾਨ ਕੀਤਾ ਸੀ। ਬਹਰਹਾਲ ਫਖਰ ਜ਼ਮਾਨ ਇਨ੍ਹਾਂ ਕਾਨਫਰੰਸਾਂ ਰਾਹੀਂ 15 ਦੇਸ਼ਾਂ ਤੋਂ ਡੈਲੀਗੇਟ ਸੱਦ ਕੇ ਭਾਰਤ ਪਾਕਿਸਤਾਨ ਸੰਬੰਧਾਂ ਦੇ ਸੁਖਾਵੇਂਪਨ ਲਈ ਸਮਝੌਤਾ ਐਕਸਪ੍ਰੈਸ ਦੀ ਬਹਾਲੀ, ਵੀਜ਼ਾ ਸ਼ਰਤਾਂ ਹੋਰ ਨਰਮ ਕਰਨ ਅਤੇ ਕੈਨੇਡਾ ਸਮੇਤ ਉਤਰੀ ਅਮਰੀਕਾ ਵਿਚ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਲਹਿਰ ਪੈਦਾ ਕਰਨ ਦਾ ਹੋਕਾ ਦਿੰਦੇ ਰਹਿੰਦੇ ਹਨ। ਫਖਰ ਜ਼ਮਾਨ ਤੋਂ ਇਲਾਵਾ ਡਾ. ਨਬੀਲਾ ਰਹਿਮਾਨ (ਮੁਖੀ, ਪੰਜਾਬੀ ਵਿਭਾਗ, ਯੂਨੀਵਰਸਿਟੀ ਆਫ ਪੰਜਾਬ, ਲਾਹੌਰ) ਦੁਨੀਆ ਦੀ ਪਹਿਲੀ ਔਰਤ ਹੈ ਜਿਸ ਨੇ ਲਾਹੌਰ ਵਿਚ ਨਿਰੋਲ ਆਪਣੇ ਦਮ 'ਤੇ ਅਜਿਹੀ ਕਾਨਫਰੰਸ ਦਾ ਸੁਫਨਾ ਸਾਕਾਰ ਕੀਤਾ ਹੈ। ਇਕ ਹੋਰ ਪੰਜਾਬਣ ਲਾਹੌਰ ਦੀ ਡਾ. ਮੁਜਾਹਿਦ ਭੱਟ (ਮੁਖੀ, ਪੰਜਾਬੀ ਵਿਭਾਗ, ਵਿਮੈਨ ਕਾਲਜ ਯੂਨੀਵਰਸਿਟੀ, ਲਾਹੌਰ) ਹੈ ਜੋ ਆਪਣੇ ਵਸੀਲਿਆਂ ਨਾਲ ਤਿੰਨ ਕਾਨਫਰੰਸਾਂ ਕਰਵਾ ਚੁੱਕੀ ਹੈ। ਭਾਰਤੀ ਪੰਜਾਬ ਵਿਚ ਅਜਿਹੀ ਇਕ ਕਾਨਫਰੰਸ ਦੇ ਸੁਫਨੇ ਨੂੰ ਤਾਮੀਰ ਕਰਨ ਵਾਲੀ ਇਕੋ ਇਕ ਲੇਖਕਾ ਫਿਲਹਾਲ ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਦੀ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਹੈ ਜਿਸ ਨੇ ਐਚ.ਐਮ.ਵੀ. ਕਾਲਜ, ਜਲੰਧਰ 'ਚ ਪ੍ਰਿੰ. ਅਜੈ ਸਰੀਨ ਨਾਲ ਰਲ ਕੇ ਕਰਵਾਈ ਸੀ।

ਅਮਰੀਕਾ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚੋਂ 1997 ਵਿਚ ਮਿਲਵਾਕੀ ਦੀ ਯੂਨੀਵਰਸਿਟੀ ਆਫ ਵਿਸਕੌਨਸਿਨ ਵਿਚ ਹੋਈ ਪੰਜਵੀਂ ਕਾਨਫਰੰਸ ਜ਼ਿਕਰਯੋਗ ਹੈ ਜਿਸ ਵਿਚ ਆਸਟਰੇਲੀਆ, ਕੈਨੇਡਾ, ਇੰਗਲੈਂਡ, ਭਾਰਤ, ਪਾਕਿਸਤਾਨ ਆਦਿ ਤੋਂ 750 ਡੈਲੀਗੇਟ ਨੇ ਭਾਗ ਲਿਆ ਸੀ। ਜਾਰਜ ਬੁਸ਼ ਦੇ ਕਰੀਬੀ ਅਤੇ ਮਿਲਵਾਕੀ ਵਿਚ ਪੈਟਰੋਲ ਪੰਪਾਂ ਦੇ ਮਾਲਕ ਦਰਸ਼ਨ ਸਿੰਘ ਧਾਲੀਵਾਲ ਅਤੇ ਪੱਛਮੀ ਗੋਰੇ ਸਿੱਖ ਭਾਈਚਾਰੇ ਦੇ ਰਹਿਬਰ ਮਰਹੂਮ ਯੋਗੀ ਹਰਿਭਜਨ ਸਿੰਘ ਦੀ ਸਰਪ੍ਰਸਤੀ ਕਾਰਨ ਇਸ ਵਿਚ ਉਦੋਂ ਭਾਰਤੀ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ, ਵਿੱਤ ਮੰਤਰੀ, ਭਾਰਤੀ ਪਾਰਲੀਮੈਂਟ ਦੇ ਸਾਬਕਾ ਸਪੀਕਰ, ਵਿਸਕੌਨਸਿਨ ਦੇ 39ਵੇਂ ਗਵਰਨਰ ਮਾਰਟੀ ਸੈਚਰੀਬਰ ਸਮੇਤ ਅਮਰੀਕਾ ਦੀਆਂ ਕਈ ਰਾਜਸੀ ਕਾਰੋਬਾਰੀ ਹਸਤੀਆਂ ਸ਼ਾਮਿਲ ਹੋਈਆਂ ਸਨ। ਪ੍ਰਬੰਧਕਾਂ ਵਿਚ ਸ਼ਾਮਿਲ ਫੈਡਰਲ ਰਿਜ਼ਰਵ ਬੈਂਕ ਆਫ ਸ਼ਿਕਾਗੋ ਅਤੇ ਵਰਲਡ ਬੈਂਕ ਦੇ ਕੰਸਲਟੈਂਟ ਰਹੇ ਡਾ. ਸਵਰਨਜੀਤ ਸਿੰਘ ਅਰੋੜਾ ਅਨੁਸਾਰ, ਇਹ ਕਾਨਫਰੰਸ ਪਰਵਾਸੀ ਪੰਜਾਬੀਆਂ ਦੇ ਬੱਚਿਆਂ ਦੀ ਭਲਾਈ ਅਤੇ ਪੰਜਾਬ ਤੇ ਪੰਜਾਬੀਆਂ ਦੇ ਅਰਥਚਾਰੇ ਦੀ ਮਜ਼ਬੂਤੀ ਦੇ ਥੀਮ 'ਤੇ ਕੇਂਦ੍ਰਿਤ ਸੀ। ਕੈਲੀਫੋਰਨੀਆ ਦੇ ਸਕੂਲਾਂ ਵਿਚ ਪੰਜਾਬੀ ਨੂੰ ਸਕੂਲੀ ਪਾਠਕ੍ਰਮਾਂ ਵਿਚ ਸ਼ਾਮਿਲ ਕਰਾਉਣ ਦੀ ਅਲਖ ਜਗਾਉਣ ਲਈ ਇਕ ਹੋਰ ਕਾਨਫਰੰਸ ਕੈਲੀਫੋਰਨੀਆ ਦੇ ਅਮੀਰ ਕਿਸਾਨ ਚਰਨਜੀਤ ਸਿੰਘ ਬਾਠ ਨੇ ਵੀ ਮੁੱਖ ਪ੍ਰਬੰਧਕ ਵਜੋਂ 2016 ਵਿਚ ਕਰਵਾਈ ਸੀ।

ਪਰਵਾਸੀ ਪੰਜਾਬੀ ਸਾਹਿਤ ਚਿੰਤਨ ਲਈ ਪ੍ਰਭਾਵੀ ਤਹਿਰੀਕ ਖੜ੍ਹੀ ਕਰਨ ਵਾਲੇ ਡਾ. ਸ.ਪ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੀ ਪ੍ਰਬੰਧਕੀ ਨਿਰਦੇਸ਼ਨਾ ਹੇਠ 21 ਫਰਵਰੀ 2019 ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸ ਕਾਲਜ, ਲੁਧਿਆਣਾ ਵਿਖੇ 'ਪਰਵਾਸੀ ਪੰਜਾਬ ਸਾਹਿਤ: ਗਲੋਬਲੀ ਪਰਿਪੇਖ' ਦੇ ਵਿਸ਼ੇ 'ਤੇ ਹੋਈ ਕਾਨਫਰੰਸ ਇਸ ਵਿਸ਼ੇ 'ਤੇ ਕੌਮਾਂਤਰੀ ਮਾਹਿਰਾਂ ਦੀ ਹਾਜ਼ਰੀ ਕਾਰਨ ਮਹੱਤਵਪੂਰਨ ਰਹੀ। ਇਹ ਕਾਨਫਰੰਸ ਜਿਸ ਵਿਚ ਪ੍ਰੋ ਜਾਹਨ ਰੀਡ (ਮੁਖੀ, ਇੰਡੋ-ਕੈਨੇਡੀਅਨ ਇੰਸਟੀਚਿਊਟ, ਸੇਂਟ ਮੈਰੀ, ਯੂਨੀਵਰਸਿਟੀ, ਹੈਲੀਫੈਕਸ), ਡਾ. ਪ੍ਰਚੀ ਕੌਲ (ਪ੍ਰੋਫੈਸਰ, ਏਸ਼ੀਅਨ ਸਟੱਡੀਜ਼, ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਕੈਨੇਡਾ), ਡਾ. ਰਾਣਾ ਨੱਈਅਰ ਅਤੇ ਪੰਜਾਬੀ ਭਵਨ, ਸਰੀ ਦੇ ਬਾਨੀ ਸੁੱਖੀ ਬਾਠ ਨੇ ਭਾਗ ਲਿਆ, ਵਿਚ ਪਰਵਾਸੀ ਪੰਜਾਬੀ ਸਾਹਿਤਕਾਰਾਂ ਲਈ 51 ਅਤੇ 31 ਹਜ਼ਾਰ ਦੇ ਦੋ ਐਵਾਰਡ ਵੀ ਸਥਾਪਤ ਕੀਤੇ ਗਏ। ਪੰਜਾਬ ਵਿਚ ਹੋਈਆਂ ਹੋਰ ਕਾਨਫਰੰਸਾਂ ਵਿਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦਸੰਬਰ 2004 ਵਾਲੀ ਕਾਨਫਰੰਸ ਵੀ ਮਹੱਤਵਪੂਰਨ ਹੈ। ਸਰਕਾਰੀ ਸਰਪ੍ਰਸਤੀ ਹੇਠਲੀ ਇਸ ਕਾਨਫਰੰਸ ਵਿਚ ਭਾਰਤੀ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਅਤੇ ਸੀ.ਪੀ.ਐਮ. ਦੇ ਜਨਰਲ ਸਕੱਤਰ ਮਰਹੂਮ ਕਾਮਰੇਡ ਹਰਿਕ੍ਰਿਸ਼ਨ ਸਿੰਘ ਸੁਰਜੀਤ ਸ਼ਾਮਲ ਸਨ। ਭਾਰਤ-ਪਾਕਿਸਤਾਨ ਦੇ ਸੁਖਾਵੇਂ ਸੰਬੰਧਾਂ ਲਈ ਪੰਜਾਬੀਅਤ ਨੂੰ ਵੱਡੇ ਆਧਾਰ ਦਾ ਵਾਹਨ ਦਰਸਾਉਣ ਵਾਲੀ ਇਸ ਕਾਨਫਰੰਸ ਵਿਚ ਪਹਿਲੀ ਵਾਰ ਸ਼ਾਹਮੁਖੀ ਲਿਪੀ ਨੂੰ ਗੁਰਮੁਖੀ ਲਿਪੀ ਅਤੇ ਗੁਰਮੁਖੀ ਲਿਪੀ ਨੂੰ ਸ਼ਾਹਮੁਖੀ ਵਿਚ ਬਦਲਣ ਲਈ ਸੌਫਟਵੇਅਰ ਤਿਆਰ ਕਰਨ ਦੇ ਮੁੱਦੇ 'ਤੇ ਚਰਚਾ ਛਿੜੀ।

ਕਾਬਿਲ-ਏ-ਜ਼ਿਕਰ ਹੈ ਕਿ ਗੈਰ ਸਿੱਖ ਪੰਜਾਬੀ ਚਿਹਰਿਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਜਿਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਹੁਣ ਸੁਖਬੀਰ ਸਿੰਘ ਬਾਦਲ ਮੋਹਰੀ ਹਨ, ਨੇ ਪੰਜਾਬੀ ਪ੍ਰਚਾਰ ਪਾਸਾਰ ਲਈ ਅਜਿਹੀਆਂ ਕਾਨਫਰੰਸਾਂ ਕਰਵਾਉਣ ਨੂੰ ਸੰਜੀਦਗੀ ਨਾਲ ਨਹੀਂ ਲਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨਗੀ ਕਾਲ ਵੇਲੇ ਵਿਸ਼ਵ ਸਿੱਖ ਸੰਮੇਲਨ ਕਰਵਾਉਣ ਵਾਲੀ ਸ਼੍ਰੋਮਣੀ ਕਮੇਟੀ ਨੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਫੁਰਨਾ ਇਕ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਹੁੰਦਿਆਂ ਜ਼ਰੂਰ ਲਿਆ ਸੀ ਜਦੋਂ ਉਨ੍ਹਾਂ 5-7 ਫਰਵਰੀ 2016 ਨੂੰ ਫਤਿਹਗੜ੍ਹ ਸਾਹਿਬ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਸੀ ਪਰ ਇਹ ਨਾਮ-ਧਰੀਕ ਹੀ ਸੀ ਅਤੇ ਇਸ ਦਾ ਬਹੁਤੇਰਾ ਮੰਤਵ ਨਵੀਂ ਕਾਇਮ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦਾ ਪ੍ਰਚਾਰ ਸੀ। ਖਾਲਸਾ ਕਾਲਜ ਪਟਿਆਲਾ ਨੇ ਵੀ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉਭਾ ਦੇ ਨਿਰਦੇਸ਼ਨ ਹੇਠ ਤਿੰਨ ਵਿਸ਼ਵ ਪੰਜਾਬੀ ਕਾਨਫਰੰਸਾਂ ਹੋਈਆਂ ਪਰ ਪੰਥ ਦੇ ਆਗੂ ਉਥੇ ਵੀ ਦਿਖਾਈ ਨਾ ਦਿੱਤੇ।

ਕੈਨੇਡਾ ਵਿਚ ਹੁਣ ਤਕ ਹੋਈਆਂ ਵਿਸ਼ਵ

***(ਬਾਕੀ ਅਗਲੇ ਸਫੇ 'ਤੇ)***

# ਕੈਨੇਡਾ 'ਚ ਹੋ ਰਹੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ: ਕੁਝ ਨੁਕਤੇ ਕੁਝ ਵਿਚਾਰ

*(ਪਿਛਲੇ ਸਫੇ ਦੀ ਬਾਕੀ)*

ਪੰਜਾਬੀ ਕਾਨਫਰੰਸਾਂ ਬਾਰੇ ਤਰਲੋਚਨ ਸਿੰਘ ਗਿੱਲ ਦੀ ਕਿਤਾਬ 'ਅਮਰੀਕਾ ਕੈਨੇਡਾ ਤੇ ਪੰਜਾਬੀ' ਵਿਚੋਂ ਪ੍ਰਾਪਤ ਵੇਰਵਿਆਂ ਅਨੁਸਾਰ ਪਹਿਲੀ ਕਾਨਫਰੰਸ 1982 ਵਿਚ ਓਟਾਵਾ ਅਤੇ ਦੂਜੀ 1990 ਵਿਚ ਟੋਰਾਂਟੋ ਵਿਚ ਹੋਈ ਸੀ। ਟੋਰਾਂਟੋ ਵਾਲੀ ਕਾਨਫਰੰਸ ਵਿਚ 'ਹੁਣ' ਦੇ ਬਾਨੀ ਸੰਪਾਦਕ ਮਰਹੂਮ ਅਵਤਾਰ ਜੰਡਿਆਲਵੀ, ਗਜ਼ਲਗੋ ਡਾ. ਜਗਤਾਰ, ਡਾ. ਮਹੀਪ ਸਿੰਘ ਅਤੇ ਦਿੱਲੀ ਤੋਂ ਪ੍ਰਸਿੱਧ ਪਬਲਿਸ਼ਰ ਭਾਪਾ ਪ੍ਰੀਤਮ ਸਿੰਘ ਵੀ ਸ਼ਾਮਿਲ ਹੋਏ ਸਨ। ਇਕ ਹੋਰ ਕਾਨਫਰੰਸ 28 ਜੂਨ ਤੋਂ 1 ਜੁਲਾਈ 2003 ਤਕ ਨੌਰਦਰਨ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ, ਪ੍ਰਿੰਸ ਜਾਰਜ ਵਿਚ ਹੋਣ ਦੇ ਵੇਰਵੇ ਵੀ ਮਿਲਦੇ ਹਨ ਜਿਸ ਵਿਚ Lheidli T'enneh First Nation ਦੇ ਲੀਡਰ ਰੇਨ ਸੇਈਮੋਰ ਨੇ ਪੰਜਾਬੀਆਂ ਨੂੰ ਆਪਣੀ ਭਾਸ਼ਾ, ਸਭਿਆਚਾਰਕ ਵਿਰਾਸਤ ਅਤੇ ਪਛਾਣ ਸੰਭਾਲਣ ਲਈ ਜ਼ੋਰ ਦਿੱਤਾ ਸੀ ਜਦਕਿ ਇੰਡਸਟ੍ਰੀਅਲ ਵੁੱਡ ਐਂਡ ਅਲਾਈਡ ਵਰਕਰਜ਼ ਯੂਨੀਅਨ ਦੇ ਤਤਕਾਲੀ ਪ੍ਰਧਾਨ ਫਰੈਂਕ ਈਵਰਿਟ ਨੇ ਲੱਕੜ ਦੇ ਕਿੱਤੇ ਨਾਲ ਪੰਜਾਬੀ ਕਾਮਿਆਂ ਦੇ ਇਥੇ ਦੇ ਜੀਵਨ ਸਫਰ ਆਰੰਭਣ ਨਾਲ ਜੋੜਦਿਆਂ ਪੰਜਾਬੀਆਂ ਦੀ ਘੁਮੱਕੜ ਪਰ ਉਦਮੀ ਪ੍ਰਵਿਰਤੀ ਦੀ ਸ਼ਲਾਘਾ ਕੀਤੀ ਸੀ। ਸਾਊਥ ਏਸ਼ੀਅਨ ਰੀਵਿਊ ਦੇ ਐਡੀਟਰ ਸੁੱਚਾ ਦੀਪਕ ਅਤੇ ਭੁਪਿੰਦਰ ਮੱਲ੍ਹੀ ਨੇ ਇਸ ਵਿਚ ਪੰਜਾਬੀ ਭਾਸ਼ਾ ਅਤੇ ਸੰਗੀਤ ਨੂੰ ਬਹੁਕੌਮੀ ਸਭਿਆਚਾਰ ਵਿਚ ਮਾਨਤਾ ਦਿਵਾਉਣ ਲਈ ਧਾਰਨਾਵਾਂ ਪੇਸ਼ ਕੀਤੀਆਂ ਸਨ। ਇਸ ਕਾਨਫਰੰਸ 'ਚ ਡਾ. ਮਨਜ਼ੂਰ ਏਜਾਜ਼, ਡਾ. ਸਵਰਾਜ ਸਿੰਘ, ਡਾ. ਰੌਣਕੀ ਰਾਮ, ਬਰਤਾਨੀਆ ਦੇ ਸ਼ਾਇਰ ਮਜ਼ਹਰ ਤਿਰਮਜ਼ੀ, ਕੈਨੇਡਾ ਤੋਂ ਸੁਰਿੰਦਰ ਧੰਜਲ ਆਦਿ ਵਿਦਵਾਨ ਸ਼ਾਮਿਲ ਸਨ।

ਆਓ ਹੁਣ 2021 ਵਿਚ ਜੂਨ ਮਹੀਨੇ ਬਰੈਂਪਟਨ ਵਿਚ ਹੋ ਰਹੀਆਂ ਤਿੰਨ ਸਮਾਨਾਂਤਰ ਛੇਵੀਆਂ ਵਿਸ਼ਵ ਪੰਜਾਬ ਕਾਨਫਰੰਸਾਂ ਦਾ ਜਾਇਜ਼ਾ ਲਈਏ। ਇਨ੍ਹਾਂ ਕਾਨਫਰੰਸਾਂ ਦੀ ਸ਼ੁਰੂਆਤ ਦਾ ਸੁਫਨਾ ਟੋਰਾਂਟੋ ਦੇ ਉਘੇ ਪੰਜਾਬੀ ਪੱਤਰਕਾਰ ਅਤੇ 'ਅਜੀਤ' ਵੀਕਲੀ ਦੇ ਸੰਪਾਦਕ ਡਾ. ਦਰਸ਼ਨ ਸਿੰਘ ਬੈਂਸ ਨੇ ਯੂਨੈਸਕੋ ਦੀ ਉਦੋਂ ਅਖਬਾਰਾਂ ਵਿਚ ਛਪੀ ਇਸ ਚਿੰਤਾਜਨਕ ਖਬਰ ਕਿ 2050 ਤੀਕ ਪੰਜਾਬੀ ਭਾਸ਼ਾ ਸੰਸਾਰ ਦੀਆਂ ਭਾਸ਼ਾਵਾਂ ਦੇ ਨਕਸ਼ੇ ਤੋਂ ਲੋਪ ਹੋ ਜਾਵੇਗੀ, ਨੂੰ ਮੁੱਖ ਰੱਖਦਿਆਂ ਲਿਆ ਸੀ। ਉਨ੍ਹਾਂ ਦੀ ਸੰਸਥਾ ਕਲਮ ਫਾਊਂਡੇਸ਼ਨ (ਕਲਮ ਲੈਂਗੂਏਜ਼ ਡਿਵਲਪਮੈਂਟ ਫਾਊਂਡੇਸ਼ਨ ਆਫ ਨਾਰਥ ਅਮਰੀਕਾ) ਦੇ ਬੈਨਰ ਹੇਠ 2009 ਉਨ੍ਹਾਂ ਦੀ ਸਰਪ੍ਰਸਤੀ ਅਧੀਨ ਟੋਰਾਂਟੋ ਵਿਚ ਪਹਿਲੀ ਕਾਨਫਰੰਸ ਹੋਈ। ਉਨ੍ਹਾਂ ਨੇ ਹੀ ਉਦੋਂ ਆਪਣੇ ਕਰੀਬੀ ਰਿਸ਼ਤੇਦਾਰ ਐਡਵੋਕੇਟ ਅਜਾਇਬ ਸਿੰਘ ਚੱਠਾ ਨੂੰ ਇਸ ਦਾ ਚੇਅਰਮੈਨ ਥਾਪਿਆ ਸੀ। 2011 ਵਿਚ ਹੋਈ ਕਾਨਫਰੰਸ ਸਮੇਂ ਵੀ ਡਾ. ਬੈਂਸ ਹੀ ਸਰਪ੍ਰਸਤ ਸਨ ਪਰ 2012 ਵਿਚ ਉਨ੍ਹਾਂ ਦੀ ਮੌਤ ਪਿੱਛੋਂ ਪ੍ਰਬੰਧਕਾਂ ਨੇ ਉਨ੍ਹਾਂ ਦੀ ਪਤਨੀ ਕੰਵਲਜੀਤ ਕੌਰ ਬੈਂਸ ਨੂੰ ਸਰਪ੍ਰਸਤ ਬਣਾ ਦਿੱਤਾ। ਇਸ ਪਿੱਛੋਂ 2015 ਦੀ ਕਾਨਫਰੰਸ ਤਾਂ ਸੁੱਖੀਂ-ਸਾਂਦੀ ਲੰਘੀ ਪਰ 2017 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਭੇਜੇ ਪੰਜ ਲੱਖ ਰੁਪਏ ਅਤੇ ਡੈਲੀਗੇਟਾਂ ਵਾਸਤੇ 98 ਅਟੈਚੀਕੇਸ ਨਾ ਮਿਲਣ ਦੇ ਵਿਵਾਦ ਕਾਰਨ ਸਰਪ੍ਰਸਤ, ਚੇਅਰਮੈਨ ਅਤੇ ਪ੍ਰਧਾਨ ਵਿਚਕਾਰ ਤ੍ਰੇੜਾਂ ਪੈ ਗਈਆਂ ਜੋ ਅਗਾਂਹ ਚੱਲ ਕੇ ਵੱਖਰੀਆਂ ਕਾਨਫਰੰਸਾਂ ਦਾ ਆਧਾਰ ਬਣ ਗਈਆਂ। ਪੰਜਾਬੀ ਦੇ ਵੱਡੇ ਅਖਬਾਰਾਂ ਵਿਚ ਉਦੋਂ ਇਹ ਖਬਰਾਂ ਛਪੀਆਂ ਸਨ ਕਿ ਕਾਨਫਰੰਸ ਦੇ ਪ੍ਰਧਾਨ (ਤਤਕਾਲੀ) ਗਿਆਨ ਸਿੰਘ ਕੰਗ ਨੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਭੇਜੇ ਪੰਜ ਲੱਖ ਰੁਪਏ ਪ੍ਰਾਪਤ ਨਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਦਾ ਸੰਦੇਸ਼ ਕਾਨਫਰੰਸ ਦੌਰਾਨ ਟੀ.ਵੀ. ਸਕਰੀਨ 'ਤੇ ਦਿਖਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਜਿਸ 'ਤੇ ਪ੍ਰਬੰਧਕਾਂ ਦੀ ਤੂੰ-ਤੂੰ ਮੈਂ-ਮੈਂ ਹੋ ਗਈ।

***ਕਾਬਿਲ-ਏ-ਜ਼ਿਕਰ ਹੈ ਕਿ ਗੈਰ ਸਿੱਖ ਪੰਜਾਬੀ ਚਿਹਰਿਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਜਿਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਹੁਣ ਸੁਖਬੀਰ ਸਿੰਘ ਬਾਦਲ ਮੋਹਰੀ ਹਨ, ਨੇ ਪੰਜਾਬੀ ਪ੍ਰਚਾਰ ਪਾਸਾਰ ਲਈ ਅਜਿਹੀਆਂ ਕਾਨਫਰੰਸਾਂ ਕਰਵਾਉਣ ਨੂੰ ਸੰਜੀਦਗੀ ਨਾਲ ਨਹੀਂ ਲਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨਗੀ ਕਾਲ ਵੇਲੇ ਵਿਸ਼ਵ ਸਿੱਖ ਸੰਮੇਲਨ ਕਰਵਾਉਣ ਵਾਲੀ ਸ਼੍ਰੋਮਣੀ ਕਮੇਟੀ ਨੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਫੁਰਨਾ ਇਕ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਹੁੰਦਿਆਂ ਜ਼ਰੂਰ ਲਿਆ ਸੀ ਜਦੋਂ ਉਨ੍ਹਾਂ 5-7 ਫਰਵਰੀ 2016 ਨੂੰ ਫਤਿਹਗੜ੍ਹ ਸਾਹਿਬ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਸੀ ਪਰ ਇਹ ਨਾਮ-ਧਰੀਕ ਹੀ ਸੀ ਅਤੇ ਇਸ ਦਾ ਬਹੁਤੇਰਾ ਮੰਤਵ ਨਵੀਂ ਕਾਇਮ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦਾ ਪ੍ਰਚਾਰ ਸੀ।***

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਫੰਡ ਬਾਰੇ 27 ਫਰਵਰੀ 2017 ਨੂੰ ਆਪਣਾ ਮਤਾ (ਨੰ. 420) ਪਾਸ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਦੋ ਅਧਿਕਾਰੀ ਡਾ. ਪਰਮਜੀਤ ਸਿੰਘ ਸਰੋਆ ਅਤੇ ਹਰਭਜਨ ਸਿੰਘ ਮਨਾਵਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਦੇ ਪ੍ਰੋਫੈਸਰ ਡਾ. ਪਰਮਵੀਰ ਸਿੰਘ ਜੋ ਇਸ ਕਾਨਫਰੰਸ ਵਿਚ ਸ਼ਾਮਿਲ ਹੋਏ, ਨੇ ਇਹ ਦੱਸਿਆ ਕਿ ਕਾਨਫਰੰਸ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਦੀ ਸਿਫਾਰਸ਼ 'ਤੇ ਧਰਮ ਪ੍ਰਚਾਰ ਕਮੇਟੀ ਦੇ ਐਲਾਨੇ ਪੰਜ ਲੱਖ ਦੇ ਫੰਡ ਵਿਚੋਂ 1 ਲੱਖ 70 ਹਜ਼ਾਰ 500 ਰੁਪਏ ਤਾਂ 98 ਅਟੈਚੀਕੇਸ ਡੈਲੀਗੇਟਾਂ ਨੂੰ ਵੰਡਣ ਲਈ ਕਾਨਫਰੰਸ ਦੇ ਮੀਡੀਆ ਇੰਚਾਰਜ ਡਾ. ਅਰਵਿੰਦਰ ਸਿੰਘ ਢਿੱਲੋਂ (ਜੋ ਹੁਣ ਸ੍ਰੀ ਚੱਠਾ ਦੇ ਪ੍ਰਬੰਧਕੀ ਕਾਫਿਲੇ ਵਿਚ ਕੋਆਰਡੀਨੇਟਰ ਹਨ) ਨੇ ਨਾਭੇ ਹੀ ਰੱਖ ਲਏ ਸਨ। ਵਿਅੰਗ ਦੀ ਗੱਲ ਇਹ ਹੈ ਕਿ ਇਹ ਸਾਰਾ ਮਾਮਲਾ ਉਦੋਂ ਅਖਬਾਰਾਂ ਵਿਚ ਆਉਣ ਦੇ ਬਾਵਜੂਦ ਨਾ ਤਾਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੋਈ ਜਾਂਚ ਕਰਵਾਈ ਅਤੇ ਨਾ ਹੀ ਕਾਨਫਰੰਸ ਦੇ ਪ੍ਰਬੰਧਕ ਸ੍ਰੀ ਚੱਠਾ ਨੇ ਹੀ ਕਿਸੇ ਜਾਂਚ ਰਾਹੀਂ ਸਚਾਈ ਤੋਂ ਪਰਦਾ ਖੋਲ੍ਹਿਆ। ਫਲਸਰੂਪ, ਸ੍ਰੀ ਚੱਠਾ ਦੀ ਚੇਅਰਮੈਨਸ਼ਿਪ ਵਾਲੀ ਕਾਨਫਰੰਸ ਤੋਂ ਵੱਖ ਹੁੰਦਿਆਂ ਇਸ ਦੀ ਪੂਰਬਲੀ ਸਰਪ੍ਰਸਤ ਅਜੀਤ ਵੀਕਲੀ ਦੀ ਕੰਵਲਜੀਤ ਕੌਰ ਬੈਂਸ ਅਤੇ ਇਸ ਦੇ ਪੂਰਬਲੇ ਪ੍ਰਧਾਨ ਗਿਆਨ ਸਿੰਘ ਕੰਗ ਨੇ 2019 'ਚ ਵੱਖ ਵੱਖ ਕਾਨਫਰੰਸਾਂ ਕਰਾਉਣ ਦਾ ਡਮਰੂ ਖੜਕਾ ਦਿੱਤਾ।

2019 ਦੀ ਪਿਰਤ ਅਨੁਸਾਰ ਹੀ 2021 ਵਿਚ ਇਕੋ ਸਾਲ, ਇਕ ਮਹੀਨੇ ਅਤੇ ਇਕੋ ਸ਼ਹਿਰ (ਖੇਤਰ) ਵਿਚ ਹੋ ਰਹੀਆਂ ਤਿੰਨ ਧਿਰਾਂ ਦੀਆਂ ਤਿੰਨ ਕਾਨਫਰੰਸਾਂ 'ਤੇ ਨਜ਼ਰ ਮਾਰੀਏ ਤਾਂ ਪੇਸ਼ੇ ਵਜੋਂ ਵਕੀਲ ਅਜਾਇਬ ਸਿੰਘ ਚੱਠਾ ਦੀ ਚੇਅਰਮੈਨਸ਼ਿਪ ਬਨਾਮ ਪ੍ਰਬੰਧਕੀ ਹੇਠ ਬਰੈਂਪਟਨ ਵਿਚ ਪੰਜਾਬੀ ਬਿਜ਼ਨਸ ਪ੍ਰੋਫੈਸ਼ਨਲ ਐਸੋਸੀਏਸ਼ਨ, ਕੈਨੇਡਾ ਅਤੇ ਜਗਤ ਪੰਜਾਬੀ ਸਭਾ (ਦੋਵਾਂ ਸੰਸਥਾਵਾਂ ਦੇ ਚੇਅਰਮੈਨ ਵੀ ਉਹੀ ਹਨ) ਵੱਲੋਂ 25 ਤੋਂ 27 ਜੂਨ ਤਕ ਹੋਣ ਵਾਲੀ ਕਾਨਫਰੰਸ 'ਪੰਜਾਬੀ ਭਾਸ਼ਾ ਦਾ ਭਵਿੱਖ ਅਤੇ ਵਿਦਿਅਕ ਪ੍ਰਣਾਲੀ: ਜਗਤ ਦ੍ਰਿਸ਼ਟੀਕੋਣ' ਦੇ ਕੇਂਦਰੀ ਥੀਮ 'ਤੇ ਨਿਸ਼ਚਿਤ ਕੀਤੀ ਗਈ ਹੈ। ਸਭ ਤੋਂ ਵੱਧ ਯੋਜਨਾਬੱਧ ਡਿਜ਼ੀਟਲ ਢੰਗ ਤਰੀਕੇ ਅਪਣਾ ਕੇ ਵੈਬੀਨਾਰਾਂ, ਜ਼ੂਮ ਮੀਟਿੰਗਾਂ, ਡਾਕੂਮੈਂਟਰੀਆਂ, ਫੇਸਬੁੱਕ ਪੋਸਟਾਂ ਆਦਿ ਰਾਹੀਂ ਕਾਨਫਰੰਸ ਦੇ ਪੱਖ ਵਿਚ ਤੂਫਾਨੀ ਪ੍ਰਚਾਰ ਮੁਹਿੰਮ ਚਲਾ ਰਹੇ ਸ੍ਰੀ ਚੱਠਾ ਨੇ ਪਿਛਲੇ ਡੇਢ ਮਹੀਨੇ ਦੌਰਾਨ ਛੇ ਵੈਬੀਨਾਰਾਂ ਦੀ ਲੜੀ ਚਲਾ ਕੇ ਪਿਛਲੀਆਂ 40 ਸਾਲਾਂ ਦੀਆਂ ਕੁਝ ਚਰਚਿਤ ਵਿਸ਼ਵ ਕਾਨਫਰੰਸਾਂ ਦੇ ਮੁੱਖ ਪ੍ਰਬੰਧਕਾਂ ਰਣਜੀਤ ਧੀਰ, ਐਚ.ਐਸ. ਹੰਸਪਾਲ, ਚਰਨਜੀਤ ਸਿੰਘ ਬਾਠ, ਡਾ. ਐਸ.ਪੀ. ਸਿੰਘ, ਡਾ. ਨਬੀਲਾ ਰਹਿਮਾਨ, ਡਾ. ਧਰਮਿੰਦਰ ਸਿੰਘ ਉਭਾ ਅਤੇ ਫਖਰ ਜ਼ਮਾਨ ਦੇ ਕਰੀਬੀ ਸਹਿਯੋਗੀਆਂ ਨਾਲ ਸੰਵਾਦ ਰਚਾਇਆ ਅਤੇ ਉਨ੍ਹਾਂ ਦੇ ਪ੍ਰਬੰਧਕੀ ਅਨੁਭਵਾਂ ਤੇ ਕਾਨਫਰੰਸਾਂ ਦੀਆਂ ਪ੍ਰਾਪਤੀਆਂ ਨੂੰ ਫਰੋਲਦਿਆਂ ਇਸ ਵਿਚੋਂ ਆਪਣੀ ਕਾਨਫਰੰਸ ਦੇ ਆਸ਼ੇ, ਰੂਪ-ਰੇਖਾ ਅਤੇ ਦਿਸ਼ਾ ਦ੍ਰਿਸ਼ਟੀ ਘੜਨ ਦਾ ਯਤਨ ਕੀਤਾ ਹੈ। ਵੈਬੀਨਾਰਾਂ ਰਾਹੀਂ ਉਨ੍ਹਾਂ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਇਤਿਹਾਸ ਦੀ ਕਿਤਾਬੀ ਰਚਨਾ ਦੇ ਆਪਣੇ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਵੇਰਵੇ ਵੀ ਇਕੱਠੇ ਕੀਤੇ ਹਨ। ਵੱਖ-ਵੱਖ ਖੇਤਰਾਂ ਵਿਚ ਕੌਮਾਂਤਰੀ ਨਾਮਣਾ ਖੱਟਣ ਵਾਲੇ 101 ਪੰਜਾਬੀਆਂ ਨੂੰ ਸਨਮਾਨਤ ਕਰਨ ਦੀ ਤਜਵੀਜ਼ ਵੀ ਉਨ੍ਹਾਂ ਦੇ ਏਜੰਡੇ 'ਤੇ ਹੈ। ਕਾਨਫਰੰਸ ਵਿਚ ਉਨ੍ਹਾਂ ਦੇ ਨੀਤੀ ਘਾੜਿਆਂ ਤੇ ਸਹਿਯੋਗੀਆਂ ਵਿਚ ਕਾਨੂੰਨ ਦੇ ਪ੍ਰੋਫੈਸਰ ਡਾ. ਦਲਜੀਤ ਸਿੰਘ, ਡਾ. ਸਵਿੰਦਰ ਸਿੰਘ ਗਿੱਲ (ਦੋਵੇਂ ਸਰਪ੍ਰਸਤ), ਕਾਨਫਰੰਸ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ, ਪਟਿਆਲਾ ਤੋਂ ਉਘੇ ਪੰਜਾਬੀ ਨਾਟਕਕਾਰ ਤੇ ਐਂਕਰ ਡਾ. ਸਤੀਸ਼ ਕੁਮਾਰ ਵਰਮਾ, ਕੋਆਰਡੀਨੇਟਰ ਡਾ. ਅਰਵਿੰਦਰ ਸਿੰਘ ਢਿੱਲੋਂ ਅਤੇ ਹਮਦਰਦ ਮੀਡੀਆ ਗਰੁੱਪ ਦੇ ਮਾਲਕ ਅਮਰ ਸਿੰਘ ਭੁੱਲਰ (ਮੀਡੀਆ ਪਾਰਟਨਰ) ਸ਼ਾਮਿਲ ਹਨ। ਡਾ. ਰਮਨੀ ਬਤਰਾ ਅਤੇ ਰਮਿੰਦਰ ਵਾਲੀਆ ਦੀ ਅਗਵਾਈ ਹੇਠ ਬੀਬੀਆਂ ਦਾ ਕਾਫਿਲਾ ਵੀ ਉਨ੍ਹਾਂ ਦੇ ਨਾਲ ਹੈ।

ਦੂਸਰੇ ਬੰਨੇ ਕਲਮ ਫਾਊਂਡੇਸ਼ਨ (ਕਲਮ ਲੈਂਗੂਏਜ਼ ਡਿਵਲਪਮੈਂਟ ਆਫ ਨਾਰਥ ਅਮਰੀਕਾ) ਦੇ ਬੈਨਰ ਹੇਠ ਅਤੇ ਅਜੀਤ ਵੀਕਲੀ ਨਿਊਜ਼ ਪੇਪਰ ਦੀ ਸੰਪਾਦਕ ਕੰਵਲਜੀਤ ਕੌਰ ਬੈਂਸ ਦੀ ਸਰਪ੍ਰਸਤੀ ਹੇਠ 18-19-20 ਜੂਨ ਨੂੰ ਹੋ ਰਹੀ ਕਾਨਫਰੰਸ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਹੈ। ਇਸ ਕਾਨਫਰੰਸ ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ, ਪ੍ਰਧਾਨ ਜਸਬੀਰ ਸਿੰਘ ਬੋਪਾਰਾਏ, ਸਕੱਤਰ ਸੁਖਵਿੰਦਰ ਸਿੰਘ ਸਿੱਧੂ, ਬਰਤਾਨੀਆ ਤੋਂ ਕੋਆਰਡੀਨੇਟਰ ਮਨਜੀਤ ਖੁਰਮੀ ਹਿੰਮਤਪੁਰਾ, ਜਰਮਨੀ ਤੋਂ ਸਾਦੀਆ ਸਫਦਰ ਆਦਿ ਆਪਣੇ ਡੈਲੀਗੇਟਾਂ ਨਾਲ ਰਾਬਤਾ ਬਣਾ ਰਹੇ ਹਨ। ਕੰਵਲਜੀਤ ਕੌਰ ਬੈਂਸ ਨੇ ਕਿਹਾ ਕਿ ਕਾਨਫਰੰਸ ਦਾ ਇਕ ਦਿਨ ਗੁਰੂ ਤੇਗ ਬਹਾਦਰ ਜੀ ਦੇ ਸ਼ਹਾਦਤ ਦੇ ਸੰਕਲਪ ਅਤੇ ਉਨ੍ਹਾਂ ਦੇ ਬਾਣੀ ਸੰਦੇਸ਼ ਨੂੰ ਸਮਰਪਿਤ ਹੋਵੇਗਾ। ਦੂਜੇ ਦੋ ਦਿਨਾਂ ਦੌਰਾਨ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ, ਪੰਜਾਬੀਆਂ ਦੀਆਂ ਵਿਸ਼ਵ ਪੱਧਰੀ ਪ੍ਰਾਪਤੀਆਂ ਦੇ ਲੇਖੇ ਜੋਖੇ ਅਤੇ ਪਰਵਾਸੀ ਪੰਜਾਬੀਆਂ ਦੇ ਸਰੋਕਾਰਾਂ 'ਤੇ ਵਿਚਾਰ ਦੇ ਨਾਲ-ਨਾਲ ਕੈਨੇਡਾ ਦੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦੇ ਪ੍ਰਬੰਧਾਂ ਨੂੰ ਸੰਭਵ ਬਣਾਉਣ ਦੇ ਮੁੱਦਿਆਂ ਬਾਰੇ ਵਿਚਾਰ ਹੋਵੇਗੀ। ਕਾਨਫਰੰਸਾਂ ਦੇ ਪ੍ਰਭਾਵ ਲਈ ਇਨ੍ਹਾਂ ਦੇ ਏਕੀਕਰਨ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਸੁਫਨਾ ਉਨ੍ਹਾਂ ਦੇ ਮਰਹੂਮ ਪਤੀ ਡਾ. ਦਰਸ਼ਨ ਸਿੰਘ ਬੈਂਸ ਨੇ ਲਿਆ ਸੀ, ਇਸ ਲਈ ਉਹ ਉਨ੍ਹਾਂ ਦੀ ਸੋਚ ਦੀ ਜੋਤ ਨੂੰ ਪ੍ਰਚੰਡ ਰੱਖਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਤੀ ਦੀ ਮੌਤ ਪਿੱਛੋਂ ਕਾਨਫਰੰਸ ਵਿਚ ਸ਼੍ਰੋਮਣੀ ਕਮੇਟੀ ਦੇ ਫੰਡ ਦਾ ਵਿਵਾਦ ਉਠਣ ਅਤੇ ਕੁਝ ਅਹੁਦੇਦਾਰਾਂ ਵਲੋਂ ਹਉਮੈ, ਨਿੱਜੀ ਮੁਫਾਦਾਂ ਦੀ ਸਿੱਧੀ ਅਤੇ ਆਸ਼ੇ ਨੂੰ ਲਾਂਭੇ ਕਰ ਦੇਣ ਆਦਿ ਦੇ ਕਾਰਨਾਂ ਕਾਰਨ ਹੀ ਉਹ ਮਜਬੂਰੀ ਵਸ ਵੱਖਰੀ ਕਾਨਫਰੰਸ ਦੇ ਰਾਹ ਪਏ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਹੋਰ ਦੇਸ਼ਾਂ ਤੋਂ ਬੁਲਾਏ ਜਾਣ ਵਾਲੇ ਡੈਲੀਗੇਟਾਂ ਨੂੰ ਉਹ ਸਪਾਂਸਰਸ਼ਿਪ ਤਾਂ ਭੇਜਣਗੇ ਅਤੇ ਕੈਨੇਡੀਅਨ ਦੂਤਾਵਾਸ ਨੂੰ ਇਸ ਬਾਰੇ ਸੂਚਨਾ ਪੱਤਰ ਵੀ ਲਿਖਣਗੇ ਪਰ ਵੀਜ਼ੇ ਲਵਾਉਣ ਦੀ ਜ਼ਿੰਮੇਵਾਰੀ ਡੈਲੀਗੇਟਾਂ ਦੀ ਖੁਦ ਹੋਵੇਗੀ।

ਚੰਗੇ ਕਾਰੋਬਾਰੀ ਅਤੇ ਡਿਕਸੀ ਗੁਰਦੁਆਰੇ ਨੇੜੇ ਬਿਜਲੀ ਦੇ ਸਾਮਾਨ ਦੇ ਵੱਡੇ ਸਟੋਰ ਦੇ ਮਾਲਕ ਗਿਆਨ ਸਿੰਘ ਕੰਗ ਦੀ ਚੇਅਰਮੈਨਸ਼ਿਪ ਅਧੀਨ 18 ਤੋਂ 20 ਜੂਨ ਤਕ ਹੋ ਰਹੀ ਤੀਜੀ ਕਾਨਫਰੰਸ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਦੱਸੀ ਜਾ ਰਹੀ ਹੈ। ਉਨ੍ਹਾਂ ਦੀ ਕਾਨਫਰੰਸ ਦੇ ਨੀਤੀ ਘਾੜਿਆਂ ਅਤੇ ਮੁੱਖ ਸਹਿਯੋਗੀਆਂ ਵਿਚ ਡਾ. ਕੰਵਲਜੀਤ ਸਿੰਘ ਲਾਲੀ ਕਿੰਗ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਬਿੰਦਰਾ ਅਤੇ ਸ੍ਰੀਮਤੀ ਸੁਰਜੀਤ ਕੌਰ ਸਮੇਤ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਨਾਲ ਜੁੜੇ ਕਈ ਨਾਮਵਰ ਲੇਖਕ ਹਨ। ਮੁੱਦੇ ਉਨ੍ਹਾਂ ਦੇ ਵੀ ਲਗਭਗ ਸ੍ਰੀਮਤੀ ਬੈਂਸ ਦੇ ਧੜੇ ਵਾਲੀ ਕਾਨਫਰੰਸ ਵਾਲੇ ਹਨ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਅਤੇ ਉਨ੍ਹਾਂ ਦਾ ਮਨੁੱਖਤਾ ਨੂੰ ਰਾਹ ਦਿਖਾਉਂਦਾ ਬਾਣੀ ਸੰਦੇਸ਼, ਕਾਨਫਰੰਸ ਦੇ ਕੇਂਦਰੀ ਥੀਮ ਹੋਣਗੇ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਸਹਿ-ਹੋਂਦ ਦੇ ਸਿਧਾਂਤ ਦੀ ਜ਼ਾਮਨ ਹੈ ਅਤੇ ਨਿਰਭੈਤਾ ਤੇ ਨਿਰਭਉ ਦੀ ਤਰਜਮਾਨੀ ਦਾ ਇਹ ਵੱਡਾ ਸਾਕਾ ਪਾਰ-ਸੰਪਰਦਾਇਕ ਦ੍ਰਿਸ਼ਟੀ ਨੂੰ ਹੋਰ ਵਸੀਹ ਕਰਨ ਅਤੇ ਪੰਜਾਬੀਆਂ ਦੇ ਗਲੋਬਲ ਏਕੇ ਨੂੰ ਨਵੇਂ ਪਸਾਰ ਦੇਣ ਵਾਲਾ ਹੈ। ਕਾਨਫਰੰਸਾਂ ਦੇ ਏਕੀਕਰਨ ਬਾਰੇ ਉਨ੍ਹਾਂ ਕਿਹਾ, "ਏਕਤਾ 'ਤੇ ਕੋਈ ਉਜ਼ਰ ਨਹੀਂ। ਸ੍ਰੀਮਤੀ ਕੰਵਲਜੀਤ ਬੈਂਸ ਨਾਲ ਤਾਂ ਉਨ੍ਹਾਂ ਦੀ ਇਸ ਮਾਮਲੇ 'ਤੇ ਗੱਲਬਾਤ ਵੀ ਚੱਲ ਰਹੀ ਹੈ ਪਰ ਸ੍ਰੀ ਅਜਾਇਬ ਸਿੰਘ ਚੱਠਾ ਨਾਲ ਸਾਂਝੀ ਕਾਨਫਰੰਸ ਨਾਲ ਏਕਤਾ ਲਈ ਕੋਈ ਸੰਭਾਵਨਾ ਨਹੀਂ ਕਿਉਂਕਿ ਜਦੋਂ ਮੈਂ 2017 ਦੀ ਕਾਨਫਰੰਸ ਮੌਕੇ ਸ਼੍ਰੋਮਣੀ ਕਮੇਟੀ ਦੇ ਪੰਜ ਲੱਖ ਫੰਡ ਵਾਲਾ ਮੁੱਦਾ ਉਠਾਇਆ ਸੀ ਤਾਂ ਉਦੋਂ ਸ੍ਰੀ ਚੱਠਾ ਨੇ ਚੇਅਰਮੈਨ ਵਜੋਂ ਸਥਿਤੀ ਸਪਸ਼ਟ ਨਹੀਂ ਕੀਤੀ।" ਉਹ ਜ਼ੋਰ ਦੇ ਕੇ ਕਹਿੰਦੇ ਹਨ ਕਿ ਸ੍ਰੀ ਚੱਠਾ ਦੀ ਸਪਸ਼ਟ ਬਿਆਨੀ ਇਸ ਲਈ ਜ਼ਰੂਰੀ ਹੈ ਕਿਉਂਕਿ ਪ੍ਰੋ. ਬਡੂੰਗਰ ਨੇ ਫੰਡ ਦਾ ਐਲਾਨ ਵੀ ਉਨ੍ਹਾਂ ਦੀ ਮੌਜੂਦਗੀ ਵਿਚ ਪਟਿਆਲੇ ਕਿਸੇ ਸਮਾਗਮ 'ਤੇ ਕੀਤਾ ਸੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰਬੰਧਾਂ ਵਿਚ ਪਾਰਦਰਸ਼ਤਾ ਤੇ ਦਿਆਨਤਦਾਰੀ ਨਹੀਂ ਰਹੇਗੀ ਤਾਂ ਕਾਨਫਰੰਸ ਦਾ ਮੰਤਵ ਤੇ ਆਦਰਸ਼ ਉਚਾ ਸੁੱਚਾ ਨਹੀਂ ਰਹਿ ਸਕਦਾ।

ਇਨ੍ਹਾਂ ਕਾਨਫਰੰਸਾਂ ਨੂੰ ਲੈ ਕੇ ਕੈਨੇਡਾ ਦੇ ਪੰਜਾਬੀ ਲੇਖਕਾਂ ਵਿਚ ਘੁਸਰ ਮੁਸਰ ਹੋ ਰਹੀ ਹੈ। ਕੈਨੇਡਾ ਦੇ ਪ੍ਰਸਿੱਧ ਕਵੀ, ਨਾਟਕਕਾਰ ਤੇ ਕਹਾਣੀਕਾਰ ਰਵਿੰਦਰ ਰਵੀ ਦਾ ਕਹਿਣਾ ਹੈ, "ਕਾਨਫਰੰਸਾਂ ਇਕ ਹੋਣ ਨਾਲ ਥੀਮ ਦੀ ਸ਼ਿੱਦਤ ਅਤੇ ਪ੍ਰਭਾਵ ਉਸਰਦੇ ਹਨ। ਕਾਨਫਰੰਸ ਦੇ ਕੇਂਦਰੀ ਥੀਮ ਨੂੰ ਖਿਲਰਨ ਤੋਂ ਬਚਾਉਣ ਲਈ ਪੇਸ਼ ਹੋਣ ਵਾਲੇ ਖੋਜ ਪੱਤਰਾਂ ਬਾਰੇ ਪਹਿਲਾਂ ਸਰਵੇ ਕਰ ਲੈਣਾ ਜ਼ਰੂਰੀ ਹੈ।" 'ਸੰਵਾਦ' ਮੈਗਜ਼ੀਨ ਦੇ ਸੰਪਾਦਕ ਤੇ ਸ਼ਾਇਰ ਸੁਖਿੰਦਰ ਦੀ ਵਿਅੰਗਮਈ ਟਿੱਪਣੀ ਇਸ ਮਜ਼ਮੂਨ ਦੇ ਦੁੰਮਛੱਲੇ ਵਜੋਂ ਪੇਸ਼ ਹੈ, "ਤਿੰਨ ਨਹੀਂ ਜੀ, ਘੱਟੋ-ਘੱਟ 10 ਕਾਨਫਰੰਸਾਂ ਤਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਸੇ ਬਹਾਨੇ 100 ਲੇਖਕ ਤਾਂ ਘੱਟੋ-ਘੱਟ ਭਾਰਤ ਤੋਂ ਕੈਨੇਡਾ ਸੈਰ ਲਈ ਆ ਸਕਣ। ਬਾਕੀ ਜੇ ਇਹ ਪੁੱਛੋ ਕਿ ਇਨ੍ਹਾਂ ਕਾਨਫਰੰਸਾਂ ਵਿਚੋਂ ਕੀ ਨਿਕਲਦਾ ਹੈ ਤਾਂ ਇਨ੍ਹਾਂ ਵਿਚੋਂ ਨਿਕਲਦਾ ਹੈ- ਪੀਜ਼ਾ, ਤੰਦੂਰੀ ਮੱਛੀ, ਬਰਬੀਕਿਊ ਚਿਕਨ, ਬੱਕਰੇ ਦਾ ਮੀਟ, ਬੀਅਰ, ਵਾਈਨ, ਵਧੀਆ ਵਿਸਕੀ।"

## ਸੱਚ ਦੀ ਕੂੜ 'ਤੇ ਜਿੱਤ

ਜੱਗ 'ਤੇ ਆਏ ਨੂਰੀ ਨਾਨਕ ਹੋਏ ਦੂਰ ਹਨੇਰੇ
ਰੁੱਤਾਂ, ਪੌਣਾਂ ਮਹਿਕੀਆਂ ਰੰਗਲੇ ਹੋਏ ਸਵੇਰੇ
ਛੰਨਾ, ਢਾਰੇ ਝੁੱਗੀਆਂ ਦੇ ਲਿਸ਼ਕ ਉਠੇ ਬਨੇਰੇ
ਗਰੀਬਾਂ, ਦੀਨਾਂ, ਬੇਕਸਾਂ ਦੇ ਖਿੜੇ ਨੇ ਚਿਹਰੇ
ਮਾਂ ਤ੍ਰਿਪਤਾ ਦੇ ਵਿਹੜੇ ਨੇ ਖੁਸ਼ੀਆਂ ਛਾਈਆਂ
ਪਿਤਾ ਕਾਲੂ ਨੂੰ ਲੋਕੀਂ ਪਏ ਦੇਣ ਵਧਾਈਆਂ
ਰਾਏ ਬੁਲਾਰ ਵੀ ਆਇਆ ਕਾਲੂ ਜੀ ਦੇ ਘਰ
ਨੂਰੀ ਮੁਖ ਵੇਖ ਬਾਲਕ ਦਾ ਸੀਨਾ ਗਿਆ ਠਰ
ਸਿਜਦਾ ਕੀਤਾ ਓਸ ਨੇ ਮੰਗੀ ਰੱਬ ਤੋਂ ਦੁਆ
ਕਾਲੂ ਤੇਰੇ ਘਰ ਵਿਚ ਆਇਆ ਆਪ ਅੱਲ੍ਹਾ।

ਟੇਵੇ ਵਾਸਤੇ ਕਾਲੂ ਨੇ ਕੁਲ ਪ੍ਰੋਹਤ ਬੁਲਾਇਆ
ਵਾਚ ਪੱਤਰੀ ਪ੍ਰੋਹਤ ਨੇ ਸਭ ਹਾਲ ਸੁਣਾਇਆ
ਬਣਸੀ ਵੱਡਾ ਛਤਰਧਾਰੀ ਡਾਢਾ ਬੀਰ ਬਲਵਾਨ
ਜਾਂ ਹੋਵੇਗਾ ਵਲੀ ਕੋਈ, ਆਪ ਰੂਪ ਭਗਵਾਨ
ਖਲਕ ਖਾਲਕ ਦੀ ਏਸ ਦੇ ਚਰਨੀਂ ਝੁਕੇਗੀ ਆ
ਦੁੱਖ-ਦਰਦ ਵੰਡਾਵੇਗਾ ਸਭ ਨੂੰ ਗਲ ਨਾਲ ਲਾ
ਗਦ ਗਦ ਹੋਇਆ ਕਾਲੂ ਡਾਢਾ ਖੁਸ਼ੀ ਵਿਭੋਰ
ਦੱਖਣਾ ਦੇ ਕੇ ਪ੍ਰੋਹਤ ਨੂੰ ਦਿੱਤਾ ਘਰ ਵੱਲ ਟੋਰ
ਵੱਡੇ ਹੋ ਰਹੇ ਨਾਨਕ ਨੂੰ ਤੱਕ ਕਾਲੂ ਹੋਵੇ ਹੈਰਾਨ
ਖੇਡਦਾ ਖੇਡਦਾ ਹੋ ਜਾਵੇ ਸੋਚਾਂ ਵਿਚ ਗਲਤਾਨ।

ਇਸ ਤੋਂ ਬਿਨਾ ਹੋਰ ਵੀ ਪ੍ਰਗਟਣ ਲੱਗੇ ਨਿਸ਼ਾਨ
ਸੰਤਾਂ ਸਾਧਾਂ ਵੱਲ ਓਸ ਦਾ ਵਧਦਾ ਜਾਏ ਰੁਝਾਨ
ਕਿਤੇ ਕੋਈ ਸੰਤ ਮੰਡਲੀ ਆਉਂਦੀ ਲੈਂਦਾ ਜਾਣ
ਘੰਟਿਆਂ ਬੱਧੀ ਸੁਣਦਾ ਬਹਿ ਕੇ ਨਾਲ ਧਿਆਨ
ਘਰ ਦੇ ਕੰਮ ਕਾਰ ਨਾਲ ਰਤਾ ਵੀ ਨਹੀਂ ਲਗਾ
ਜੋ ਕੁਝ ਵੀ ਲੱਭੇ ਸਾਧੂਆਂ ਨੂੰ ਦੇਂਦਾ ਏ ਵਰਤਾ
ਸੋਚਾਂ ਸੋਚ ਕੇ ਕਾਲੂ ਹੋਇਆ ਡਾਢਾ ਪਰੇਸ਼ਾਨ
ਕਿਵੇਂ ਖੱਤਰੀ ਕਾਰ ਵੱਲ ਮੋੜੇ ਇਹਦਾ ਧਿਆਨ
ਕੁਝ ਕੁ ਭਲੇ ਗੁਆਂਢੀਆਂ ਕਾਲੂ ਨੂੰ ਦਿੱਤਾ ਸੁਝਾ
ਰੋਸ਼ਨ ਦਿਮਾਗ ਬਾਲ ਤੇਰਾ ਇਹਨੂੰ ਪੜ੍ਹਨੇ ਪਾ।

ਖਤਰੀਆਂ ਵਾਲਾ ਲੇਖਾ ਪੱਤਾ ਜਦੋਂ ਸਿੱਖ ਗਿਆ
ਚੁੱਪ ਕਰਕੇ ਹੱਟੀ ਦੇ ਕੰਮਕਾਰ 'ਤੇ ਦਈਂ ਬਿਠਾ
ਕਢਾ ਮਹੂਰਤ ਅਗਲੇ ਦਿਨ ਲੈ ਨਾਨਕ ਨੂੰ ਨਾਲ
ਬਾਹੋਂ ਪਕੜ ਲੈ ਆਇਆ ਪਾਸ ਪਾਂਧੇ ਗੋਪਾਲ
ਪਾਂਧੇ ਨੇ ਸੁਣੇ ਜਦੋਂ ਨਾਨਕ ਦੇ ਜਵਾਬ ਸਵਾਲ
ਬੁਲਾ ਕਾਲੂ ਨੂੰ ਕਿਹਾ ਇਹ ਧੁਰੋਂ ਪੜ੍ਹਿਆ ਬਾਲ
ਏਦਾਂ ਪੰਡਤ ਬ੍ਰਜਿ ਲਾਲ ਤੇ ਮੌਲਵੀ ਕੁਤਬਦੀਨ
ਕਿਹਾ ਕਾਲੂ ਨੂੰ ਬਾਲਕ ਰੌਸ਼ਨ ਦਿਮਾਗ ਜ਼ਹੀਨ
ਪੈਰ ਗਿਆਰਵੇਂ ਸਾਲ ਜਦ ਨਾਨਕ ਧਰਿਆ ਆਣ
ਬਾਲਕ ਨੂੰ ਜੰਞੂ ਪਾਉਣ ਦਾ ਵੇਲਾ ਸਮਝ ਜਾਣ
ਪਿਤਾ ਕਾਲੂ ਬੁਲਾਇਆ ਪ੍ਰੋਹਤ ਪੰਡਤ ਸੁਜਾਣ
ਕੁਲ ਪ੍ਰੋਹਤ ਆ ਪਹੁੰਚਿਆ ਲੈ ਸਮੱਗਰੀ ਸਮਾਨ।

ਕਰਕੇ ਸਾਰੀ ਤਿਆਰੀ ਨਾਨਕ ਨੂੰ ਲਿਆ ਬੁਲਾ
ਚੌਕੀ ਉਤੇ ਸਾਹਮਣੇ ਪ੍ਰੋਹਤ ਨੇ ਲਿਆ ਬਿਠਾ
ਜੰਞੂ ਪਾਉਣ ਲਈ ਪ੍ਰੋਹਤ ਵਧਿਆ ਨਾਨਕ ਵੱਲ
ਅੱਗੋਂ ਨਾਨਕ ਹੱਥ ਫੜ ਕਿਹਾ ਦੱਸੋ ਇਕ ਗੱਲ
ਕਾਹਦੇ ਲਈ ਇਹ ਧਾਗਾ ਮੈਨੂੰ ਲੱਗੇ ਓ ਪਾਣ
ਹੱਥ ਰੋਕ ਕੇ ਆਪਣਾ ਬੋਲਿਆ ਪ੍ਰੋਹਤ ਸੁਜਾਣ
ਜੰਞੂ ਦੀ ਰਸਮ ਬਿਨਾ ਕੋਈ ਹਿੰਦੂ ਬਣਦਾ ਨਾ
ਏਸੇ ਲਈ ਇਹ ਜੰਞੂ ਤੇਰੇ ਗਲ 'ਚ ਰਹੇ ਆਂ ਪਾ
ਫੇਰ ਤਾਂ ਪਹਿਲਾਂ ਨਾਨਕੀ ਦੇ ਵੀ ਗਲ 'ਚ ਪਾਉ
ਜੰਞੂ ਪਾ ਕੇ ਓਹਨੂੰ ਵੀ ਹਿੰਦੂ ਧਰਮ 'ਚ ਲਿਆਉ।

ਨਾਰੀ, ਸ਼ੂਦਰ ਨੂੰ ਨਾਨਕਾ ਨਹੀਂ ਇਹ ਅਧਿਕਾਰ
ਲਿਖਿਆ ਏ ਮਨੂੰ ਦੇ ਧਰਮ ਸ਼ਾਸ਼ਤਰ ਵਿਚਕਾਰ
ਜਗਤ ਜਨਨੀ ਔਰਤ ਰਾਜੇ ਗੁਰੂ ਪੀਰਾਂ ਦੀ ਮਾਂ
ਉਸ ਨੂੰ ਜੰਞੂ ਪਾਉਣ ਦਾ ਹੱਕ ਕਿਵੇਂ, ਕਿਉਂ ਨਾ
ਔਰਤ ਨਾਲ ਕਰਦਾ ਜੋ ਵਿਤਕਰੇ ਵਾਲਾ ਕਰਮ
ਮੈਨੂੰ ਨਹੀਂ ਮਨਜ਼ੂਰ ਕਦੇ ਵੀ ਐਹੋ ਜਿਹਾ ਧਰਮ
ਨਾਲੇ ਧਾਗਾ ਜਿਹੜਾ ਕਹਿੰਦੇ ਓ ਜਿਹਨੂੰ ਤੱਗ
ਕੀ ਸੋਰੇਗਾ ਏਸ ਨਾਲ ਜ਼ਰਾ ਖੋਲ੍ਹ ਕੇ ਦੇਵੋ ਦੱਸ
ਜੇ ਗਲ ਸੜ ਜਾਣਾ ਟੁੱਟਣਾ ਪਾਣਾ ਪਏਗਾ ਹੋਰ
ਐਸੇ ਤੱਗ ਦੀ ਪ੍ਰੋਹਤ ਜੀ ਮੈਨੂੰ ਨਹੀਂ ਕੋਈ ਲੋੜ।

ਤੱਗ ਪਾਉਣੈ ਪਾਈਏ ਅਸੀਂ ਇੰਦ੍ਰੀਆਂ ਤਾਈਂ
ਐਵੇਂ ਧਾਗੇ ਪਾਉਣ ਦਾ ਫਾਇਦਾ ਕੋਈ ਨਾਹੀਂ
ਦਇਆ, ਸਬਰ, ਸੰਤੋਖ ਵਾਲਾ ਜਿਹਨੂੰ ਹੋਵੇ ਵੱਟ
ਐਸਾ ਤੱਗ ਤੇਰੇ ਕੋਲ ਜੇ ਕੋਈ ਬੇਸ਼ੱਕ ਮੈਨੂੰ ਘੱਤ
ਪ੍ਰੋਹਤ ਪ੍ਰੇਸ਼ਾਨ ਹੋ ਗਿਆ ਸੁਣ ਕੇ ਇਹ ਜਵਾਬ
ਸਾਂਭਣ ਲੱਗਾ ਉਹ ਆਪਣੀ ਪੋਥੀ ਕਮਲ ਦਵਾਤ
ਤੋੜ ਦਿੱਤਾ ਸ਼ਾਸ਼ਤਰਾਂ ਦਾ ਭਰਮ ਨਿੱਕੇ ਜਿਹੇ ਬਾਲ
ਮੱਚਿਆ ਪਿਆ ਸੀ ਓਸ ਦੇ ਮਨ ਅੰਦਰ ਬਵਾਲ
ਕਰਮ-ਕਾਂਡਾਂ, ਸ਼ਾਸ਼ਤਰਾਂ ਦੀ ਸੀ ਇਹ ਵੱਡੀ ਹਾਰ
ਅਵਾਕ ਹੋਏ ਸਨ ਬੈਠੇ ਸਾਰੇ ਸਾਕ ਰਿਸ਼ਤੇਦਾਰ।

ਲੋਹਾ ਲਾਖਾ ਪਿਤਾ ਕਾਲੂ ਕਰ ਵੇਖੇ ਅੱਖਾਂ ਲਾਲ
ਪਾਣ ਪੱਤ ਕਿੰਵ ਰੋਲੀ ਏ ਚਾ ਏਸ ਅਮੋੜ ਬਾਲ
ਨਿੱਕੇ ਜਿਹੇ ਬਾਲ ਦੇ ਹੱਥੋਂ ਹੋਈ ਸਭ ਦੀ ਹਾਰ
ਸੱਚ ਦੇ ਸਾਹਮਣੇ ਕੂੜ ਨੇ ਸੁੱਟ ਦਿੱਤੇ ਹਥਿਆਰ
ਜੁਗਾਂ ਪੁਰਾਣੇ ਕਰਮ-ਕਾਂਡ ਮੂਧੇ ਮੂੰਹ ਡਿੱਗੇ ਚਿੱਤ
ਨਾਨਕ ਦੀ ਸੀ ਜ਼ਿੰਦਗੀ ਦੀ ਪਹਿਲੀ ਵੱਡੀ ਜਿੱਤ।


***-ਚੰਨ, ਫੋਨ:908-788-8427***

# ਆਦਤ ਤੋਂ ਮਜਬੂਰ

***ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਜ਼ਿੰਦਗੀ ਦਾ ਅਜਿਹਾ ਨਕਸ਼ਾ ਖਿੱਚਿਆ ਹੈ, ਜੋ ਦੇਖਣ-ਪੜ੍ਹਨ-ਸੁਣਨ ਨੂੰ ਭਾਵੇਂ ਬਹੁਤ ਸਾਧਾਰਨ ਲਗਦਾ ਹੈ, ਪਰ ਰਤਾ ਕੁ ਧਿਆਨ ਲਾਉਂਦਿਆਂ ਇਸ ਅੰਦਰ ਸੰਵੇਦਨਸ਼ੀਲਤਾ ਦੀਆਂ ਛੱਲਾਂ ਨਜ਼ਰੀਂ ਪੈ ਜਾਂਦੀਆਂ ਹਨ। ਇਹੀ ਛੱਲਾਂ ਅਸਲ ਵਿਚ ਰੁੱਖੀ ਜਾਪਦੀ ਜ਼ਿੰਦਗੀ ਨੂੰ ਤਰ ਕਰਦੀਆਂ ਅਤੇ ਬੰਦੇ ਨੂੰ ਖੇੜਾ ਬਖਸ਼ਦੀਆਂ ਹਨ। -ਸੰਪਾਦਕ***

ਮਨੁੱਖ ਕੀ ਹੈ? ਕੁਝ ਆਦਤਾਂ ਦਾ ਮੁਜੱਸਮਾ! ਮਜਬੂਰੀ ਕੁਦਰਤ ਦੀ ਖੇਡ ਹੈ। ਪਸ਼ੂ ਜਾਂ ਮਨੁੱਖ ਜਾਤੀ ਹੀ ਕਈ ਆਦਤਾਂ ਤੋਂ ਮਜਬੂਰ ਨਹੀਂ, ਕਈ ਵਾਰ ਕੁਦਰਤ ਵੀ ਲਾਚਾਰ ਨਜ਼ਰ ਆਉਂਦੀ ਹੈ। ਇਹ ਲੱਖਾਂ ਰਹਿਮਤਾਂ ਲੋਕਾਈ 'ਤੇ ਨਿਛਾਵਰ ਕਰਦੀ ਹੈ, ਫਿਰ ਵੀ ਸ਼ਾਇਦ ਉਸ ਦੀ ਆਦਤ ਦੀ ਮਜਬੂਰੀ ਹੋਵੇ ਕਿ ਕਦੀ-ਕਦਾਈਂ ਦੁਨੀਆਂ ਨੂੰ ਤਰੱਕੀ ਦੇ ਘੁਮੰਡ ਅਤੇ ਸਭ ਬਿਮਾਰੀਆਂ ਦੇ ਇਲਾਜ ਵਾਲੇ ਮਨੁੱਖ ਨੂੰ ਕੁਝ ਸਬਕ ਸਿਖਾਵੇ! ਕਰੋਨਾ ਵਾਇਰਸ ਜਿਹੇ ਦੁਖਦਾਇਕ ਅਤੇ ਭਿਆਨਕ ਮੰਜ਼ਰ ਕੁਦਰਤ ਦੀ ਆਦਤ ਦੀ ਮਜਬੂਰੀ ਹੀ ਸਮਝੋ।

ਮੇਰਾ ਪਿਛੋਕੜ ਪਿੰਡਾਂ ਦਾ ਹੈ। ਦਸ ਕੁ ਸਾਲ ਦਾ ਅਣਜਾਣ ਜਿਹਾ ਬੱਚਾ ਸਾਂ। ਘਰ ਦੇ ਵੱਡੇ ਵਿਹੜੇ ਵਿਚ ਮੱਝਾਂ, ਗਊਆਂ ਅਤੇ ਬਲਦ ਸਣ ਦੇ ਰੱਸਿਆਂ ਨਾਲ ਬੰਨ੍ਹੇ ਹੋਏ ਸਨ। ਉਨ੍ਹਾਂ ਲਈ ਬਹੁਤ ਚੰਗੇ ਪੱਠੇ (ਚਾਰਾ) ਖੁਰਲੀਆਂ ਵਿਚ ਰੱਖੇ ਹੋਏ ਸਨ, ਫਿਰ ਵੀ ਕੁਝ ਪਸ਼ੂ ਰੱਸੇ ਚੱਬ ਰਹੇ ਸਨ। ਮੇਰੇ ਭੋਲੇ ਮਨ ਨੂੰ ਬਹੁਤ ਹੈਰਾਨੀ ਹੋਈ। ਇਹ ਜਾਨਵਰ



**ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਹਰਾ-ਚਾਰਾ ਖਾਣ ਪਿਛੋਂ ਰੱਸੇ ਕਿਉਂ ਚਬਦੇ ਹਨ? ਮੈਨੂੰ ਸਾਡੇ ਸੀਰੀਆਂ/ਸਾਂਝੀਆਂ ਨੇ ਦੱਸਿਆ, "ਕਾਕਾ ਜੀ, ਇਹ ਚੰਦਰੀ ਆਦਤ ਤੋਂ ਮਜਬੂਰ ਹਨ।" ਮੇਰੇ ਲਈ ਬਾਲਪਨ ਦੀ ਇਹ ਘਟਨਾ ਜੀਵਨ ਵਿਚ ਆਦਤ ਦੀ ਮਜਬੂਰੀ ਦਾ ਪਹਿਲਾ ਤਜਰਬਾ ਸੀ।

ਸਮਾਂ ਬੀਤਦਾ ਗਿਆ। ਮਨੁੱਖਾਂ ਦੀਆਂ ਆਦਤਾਂ ਦੀ ਮਜਬੂਰੀ ਦਾ ਅਨੁਭਵ ਮੇਰੀ ਸੂਝ ਦੀ ਪਕੜ ਵਿਚ ਕਾਫੀ ਦੇਰ ਨਾ ਆਇਆ, ਪਰ ਖੇਤੀ ਨਾਲ ਸਬੰਧਤ ਹੋਣ ਕਰ ਕੇ ਪਸ਼ੂਆਂ ਦੀਆਂ ਆਦਤਾਂ ਦੀ ਵੰਨਗੀ ਮੈਨੂੰ ਹੈਰਾਨ ਕਰਦੀ ਰਹੀ।

ਇਕੋ ਹੀ ਨਸਲ ਦੇ ਜਾਨਵਰ ਕੋਈ ਸੀਲ, ਕੋਈ ਮਾਰਖੰਡਾ; ਕੋਈ ਚਲਾਕ ਤੇ ਕੋਈ ਮੱਠਾ। ਕੁੱਤਿਆਂ ਦੀ ਤਾਂ ਗੱਲ ਹੀ ਨਾ ਪੁੱਛੋ! ਕਈ ਮਿਲਦਿਆਂ ਹੀ ਪੈਰਾਂ ਵਿਚ ਲੋਟ-ਪੋਟ ਹੋ ਜਾਂਦੇ ਹਨ ਅਤੇ ਕਈ ਦੇਖਣ ਵਿਚ ਹੀ ਖੂੰਖਾਰ ਲਗਦੇ ਹਨ। ਸ਼ਾਇਦ ਇਹ ਸਭ ਆਪਣੀ ਆਦਤ ਤੋਂ ਮਜਬੂਰ ਹੋਣ।

ਆਦਮੀਆਂ ਵਿਚ ਸਿਗਰਟਨੋਸ਼ੀ ਚੰਗੀ ਆਦਤ ਨਹੀਂ। ਬਹੁਤ ਸਾਰੀਆਂ ਅਲਾਮਤਾਂ ਇਸ ਦੀ ਦੇਣ ਹਨ, ਫਿਰ ਵੀ ਲੁਧਿਆਣੇ ਦਾ ਬਹੁਤ ਮਸ਼ਹੂਰ ਅਤੇ ਲਾਇਕ ਸਰਜਨ ਇਸ ਭੈੜੀ ਆਦਤ ਤੋਂ ਇਸ ਹੱਦ ਤੱਕ ਮਜਬੂਰ ਸੀ ਕਿ ਪਤਾ ਨਹੀਂ ਸਵੇਰ ਤੋਂ ਸ਼ਾਮ ਤੱਕ ਕਿੰਨੀਆਂ ਸਿਗਰਟਾਂ ਫੂਕ ਦਿੰਦਾ ਸੀ। ਬੁੱਧੀਜੀਵੀ ਇਸ ਨੂੰ ਆਦਤ ਦੀ ਮਜਬੂਰੀ ਕਹਿਣ ਦੀ ਥਾਂ ਐਸੇ ਰੌਚਿਕ ਸ਼ਬਦਾਂ ਦਾ ਸਹਾਰਾ ਲੈਂਦੇ ਹਨ ਕਿ ਸੁਣਨ ਵਾਲਾ ਲਾਜਵਾਬ ਹੋ ਜਾਂਦਾ ਹੈ।

ਮੈਂ ਐਮ. ਐਸ. ਸੀ. ਭੌਤਿਕ ਵਿਗਿਆਨ ਅਲੀਗੜ੍ਹ ਯੂਨੀਵਰਸਟੀ ਵਿਚ ਕਰ ਰਿਹਾ ਸਾਂ। ਹੋਸਟਲ ਵਿਚ ਉਰਦੂ ਦੇ ਉਭਰਦੇ ਸ਼ਾਇਰ ਨਾਲ ਮੁਲਾਕਾਤ ਹੋਈ। ਉਸ ਨੇ ਸ਼ਿਅਰ ਸੁਣਾਇਆ, "ਲੁਤਫ ਆਤਾ ਹੈ ਤੇਰੀ ਜਫਾਓਂ (ਬੇਵਫਾਈ) ਮੇਂ, ਕਾਸ਼ ਹਮ ਭੀ ਬੇਵਫਾ ਹੋਤੇ!" ਉਸ ਦਾ ਤਖੱਲਸ (ਕਲਮੀ ਨਾਮ) ਸ਼ੈਦਾ (ਚੰਗਿਆੜੀ) ਸੀ। ਮੈਨੂੰ ਉਸ ਦਾ ਕਲਾਮ ਬਹੁਤ ਪਿਆਰਾ ਲੱਗਿਆ। ਉਹ ਬਹੁਤ ਹੀ ਮਾੜਚੂ ਜਿਹਾ ਹਰ ਵੇਲੇ ਮੂੰਹ ਵਿਚ ਬੀੜੀ ਰੱਖਦਾ ਸੀ। ਮੈਥੋਂ ਰਿਹਾ ਨਾ ਗਿਆ, ਕਹਿ ਹੀ ਬੈਠਾ, "ਤੇਰੀ ਸਿਹਤ ਖਰਾਬ ਹੋ ਰਹੀ ਹੈ, ਸਾਰਾ ਦਿਨ ਬੀੜੀ ਪੀਣ ਦਾ ਕੀ ਫਾਇਦਾ?" ਉਸ ਨੇ ਜਵਾਬ ਦਿੱਤਾ, "ਸਰਦਾਰ ਬਹਾਦਰ, ਜ਼ਿੰਦਗੀ ਮੇਂ ਹਰ ਕਾਮ ਫਾਇਦੇ ਕੇ ਲੀਏ ਨਹੀਂ ਕੀਆ ਜਾਤਾ, ਕੁਛ ਕਾਮ ਸਿਰਫ ਸ਼ੌਕ ਕੇ ਲੀਏ ਕੀਏ ਜਾਤੇ ਹੈਂ।" ਮੈਂ ਲਾ ਜਵਾਬ ਹੋ ਗਿਆ। ਆਦਤ ਦੀ ਮਜਬੂਰੀ ਖੂਬਸੂਰਤ ਅਦਾ ਬਣ ਗਈ ਸੀ।

ਸ਼ਰਾਬ ਦੀ ਆਦਤ ਤੋਂ ਮਜਬੂਰੀ ਦੇ ਕਿੱਸੇ ਕਮਾਲਾਂ ਕਰਦੇ ਹਨ। ਵਿਸਥਾਰ ਵਿਚ ਨਾ ਜਾਂਦਿਆਂ ਇਕ-ਦੋ ਦਾ ਜ਼ਿਕਰ ਕਰਨਾ ਪਾਠਕਾਂ ਨੂੰ ਕੁਥਾਂ ਨਹੀਂ ਲੱਗੇਗਾ। ਲੱਖਾਂ ਐਕਸੀਡੈਂਟ ਸ਼ਰਾਬ ਦੇ ਨਸ਼ੇ ਅਧੀਨ ਹੁੰਦੇ ਹਨ। ਜੇਲ੍ਹ ਵਿਚ ਕਰੋੜਾਂ ਕੈਦੀ ਇਹੀ ਕਹਿੰਦੇ ਹਨ ਕਿ ਇਸ ਨਾਮੁਰਾਦ ਸ਼ਰਾਬ ਦੀ ਆਦਤ ਅਧੀਨ ਸਾਥੋਂ ਇਹ ਕੁਕਰਮ ਹੋ ਗਿਆ। ਅਮਰੀਕਾ ਵਿਚ ਸ਼ਰਾਬੀ ਡਰਾਈਵਰਾਂ ਖਿਲਾਫ ਬਹੁਤ ਸਖਤ ਕਾਨੂੰਨ ਹਨ। ਇਸੇ ਕਰ ਕੇ ਪਾਰਟੀਆਂ ਪਿਛੋਂ ਬਹੁਤ ਪੜ੍ਹੇ-ਲਿਖੇ ਮਨੁੱਖਾਂ ਦੀਆਂ ਪਤਨੀਆਂ ਨੂੰ ਹੀ ਡਰਾਈਵ ਕਰਨਾ ਪੈਂਦਾ ਹੈ। ਇਹ ਬਹੁਤ ਅਕਲਮੰਦ ਸੱਜਣ ਕਦੀ ਵੀ ਸ਼ਰਾਬ ਨੂੰ ਬੁਰੀ ਆਦਤ ਦੀ ਮਜਬੂਰੀ ਨਹੀਂ ਕਹਿੰਦੇ, ਸਗੋਂ ਦਿਲਚਸਪ ਅੰਦਾਜ਼ ਵਿਚ ਕਹਿੰਦੇ ਹਨ, 'ਇਹ ਤਾਂ ਸੋਮ ਰਸ ਹੈ।' ਕੋਈ ਕਹਿੰਦਾ ਹੈ, 'ਕੌਣ ਕਹਿਤਾ ਹੈ, ਮੈਂ ਪੀਤਾ ਹੂੰ ਸ਼ਰਾਬ, ਮੈਂ ਤੋਂ ਪੀਤਾ ਹੂੰ ਦੁਨੀਆਂ ਕੇ ਗਮ ਘੋਲ ਕਰ।'

ਇਕ ਘਟਨਾ ਲਿਖੇ ਬਗੈਰ ਮੈਨੂੰ ਇਹ ਨਿਮਾਣਾ ਜਿਹਾ ਲੇਖ ਅਧੂਰਾ ਲਗਦਾ ਹੈ। ਮੈਂ ਸਰਕਾਰੀ ਕਾਲਜ ਨਾਭਾ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋ ਕੇ ਚੰਡੀਗੜ੍ਹ ਵਾਪਸ ਆਇਆ ਹੀ ਸਾਂ। ਇਕ ਦੋਸਤ ਦੇ ਘਰ ਇਕ ਬੀਬੀ ਨਾਲ ਮੁਲਾਕਾਤ ਹੋਈ। ਉਹ ਫਿਰੋਜ਼ਪੁਰ ਵੱਲ ਦੇ ਇਕ ਚੰਗੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਘਰਵਾਲੀ ਸੀ। ਮੇਰੇ ਦੋਸਤ ਨੇ ਮੇਰੀ ਜਾਣ-ਪਛਾਣ ਨੇਕ ਅਤੇ ਸੋਫੀ ਪ੍ਰਿੰਸੀਪਲ ਕਹਿ ਕੇ ਕਰਾਈ। ਬੀਬੀ ਬੜੀ ਜ਼ਿੰਦਾਦਿਲ ਅਤੇ ਹੱਸਮੁਖ ਅੰਦਾਜ਼ ਵਿਚ ਬੋਲੀ, "ਸਾਡੇ ਕਾਲਜ ਵਿਚ ਇਕ ਪ੍ਰਿੰਸੀਪਲ ਦੀ ਨਿਯੁਕਤੀ ਕਰਨੀ ਸੀ। ਇਕ ਮਾੜਚੂ ਜਿਹਾ ਕਈ ਡਿਗਰੀਆਂ ਵਾਲਾ ਆਦਮੀ ਸਾਡੇ ਘਰ ਸ਼ਾਮ ਵੇਲੇ ਆਇਆ। ਮੇਰੇ ਪਤੀ ਨੇ ਬਹੁਤ ਪਿਆਰ ਨਾਲ ਇਕ ਪੈੱਗ ਵਿਸਕੀ ਦਾ ਪੇਸ਼ ਕੀਤਾ। ਉਹ ਤਾਂ ਜੀ ਉਸੇ ਨਾਲ ਹੀ ਆਊਟ ਹੋ ਗਿਆ। ਮੈਂ ਤਾਂ ਉਸੇ ਵੇਲੇ ਆਪਣੇ ਪਤੀ ਨੂੰ ਕਹਿ ਦਿੱਤਾ ਜੀ, ਇਸ ਨੇ ਸੁਆਹ ਪ੍ਰਿੰਸੀਪਲੀ ਕਰਨੀ ਹੈ, ਜਿਹੜਾ ਇਕ ਪੈੱਗ ਨਾਲ ਹੀ ਲੜਖੜਾ ਗਿਆ। ਐਡੇ ਵੱਡੇ ਸਟਾਫ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਇਹ ਕਿਵੇਂ ਕੰਟਰੋਲ ਕਰੇਗਾ?" ਉਸ ਬੀਬੀ ਲਈ ਮਨੁੱਖ ਦੀ ਪੂਰਨਤਾ ਲਈ ਸ਼ਰਾਬ ਦੀ ਆਦਤ ਭੈੜੀ ਚੀਜ਼ ਨਹੀਂ, ਸਗੋਂ ਸ਼ਰਾਬ ਦੀ ਆਦਤ ਵਾਲਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਬੀਬੀ ਦਾ ਅੰਦਾਜ਼ ਐਸਾ ਸੀ ਕਿ ਮੇਰੇ ਉਤੇ ਉਸ ਦਾ ਕੱਸਿਆ ਵਿਅੰਗ ਮੈਨੂੰ ਬੁਰਾ ਨਾ ਲੱਗਿਆ।

ਸਰਕਾਰੀ ਕਾਲਜ ਚੰਡੀਗੜ੍ਹ ਵਿਚ ਅਸੀਂ ਹਰ ਸਾਲ ਮੁਸ਼ਾਇਰਾ ਸਮਾਗਮ ਕਰਦੇ ਸਾਂ। ਮੈਂ ਪ੍ਰਬੰਧਕੀ ਕਮੇਟੀ ਦਾ ਮੈਂਬਰ ਹੁੰਦਾ ਸਾਂ। ਕਈ ਕਲਾਕਾਰ ਆਪਣਾ ਕਲਾਮ ਪੇਸ਼ ਕਰਨ ਪਿਛੋਂ ਸਮਾਗਮ ਦੀ ਸਮਾਪਤੀ ਤੋਂ ਪਹਿਲਾਂ ਹੀ ਆਪਣਾ ਭੱਤਾ ਲੈ ਕੇ ਸ਼ਰਾਬ ਦੇ ਠੇਕੇ ਵੱਲ ਰਫੂ-ਚੱਕਰ ਹੋ ਜਾਂਦੇ। ਅਖੀਰ ਵਿਚ ਸੁਆਦਲਾ ਭੋਜਨ ਅਤੇ ਦੂਜੇ ਕਲਾਕਾਰਾਂ ਨਾਲ ਮੇਲ-ਮਿਲਾਪ ਉਨ੍ਹਾਂ ਲਈ ਬੇਮਾਇਨੇ ਹੁੰਦਾ ਸੀ। ਇਹੀ ਹੈ ਆਦਤ ਦੀ ਮਜਬੂਰੀ ਦਾ ਕਮਾਲ।

ਇਸ ਮਜਬੂਰੀ ਦਾ ਦੁਖਾਂਤ ਉਸ ਵੇਲੇ ਹੱਦਾਂ-ਬੰਨੇ ਪਾਰ ਕਰ ਜਾਂਦਾ ਹੈ ਜਦੋਂ ਭੈੜੀ ਤੋਂ ਭੈੜੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹਜ਼ਾਰਾਂ ਆਦਮੀ ਮੌਤ ਸਹੇੜ ਲੈਂਦੇ ਹਨ। ਮਾਮੂਲੀ ਮਜ਼ਦੂਰੀ ਕਰਨ ਵਾਲੇ ਬੰਦੇ ਆਪਣੇ ਬੱਚਿਆਂ ਨੂੰ ਨਰਕ ਭਰੀ ਜ਼ਿੰਦਗੀ ਦੇ ਵਾਰਿਸ ਬਣਾ ਜਾਂਦੇ ਹਨ।

ਆਓ, ਹੁਣ ਅੱਗੇ ਤੁਰੀਏ।

ਮੇਰੇ ਕਈ ਸਹਿ-ਕਰਮੀ ਬਹੁਤ ਲਾਇਕ ਅਤੇ ਨੇਕ ਇਨਸਾਨ ਸਨ। ਕੁਝ ਆਦਤਾਂ ਤੋਂ ਉਹ ਭੋਲੇਪਨ ਵਿਚ ਮਜਬੂਰ ਸਨ। ਇਕ ਨੂੰ ਨਾਲ ਬੈਠੇ ਦੋਸਤ ਦੇ ਚੂੰਢੀ ਵੱਢਣ ਦੀ ਆਦਤ ਸੀ। ਇਕ ਹੋਰ ਸਹਿਜ ਸੁਭਾਅ ਹੀ ਹਰ ਵਿਅਕਤੀ ਵੱਲ ਅੱਖ ਮਾਰ ਜਾਂਦਾ ਸੀ। ਇਸਤਰੀ ਕੁਲੀਗਜ਼ ਨੂੰ ਉਸ ਦੀ ਇਹ ਆਦਤ ਬਹੁਤ ਬੁਰੀ ਲੱਗਦੀ ਸੀ।

ਕੁਝ ਸਾਲ ਪਹਿਲਾਂ ਮੇਰੇ ਇਕ ਪੁਰਾਣੇ ਕੁਲੀਗ ਦੀ ਮੌਤ ਹੋ ਗਈ। ਅਖੀਰਲੇ ਦਿਨਾਂ ਵਿਚ ਉਸ ਨੇ ਇਕ ਪਛਤਾਵਾ ਮੇਰੇ ਨਾਲ ਸਾਂਝਾ ਕੀਤਾ। ਉਹ ਆਪਣੀ ਆਦਤ ਦੀ ਮਜਬੂਰੀ ਅਨੁਸਾਰ ਸਾਰੀ ਉਮਰ ਹਰ ਬੰਦੇ ਦੀ ਪਿੱਠ ਪਿਛੇ ਉਸ ਦੀ ਖਿੱਲੀ ਉਡਾਉਂਦਾ ਰਿਹਾ ਸੀ। ਆਪਣੇ ਨਜ਼ਦੀਕੀਆਂ ਦੇ ਵੀ ਕੁਝ ਨਾਮ ਉਸ ਦੀ ਬਾਤ-ਚੀਤ ਦਾ ਅਹਿਮ ਹਿੱਸਾ ਹੁੰਦਾ ਸੀ। ਇਸ ਹਾਸੋ-ਹੀਣੀ ਹਰਕਤ ਨੂੰ ਉਹ ਜੀਵਨ ਦਾ ਸ਼ਿੰਗਾਰ ਸਮਝਦਾ ਰਿਹਾ। ਆਖਰੀ ਮੁਲਾਕਾਤ ਉਸ ਦੀ ਇਸ ਨਾਗਵਾਰ ਆਦਤ ਦੀ ਮਜਬੂਰੀ ਦਾ ਅਨੋਖਾ ਦਰਦ ਜ਼ਾਹਿਰ ਕਰਦੀ ਸੀ।

'ਪੰਜਾਬ ਟਾਈਮਜ਼' ਵਿਚ ਆਪਣੇ ਲੇਖ ਭੇਜਣ ਵਾਲੇ ਕਈ ਲੇਖਕ ਵਗਦੇ ਦਰਿਆ ਹਨ। ਮੈਂ ਉਨ੍ਹਾਂ ਦਾ ਬਹੁਤ ਪ੍ਰਸੰਸਕ ਹਾਂ। ਮੈਨੂੰ ਤਾਂ ਉਨ੍ਹਾਂ ਦੇ ਮੁਕਾਬਲੇ ਕੁਝ ਵੀ ਨਹੀਂ ਸੁਝਦਾ। ਕੋਈ ਲਫਜ਼ ਆਉਂਦਾ ਨਹੀਂ, ਫਿਰ ਵੀ ਕਈ ਅਣਭੋਲ ਅਤੇ ਮਾਸੂਮ ਆਦਤਾਂ ਤੋਂ ਉਹ ਮਜਬੂਰ ਨਜ਼ਰ ਆਉਂਦੇ ਹਨ। ਕਈਆਂ ਨੂੰ ਆਪਣੇ ਨੁਕਤਾ-ਨਿਗਾਹ 'ਤੇ ਗਰੂਰ ਤਾਂ ਨਹੀਂ, ਭਰੋਸਾ ਜ਼ਰੂਰ ਹੋਣਾ ਚਾਹੀਦਾ ਹੈ। ਕਿਸੇ ਹੋਰ ਵਿਦਵਾਨ ਜਾਂ ਲੇਖਕ ਦੀ ਆਲੋਚਨਾ ਕਰਨ ਦੀ ਲੋੜ ਕਿਉਂ ਮਹਿਸੂਸ ਕਰਦੇ ਹਨ? ਪਾਠਕ ਕਈ ਪੁਰਾਣੇ ਬੁਧੀਜੀਵੀਆਂ ਦੇ ਸ਼ਰਧਾਲੂ ਹੁੰਦੇ ਹਨ, ਉਨ੍ਹਾਂ ਨੂੰ ਇਹ ਨੁਕਤਾਚੀਨੀ ਚੰਗੀ ਨਹੀਂ ਲਗਦੀ। ਇਸੇ ਤਰ੍ਹਾਂ ਅੱਜ ਕਲ੍ਹ ਕਈ ਮੰਨੇ-ਪ੍ਰਮੰਨੇ ਲਿਖਾਰੀਆਂ ਦੀ ਸੌ ਸਾਲਾ ਯਾਦ ਮਨਾਉਣ ਦਾ ਰਿਵਾਜ ਹੋ ਗਿਆ ਹੈ। ਉਨ੍ਹਾਂ ਦੀ ਰੱਜ ਰੱਜ ਤਾਰੀਫ ਲਿਖੋ, ਉਹ ਇਸ ਦੇ ਹੱਕਦਾਰ ਹਨ, ਪਰ ਜੇ ਕਿਸੇ ਭਲੇ ਬੰਦੇ ਨੇ ਬੇਧਿਆਨੀ ਵਿਚ ਉਨ੍ਹਾਂ ਬਾਬਤ ਕੁਝ ਗਲਤ ਬਿਆਨਬਾਜ਼ੀ ਕਰ ਦਿੱਤੀ ਹੋਵੇ, ਉਸ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਹੁੰਦਾ।

ਗੁਸਤਾਖੀ ਮੁਆਫ! ਇਕ ਦਿਲਚਸਪ ਆਦਤ ਦੀ ਮਜਬੂਰੀ ਵੀ ਲਿਖ ਹੀ ਦੇਵਾਂ। ਕੁਝ ਸਾਹਿਤਕਾਰਾਂ ਨੂੰ ਸ਼ੌਕ ਹੈ, ਕਿਸੇ ਵੱਡੀ ਹਸਤੀ ਦੇ ਨਜ਼ਦੀਕੀ ਕਹਾਉਣ ਦਾ, ਬੇਸ਼ਕ ਉਨ੍ਹਾਂ ਨੂੰ ਇਕ ਵਾਰ ਹੀ ਮਿਲੇ ਹੋਣ, ਪਰ ਮੇਰੇ ਵਰਗੇ ਮਾਮੂਲੀ ਬੰਦਿਆਂ ਨੂੰ ਪੰਜਾਹ ਵਾਰ ਮਿਲਣ ਪਿਛੋਂ ਵੀ ਇਹ ਕਹਿਣ ਦਾ ਕਿ ਤੁਹਾਨੂੰ ਪਛਾਣਿਆ ਨਹੀਂ, ਸ਼ਾਇਦ ਕਿਤੇ ਮਿਲੇ ਹੋਈਏ!

ਆਦਤ ਦੇ ਰੰਗ ਨਿਆਰੇ ਹਨ। ਇਸ ਦੀ ਜਾਤ ਉਤਮ ਹੈ। ਇਹ ਬੇਪਰਵਾਹ ਹੈ। ਇਸ ਉਤੇ ਕਿਸੇ ਦਾ ਜ਼ੋਰ ਨਹੀਂ। ਹਰ ਬੰਦਾ ਇਸ ਦਾ ਗੁਲਾਮ ਹੈ। ਚੰਗੀਆਂ ਆਦਤਾਂ ਦਾ ਮਾਲਕ ਮਨੁੱਖ ਘੋੜ ਸਵਾਰ ਹੈ। ਭੈੜੀਆਂ ਆਦਤਾਂ ਨਾਲ ਮਨੁੱਖ ਬਦਨਾਮ ਹੋ ਜਾਂਦਾ ਹੈ। ਇਸ ਅਨੋਖੀ ਅਤੇ ਜ਼ਬਰਦਸਤ ਰੁਚੀ ਤੋਂ ਮਜਬੂਰ ਹੋ ਜਾਣਾ ਸੁਭਾਵਕ ਜਿਹੀ ਗੱਲ ਹੈ। ਸੈਰ ਕਰਨ ਵੇਲੇ ਹਰ ਰੋਜ਼ ਵੱਖਰੇ-ਵੱਖਰੇ ਆਦਮੀਆਂ ਨਾਲ ਟਾਕਰਾ ਹੁੰਦਾ ਹੈ। ਕਈ ਖਿੜੇ ਮੱਥੇ ਨਾਲ ਮਿਲਦੇ ਹਨ ਅਤੇ ਕਈ ਰੱਬ ਨਾਲ ਰੁੱਸੇ ਨਜ਼ਰ ਆਉਂਦੇ ਹਨ। ਇਕ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਪਸ਼ੂ ਜਾਤੀ ਤੋਂ ਲੈ ਕੇ ਮਨੁੱਖ ਜਾਤੀ ਤੱਕ ਆਦਤਾਂ ਵਿਚ ਵੰਨਗੀ ਹੈ। ਫਿਰ ਸਾਰਿਆਂ ਲਈ ਮਾਰਕਸਿਜ਼ਮ, ਸੋਸ਼ਲਿਜ਼ਮ, ਕੈਪਟਲਿਜ਼ਮ ਕਿਵੇਂ ਮਨਜ਼ੂਰ ਹੋ ਸਕਦਾ ਹੈ? ਹਰ ਦੇਸ਼ ਦੀ ਸਭਿਅਤਾ ਵੱਖਰੀ-ਵੱਖਰੀ ਹੈ। ਇਸੇ ਕਰ ਕੇ ਨਤੀਜੇ ਜੱਗ ਜਾਹਰ ਹਨ।

ਮੇਰਾ ਅਨੁਭਵ ਸ਼ਬਦਾਂ ਦੀ ਘਾਟ ਹੋਣ ਕਰ ਕੇ ਕੁਝ ਅਣਗਹਿਲੀ ਦਾ ਸ਼ਿਕਾਰ ਹੋ ਸਕਦਾ ਹੈ, ਪਰ ਭੌਤਿਕ ਵਿਗਿਆਨ ਦਾ ਵਿਦਿਆਰਥੀ ਹੋਣ ਦੇ ਨਾਤੇ ਅਤੇ ਕੁਦਰਤ ਦੇ ਬਖਸ਼ੇ ਹੋਏ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਅਗਿਆਨਤਾ ਮੇਰੀ ਮਹਿਮਾਨ ਨਹੀਂ ਅਤੇ ਬਿਨਾ ਸਬੂਤ ਮਾਮੂਲੀ ਗਿਆਨ ਦੀ ਡੁਗ-ਡੁਗੀ ਵਜਾਉਣਾ ਮੇਰੀ ਫਿਤਰਤ ਨਹੀਂ। ਸਾਹਿਤ ਪੜ੍ਹਨ ਦੀ ਕੁਝ ਲਾਲਸਾ ਸ਼ੁਰੂ ਤੋਂ ਹੀ ਹੈ। ਪਿੱਛੇ ਜਿਹੇ ਪਿਆਰੇ ਜੰਗ ਬਹਾਦਰ ਗੋਇਲ ਦੇ ਚਾਰ ਵਾਲਿਊਮ 'ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ' ਅਤੇ 'ਮੁਹੱਬਤਨਾਮਾ' ਪੜ੍ਹਨ ਪਿਛੋਂ ਕੁਝ ਲਫਜ਼ ਲਿਖਣਾ ਆਦਤ ਦੀ ਮਜਬੂਰੀ ਹੀ ਸਮਝ ਲਵੋ। ਵਿਸ਼ਵ ਦੇ ਲਗਭਗ ਸਾਰੇ ਹੀ ਵਿਦਵਾਨਾਂ ਦੀ ਇਕ ਗੱਲ ਸਾਂਝੀ ਹੈ। ਇਨ੍ਹਾਂ ਦਾ ਬਚਪਨ ਇਕੱਲ ਵਿਚ ਗੁਜ਼ਰਿਆ ਹੈ। ਕਿਸੇ ਦਾ ਬਾਪ ਸਖਤ ਤਬੀਅਤ ਦਾ ਮਾਲਕ ਸੀ, ਕੋਈ ਯਤੀਮ ਸੀ ਅਤੇ ਕਿਸੇ ਦੀ ਮਾਤਾ ਨੂੰ ਆਪਣੀ ਪੂੰਜੀ ਦਾ ਗਰੂਰ ਸੀ। ਨਿਆਣੀ ਉਮਰ ਵਿਚ ਹੀ ਯਥਾਰਥਵਾਦ ਦੇ ਅਧੀਨ ਰੌਸ਼ਨ ਦਿਮਾਗ ਹੋ ਗਏ। ਉਚ ਕੋਟੀ ਦੇ ਸਾਹਿਤ ਰਚੈਤਾ ਬਣੇ। ਪਤਾ ਨਹੀਂ ਕਿਵੇਂ, ਇਹ ਸਭ ਪਦਾਰਥਵਾਦ ਦੀ ਬੁੱਕਲ ਵਿਚ ਆ ਗਏ। ਦਿਨਾਂ ਵਿਚ ਹੀ ਮਾਇਆਧਾਰੀ ਦੀ ਚਾਦਰ ਨੇ ਇਨ੍ਹਾਂ ਨੂੰ ਮਜ਼ਬੂਤੀ ਨਾਲ ਜਕੜ ਲਿਆ।

ਪਦਾਰਥਵਾਦ ਦੇ ਬਹੁਤ ਦਿਲਚਸਪ ਪਹਿਲੂ ਹਨ। ਸੰਖੇਪਤਾ ਨੂੰ ਮੁੱਖ ਰੱਖਦਿਆਂ ਸਿਰਫ ਇਕ ਪਹਿਲੂ ਹੀ ਲਿਖਣਾ ਸ਼ਾਇਦ ਮੁਨਾਸਿਬ ਹੋਵੇ, ਉਹ ਹੈ ਮੀ ਟੂ (Me Too)। ਇਹ ਮਹਾਨ ਸ਼ਖਸੀਅਤਾਂ ਅਤੇ ਇਨ੍ਹਾਂ ਦੇ ਅਸਰ ਹੇਠ ਆਏ ਸਮਾਜ ਦੇ ਬਹੁਤ ਵਿਅਕਤੀ ਆਪਣੀ ਸੋਚ ਨੂੰ ਤਾਂ ਉਚਾਈਆਂ 'ਤੇ ਲੈ ਗਏ, ਪਰ ਮਨ ਨੂੰ ਅਸ਼ਾਂਤ ਅਤੇ ਬੇਚੈਨੀ ਦੀ ਹਾਲਤ ਵਿਚ ਮੁਬਤਲਾ ਕਰ ਗਏ। ਸਿੱਟੇ ਵਜੋਂ ਕਈ ਬੇਢਬੇ ਇਸ਼ਕ ਦਾ ਸ਼ਿਕਾਰ ਹੋ ਗਏ। ਕਿਸੇ ਭੀ ਹਮਖਿਆਲ ਨਾਲ ਹਮਬਿਸਤਰ ਹੋਣਾ ਇਨ੍ਹਾਂ ਲਈ ਸਾਧਾਰਨ ਜਿਹੀ ਘਟਨਾ ਜਾਪੀ। ਇਨ੍ਹਾਂ ਦੇ ਪਿਆਰ ਸਬੰਧਾਂ ਨੂੰ ਮੈਂ ਸਾਧਾਰਨ ਅੰਗਰੇਜ਼ੀ ਸ਼ਬਦਾਂ ਵਿਚ ਕਹਿ ਸਕਦਾ ਹਾਂ, "Love life of these intellectuals is an enigma wrapped in the mystery of ambiguity." ਤਲਾਕ, ਬਗੈਰ ਸ਼ਾਦੀ ਇਕੱਠੇ ਰਹਿਣਾ, ਕੁਝ ਦਾ ਖੁਦਕੁਸ਼ੀ ਕਰਨਾ, ਕਿਸੇ-ਕਿਸੇ ਦਾ ਪਾਗਲਖਾਨੇ ਚਲੇ ਜਾਣਾ, ਆਪਣੇ ਬੱਚਿਆਂ ਨਾਲ ਵੀ ਖੁਸ਼ਗਵਾਰ ਮਾਹੌਲ ਨਾ ਸਿਰਜ ਸਕਣਾ ਅਤੇ ਪ੍ਰਕਾਸ਼ਕਾਂ ਨਾਲ ਰਾਇਲਟੀ ਬਾਬਤ ਝਗੜਨਾ ਨਜ਼ਰ ਆਇਆ ਹੈ।

ਇਸ ਦੇ ਉਲਟ ਕਈ ਐਸੇ ਇਨਸਾਨ ਵੀ ਹਨ, ਜਿਨ੍ਹਾਂ ਦਾ ਬਚਪਨ ਵੀ ਇਕੱਲ ਵਿਚ ਹੀ ਗੁਜ਼ਰਿਆ ਹੈ, ਪਰ ਕਈਆਂ ਨੂੰ ਕੁਦਰਤ ਵਲੋਂ ਜਾਂ ਕਿਸੇ ਅਨੋਖੀ ਸ਼ਖਸੀਅਤ ਵੱਲੋਂ ਅਧਿਆਤਮ ਦੀ ਰੁਚੀ ਪ੍ਰਾਪਤ ਹੋ ਗਈ। ਉਨ੍ਹਾਂ ਨੇ ਵੀ ਸਾਰੀ ਉਮਰ ਯਥਾਰਥਵਾਦ ਦਾ ਸਹਾਰਾ ਲਿਆ। ਕਈ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ। ਕਈ ਗਰੀਬਾਂ ਅਤੇ ਮਜ਼ਲੂਮਾਂ ਦੀ ਸੇਵਾ ਕਰਦੇ ਰਹੇ, ਫਿਰ ਵੀ ਪਦਾਰਥਵਾਦ ਤੋਂ ਦੂਰ ਹੀ ਰਹੇ; ਜਿਵੇਂ ਭਗਤ ਪੂਰਨ ਸਿੰਘ, ਭਾਈ ਰਣਧੀਰ ਸਿੰਘ, ਡਾਕਟਰ ਵਿਦਿਆ ਸਾਗਰ (ਮੈਂਟਲ ਹਸਪਤਾਲ ਵਾਲੇ) ਅਤੇ ਕਈ ਹੋਰ। ਇਨ੍ਹਾਂ ਦਾ ਅੰਤਮ ਸਮਾਂ ਸਕੂਨ ਅਤੇ ਸ਼ਾਂਤੀ ਨਾਲ ਲਬਰੇਜ਼ ਸੀ। ਜੇ ਮੌਤ ਨੂੰ ਜੀਵਨ ਦੀ ਆਖਰੀ ਮੰਜ਼ਿਲ ਸਮਝੀਏ ਤਾਂ ਪਦਾਰਥਵਾਦੀ ਬੁੱਧੀਜੀਵੀਆਂ ਨੇ ਬਹੁਤ ਕੁਝ ਹਾਸਲ ਕਰ ਕੇ ਬਹੁਤ ਕੁਝ ਖੋਇਆ ਹੈ।



ਭਗਤ ਪੂਰਨ ਸਿੰਘ

***ਕਈ ਐਸੇ ਇਨਸਾਨ ਵੀ ਹਨ, ਜਿਨ੍ਹਾਂ ਦਾ ਬਚਪਨ ਵੀ ਇਕੱਲ ਵਿਚ ਹੀ ਗੁਜ਼ਰਿਆ ਹੈ, ਪਰ ਕਈਆਂ ਨੂੰ ਕੁਦਰਤ ਵਲੋਂ ਜਾਂ ਕਿਸੇ ਅਨੋਖੀ ਸ਼ਖਸੀਅਤ ਵੱਲੋਂ ਅਧਿਆਤਮ ਦੀ ਰੁਚੀ ਪ੍ਰਾਪਤ ਹੋ ਗਈ। ਉਨ੍ਹਾਂ ਨੇ ਵੀ ਸਾਰੀ ਉਮਰ ਯਥਾਰਥਵਾਦ ਦਾ ਸਹਾਰਾ ਲਿਆ। ਕਈ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ। ਕਈ ਗਰੀਬਾਂ ਅਤੇ ਮਜ਼ਲੂਮਾਂ ਦੀ ਸੇਵਾ ਕਰਦੇ ਰਹੇ, ਫਿਰ ਵੀ ਪਦਾਰਥਵਾਦ ਤੋਂ ਦੂਰ ਹੀ ਰਹੇ; ਜਿਵੇਂ ਭਗਤ ਪੂਰਨ ਸਿੰਘ, ਭਾਈ ਰਣਧੀਰ ਸਿੰਘ, ਡਾਕਟਰ ਵਿਦਿਆ ਸਾਗਰ (ਮੈਂਟਲ ਹਸਪਤਾਲ ਵਾਲੇ) ਅਤੇ ਕਈ ਹੋਰ। ਇਨ੍ਹਾਂ ਦਾ ਅੰਤਮ ਸਮਾਂ ਸਕੂਨ ਅਤੇ ਸ਼ਾਂਤੀ ਨਾਲ ਲਬਰੇਜ਼ ਸੀ। ਜੇ ਮੌਤ ਨੂੰ ਜੀਵਨ ਦੀ ਆਖਰੀ ਮੰਜ਼ਿਲ ਸਮਝੀਏ ਤਾਂ ਪਦਾਰਥਵਾਦੀ ਬੁੱਧੀਜੀਵੀਆਂ ਨੇ ਬਹੁਤ ਕੁਝ ਹਾਸਲ ਕਰ ਕੇ ਬਹੁਤ ਕੁਝ ਖੋਇਆ ਹੈ।***

ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ ਪੜ੍ਹਨ ਪਿਛੋਂ ਇਕ ਮਹਾਨ ਲੇਖਕ ਦਾ ਜ਼ਿਕਰ ਕਰਨਾ ਮੇਰੀ ਆਦਤ ਦੀ ਮਜਬੂਰੀ ਹੈ। ਉਸ ਦਾ ਨਾਮ ਹੈ, ਏਂਟਨੀ ਦ ਸੇਂਟ ਐਕਸੂਪੇਰੀ। ਉਹ ਫਰਾਂਸ ਦੇ ਇਕ ਉਚ ਘਰਾਣੇ ਵਿਚ ਪੈਦਾ ਹੋਇਆ ਸੀ। ਬਚਪਨ ਵਿਚ ਹੀ ਪਿਤਾ ਦਾ ਦੇਹਾਂਤ ਹੋਣ ਨਾਲ ਗਰੀਬੀ ਦਾ ਸ਼ਿਕਾਰ ਹੋ ਗਿਆ। ਨਿਆਣੀ ਉਮਰ ਵਿਚ ਜ਼ਿੰਮੇਵਾਰੀਆਂ ਨੇ ਉਸ ਨੂੰ ਯਥਾਰਥਵਾਦ ਦੀ ਸੂਝ ਦਿੱਤੀ। ਇਸ ਫਰਿਸ਼ਤੇ ਦੀ ਪਰੀਆਂ ਵਰਗੀ ਪਤਨੀ ਅਨੁਸਾਰ, ਉਹ ਬੱਚੇ ਵਾਂਗ ਪਵਿੱਤਰ ਸੀ। ਉਸ ਦੇ ਮੱਥੇ 'ਤੇ ਸੂਰਜ ਸੀ ਅਤੇ ਅੱਖਾਂ ਵਿਚ ਸਵਰਗ! 'ਨਿਊ ਯਾਰਕ ਟਾਈਮਜ਼' ਦੀ ਰਿਪੋਰਟਰ ਅਨੁਸਾਰ, ਉਸ ਦੇ ਕਦਮਾਂ ਦੀ ਆਹਟ ਸੁਣ ਕੇ ਹੀ ਮੇਰਾ ਦਿਲ ਧੜਕਣ ਲੱਗ ਪੈਂਦਾ ਸੀ ਅਤੇ ਉਸ ਦੇ ਪੈਰਾਂ ਦੀ ਧੂੜ ਵੀ ਮਹਿਕਾਂ ਨਾਲ ਭਰੀ ਹੁੰਦੀ ਸੀ। ਉਸ ਦਾ ਜਨਮ 20 ਜੂਨ 1900 ਨੂੰ ਫਰਾਂਸ ਦੇ ਸ਼ਹਿਰ ਲਿਓਨ ਵਿਖੇ ਹੋਇਆ ਸੀ। ਉਸ ਦੇ ਸਮਕਾਲੀ ਬੁੱਧੀਜੀਵੀਆਂ ਨੇ ਉਸ ਨੂੰ ਰੱਜ ਕੇ ਸਲਾਹਿਆ। ਉਸ ਦੇ ਕਈ ਨਾਵਲਾਂ ਵਿਚੋਂ ਸਭ ਤੋਂ ਮਸ਼ਹੂਰ 'ਲਿਟਲ ਪ੍ਰਿੰਸ' ਹੈ। ਇਹ ਅੰਗਰੇਜ਼ੀ ਵਿਚ ਪਹਿਲੀ ਵਾਰ 16 ਅਪਰੈਲ 1943 ਨੂੰ ਪ੍ਰਕਾਸ਼ਿਤ ਹੋਇਆ। ਇਸ ਦਾ 250 ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕਾ ਹੈ ਅਤੇ 15 ਕਰੋੜ ਕਾਪੀਆਂ ਵਿਕ ਚੁਕੀਆਂ ਹਨ। 'ਲਿਟਲ ਪ੍ਰਿੰਸ' ਨਾਮ ਨਾਲ ਹਜ਼ਾਰਾਂ ਪਾਰਕ, ਸਿਨੇਮਾ ਘਰ ਅਤੇ ਰੈਸਟੋਰੈਂਟ ਖੁੱਲ੍ਹ ਚੁਕੇ ਹਨ। ਫਰਾਂਸ ਦੇ ਨੋਟਾਂ ਉਤੇ ਉਸ ਦਾ ਉਸੇ ਤਰ੍ਹਾਂ ਦਾ ਚਿੱਤਰ ਹੈ, ਜਿਸ ਤਰ੍ਹਾਂ ਭਾਰਤ ਵਿਚ ਮਹਾਤਮਾ ਗਾਂਧੀ ਦਾ।

ਦੂਜੇ ਵਿਸ਼ਵ ਯੁੱਧ ਦੌਰਾਨ ਉਸ ਨੇ ਕੁਝ ਠਿਕਾਣਿਆਂ ਦੀ ਸ਼ਨਾਖਤ ਕਰਨ ਲਈ 31 ਜੁਲਾਈ 1944 ਨੂੰ ਕਰੋਸਿਕਾ ਨਾਮੀ ਥਾਂ ਤੋਂ ਅਜਿਹੀ ਉਡਾਣ ਭਰੀ ਕਿ ਫਿਰ ਉਹ ਕਦੀ ਮੁੜ ਧਰਤੀ 'ਤੇ ਨਹੀਂ ਆਇਆ। ਕਿਸੇ ਮਛੇਰੇ ਨੂੰ 1998 ਵਿਚ ਮੱਧ-ਸਾਗਰ ਵਿਚੋਂ ਚਾਂਦੀ ਦਾ ਬਰੇਸਲੈਟ ਲੱਭਿਆ, ਜਿਸ ਉਤੇ ਸੇਂਟ ਐਕਸੂਪੇਰੀ ਅਤੇ ਉਸ ਦੀ ਪਤਨੀ ਦਾ ਨਾਮ ਉਕਰਿਆ ਹੋਇਆ ਸੀ। ਆਖਿਰ 7 ਅਪਰੈਲ 2004 ਨੂੰ ਮੰਦਭਾਗੇ ਜਹਾਜ ਦੇ ਕੁਝ ਟੁਕੜੇ ਲੱਭੇ। ਉਸ ਦੀ ਯਾਦ ਵਿਚ ਲਗਭਗ ਹਰ ਸਾਲ ਪ੍ਰੋਗਰਾਮ ਕੀਤੇ ਜਾਂਦੇ ਹਨ। ਉਸ ਦੀ ਇਕ ਡਾਇਰੀ ਵਿਚ ਇਸ ਹਾਦਸੇ ਤੋਂ ਪਹਿਲਾਂ ਲਿਖੇ ਕੁਝ ਸ਼ਬਦ ਇਸ ਤਰ੍ਹਾਂ ਹਨ,

"ਮੈਂ ਆਪਣੀ ਪੀੜ੍ਹੀ ਲਈ ਉਦਾਸ ਹਾਂ। ਮਨੁੱਖੀ ਸੰਵੇਦਨਾ ਤੋਂ ਇਹ ਬਿਲਕੁਲ ਸੱਖਣੀ ਹੈ। ਹਰ ਥਾਂ 'ਤੇ ਆਦਮੀ ਨੂੰ ਇਕੋ ਜਿਹਾ ਕਲਚਰ ਪਰੋਸਿਆ ਜਾ ਰਿਹਾ ਹੈ। ਜਿਵੇਂ ਪਸ਼ੂਆਂ ਦੀ ਖੁਰਲੀ ਵਿਚ ਇਕੋ ਜਿਹਾ ਚਾਰਾ। ਸਾਨੂੰ ਲੋੜ ਹੈ ਆਦਮੀ ਅੰਦਰ ਅਧਿਆਤਮਕਤਾ ਦੇ ਸੁੱਕ ਰਹੇ ਸਰੋਤਾਂ ਨੂੰ ਮੁੜ ਸੁਰਜੀਤ ਕਰਨ ਦੀ!"




ਫਰਾਂਸ ਦੇ ਨੋਟ ਉਤੇ 'ਲਿਟਲ ਪ੍ਰਿੰਸ' ਦਾ ਚਿੱਤਰ

(ਬਾਕੀ ਅਗਲੇ ਸਫੇ 'ਤੇ)

# ਕਾਹਮੇ ਦਾ ਇਤਿਹਾਸਕ ਫੁੱਟਬਾਲ ਖਿਡਾਰੀ-ਗੁਰਸ਼ਰਨ ਛੰਨਾ

1957 'ਚ ਜਨਮੇ ਕਾਹਮੇ ਦੇ ਗੱਭਰੂ ਛੰਨੇ ਨੇ ਗਿਆਰਾਂ ਸਾਲ ਦੀ ਉਮਰੇ ਪ੍ਰਾਇਮਰੀ ਪੜ੍ਹਦੇ ਹੀ ਫੁੱਟਬਾਲ ਖੇਡਣਾ ਸ਼ੁਰੂ ਕਰ ਦਿੱਤਾ ਸੀ। ਪ੍ਰਾਇਮਰੀ ਤੇ ਹਾਈ ਸਕੂਲ ਦੀ ਪੜ੍ਹਾਈ ਪਿੰਡੋਂ ਕਰਨ ਉਪਰੰਤ ਨਵਾਂਸ਼ਹਿਰ ਦੇ ਖਾਲਸਾ ਹਾਈ ਸਕੂਲ ਵਿਖੇ ਦਾਖਲ ਹੋਇਆ। ਦਿਨੋ ਦਿਨ ਗੇਮ ਨਿਖਰਦੀ ਗਈ। ਕਿਉਂਕਿ ਪਿੰਡ 'ਚ ਬਿਹਾਰੀ ਤੇ ਸ਼ੀਰੀ ਵਰਗੇ ਧੱਕੜ ਖਿਡਾਰੀ ਸਨ, ਉਨ੍ਹਾਂ ਵੱਲ ਵੇਖ ਵੇਖ ਸਖਤ ਮਿਹਨਤ ਕਰਦਾ ਰਿਹੈ। ਦੂਜੀ ਗੱਲ, ਜਰਨੈਲ ਸਿੰਘ ਪਨਾਮ ਦੀ ਖੇਡ ਤੋਂ ਉਹ ਬੜਾ ਪ੍ਰਭਾਵਿਤ ਸੀ ਤੇ ਉਹਦੀਆਂ ਪੈੜਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ।


ਨਵਾਂਸ਼ਹਿਰ ਦੇ ਖਾਲਸਾ ਹਾਈ ਸਕੂਲ ਵਿਚ ਇਕ ਸਾਲ ਲਾਇਆ ਤੇ ਉਹ ਐਸ. ਐਨ. ਕਾਲਜ ਬੰਗਾ ਚਲਾ ਗਿਆ। ਬੰਗਾ ਕਾਲਜ ਵੀ ਇਕ ਸਾਲ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਪੜ੍ਹਾਈ ਕੀਤੀ ਤੇ ਖੇਡਿਆ। ਇਕ ਸਾਲ ਬਾਅਦ ਛੰਨਾ ਤੇ ਮੰਗੂਵਾਲ ਵਾਲਾ ਸਰਬਜੀਤ ਸਰਬਾ ਰਾਮਗੜ੍ਹੀਆ ਕਾਲਜ, ਫਗਵਾੜਾ ਚਲੇ ਗਏ।

ਸੰਨ 1977 'ਚ ਰਾਮਗੜ੍ਹੀਆ ਕਾਲਜ ਫਗਵਾੜਾ ਖੇਡਦਾ ਰਿਹਾ ਤੇ ਨਾਲ ਦੀ ਨਾਲ ਪੜ੍ਹਾਈ ਵੀ ਕਰਦਾ ਰਿਹਾ। ਰਾਮਗੜ੍ਹੀਆ ਕਾਲਜ ਵਲੋਂ ਖੇਡਦਿਆਂ 1979-80 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਬੜੇ ਸਾਲਾਂ ਬਾਅਦ ਜਿੱਤ ਕੇ ਇਤਿਹਾਸ ਰਚਿਆ। ਸਰਬੇ ਤੇ ਛੰਨੇ ਦਾ ਜੁੱਟ ਬਹੁਤ ਤਕੜਾ ਸੀ। ਬਾਲ ਨੂੰ ਮੂਹਰੇ ਮੂਹਰੇ ਭਜਾਈ ਫਿਰਦੇ ਰਹਿੰਦੇ ਸਨ। ਤਿੰਨ ਸਾਲ ਉਹ ਉਥੇ 'ਕੱਠੇ ਖੇਡੇ।

ਤਿੰਨਾਂ ਸਾਲਾਂ ਬਾਅਦ ਛੰਨਾਂ 'ਕੱਲਾ ਬਿਜਲੀ ਬੋਰਡ ਹੁਸ਼ਿਆਰਪੁਰ ਵਿਖੇ ਚਲਾ ਗਿਆ। 1979 'ਚ ਉਹਦੀ ਵਾਈਸ ਕਪਤਾਨੀ ਹੇਠ ਖੇਡਦਿਆਂ ਟੀਮ ਨੇ ਆਲ ਇੰਡੀਆ ਇੰਟਰ-ਵਰਸਿਟੀ ਉਜੈਨ ਜਿੱਤੀ। 1980 'ਚ ਡੀ. ਸੀ. ਐਮ. ਟੂਰਨਾਮੈਂਟਾਂ ਵਿਚ ਬਿਜਲੀ ਬੋਰਡ ਨੇ ਪਹਿਲੀ ਵਾਰ ਈਸਟ-ਬੰਗਾਲ ਨੂੰ ਇਕ ਗੋਲ ਨਾਲ ਹਰਾਇਆ ਸੀ। ਉਹ ਪਹਿਲਾ ਤੇ ਆਖਰੀ ਸੁਨਹਿਰੀ ਗੋਲ ਛੰਨੇ ਨੇ ਕੀਤਾ ਸੀ। 1980 ਤੋਂ 1985 ਤੱਕ ਖੇਡਦਿਆਂ ਮੋਹਣ-ਬਾਗਾਨ, ਈਸਟ-ਬੰਗਾਲ ਤੇ ਮੁਹੰਮਦਨ ਸਪੋਰਟਸ



*ਜੁਆਨੀ ਦੇ ਦਿਨਾਂ 'ਚ ਛੰਨਾ ਕੈਨੇਡਾ*

ਵਰਗੀਆਂ ਕਹਿੰਦੀਆਂ ਕਹਾਉਂਦੀਆਂ ਭਾਰਤੀ ਕਲੱਬਾਂ ਹਰਾਈਆਂ।

ਸਰਬਜੀਤ ਸਰਬੇ ਦੇ ਦੱਸਣ ਅਨੁਸਾਰ ਕਿ ਛੰਨਾ ਤਕੜਾ ਖਿਡਾਰੀ ਸੀ। ਪੰਜਾਬ ਦੇ ਖਿਡਾਰੀਆਂ 'ਚ ਛੰਨੇ ਤੇ ਸਰਬੇ ਦਾ ਪੂਰਾ ਬੋਲ-ਬਾਲਾ ਸੀ। ਮਾਹਿਲਪੁਰ ਦੇ ਇਲਾਕੇ 'ਚ ਦੋਹਾਂ ਦੇ ਨਾਂ ਨੂੰ ਅੱਜ ਵੀ ਯਾਦ ਕੀਤੇ ਜਾਂਦੈ। ਫਗਵਾੜਾ ਦੇ ਰਾਮਗੜ੍ਹੀਆ ਸਪੋਰਟਸ ਵਿੰਗ ਵਿਖੇ 1977 ਤੋਂ 1980 ਤੱਕ 'ਕੱਠੇ ਖੇਡੇ। ਫਗਵਾੜੇ ਵਾਲਾ ਜੂਨੀਅਰ ਪਰਮਿੰਦਰ ਬਿੱਲਾ ਵੀ ਨਾਲ ਹੁੰਦਾ। ਸਰਬਾ, ਛੰਨਾ ਤੇ ਪਰਮਿੰਦਰ ਬਿੱਲਾ ਤਿੰਨਾਂ ਦਾ ਆਪਸੀ ਬੜਾ ਤਾਲਮੇਲ ਸੀ। ਅੱਖ ਮਿਲਦੇ ਹੀ ਬਾਲ ਪਹਿਲੇ ਕੋਲ ਪਹੁੰਚਿਆ ਹੁੰਦਾ। ਖਿਡਾਰੀਆਂ 'ਚ ਉਨ੍ਹਾਂ ਦਾ ਕਾਫੀ ਦਬਦਬਾ ਸੀ। ਦੂਜੇ ਕਾਲਜਾਂ ਦੀ ਤਰ੍ਹਾਂ ਰਾਮਗੜ੍ਹੀਆ ਕਾਲਜ ਫਗਵਾੜਾ ਵਲੋਂ ਉਹ ਤਿੰਨੋਂ 'ਵਧੀਆ ਖਿਡਾਰੀ' ਐਲਾਨੇ ਗਏ ਸਨ।

ਛੰਨਾ ਸੈਂਕੜੇ ਖਿਡਾਰੀਆਂ ਨਾਲ ਖੇਡ ਚੁਕੈ। ਕੁਝ ਦਾ ਜ਼ਿਕਰ ਕਰਨਾ ਜਰੂਰੀ ਹੈ। ਜਿਵੇਂ ਪੱਪੂ ਧਮਾਈ, ਮਨਜੀਤ ਸਿੰਘ ਖਰੜ-ਅਛਰਵਾਲ, ਸਰਬਜੀਤ ਸਰਬਾ ਮੰਗੂਵਾਲ, ਗੁਰਪਾਲ ਫੌਜੀ ਮੰਗੂਵਾਲ, ਗੁਰਦਿਆਲ ਸਿੰਘ ਜਗਤਪੁਰ, ਬਲਿਹਾਰ ਖਾਨਖਾਨਾ, ਰਾਣਾ ਖਾਨਖਾਨਾ, ਇਕਬਾਲ ਖਾਨਖਾਨਾ, ਰਾਜ ਨਿਊ ਯਾਰਕ, ਛੋਟੂ ਨਿਊ ਯਾਰਕ, ਦਵਿੰਦਰ ਕੁਮਾਰ ਫਿਲਿਪ ਖਾਨਖਾਨਾ, ਬਘੌਰਾਂ ਵਾਲਾ ਸਤੀਸ਼ ਪੰਡਿਤ, ਮਿਲਖੀ ਬਰਨਾਲਾ, ਕੁਲਵਰਨ ਭੱਜਲਾਂ, ਛੋਟੂ ਭੱਜਲਾਂ, ਪੱਲੀਆਂ ਵਾਲਾ ਪਿੰਦਾ, ਅਮਰੀਕ ਸਿੰਘ ਨਰੂੜ-ਪਾਂਸ਼ਟਾ (ਨਿਊ ਜਰਸੀ), ਸਤਵਿੰਦਰ ਸਿੰਘ ਮੰਗੂਵਾਲ, ਰਘਵੀਰ ਸਿੰਘ, ਬਿੱਲਾ ਕੈਪਟਨ ਫਗਵਾੜਾ, ਫਗਵਾੜੇ ਵਾਲਾ ਜੱਗਾ (ਇੰਦਰ ਸਿੰਘ ਦਾ ਬੇਟਾ), ਭਜਨ ਸਿੰਘ (ਗੁਰਦੇਵ ਗਿੱਲ ਦਾ ਭਰਾ), ਪਹਿਲਵਾਨ ਤੇ ਫੁੱਟਬਾਲ ਖਿਡਾਰੀ ਖੋਤੜਾਂ ਵਾਲਾ ਵੱਡਾ ਭਾਈ, ਪਾਲੀ ਭੌਰਾ, ਸੱਤਾ ਨੌਰਾ ਤੇ ਅਨੇਕਾਂ ਹੋਰ ਖਿਡਾਰੀਆਂ ਨਾਲ ਖੇਡਿਆ।

ਕਾਹਮਾ ਦੇ ਹਾਈ ਸਕੂਲ ਅਤੇ ਐਸ. ਐਨ. ਕਾਲਜ ਬੰਗਾ ਦਾ ਫੁੱਟਬਾਲ ਖਿਡਾਰੀ ਅਤੇ ਛੰਨੇ ਦੇ ਗੁਆਂਢੀ ਦਿਲਾਵਰ ਸਿੰਘ ਦਾਵਰੀ (ਨਿਊ ਯਾਰਕ) ਦੇ ਦੱਸਣ ਅਨੁਸਾਰ ਕਿ ਛੰਨਾ ਬੜਾ ਮਿਹਨਤੀ ਸੀ। ਮੀਂਹ, 'ਨੇਰੀ, ਧੁੱਪ, ਛਾਂ ਕਦੇ ਨਾ ਵੇਖਦਾ, ਹਰ ਪਲ ਫੁੱਟਬਾਲ ਦੁਆਲੇ ਲੱਗਾ ਰਹਿੰਦਾ।

ਉਹ ਨਿਰੰਜਨ ਦਾਸ (ਭਗਤ) ਮੰਗੂਵਾਲ ਤੇ ਮਹਾਲੋਂ ਵਾਲੇ ਵੀਰ੍ਹੀ ਦੀ ਖੇਡ ਨੂੰ ਬੜਾ ਪਸੰਦ ਕਰਦਾ ਸੀ। ਲੋਧੀਪੁਰ ਵਾਲੇ ਅਜੈਬ ਜੈਬੀ ਅਤੇ ਸਾਹਲੋਂ ਵਾਲੇ ਗਿਆਨ ਨੂੰ ਫੁੱਟਬਾਲ ਦੇ ਜ਼ਬਰਦਸਤ ਖਿਡਾਰੀ ਮੰਨਦਾ ਸੀ।



*ਛੰਨਾ ਕਾਹਮਾ 1978-79 'ਚ ਨੈਸ਼ਨਲ 'ਚ ਨਾਰਥ-ਇੰਡੀਆ ਜੈਪੁਰ ਜਿੱਤੀ। ਛੰਨਾਂ, ਸਰਬਾ, ਗੁਰਦਿਆਲ, ਸੁਖਵਿੰਦਰ ਸੁੱਖਾ, ਬਿੱਲਾ ਪਰਮਿੰਦਰ ਤੇ ਵਰਿੰਦਰ*

ਛੰਨੇ ਦੇ ਕਜ਼ਨ ਲਖਵਿੰਦਰ ਕਾਕਾ ਤੇ



*ਛੰਨਾ ਕਾਹਮਾ ਮੈਚਾਂ ਵਿਖੇ*

ਸੁਰਜੀਤ (ਨੈਸ਼ਨਲ ਖਿਡਾਰੀ), ਸੋਹਣ ਸਿੰਘ ਤੇ ਸੁਖਦੇਵ ਸਿੰਘ ਪਿੰਡ ਦੀ ਫੁੱਟਬਾਲ ਟੀਮ ਦੇ ਖਿਡਾਰੀ ਹੁੰਦੇ ਸਨ। ਕਿਸੇ ਵਕਤ ਪਿੰਡ ਦੀ ਟੀਮ 'ਚ ਉਨ੍ਹਾਂ ਦੇ ਪਰਿਵਾਰ ਦੇ ਛੇ-ਸੱਤ ਚਾਚਿਆਂ-ਤਾਇਆਂ ਦੇ ਪੁੱਤਰ ਖਿਡਾਰੀ ਹੁੰਦੇ ਸਨ। ਇਸ ਪਰਿਵਾਰ ਦੀ ਕਾਹਮਾ ਫੁੱਟਬਾਲ ਨੂੰ ਬੜੀ ਦੇਣ ਰਹੀ ਐ।

ਛੰਨੇ ਦੇ ਪਿਤਾ ਸ. ਗਿਆਨ ਸਿੰਘ ਨੂੰ ਆਪਣੇ ਪੁੱਤਰਾਂ 'ਤੇ ਹਮੇਸ਼ਾ ਮਾਣ ਰਿਹੈ। ਜਿਨ੍ਹਾਂ ਖੇਡ ਮੇਲਿਆਂ, ਕਲੱਬਾਂ ਅਤੇ ਇਲਾਕੇ 'ਚ ਨਾਂ ਉਚਾ ਕੀਤਾ। ਉਹਦੇ ਪਰਿਵਾਰ ਵਿਚ ਫੁੱਟਬਾਲ ਦਾ ਬੜਾ ਜਨੂੰਨ ਸੀ। ਉਹ ਪੰਜਾਂ ਭਰਾਵਾਂ 'ਚੋਂ ਚਾਰ ਫੁੱਟਬਾਲ ਖਿਡਾਰੀ ਸਨ। ਗੋਗੀ, ਨਿੰਮਾ, ਛੰਨਾ ਤੇ ਬਿੱਟੂ। (ਅਫਸੋਸ ਗੋਗੀ ਤੇ ਨਿੰਮਾ ਸਾਡੇ ਵਿਚਕਾਰ ਨਹੀਂ ਰਹੇ)। ਛੋਟਾ ਭਰਾ ਜਗਤਜੋਤ ਸਿੰਘ ਬਿੱਟੂ ਜਰਨੈਲ ਸਿੰਘ ਪਨਾਮ ਦੇ ਬੇਟਿਆਂ ਜਗਮੋਹਣ ਤੇ ਹਰਸ਼ਮੋਹਣ ਨਾਲ ਮਾਹਿਲਪੁਰ ਵਿੰਗ 'ਚ ਖੇਡਦਾ ਰਿਹੈ।

1968 ਤੋਂ 1985 ਤੱਕ ਪੰਜਾਬ ਦੇ ਖੇਡ ਮੇਲਿਆਂ ਤੋਂ ਲੈ ਭਾਰਤ ਦੇ ਨਾਮਵਰ ਕਲੱਬਾਂ ਤੱਕ ਬੜੇ ਮੈਚ ਖੇਡੇ ਤੇ ਪੈਰਾਂ ਨੇ ਬਿਹਤਰੀਨ ਗੋਲ ਕੀਤੇ। 1985 ਤੱਕ ਕੈਨੇਡਾ ਜਾਣ ਤੱਕ ਖੇਡਦਾ ਰਿਹੈ। ਕੈਨੇਡਾ ਜਾਣ ਤੋਂ ਪਹਿਲਾਂ ਉਹ ਇੰਗਲੈਂਡ ਗਿਆ। ਫਿਰ ਛੇਤੀ ਹੀ ਪੱਕੇ ਤੌਰ 'ਤੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚ ਗਿਆ।


ਬੇਗਾਨੀ ਧਰਤੀ 'ਤੇ ਪਹੁੰਚ ਕੇ ਵੀ ਖੇਡ ਸ਼ੌਕ ਬਰਕਰਾਰ ਰੱਖਿਆ ਤੇ 1985 ਤੋਂ 1988 ਤੱਕ 'ਖਾਲਸਾ ਕਲੱਬ' ਵਲੋਂ ਖੇਡੇ। ਫਿਰ ਉਸੇ ਸਾਲ ਹੀ 1988 'ਚ ਫੁੱਟਬਾਲ ਦੇ ਸ਼ੌਕੀਨ ਸਾਥੀ ਖਿਡਾਰੀਆਂ 'ਯੁਨਾਈਟਿਡ ਵੈਨਕੂਵਰ ਕਲੱਬ' ਦੀ ਸਥਾਪਨਾ ਕੀਤੀ। ਕਲੱਬ ਦੇ ਮੈਂਬਰਾਂ 'ਚ ਹਰਜਿੰਦਰ ਝੁੱਟੀ, ਤੇਲੂ ਝੁੱਟੀ ਤੇ ਬਲਵੀਰ ਝੁੱਟੀ (ਤਿੰਨੇ ਭਰਾ), ਗੁਰਸ਼ਰਨ ਛੰਨਾ ਤੇ ਬਿੱਟੂ (ਦੋਵੇਂ ਭਰਾ), ਹਰਜਿੰਦਰ ਸਾਂਘਰਾ, ਬਲਵਿੰਦਰ ਨਿੱਝਰ ਤੇ ਸਰਬਜੀਤ ਪੰਨੂੰ ਵਰਗੇ ਖੇਡਾਂ ਦੇ ਸ਼ੌਕੀਨ ਸਾਥੀ ਸਨ। ਉਸ ਕਲੱਬ ਵਿਚ ਜ਼ਿਆਦਾਤਰ ਇਲਾਕਾ ਮਾਹਿਲਪੁਰ ਦੇ ਖਿਡਾਰੀ ਖੇਡਦੇ ਸਨ।

ਨਿਊ ਯਾਰਕ ਦੇ ਕਪੂਰਥਲਾ ਸਪੋਰਟਸ ਕਲੱਬ ਵਾਲਿਆਂ ਉਹਨੂੰ (ਛੰਨਾ) ਤੇ ਪੱਪੂ ਧਮਾਈ ਨੂੰ ਕੈਨੇਡਾ ਤੋਂ ਉਚੇਚੇ ਤੌਰ 'ਤੇ ਸੱਦ ਕੇ ਮਾਣ ਬਖਸ਼ਿਆ। ਹੋਰ ਪੁਰਾਣੇ ਸਾਥੀ ਖਿਡਾਰੀਆਂ ਨੂੰ ਉਥੇ ਬੜੇ ਸਾਲਾਂ ਬਾਅਦ ਮਿਲੇ।

ਕੈਨੇਡਾ ਰਹਿੰਦਾ ਹੋਇਆ ਵੀ ਛੰਨਾ ਪਿੰਡ ਪ੍ਰਤੀ ਪੂਰਾ ਮੋਹ ਰੱਖਦੈ। ਨੇਕ-ਦਿਲ ਤੇ ਬਹੁਪੱਖੀ-ਸ਼ਖਸੀਅਤ ਸ. ਹਰਦੇਵ ਸਿੰਘ ਦੀ ਪਿੰਡ ਪ੍ਰਤੀ ਵਿਕਾਸ, ਖੇਡਾਂ, ਗਰਾਊਂਡ ਅਤੇ ਸਕੂਲ ਦੀ ਬਿਲਡਿੰਗ ਲਈ ਵੱਡਮੁੱਲਾ ਯੋਗਦਾਨ ਪਾਉਣ ਲਈ ਕਦਰ ਕਰਦੈ। ਪਿੰਡ ਦੇ ਮੌਜੂਦਾ ਸਰਪੰਚ ਮੈਡਮ ਪਰਮਿੰਦਰਜੀਤ ਕੌਰ ਦੀ ਪਿੰਡ ਦੇ ਵਿਕਾਸ ਕਾਰਜਾਂ ਅਤੇ ਖੇਡਾਂ ਦੀ ਪ੍ਰਫੁਲਤਾ ਲਈ ਬੜੀ ਇੱਜਤ ਕਰਦਾ ਹੈ। ਏ. ਐਸ. ਆਈ. ਸ. ਸਤਨਾਮ ਸਿੰਘ ਦਾ ਵੀ ਧੰਨਵਾਦੀ ਹੈ, ਜੋ ਘਰਵਾਲੀ ਦਾ ਹਮੇਸ਼ਾ ਹਰ ਕੰਮ 'ਚ ਸਾਥ ਦੇ ਰਿਹੈ।

ਗੁਰਸ਼ਰਨ ਛੰਨਾ ਆਪਣੀ ਪਤਨੀ, ਦੋ ਬੇਟੀਆਂ ਤੇ ਇਕਲੌਤੇ ਬੇਟੇ ਅੰਮ੍ਰਿਤ ਸਿੰਘ ਨਾਲ ਵੈਨਕੂਵਰ ਵਿਖੇ ਜ਼ਿੰਦਗੀ ਦੇ ਨਜ਼ਾਰੇ ਮਾਣ ਰਿਹੈ। ਬੇਟਾ ਅਮਰੀਕਨ ਫੁੱਟਬਾਲ ਖੇਡਦਾ ਰਿਹੈ। ਛੰਨਾ ਪੂਰਾ ਫਿੱਟ ਐ। ਸਰੀਰ ਦਾ ਹਮੇਸ਼ਾ ਖਿਆਲ ਰੱਖਦੈ। ਸੱਤ-ਅੱਠ ਮੀਲ ਰੋਜ਼ਾਨਾ ਦੌੜਦੈ...। ਨਸ਼ਿਆਂ ਬਗੈਰਾ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੀ। ਨਸ਼ਾ ਹਮੇਸ਼ਾ ਫੁੱਟਬਾਲ ਦਾ ਰਿਹੈ। ਬਨਾਵਟੀ ਖੁਰਾਕਾਂ ਦੇ ਲਾਗੇ ਨਹੀਂ ਗਿਆ। ਘਰ ਦਾ ਦੇਸੀ ਸ਼ੁੱਧ ਖਾਣਾ ਦੁੱਧ, ਘਿਉ, ਮੱਖਣ ਖਾ ਕੇ ਫੁੱਟਬਾਲ ਦਾ ਨਾਮਵਰ ਖਿਡਾਰੀ ਬਣਿਐ।

ਗੱਲ ਬੜੀ ਹੈ ਸੱਚੀ
ਕੋਈ ਮੰਨੇ ਜਾਂ ਨਾ ਮੰਨੇ।
ਪੁਰਾਣੇ ਖਿਡਾਰੀ ਖੇਡਦੇ ਰਹੇ ਚੂਪਕੇ ਗੰਨੇ।
ਖਾ ਖੁਰਾਕਾਂ ਦੇਸੀ ਧੱਕੜ
ਖੇਡੇ ਕਾਹਮੇਂ ਵਾਲੇ ਛੰਨੇ।



*ਛੰਨੇ ਦਾ ਛੋਟਾ ਭਰਾ ਬਿੱਟੂ ਅਤੇ (ਸੱਜੇ) ਮਾਤਾ-ਪਿਤਾ*



*ਕਪੂਰਥਲਾ ਸਪੋਰਟਸ ਕਲੱਬ ਨਿਊ ਯਾਰਕ ਦੀ ਮੀਟਿੰਗ ਦੌਰਾਨ (ਖੱਬਿਓਂ) ਇਕਬਾਲ ਜੱਬੋਵਾਲੀਆ, ਗੁਰਸ਼ਰਨ ਛੰਨਾ ਤੇ ਪੱਪੂ ਧਮਾਈ*

## ਆਦਤ ਤੋਂ ਮਜਬੂਰ

*(ਪਿਛਲੇ ਸਫੇ ਦੀ ਬਾਕੀ)*

ਪਤਾ ਨਹੀਂ ਕਿਉਂ, ਮੈਨੂੰ ਇਹ ਸ਼ਬਦ ਬਹੁਤ ਪਿਅਰੇ ਲੱਗੇ, "My whole being felt the thrill of consciousness."

ਕੁਝ ਸ਼ਬਦ ਗੁਰੂ ਨਾਨਕ ਦੇਵ ਜੀ ਦੇ 551ਵੇਂ ਜਨਮ ਉਤਸਵ ਬਾਬਤ ਲਿਖਣ ਲਈ ਮਨ ਕਰ ਆਇਆ। ਅੱਜ ਦੀ ਪਦਾਰਥਵਾਦ ਨਾਲ ਲਬਰੇਜ਼ ਦੁਨੀਆਂ ਅਸ਼ਾਂਤ ਹੈ। ਮਾਨਸਿਕ ਚਤੁਰਾਈ ਦੀ ਆੜ ਵਿਚ ਮਨੁੱਖ ਜਿੰਨੀਆਂ ਮਰਜ਼ੀ ਫੜ੍ਹਾਂ ਮਾਰੇ, ਇਹ ਅੰਦਰੋਂ ਖੋਖਲਾ ਹੈ। ਗੁਰੂ ਨਾਨਕ ਜਿਹੀ ਪਵਿੱਤਰ ਆਤਮਾ ਕਦੀ-ਕਦੀ ਹੀ ਤਪ ਰਹੀ ਇਸ ਧਰਤੀ ਨੂੰ ਨਸੀਬ ਹੁੰਦੀ ਹੈ। ਉਨ੍ਹਾਂ ਦਾ ਸੰਦੇਸ਼ ਸਿੱਧੇ ਸ਼ਬਦਾਂ ਵਿਚ ਇਹ ਹੈ ਕਿ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਜੇ ਮਨਭਾਉਂਦੀ ਕਿਰਤ ਮਿਲੇ, ਹਰ ਕੋਈ ਕਰਨ ਵਿਚ ਖੁਸ਼ੀ ਮਹਿਸੂਸ ਕਰਦਾ ਹੈ। ਐਸੀ ਕਿਰਤ ਪਿਛੋਂ ਬੰਦਾ ਥੱਕਦਾ ਨਹੀਂ। ਮੈਂ ਅੱਖੀਂ ਦੇਖਿਆ ਹੈ ਕਿ ਮੰਦ ਬੁੱਧੀ ਵਾਲੇ ਬੱਚੇ ਅਤੇ ਕਮਲੇ-ਰਮਲੇ ਬੰਦੇ ਬਹੁਤ ਸੁਹੱਪਣ ਨਾਲ ਸਫਾਈਆਂ ਕਰਦੇ ਅਤੇ ਮੰਜੇ ਬੁਣਦੇ ਹਨ। ਸ਼ੁਭ ਕਰਮ ਲਈ ਮੀਲਾਂ ਚੱਲਦੇ ਆਦਮੀ ਥੱਕਦੇ ਨਹੀਂ। ਗੁਰੂ ਨਾਨਕ ਲੰਮੇ ਪੈਂਡਿਆਂ ਪਿਛੋਂ ਵੀ ਥੱਕਦੇ ਨਹੀਂ ਸਨ। ਉਨ੍ਹਾਂ ਨਾਲ ਭਾਈ ਮਰਦਾਨਾ ਵੀ ਚੜ੍ਹਦੀ ਕਲਾ ਵਿਚ ਰਹਿੰਦਾ ਸੀ। ਪਹੁੰਚਣ ਸਾਰ ਉਸ ਨੂੰ ਕੋਮਲ ਸੰਗੀਤ ਦੀ ਧੁਨੀ ਲਈ ਕਹਿੰਦੇ ਸਨ। ਇਸ ਅਨੰਦਮਈ ਸੰਗੀਤ ਵਿਚ ਅਜਿਹੀ ਕਸ਼ਿਸ਼ ਹੈ ਕਿ ਪੰਛੀ ਅਤੇ ਜਾਨਵਰ ਵੀ ਇਸ ਨਾਲ ਲਿਵ ਲਾ ਲੈਂਦੇ ਹਨ। ਮਨੁੱਖਾਂ ਦਾ ਇਕੱਠ ਹੋ ਜਾਣਾ ਸੁਭਾਵਿਕ ਹੈ। ਇਸ ਅਵਸਥਾ ਵਿਚ ਪਹੁੰਚਿਆ ਇਨਸਾਨ ਅਧਿਆਤਮ ਦੀ ਮੰਜ਼ਿਲ ਦੇ ਨਜ਼ਦੀਕ ਹੈ। ਫਿਰ ਹੀ ਉਹ ਸਾਰੇ ਗੁਰੂ ਨਾਨਕ ਦੇ ਅਰਥ-ਭਰਪੂਰ ਵਿਗਿਆਨ ਦੀ ਗੱਲ ਨੂੰ ਧਿਆਨ ਨਾਲ ਸੁਣਦੇ ਸਨ। ਗੁਰੂ ਨਾਨਕ ਨੂੰ ਸੰਗੀਤ ਦੀ ਵਡਮੁੱਲੀ ਤਾਕਤ ਦਾ ਗਿਆਨ ਸੀ। ਜੇ ਕਦੀ ਇਕੱਠ ਨੂੰ ਸਿੱਧੇ ਹੀ ਕਰਤਾਰਪੁਰ ਨੂੰ ਪਾਣੀ ਦੇਣ ਜਿਹੀ ਗੱਲ ਜਾਂ ਮੱਕੇ ਵੱਲ ਪੈਰ ਕਰਨ ਦੀ ਘਟਨਾ ਕਰਦੇ ਤਾਂ ਸ਼ਾਇਦ ਭੀੜ ਨੂੰ ਪ੍ਰਭਾਵਿਤ ਕਰਨਾ ਕੁਝ ਔਖਾ ਹੁੰਦਾ। ਨਾਮ ਜਪਣਾ ਕੀ ਹੈ? ਕੋਮਲ ਸੰਗੀਤ ਦੀ ਧੁਨ ਜਾਂ ਕਿਸੇ ਹੋਰ ਸ਼ਾਂਤਮਈ ਢੰਗ ਨਾਲ ਲਿਵ ਲਾਉਣਾ ਹੀ ਤਾਂ ਹੈ। ਗੁਰੂ ਅਮਰਦਾਸ ਅਨੰਦ ਸਾਹਿਬ ਵਿਚ ਫਰਮਾਉਂਦੇ ਹਨ, "ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥"

ਲਿਵ ਲੱਗੀ ਵਾਲੇ ਹਾਲ ਵਿਚ ਪਹੁੰਚਿਆ ਬੰਦਾ ਊਚ ਨੀਚ ਦੇ ਭੇਦਭਾਓ ਤੋਂ ਬਾਹਰ ਆ ਜਾਂਦਾ ਹੈ। ਉਸ ਲਈ ਵੰਡ ਛਕਣਾ ਔਖਾ ਨਹੀਂ ਲਗਦਾ। ਇਸ ਦੀ ਕੁਝ ਝਲਕ ਦਰਬਾਰ ਸਾਹਿਬ ਵਿਚ ਲੰਗਰ ਛਕਦਿਆਂ ਦੇਖੀ ਜਾ ਸਕਦੀ ਹੈ। ਕੋਈ ਨਹੀਂ ਦੇਖਦਾ ਕਿ ਇਸ ਦੇ ਨਾਲ ਬੈਠਾ ਲੰਗਰ ਛਕਣ ਵਾਲਾ ਕਿਸ ਜਾਤੀ ਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਚ ਖੇਤਾਂ ਵਿਚ ਹਲ ਵਾਹੁਣ ਪਿਛੋਂ ਸ਼ਾਮ ਨੂੰ ਰਸ ਭਿੰਨੇ ਕੀਰਤਨ ਦੁਆਰਾ ਸੰਗਤ ਨੂੰ ਲਿਵ ਲਾਉਣ ਦੇ ਕਾਬਲ ਬਣਾਇਆ ਅਤੇ ਫਿਰ ਆਪਸ ਵਿਚ ਵੰਡ ਕੇ ਲੰਗਰ ਛਕਿਆ।

ਅੱਜ ਦੇ ਯੁੱਗ ਵਿਚ ਵੀ ਗੁਰੂ ਨਾਨਕ ਦਾ ਫਲਸਫਾ ਕਾਰ-ਆਮਦ ਕੀਤਾ ਜਾ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿਚ ਐਗਰੋ ਇੰਡਸਟਰੀ ਦੀਆਂ ਵੱਖ-ਵੱਖ ਕਿਸਮ ਦੀਆਂ ਬਰਾਂਚਾਂ ਖੋਲ੍ਹੀਆਂ ਜਾ ਸਕਦੀਆਂ ਹਨ। ਵਿਹਲੜਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਕਿਸੇ ਨਾ ਕਿਸੇ ਧੰਦੇ ਲਾਇਆ ਜਾ ਸਕਦਾ ਹੈ। ਵੇਤਨ ਚੰਗਾ ਮਿਲੇ, ਹਰ ਕੋਈ ਉਤਸ਼ਾਹਿਤ ਹੋਵੇਗਾ। ਅਮਰੀਕਾ ਵਿਚ ਉਹੀ ਵਿਹਲੜ ਦਿਨ-ਰਾਤ ਕੰਮ ਕਰਦੇ ਹਨ, ਕਿਉਂਕਿ ਵੇਤਨ ਚੰਗਾ ਹੈ।

ਸ਼ਾਮ ਵੇਲੇ ਸ਼ਾਂਤਮਈ ਅਤੇ ਰਸ ਭਿੰਨਾ ਕੋਮਲ ਸੰਗੀਤ ਮੁਹੱਈਆ ਕਰਨਾ ਕੋਈ ਔਖਾ ਨਹੀਂ। ਕੰਪਿਊਟਰ ਯੁੱਗ ਵਿਚ ਕੀ ਨਹੀਂ ਹੋ ਸਕਦਾ! ਇਹ ਲੋਕਾਂ ਦੇ ਲਿਵ ਲਾਉਣ ਵਿਚ ਸਹਾਈ ਹੋਵੇਗਾ। ਬਾਅਦ ਵਿਚ ਸਰਕਾਰ ਦੀ ਆਟਾ ਦਾਲ ਸਕੀਮ ਵਿਚੋਂ ਅਤੇ ਹਰ ਘਰ ਆਪਣੇ ਵਿਤ ਅਨੁਸਾਰ ਯੋਗਦਾਨ ਪਾ ਕੇ ਬਹੁਤ ਚੰਗਾ ਲੰਗਰ ਤਿਆਰ ਕੀਤਾ ਜਾ ਸਕਦਾ ਹੈ। ਇਹ ਸਭ ਦਾ ਸਾਂਝਾ ਹੋਵੇਗਾ। ਕੋਈ ਵੀ ਬੰਦਾ ਭੁੱਖਾ ਨਹੀਂ ਸੌਂਵੇਗਾ। ਖੁਦਕੁਸ਼ੀਆਂ ਕੱਲ੍ਹ ਦੀ ਕਹਾਣੀ ਬਣ ਜਾਣਗੀਆਂ।

ਮਨਭਾਉਂਦਾ ਕੰਮ ਕਰਨ ਲਈ ਦੁਨੀਆਂ ਦਾ ਹਰ ਬੰਦਾ ਤਿਆਰ ਹੈ। ਕੋਮਲ ਸੰਗੀਤ ਬੱਚੇ, ਜੁਆਨ, ਬਿਰਧ ਅਤੇ ਸਭ ਦੇਸ਼ਾਂ ਦੇ ਲੋਕਾਂ ਲਈ ਲਿਵ ਲਾਉਣ ਲਈ ਸਹਾਈ ਹੋ ਸਕਦਾ ਹੈ। ਲਿਵ ਲਾਉਣਾ ਅਧਿਆਤਮ ਦੀ ਅਵਸਥਾ ਵਿਚ ਪਹੁੰਚਣ ਲਈ ਇਕ ਪੜਾਅ ਹੈ। ਇਸ ਦੇ ਸੁੱਕ ਰਹੇ ਸਰੋਤਾਂ ਨੂੰ ਜੀਵਤ ਰੱਖਣ ਲਈ ਹਰ ਇਕ ਨੂੰ ਭਾਉਂਦਾ ਕੋਮਲ ਸੰਗੀਤ ਸਹਾਈ ਹੋਵੇਗਾ। ਲੋਕਾਈ ਦੇ ਹਰ ਬੰਦੇ ਅੰਦਰ ਵੰਡ ਛਕਣ ਦੀ ਪਿਆਰੀ ਜਿਹੀ ਆਦਤ ਬਣ ਜਾਏਗੀ। ਇਹੋ ਜਿਹਾ ਮਾਹੌਲ ਸਿਰਜਣਾ ਗੁਰੂ ਨਾਨਕ ਦੇ ਸਿਧਾਂਤ ਦੀ ਸਹੀ ਪਾਲਣਾ ਹੋਵੇਗੀ। ਫਿਰ ਨੋਬੇਲ ਪੁਰਸਕਾਰ ਜੇਤੂ ਪਰਲ ਬੱਕ ਅਤੇ ਵੀਹਵੀਂ ਸਦੀ ਦੇ ਸੰਸਾਰ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਦਾ ਕਥਨ ਕਿ 'ਇੱਕੀਵੀਂ ਸਦੀ ਵਿਚ ਆਦ ਗ੍ਰੰਥ ਅਤੇ ਗੁਰੂ ਨਾਨਕ ਦਾ ਫਲਸਫਾ ਹੀ ਦੁਨੀਆਂ ਨੂੰ ਸੇਧ ਦੇਵੇਗਾ', ਠੀਕ ਸਾਬਤ ਹੋਵੇਗਾ। ਇਸ ਸਭ ਕੁਝ ਨਿੱਕ-ਸੁੱਕ ਦੀ ਸਾਂਝ ਕਰਨਾ ਮੇਰੀ ਆਦਤ ਦੀ ਮਜਬੂਰੀ ਹੈ।

# ਨਵਦੀਪ ਗਿੱਲ ਦੀ ਖੇਡ ਪੱਤਰਕਾਰੀ

**ਪੰਜਾਬੀ ਖੇਡ ਸਾਹਿਤ**

**17**



**ਪ੍ਰਿੰ. ਸਰਵਣ ਸਿੰਘ**
ਫੋਨ: 91-94651-01651

ਨਵਦੀਪ ਸਿੰਘ ਗਿੱਲ ਪੰਜਾਬੀ ਖੇਡ ਪੱਤਰਕਾਰੀ ਦਾ ਹੀਰਾ ਹੈ। ਉਹਦੀ ਲਿਖਤ ਵਿਚ ਸਾਹਿਤਕ ਛੋਹਾਂ ਹੁੰਦੀਆਂ ਹਨ। ਵੇਖਣ ਨੂੰ ਉਹ ਪਹਿਲਵਾਨ ਲੱਗਦੈ, ਪਰ ਹੈਗਾ ਕਲਮ ਦਾ ਧਨੀ। ਪਿਛੇ ਜਿਹੇ ਉਹਦਾ ਜੁੱਸਾ ਕੁਇੰਟਲ ਤੋਂ ਉਤੇ ਹੋ ਗਿਆ ਸੀ, ਹੁਣ ਹੋ ਸਕਦੈ ਨੱਬੇ ਕਿੱਲੋ ਦਾ ਕਰ ਲਿਆ ਹੋਵੇ। ਅੱਸੀ ਕਿੱਲੋ ਦਾ ਕਰ ਲਵੇ ਤਾਂ ਕਿਆ ਰੀਸਾਂ! ਖੇਡ ਪੱਤਰਕਾਰੀ ਵਿਚ ਉਹ ਵੱਡੀਆਂ ਮੱਲਾਂ ਮਾਰ ਰਿਹੈ। ਉਸ ਨੇ ਦੋਹਾ ਦੀਆਂ ਏਸ਼ਿਆਈ ਖੇਡਾਂ ਤੇ ਨਵੀਂ ਦਿੱਲੀ ਦੀਆਂ ਕਾਮਨਵੈੱਲਥ ਖੇਡਾਂ ਤੋਂ ਲੈ ਕੇ ਬੀਜਿੰਗ ਦੀਆਂ ਓਲੰਪਿਕ ਖੇਡਾਂ ਤਕ ਦੀ ਕਵਰੇਜ ਕੀਤੀ ਹੈ। ਦੋਹਾ ਦੀਆਂ ਏਸ਼ਿਆਈ ਖੇਡਾਂ ਬਾਰੇ ਉਹਦੀ ਪੁਸਤਕ 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ' ਛਪੀ ਹੈ। ਫਿਰ ਬੀਜਿੰਗ ਦੀਆਂ ਓਲੰਪਿਕ ਖੇਡਾਂ ਬਾਰੇ



ਨਵਦੀਪ ਗਿੱਲ

ਪੁਸਤਕ ਛਪੀ ਹੈ, 'ਅੱਖੀਂ ਵੇਖੀਆਂ ਓਲੰਪਿਕ ਖੇਡਾਂ।' ਇਹ ਪੁਸਤਕ ਜਿਥੇ ਬੀਜਿੰਗ ਦੀਆਂ ਓਲੰਪਿਕ ਖੇਡਾਂ ਬਾਰੇ ਜਾਣਕਾਰੀ ਦਿੰਦੀ ਹੈ, ਉਥੇ ਲੇਖਕ ਦਾ ਚੰਡੀਗੜ੍ਹ ਤੋਂ ਬੀਜਿੰਗ ਤਕ ਜਾਣ-ਆਉਣ ਦਾ ਰੌਚਿਕ ਬਿਰਤਾਂਤ ਵੀ ਪੇਸ਼ ਕਰਦੀ ਹੈ। ਇਸ ਨੂੰ ਬੀਜਿੰਗ ਦਾ ਸਫਰਨਾਮਾ ਵੀ ਕਿਹਾ ਜਾ ਸਕਦੈ।

ਨਵਦੀਪ ਦੇ ਇਸ ਖੇਡ ਸਫਰਨਾਮੇ ਦੀਆਂ ਕਈ ਗੱਲਾਂ ਨਿਵੇਕਲੀਆਂ ਹਨ। ਉਸ ਨੇ ਬੀਜਿੰਗ ਦੇ ਸਫਰ ਦੀ ਬਾਤ ਪਾਉਂਦਿਆਂ ਖੇਡਾਂ ਤੇ ਖਿਡਾਰੀਆਂ ਬਾਰੇ ਦਿਲਚਸਪ ਜਾਣਕਾਰੀ ਦਿੱਤੀ ਹੈ। ਪਾਠਕਾਂ ਨੂੰ ਪਤਾ ਲੱਗ ਜਾਂਦੈ ਕਿ ਓਲੰਪਿਕ ਖੇਡਾਂ ਦਾ ਮਾਹੌਲ ਕੀ ਹੁੰਦੈ ਤੇ ਇਹ ਕਿਵੇਂ ਹੁੰਦੀਆਂ? ਉਸ ਦੀ ਪਹਿਲੀ ਪੁਸਤਕ ਦਾ ਨਾਂ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ' ਸੀ, ਜੋ 2004 ਵਿਚ ਛਪੀ। 2019 ਵਿਚ ਛਪੀ ਉਸ ਦੀ ਚੌਥੀ ਕਿਤਾਬ ਦਾ ਨਾਂ 'ਨੌਂਲੱਖਾ ਬਾਗ' ਹੈ, ਜਿਸ ਵਿਚ ਨੌਂ ਰਤਨਾਂ ਦੇ ਸ਼ਬਦ ਚਿੱਤਰ ਹਨ। ਉਹਦੀ ਬੋਲੀ ਆਮ ਬੋਲ ਚਾਲ ਵਾਲੀ ਤੇ ਸ਼ੈਲੀ ਸਰਲ ਹੈ। ਕਿਤੇ ਕੋਈ ਵਿੰਗ ਵਲ ਨਹੀਂ ਤੇ ਨਾ ਹੀ ਲੰਮੇ ਗੁੰਝਲਦਾਰ ਵਾਕ ਹਨ, ਜਿਨ੍ਹਾਂ ਨੂੰ ਦੁਬਾਰਾ-ਤਿਬਾਰਾ ਪੜ੍ਹ ਕੇ ਸਮਝਣਾ ਪਵੇ। ਬੋਲੀ ਦਾ ਮੰਤਵ ਹੀ ਇਹੋ ਹੁੰਦੈ ਕਿ ਸੰਚਾਰ ਸੁਖਾਲਾ ਤੇ ਤੁਰਤ ਹੋਵੇ। ਪੰਜਾਬੀ ਭਾਸ਼ਾ ਹਰ ਵਿਸ਼ੇ ਬਾਰੇ ਲਿਖਣ ਦੇ ਸਮਰੱਥ ਹੈ। ਇਹਦੇ ਰਾਹੀਂ ਕੋਈ ਗੱਲ ਕਹਿਣ ਲਈ ਢੁਕਵੇਂ ਸ਼ਬਦਾਂ ਦੀ ਕਦੇ ਘਾਟ ਨਹੀਂ ਆਉਂਦੀ। ਮੈਂ ਖੁਦ ਖੇਡ ਲੇਖਕ ਹਾਂ, ਮੈਨੂੰ ਖੇਡਾਂ-ਖਿਡਾਰੀਆਂ ਬਾਰੇ ਲਿਖਦਿਆਂ ਕਦੇ ਲੋੜੀਂਦੇ ਲਫਜ਼ਾਂ ਦਾ ਤੋੜਾ ਨਹੀਂ ਆਇਆ। ਨਵਦੀਪ ਨੂੰ ਸਮਝ ਹੈ ਕਿ ਖੇਡਾਂ-ਖਿਡਾਰੀਆਂ ਦੀ ਗੱਲ ਕਿਹੋ ਜਿਹੀ ਸ਼ਬਦਾਵਲੀ ਵਿਚ ਕਰਨੀ ਹੈ। ਉਸ ਦੇ ਸਿਰਲੇਖਾਂ 'ਤੇ ਹੀ ਝਾਤੀ ਮਾਰ ਵੇਖ ਲਓ: ਬੀਜਿੰਗ ਦੀ ਅੰਗੜਾਈ, ਚੀਨ 'ਚ ਪੰਜਾਬੀ ਤੜਕਾ, ਪੱਤਰਕਾਰਾਂ ਦਾ ਅਖਾੜਾ, ਖਿਡਾਰੀਆਂ ਦਾ ਰੈਣ ਬਸੇਰਾ, ਸੁਸ਼ੀਲ ਨੇ ਮਾਰਿਆ ਕਾਂਸੀ ਦਾ ਦਾਅ, ਭਿਵਾਨੀ ਦੇ ਲਾਲ ਦਾ ਕਮਾਲ, ਮੁੱਕੇਬਾਜ਼ੀ ਵਿਚ ਕਿਊਬਾ ਦਾ ਗੜ੍ਹ ਟੁੱਟਿਆ, ਚੀਨ ਦਾ ਦੀਨ ਖੇਡਾਂ, ਜੱਗ ਜੇਤੂਆਂ ਦੀ ਸੰਗਤ, ਚੀਨ ਦੇ ਆਠਿਆਂ ਦਾ ਕਮਾਲ, ਭਾਰਤ ਲਈ ਭਾਗਾਂ ਭਰੀ ਓਲੰਪਿਕਸ, ਚਾਈਨਾ ਟੂ ਚਾਂਦਨੀ ਚੌਕ ਅਤੇ ਅਲਵਿਦਾ ਬੀਜਿੰਗ!

'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਇਕ ਪੱਤਰਕਾਰ ਦੀ ਚੰਡੀਗੜ੍ਹ ਤੋਂ ਚੀਨ ਜਾ ਕੇ ਓਲੰਪਿਕ ਖੇਡਾਂ ਕਵਰ ਕਰਨ ਦੀ ਦਿਲਚਸਪ ਕਹਾਣੀ ਹੈ, ਜਿਸ ਵਿਚ ਕਹਾਣੀ ਵਰਗਾ ਹੀ ਕਥਾ ਰਸ ਹੈ। ਉਹ ਉਥੇ ਸੁਣੀਆਂ ਵੇਖੀਆਂ ਖਾਸ ਗੱਲਾਂ ਤੇ ਥਾਂਵਾਂ ਦਾ ਵਰਣਨ ਹੁੱਬ ਕੇ ਕਰਦਾ ਹੈ। ਲਿਖਦਾ ਹੈ, ਕਿਵੇਂ ਪੰਜਾਬ ਦੇ ਚਾਰ ਪੱਤਰਕਾਰ 'ਕੱਠੇ ਰਹੇ ਤੇ ਤੜਕੇ ਲਾ ਕੇ ਦਾਲ ਚੌਲ ਖਾਂਦੇ ਰਹੇ। ਮੂੰਗੀ, ਮਸਰ ਤੇ ਲੂਣ ਵਸਾਰ ਉਹ ਘਰੋਂ ਹੀ ਨਾਲ ਲੈ ਗਏ ਸਨ। ਬੀਅਰ ਦੀ ਭਰੀ ਹੋਈ ਬੋਤਲ ਸਸਤੀ ਮਿਲਦੀ ਸੀ, ਪਰ ਖਾਲੀ ਹੋਈ ਮਹਿੰਗੀ ਵਿਕਦੀ ਸੀ। ਇਸ ਲਈ ਭਰੀ ਹੋਈ ਜਿਥੋਂ ਸਸਤੀ ਮਿਲਦੀ, ਉਹ ਉਥੋਂ ਖਰੀਦਦੇ ਤੇ ਖਾਲੀ ਹੋਈ ਜਿਸ ਦੁਕਾਨ 'ਤੇ ਮਹਿੰਗੀ ਵਿਕਦੀ, ਉਥੇ ਵੇਚਦੇ। ਇਹ ਸੀ ਪੰਜਾਬੀਆਂ ਦਾ ਜੁਗਾੜ!

ਪੁਸਤਕ ਵਿਚ ਲਿਖਿਆ ਹੈ ਕਿ ਟੈਨਿਸ ਸਟਾਰ ਸਾਨੀਆ ਮਿਰਜ਼ਾ ਦੇ ਨਖਰੇ ਹੀ ਨਹੀਂ ਸਨ ਮਾਣ! ਉਹ ਹੈਦਰਾਬਾਦ ਦੀ ਜੁ ਹੋਈ। ਲਿਏਂਡਰ ਪੇਸ ਤੇ ਮਹੇਸ਼ ਭੂਪਤੀ ਦੀ ਸੁਰ ਨਹੀਂ ਸੀ ਰਲਦੀ। ਬੱਸ ਨਰੜ ਕੇ ਖਿਡਾਉਣੇ ਪਏ! ਪੱਗਾਂ ਵਾਲੇ ਖਿਡਾਰੀ ਭਾਰਤੀ ਦਲ ਵਿਚ ਘੱਟ ਸਨ, ਕੈਨੇਡਾ ਦੀ ਟੀਮ ਵਿਚ ਵੱਧ। ਭਾਰਤ ਲਈ ਓਲੰਪਿਕ ਖੇਡਾਂ ਦਾ ਪਹਿਲਾ ਵਿਅਕਤੀਗਤ ਗੋਲਡ ਮੈਡਲ ਪੰਜਾਬ ਦੇ ਅਭਿਨਵ ਬਿੰਦਰਾ ਨੇ ਜਿੱਤਿਆ। ਸਪਰਿੰਟ ਦੌੜਾਂ 'ਚ ਵਿਸ਼ਵ ਰਿਕਾਰਡ ਰੱਖਣ ਵਾਲਾ ਓਸੈਨ ਬੋਲਟ ਜਿਸ ਨੂੰ ਮਿਲਦਾ, ਗੋਲੀ ਚਲਾਉਣ ਵਾਂਗ ਉਂਗਲ ਸਿੱਧੀ ਕਰ ਕੇ ਮਿਲਦਾ। ਨਵਦੀਪ ਨੂੰ ਵੀ ਉਹ ਇੰਜ ਹੀ ਮਿਲਿਆ। ਉਥੇ ਉਸ ਨੂੰ ਜਿਮਨਾਸਟਿਕਸ ਦੀ ਰਾਣੀ ਨਾਦੀਆ ਕੁਮੈਂਸੀ ਤੇ ਹੋਰ ਨਾਮੀ ਖਿਡਾਰੀਆਂ ਨੂੰ ਮਿਲਣ ਦੇ ਮੌਕੇ ਮਿਲੇ, ਜੋ ਉਹਦੇ ਖਾਬ ਖਿਆਲ ਵਿਚ ਵੀ ਨਹੀਂ ਸਨ।

ਅਰਜਨਟੀਨਾ ਦੇ ਮਹਾਨ ਫੁੱਟਬਾਲਰ ਮੈਰਾਡੋਨਾ ਦਾ ਨਵਦੀਪ ਬਚਪਨ ਤੋਂ ਹੀ ਬੜਾ ਉਪਾਸ਼ਕ ਸੀ। ਉਹ ਉਸ ਨੂੰ ਦਿਸ ਤਾਂ ਪਿਆ, ਪਰ ਉਹਨੂੰ ਮਿਲਿਆ ਕਿਵੇਂ ਜਾਵੇ? ਉਸ ਨੇ ਮਨ ਦੀ ਰੀਝ ਆਈ. ਓ. ਸੀ. ਦੇ ਮੈਂਬਰ ਰਾਜਾ ਰਣਧੀਰ ਸਿੰਘ ਨੂੰ ਦੱਸੀ। ਰਾਜੇ ਨੇ ਕਿਹਾ, ਆਪਣਾ ਆਈ. ਡੀ. ਕਾਰਡ ਪੁੱਠਾ ਕਰ ਕੇ ਮੇਰੇ ਮਗਰੇ ਤੁਰਿਆ ਆ। ਉਹ ਉਸ ਨੂੰ ਮੈਰਾਡੋਨਾ ਕੋਲ ਲੈ ਗਿਆ। ਅੱਗੇ ਪੁਸਤਕ ਵਿਚੋਂ ਪੜ੍ਹੋ: ਮੈਂ ਜਦੋਂ ਮੈਰਾਡੋਨਾ ਨਾਲ ਹੱਥ ਮਿਲਾਉਣ ਲਈ ਵਧਾਇਆ ਤਾਂ ਉਸ ਨੇ ਮੇਰਾ ਹੱਥ ਦੋਵਾਂ ਹੱਥਾਂ ਨਾਲ ਘੁੱਟ ਲਿਆ। ਮੈਂ ਪਲਕ ਝਪਕਦਿਆਂ ਹੀ ਉਸ ਦੇ ਪੈਰ ਛੋਂਹਦਿਆਂ ਆਪਣੀ ਵੱਡੀ ਪ੍ਰਾਪਤੀ ਮਹਿਸੂਸ ਕੀਤੀ ਕਿ ਅੱਜ ਮੈਂ ਫੁੱਟਬਾਲ ਦੀਆਂ ਕਲਾਬਾਜ਼ੀਆਂ ਲਵਾਉਣ ਵਾਲੇ ਉਨ੍ਹਾਂ ਪੈਰਾਂ ਨੂੰ ਛੋਹ ਲਿਆ, ਜਿਨ੍ਹਾਂ ਦੀ ਚਾਲ ਨੂੰ ਰੋਕਣ ਲਈ ਕੁਲ ਦੁਨੀਆਂ ਦੇ ਧਨੰਤਰ ਫੁੱਲਬੈਕ ਫੇਲ੍ਹ ਹੋ ਗਏ। ਇਸੇ ਪਲ ਮੈਰਾਡੋਨਾ ਨੇ ਜਦੋਂ ਮੈਨੂੰ ਗਲਵੱਕੜੀ ਪਾਈ ਤਾਂ ਮੇਰੇ ਮੂੰਹੋਂ ਆਪ ਮੁਹਾਰੇ 'ਔਲੇ ਔਲੇ ਮੈਰਾਡੋਨਾ' ਲਫਜ਼ ਨਿਕਲੇ। ਕਾਸ਼! ਮੈਨੂੰ ਕੈਮਰਾ ਲਿਜਾਣ ਦੀ ਖੁੱਲ੍ਹ ਮਿਲੀ ਹੁੰਦੀ ਤਾਂ ਮੈਂ ਯਾਦਗਾਰੀ ਫੋਟੋ ਉਤਾਰ ਲੈਂਦਾ।

ਅਗਸਤ 2008 ਵਿਚ ਮੈਨੂੰ ਪਹਿਲੀ ਵਾਰ ਓਲੰਪਿਕ ਖੇਡਾਂ ਦੀ ਕਵਰੇਜ਼ ਕਰਨ ਦਾ ਮੌਕਾ ਮਿਲਿਆ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਿੱਧੂ ਦਮਦਮੀ ਵੱਲੋਂ ਪ੍ਰਗਟਾਏ ਭਰੋਸੇ ਕਾਰਨ ਹੀ ਮੈਂ ਬੀਜਿੰਗ ਜਾ ਸਕਿਆ। ਖੇਡਾਂ ਦੇ ਮੇਜ਼ਬਾਨ ਸ਼ਹਿਰ ਨੂੰ ਬੀਜਿੰਗ ਲਿਖਿਆ ਹੈ, ਜਦੋਂ ਕਿ ਖੇਡਾਂ ਦੀ ਕਵਰੇਜ਼ ਵਿਚ ਮੈਂ ਪੇਈਚਿੰਗ ਲਿਖਦਾ ਸੀ। 'ਪੰਜਾਬੀ ਟ੍ਰਿਬਿਊਨ' ਦੇ ਤੱਤਕਾਲੀ ਸਮਾਚਾਰ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਮੈਨੂੰ ਦੱਸਿਆ ਸੀ ਕਿ ਬੀਜਿੰਗ ਦਾ ਚੀਨੀ ਭਾਸ਼ਾ ਵਿਚ ਨਾਂ ਪੇਈਚਿੰਗ ਹੈ, ਇਸ ਲਈ ਆਪਾਂ ਉਹੀ ਛਾਪਾਂਗੇ। ਚੀਨ ਜਾ ਕੇ ਤੇਜ ਹੁਰਾਂ ਦੀ ਕਹੀ ਗੱਲ ਦੀ ਪੁਸ਼ਟੀ ਹੋ ਗਈ, ਜਦੋਂ ਚੀਨ ਵਾਸੀ ਮੇਰੇ ਪੇਈਚਿੰਗ ਕਹਿਣ 'ਤੇ ਅਸ਼ ਅਸ਼ ਕਰ ਉੱਠਦੇ। ਮੈਨੂੰ ਬਹੁਤ ਸਾਰਿਆਂ ਨੇ ਪੁੱਛਿਆ ਕਿ ਤੂੰ ਇਕੱਲਾ ਪੇਈਚਿੰਗ ਕਿਉਂ ਲਿਖਦਾ ਹੈਂ, ਜਦੋਂ ਕਿ ਸਾਰੇ ਅਖਬਾਰ ਤੇ ਹੋਰ ਪੱਤਰਕਾਰ ਬੀਜਿੰਗ ਲਿਖਦੇ ਹਨ। ਅਸੀਂ ਆਮ ਬੋਲਚਾਲ ਵਿਚ ਵੀ ਬੀਜਿੰਗ ਹੀ ਬੋਲਦੇ ਹਾਂ, ਜਿਸ ਕਰਕੇ ਮੈਂ ਹੱਥਲੀ ਪੁਸਤਕ ਵਿਚ ਚੀਨੀ ਨਾਂ ਪੇਈਚਿੰਗ ਦੀ ਥਾਂ ਸਾਡੇ ਲੋਕਾਂ ਦੇ ਮੂੰਹ ਚੜ੍ਹੇ ਨਾਂ ਬੀਜਿੰਗ ਨੂੰ ਬੀਜਿੰਗ ਹੀ ਲਿਖ ਰਿਹਾ ਹਾਂ।

...ਬੀਜਿੰਗ ਹਵਾਈ ਅੱਡੇ 'ਤੇ ਟੈਕਸੀ 'ਚ ਬਹਿੰਦਿਆਂ ਹੀ ਮੈਂ ਚੀਨ ਵੱਲੋਂ ਕੀਤੀ ਤਰੱਕੀ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਸਾਂ। ਗਜ਼ਬ ਦੇ ਨਜ਼ਾਰੇ ਸਨ ਅਤੇ ਅਨੇਕਾਂ ਲੇਨਾਂ ਵਾਲੀਆਂ ਖੁੱਲ੍ਹੀਆਂ ਸੜਕਾਂ ਦੇਖ ਕੇ ਮੇਰੀਆਂ ਅੱਖਾਂ ਚੁੰਧਿਆ ਗਈਆਂ ਸਨ। ਫਲਾਈਓਵਰ ਅਤੇ ਐਲੀਵੇਟਿਡ ਸੜਕਾਂ ਦਾ ਜਾਲ ਦੇਖ ਕੇ ਲੱਗ ਰਿਹਾ ਸੀ, ਕਿਤੇ ਕੰਪਿਊਟਰ ਉਪਰ ਨਕਸ਼ੇ ਤਾਂ ਨਹੀਂ ਦੇਖ ਰਿਹਾ? ਹਰਿਆਲੀ ਵੀ ਕਮਾਲ ਦੀ ਸੀ। ਏਅਰ ਪੋਰਟ ਤੋਂ ਨਿਕਲਦਿਆਂ ਆਲੇ-ਦੁਆਲੇ ਦਾ ਨਜ਼ਾਰਾ ਖੇਤਾਂ ਵਰਗਾ ਸੀ। ਚੀਨ ਦੀਆਂ ਟੋਪੀਨੁਮਾ ਘਰਾਂ ਦੀਆਂ ਛੱਤਾਂ, ਚੀਨੀ ਭਾਸ਼ਾ, ਓਲੰਪਿਕ ਖੇਡਾਂ ਦੇ ਝੂਲਦੇ ਝੰਡੇ ਅਤੇ ਥਾਂ-ਥਾਂ ਲਿਖੇ 'ਵਨ ਵਰਲਡ ਵਨ ਡਰੀਮ' ਦੇ ਨਾਅਰਿਆਂ ਨਾਲ ਜਾਪ ਰਿਹਾ ਸੀ ਜਿਵੇਂ ਕਿਸੇ ਨਵੀਂ ਦੁਨੀਆਂ ਵਿਚ ਆ ਗਿਆ ਹਾਂ। ਸਾਰਾ ਸ਼ਹਿਰ ਓਲੰਪਿਕ ਖੇਡਾਂ ਦੇ ਰੰਗ ਵਿਚ ਰੰਗਿਆ ਪਿਆ ਸੀ। ਬੀਜਿੰਗ ਭਾਵੇਂ ਬਹੁਤ ਵੱਡਾ ਤੇ ਸੰਘਣੀ ਆਬਾਦੀ ਵਾਲਾ ਸ਼ਹਿਰ ਹੈ, ਓਲੰਪਿਕ ਖੇਡਾਂ ਕਰਕੇ ਵੱਡੀ ਗਿਣਤੀ ਵਿਚ ਵਿਦੇਸ਼ੀ ਆਉਣ ਦੇ ਬਾਵਜੂਦ ਸਾਨੂੰ ਕਿਧਰੇ ਵੀ ਭੀੜ-ਭੜੱਕਾ ਨਹੀਂ ਦਿਸਿਆ। ਕਿਸੇ ਵੀ ਚੌਕ 'ਤੇ ਟ੍ਰੈਫਿਕ ਲਾਈਟਾਂ ਨਹੀਂ ਸਨ ਲੱਗੀਆਂ, ਸਗੋਂ ਹਰ ਪਾਸੇ ਜਾਣ ਨੂੰ ਉਪਰੋ-ਹੇਠਾਂ ਫਲਾਈਓਵਰ ਤੇ ਅੰਡਰ ਬ੍ਰਿਜ ਐਲੀਵੇਟਿਡ ਸੜਕਾਂ ਸਨ।

ਟੈਕਸੀ ਟਿਕਾਣੇ ਪੁੱਜੀ ਤਾਂ ਜੌਰਜ ਨੇ ਦੱਸਿਆ, ਪਹਿਲਾਂ ਆਪਾਂ ਨੂੰ ਨਜ਼ਦੀਕੀ ਪੁਲਿਸ ਸਟੇਸ਼ਨ 'ਤੇ ਜਾ ਕੇ ਆਪਣੀ ਆਰਜ਼ੀ ਰਿਹਾਇਸ਼ ਬਾਰੇ ਸਰਟੀਫਿਕੇਟ ਲੈਣਾ ਪਵੇਗਾ। ਫੁੱਟਪਾਥ 'ਤੇ ਜਾਂਦਿਆਂ ਮੈਂ ਆਲਾ-ਦੁਆਲਾ ਨੀਝ ਨਾਲ ਤੱਕ ਰਿਹਾ ਸਾਂ। ਪੁਲਿਸ ਸਟੇਸ਼ਨ ਦਿਸਿਆ ਤਾਂ ਅਸੀਂ ਹੈਰਾਨ ਹੋ ਗਏ ਕਿ ਉਹ ਕਿਸੇ ਸ਼ੋਅ ਰੂਮ ਵਰਗਾ ਸੀ। ਅੰਦਰ ਜਾ ਕੇ ਹੋਰ ਵੀ ਹੈਰਾਨੀ ਹੋਈ ਜਦੋਂ ਹੋਟਲਨੁਮਾ ਮਾਹੌਲ ਮਿਲਿਆ। ਅਸੀਂ ਆਪਣੇ ਪਾਸਪੋਰਟਾਂ ਦੀਆਂ ਫੋਟੋ ਕਾਪੀਆਂ ਦੇ ਕੇ ਆਪਣੇ ਨਾਂ ਰਜਿਸਟਰ ਕਰਾਏ। ਸਾਨੂੰ 23 ਅਗਸਤ ਤੱਕ ਆਰਜ਼ੀ ਰਿਹਾਇਸ਼ ਦਾ ਸਰਟੀਫਿਕੇਟ ਮਿਲ ਗਿਆ, ਜੋ ਬਾਅਦ ਵਿਚ ਸਾਡੇ ਬੜਾ ਕੰਮ ਆਇਆ, ਕਿਉਂਕਿ ਉਸ ਉਪਰ ਚੀਨੀ ਭਾਸ਼ਾ ਵਿਚ ਸਾਡਾ ਰਿਹਾਇਸ਼ੀ ਪਤਾ ਲਿਖਿਆ ਸੀ। ਅਸੀਂ ਘੁੰਮਦੇ ਹੋਏ ਆਪਣੇ ਅਪਰਾਟਮੈਂਟ ਦਾ ਅਤਾ ਪਤਾ ਭੁੱਲ ਜਾਂਦੇ ਤਾਂ ਉਸ ਸਰਟੀਫਿਕੇਟ ਨੂੰ ਦਿਖਾ ਕੇ ਰਾਹਗੀਰਾਂ ਤੋਂ ਰਸਤਾ ਪੁੱਛ ਲੈਂਦੇ। ਦੁਆ ਸਲਾਮ ਕਰਨ ਲਈ 'ਨੀ ਹਾਊ' ਤੇ ਧੰਨਵਾਦ ਲਈ 'ਸ਼ੇਸ਼ੇ' ਸ਼ਬਦ ਅਸੀਂ ਹਰ ਰਾਹਗੀਰ ਨੂੰ ਬੋਲਦੇ। ਅੱਗੋਂ ਚੀਨੇ ਵੀ ਸਾਨੂੰ ਚੀਨੀ ਬੋਲਦੇ ਸੁਣ ਕੇ ਖੁਸ਼ ਹੁੰਦੇ।

ਅਪਾਰਟਮੈਂਟ ਵਿਚ ਅਸੀਂ ਚਾਰ ਪੱਤਰਕਾਰ ਸਾਂ। ਮੇਰੇ ਇਲਾਵਾ ਪ੍ਰਭਜੋਤ ਸਿੰਘ, ਜਤਿੰਦਰ ਸਾਬੀ ਤੇ ਹਰਜਿੰਦਰ ਲਾਲ। ਅਸੀਂ ਸਵੇਰੇ ਮੈਗੀ ਤੇ ਰਾਤ ਨੂੰ ਦਾਲ-ਚੌਲ ਬਣਾ ਲੈਂਦੇ। ਰੋਟੀ ਪਕਾਉਣ ਦੇ ਝੰਜਟ ਵਿਚ ਨਹੀਂ ਪਏ। ਤੜਕਾ ਅਸੀਂ ਸੇਬ ਆਦਿ ਕੱਟ ਕੇ ਬਟਰ ਨਾਲ ਲਾ ਲੈਂਦੇ। ਇਸ ਤਰ੍ਹਾਂ ਚਾਰਾਂ ਨੇ ਅਪਾਰਟਮੈਂਟ ਨੂੰ ਆਪਣਾ ਘਰ ਬਣਾ ਲਿਆ ਤੇ ਪੰਜਾਬ ਵਾਲਾ ਮਾਹੌਲ ਸਿਰਜ ਲਿਆ। ਸਾਡੇ ਐਕਰੀਡੇਸ਼ਨ ਕਾਰਡਾਂ ਕਰਕੇ ਸਾਨੂੰ ਪਬਲਿਕ ਟਰਾਂਸਪੋਰਟ ਵਿਚ ਮੁਫਤ ਸਫਰ ਕਰਨ ਦੀ ਸਹੂਲਤ ਸੀ। ਪਹਿਲੇ ਦਿਨ ਜਦੋਂ ਅਸੀਂ ਬੱਸ ਵਿਚ ਬੈਠੇ ਤਾਂ ਲੇਡੀ ਕੰਡਕਟਰ ਦੇਖ ਕੇ ਮੇਰੇ ਜ਼ਿਹਨ ਵਿਚ ਕਮੇਡੀ ਕਲਾਕਾਰ ਭਗਵੰਤ ਮਾਨ ਦਾ ਚੁਟਕਲਾ ਯਾਦ ਆ ਗਿਆ, ਜਿਸ ਵਿਚ ਉਸ ਨੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿਚ ਲੇਡੀ ਕੰਡਕਟਰ ਰੱਖੇ ਜਾਣ ਬਾਅਦ ਸਵਾਰੀਆਂ ਦੀ ਮਨੋਦਸ਼ਾ ਬਾਰੇ ਵਿਅੰਗ ਕੀਤਾ ਸੀ।

ਬੀਜਿੰਗ ਵਿਚ ਗੁਜ਼ਾਰੇ 21 ਦਿਨਾਂ ਦੌਰਾਨ ਅਸੀਂ ਚੀਨ ਦੀ ਹਰ ਚੀਜ਼ ਤੋਂ ਕਾਇਲ ਹੋਏ।



ਓਸੈਨ ਬੋਲਟ ਨਾਲ ਨਵਦੀਪ ਗਿੱਲ

ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿਸ਼ਵ ਪੱਧਰ ਦਾ ਖੇਡ ਇੰਫਰਾਸਟਰਕਚਰ ਸਥਾਪਤ ਕੀਤਾ ਹੋਇਆ ਸੀ। ਆਟੋ ਵਾਹਨਾਂ ਦਾ ਪ੍ਰਦੂਸ਼ਣ ਰੋਕਣ ਲਈ ਸਾਈਕਲਾਂ ਦੀ ਵਰਤੋਂ ਬਹੁਤ ਸੀ। ਕਈ ਨਵੇਂ ਤਜਰਬੇ ਵੀ ਹੋਏ। ਇੱਕ ਦਿਨ ਮੈਂ ਨਹਾਉਣ ਲੱਗਾ ਤਾਂ ਮੂੰਹ 'ਤੇ ਸਾਬਣ ਲਗਾਇਆ ਹੀ ਸੀ ਕਿ ਪਾਣੀ ਚਲਾ ਗਿਆ। ਫੁਆਰੇ ਹੇਠ ਨਹਾਉਣ ਕਰਕੇ ਬਾਲਟੀ ਵਿਚ ਵੀ ਪਾਣੀ ਨਹੀਂ ਸੀ ਭਰਿਆ। ਮੈਂ ਵਾਰੀ ਵਾਰੀ ਸਾਰੀਆਂ ਟੂਟੀਆਂ ਖੋਲ੍ਹੀਆਂ ਪਰ ਕੋਈ ਨਾ ਚੱਲੀ। ਅਖੀਰ ਮੈਂ ਸਾਬੀ ਤੋਂ ਫਰਿੱਜ ਦਾ ਠੰਡਾ ਪਾਣੀ ਮੰਗਾ ਕੇ ਮੂੰਹ ਤੋਂ ਸਾਬਣ ਲਾਹਿਆ ਤੇ ਤੌਲੀਆ ਲਪੇਟ ਕੇ ਬਿਨਾ ਨਹਾਤੇ ਹੀ ਬਾਹਰ ਆਇਆ। ਪਾਣੀ ਬੰਦ ਹੋਣ ਕਾਰਨ ਅਸੀਂ ਅਪਾਰਟਮੈਂਟ ਸਟਾਫ ਨੂੰ ਫੋਨ ਕੀਤਾ। ਸਾਡੇ ਦੱਸਣ 'ਤੇ ਸਟਾਫ ਮੈਂਬਰ ਦਫਤਰ ਤੋਂ ਇੱਕ ਏ. ਟੀ. ਐਮ. ਨੁਮਾ ਕਾਰਡ ਲੈ ਆਏ ਤੇ ਰਸੋਈ ਵਿਚ ਪਾਣੀ ਦੇ ਮੀਟਰ ਉਪਰ ਕਾਰਡ ਨੂੰ ਸਵੈਪ ਕਰ ਕੇ ਪਾਣੀ ਚਾਲੂ ਕਰਵਾ ਗਏ। ਇਹਦਾ ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਪਾਣੀ ਦੇ ਕੁਨੈਕਸ਼ਨ ਲਈ ਪ੍ਰੀ-ਪੇਡ ਕਾਰਡ ਮਿਲਦਾ ਹੈ। ਕਾਰਡ ਚਲਾਉਣ ਤੋਂ ਬਾਅਦ ਤੈਅਸ਼ੁਦਾ ਮਾਤਰਾ ਵਿਚ ਪਾਣੀ ਦੀ ਸਪਲਾਈ ਹੋਣ ਪਿੱਛੋਂ ਪਾਣੀ ਆਪਣੇ ਆਪ ਬੰਦ ਹੋ ਜਾਂਦਾ ਹੈ। ਇਸ ਘਟਨਾ ਤੋਂ ਅਸੀਂ ਜਿੱਥੇ ਹੈਰਾਨ ਹੋਏ, ਉਥੇ ਸੋਚਿਆ ਕਿ ਪਾਣੀ ਦੀ ਦੁਰਵਰਤੋਂ ਰੋਕਣ ਲਈ ਇਹ ਵਧੀਆ ਸਿਸਟਮ ਹੈ।

ਪੱਤਰਕਾਰਾਂ ਨੂੰ ਓਲੰਪਿਕ ਵਿਲੇਜ਼ ਅੰਦਰ ਜਾਣ ਦੀ ਮਨਾਹੀ ਸੀ। ਸਿਰਫ ਐਂਟਰੀ ਗੇਟ ਦੇ ਅੰਦਰ ਖਿਡਾਰੀਆਂ ਤੇ ਪੱਤਰਕਾਰਾਂ ਲਈ ਬਣਾਏ ਮਿਕਸਡ ਜ਼ੋਨ ਤੱਕ ਹੀ ਜਾਣ ਦੀ ਇਜਾਜ਼ਤ ਸੀ। ਅਸੀਂ ਜਦੋਂ ਵੀ ਵਿਲੇਜ਼ ਅੰਦਰ ਬਣੇ ਮਿਕਸਡ ਜ਼ੋਨ 'ਚ ਪਹੁੰਚਦੇ ਤਾਂ ਪਹਿਲਵਾਨ ਕਰਤਾਰ ਸਿੰਘ ਖਾਣ-ਪੀਣ ਦੇ ਲਿਫਾਫੇ ਚੁੱਕੀ ਆਉਂਦਾ ਤੇ ਸਾਡੀ

(ਬਾਕੀ ਅਗਲੇ ਸਫੇ 'ਤੇ)




ਨਵਦੀਪ ਗਿੱਲ ਦੀਆਂ ਪੁਸਤਕਾਂ ਦੇ ਮੁਖੜੇ

# ਨਵਦੀਪ ਗਿੱਲ ਦੀ ਖੇਡ ਪੱਤਰਕਾਰੀ

(ਪਿਛਲੇ ਸਫੇ ਦੀ ਬਾਕੀ)

ਸੇਵਾ ਕਰਦਾ। ਸਭ ਧਰਮਾਂ ਦੇ ਖਿਡਾਰੀਆਂ ਲਈ ਪੂਜਾ-ਪਾਠ ਕਰਨ ਦੇ ਵੱਖੋ-ਵੱਖਰੇ ਕੇਂਦਰ ਬਣਾਏ ਹੋਏ ਸਨ। ਜਮਾਇਕਾ ਦੇ ਪ੍ਰਸਿੱਧ ਅਥਲੀਟ ਉਸੈਨ ਬੋਲਟ ਦੇ ਜਨਮ ਦਿਨ 'ਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਮਹਾਨ



ਬੀਜਿੰਗ ਓਲੰਪਿਕਸ ਦੌਰਾਨ ਭਾਰਤੀ ਕੁਸ਼ਤੀ ਟੀਮ ਦੇ ਮੈਨੇਜਰ ਪਹਿਲਵਾਨ ਕਰਤਾਰ ਸਿੰਘ, ਕਾਂਸੀ ਦਾ ਤਮਗਾ ਜਿੱਤਣ ਵਾਲੇ ਸੁਸ਼ੀਲ ਕੁਮਾਰ ਤੇ ਕੋਚ ਪੀ. ਆਰ. ਸੌਂਧੀ ਅਤੇ 'ਆਜ ਤਕ' ਵਲੋਂ ਕਵਰੇਜ ਕਰਨ ਆਏ ਪੱਤਰਕਾਰ ਸਮੀਪ ਰਾਜਗੁਰੂ ਨਾਲ ਨਵਦੀਪ ਸਿੰਘ ਗਿੱਲ

ਫੁੱਟਬਾਲਰ ਡਿਏਗੋ ਮਾਰਾਡੋਨਾ, ਲਿਓਨਲ ਮੈਸੀ, ਰੋਨਾਲਡੀਓ, ਟੈਨਿਸ ਸਟਾਰ ਰੋਜਰ ਫੈਡਰਰ, ਰਾਫੇਲ ਨਡਾਲ, ਵੀਨਸ ਵਿਲੀਅਮ, ਸੇਰੇਨਾ ਵਿਲੀਅਮ, ਮਾਈਕਲ ਫੈਲਪਸ, ਯੇਲੇਨਾ ਇਸਨੇਬਾਅਵਾ, ਕ੍ਰਿਸਟੋਫਰ ਜ਼ੈਲਰ ਆਦਿ ਖਿਡਾਰੀਆਂ ਨੂੰ ਦੇਖ ਕੇ ਪੱਤਰਕਾਰ ਤੇ ਹੋਰ ਲੋਕ ਮਿਲਣ ਨੂੰ ਉਤਾਵਲੇ ਹੋ ਜਾਂਦੇ। ਜੇ ਕਿਸੇ ਨੂੰ ਉਨ੍ਹਾਂ ਨਾਲ ਫੋਟੋ ਖਿਚਾਉਣ ਦਾ ਮੌਕਾ ਮਿਲ ਜਾਂਦਾ ਤਾਂ ਉਹਦੀ ਖੁਸ਼ੀ ਦਾ ਟਿਕਾਣਾ ਨਾ ਰਹਿੰਦਾ। ਓਲੰਪਿਕ ਵਿਲੇਜ ਵਿਚ ਭਾਰਤੀ ਖੇਡ ਦਲ ਵਿਚੋਂ ਲਿਏਂਡਰ ਪੇਸ, ਸਾਨੀਆ ਮਿਰਜ਼ਾ ਤੇ ਰਾਜਵਰਧਨ ਰਾਠੌਰ ਦੀ ਮਸ਼ਹੂਰੀ ਹੋਰਨਾਂ ਤੋਂ ਵਧੇਰੇ ਸੀ, ਜਦੋਂ ਕਿ ਆਖਰੀ ਦਿਨਾਂ ਵਿਚ ਤਮਗੇ ਜਿੱਤਣ ਵਾਲੇ ਅਭਿਨਵ ਬਿੰਦਰਾ ਤੇ ਵਿਜੇਂਦਰ ਸਿੰਘ ਦੀ ਗੁੱਡੀ ਵੀ ਖੂਬ ਚੜ੍ਹੀ।

ਅੱਠ ਸੋਨ ਤਮਗੇ ਜਿੱਤਣ ਵਾਲੇ ਅਮਰੀਕੀ ਤੈਰਾਕ ਮਾਈਕਲ ਫੈਲਪਸ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਉਹ ਓਲੰਪਿਕ ਵਿਲੇਜ ਵਿਚ ਰੋਜ਼ਾਨਾ ਪੀਕਿੰਗ ਡੱਕ ਖਾਂਦਾ ਹੈ। ਫੈਲਪਸ ਦੇ ਇਹ ਕਹਿਣ ਦੀ ਦੇਰ ਸੀ ਕਿ ਬੀਜਿੰਗ ਸ਼ਹਿਰ ਵਿਚ ਪੀਕਿੰਗ ਡੱਕ ਦੀ ਖਪਤ ਬਹੁਤ ਵਧ ਗਈ। ਅਸੀਂ ਵੀ ਜਦੋਂ ਵਿਲੇਜ਼ ਵੱਲ ਚੱਕਰ ਲਾਉਂਦੇ ਤਾਂ ਪੀਕਿੰਗ ਡੱਕ ਦਾ ਸਵਾਦ ਜ਼ਰੂਰ ਚੱਖਦੇ।

ਚੀਨ 'ਚ ਜਿਉਂ ਹੀ 8-8-8 ਨੂੰ 8, 8, 8 ਦਾ ਸਮਾਂ ਹੋਇਆ ਤਾਂ ਸਭ ਕੁਝ ਖੜ੍ਹ ਗਿਆ। ਪੂਰੇ ਵਿਸ਼ਵ ਦੀਆਂ ਨਜ਼ਰਾਂ ਬੀਜਿੰਗ 'ਤੇ ਟਿਕ ਗਈਆਂ। 2008ਵੇਂ ਸਾਲ ਦੇ ਅੱਠਵੇਂ ਮਹੀਨੇ ਦੀ ਅੱਠ ਤਰੀਕ ਨੂੰ ਰਾਤ ਦੇ ਅੱਠ ਵੱਜ ਕੇ ਅੱਠ ਮਿੰਟ ਤੇ ਅੱਠ ਸਕਿੰਟ 'ਤੇ ਬਰਡਜ਼ ਨੈਸਟ ਸਟੇਡੀਅਮ ਵਿਖੇ ਸ਼ੁਰੂ ਹੋਏ ਉਦਘਾਟਨੀ ਸਮਾਰੋਹ ਨਾਲ ਚੀਨ ਵਿਸ਼ਵ ਦੇ ਖੇਡ ਨਕਸ਼ੇ 'ਤੇ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਵਾਲਾ ਤੀਜਾ ਏਸ਼ਿਆਈ ਮੁਲਕ ਬਣ ਗਿਆ।


ਨਿਸ਼ਾਨੇਬਾਜ਼ੀ ਦੇ 10 ਮੀਟਰ ਏਅਰ ਰਾਈਫਲ ਈਵੈਂਟ ਵਿਚ ਸੋਨ ਤਮਗਾ ਜਿੱਤ ਕੇ ਪੰਜਾਬ ਦਾ ਅਭਿਨਵ ਬਿੰਦਰਾ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਭਾਰਤ ਲਈ ਵਿਅਕਤੀਗਤ ਸੋਨ ਤਮਗਾ ਜਿੱਤਣ ਵਾਲਾ ਪਹਿਲਾ ਓਲੰਪੀਅਨ ਬਣਿਆ। ਅਭਿਨਵ ਵੱਲੋਂ ਇਤਿਹਾਸ ਸਿਰਜਣ ਦੇ ਨਾਲ ਹੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ, ਭਾਰਤੀ ਓਲੰਪਿਕ ਸੰਘ ਦੇ ਜਨਰਲ ਸਕੱਤਰ ਰਾਜਾ ਰਣਧੀਰ ਸਿੰਘ, ਭਾਰਤੀ ਦਲ ਦੇ ਡਿਪਟੀ ਮੁਖੀ ਬਲਜੀਤ ਸਿੰਘ ਸੇਠੀ, ਨਿਸ਼ਾਨੇਬਾਜ਼ੀ ਦੇ ਕੋਚ ਤੇ ਤੇਜਿੰਦਰ ਸਿੰਘ ਆਈ. ਜੀ. ਸਮੇਤ ਭਾਰਤੀ ਖੇਡ ਅਧਿਕਾਰੀ ਖੁਸ਼ੀ ਵਿਚ ਭੰਗੜੇ ਪਾਉਣ ਲੱਗ ਪਏ। ਬੀਜਿੰਗ ਦੀਆਂ ਓਲੰਪਿਕ ਖੇਡਾਂ ਹੋਰਨਾਂ ਓਲੰਪਿਕ ਖੇਡਾਂ ਦੇ ਮੁਕਾਬਲੇ ਭਾਰਤ ਲਈ ਭਾਗਾਂ ਵਾਲੀਆਂ ਰਹੀਆਂ। ਅਭਿਨਵ ਬਿੰਦਰਾ ਦੇ ਸੋਨ ਤਮਗੇ ਤੋਂ ਇਲਾਵਾ ਕੁਸ਼ਤੀ ਵਿਚ ਸੁਸ਼ੀਲ ਕੁਮਾਰ ਨੇ 66 ਕਿਲੋਗਰਾਮ ਫਰੀ ਸਟਾਈਲ ਅਤੇ ਮੁੱਕੇਬਾਜ਼ੀ ਵਿਚ ਵਿਜੇਂਦਰ ਸਿੰਘ ਨੇ 75 ਕਿਲੋਗਰਾਮ ਮਿਡਲ ਵੇਟ ਵਿਚ ਕਾਂਸੀ ਦੇ ਤਮਗੇ ਜਿੱਤੇ।



ਬੀਜਿੰਗ ਓਲੰਪਿਕਸ ਦੇ ਉਦਘਾਟਨੀ ਸਮਾਰੋਹ ਮੌਕੇ ਨੈਸ਼ਨਲ ਸਟੇਡੀਅਮ (ਬਰਡਜ਼ ਨੈਸਟ) ਵਿਖੇ ਨਵਦੀਪ ਸਿੰਘ ਗਿੱਲ

ਉਸੈਨ ਬੋਲਟ 16 ਅਗਸਤ ਦੀ ਸ਼ਾਮ ਨੂੰ ਬਰਡਜ਼ ਨੈਸਟ ਦੇ ਸਿੰਥੈਟਿਕ ਟਰੈਕ 'ਤੇ 91 ਹਜ਼ਾਰ ਦਰਸ਼ਕਾਂ ਸਾਹਵੇਂ ਚੀਤੇ ਵਾਂਗ ਦੌੜਿਆ। ਉਸ ਨੇ 9.69 ਸਕਿੰਟਾਂ ਵਿਚ 100 ਮੀਟਰ ਦੌੜ ਪੂਰੀ ਕਰਦਿਆਂ ਨਵੇਂ ਵਿਸ਼ਵ ਤੇ ਓਲੰਪਿਕ ਰਿਕਾਰਡਾਂ ਨਾਲ ਦੁਨੀਆਂ ਦੇ ਸਭ ਤੋਂ ਤੇਜ਼-ਤਰਾਰ ਪੁਰਸ਼ ਹੋਣ ਦਾ ਖਿਤਾਬ ਜਿੱਤਿਆ। ਬੋਲਟ ਨੇ 9.70 ਸਕਿੰਟਾਂ ਦੀ ਮਿੱਥ ਨੂੰ ਤੋੜ ਕੇ ਖੇਡ ਪੰਡਤਾਂ ਨੂੰ ਹੈਰਾਨ ਕਰ ਦਿੱਤਾ। ਉਸ ਨੇ ਆਪਣਾ ਹੀ 9.72 ਸਕਿੰਟਾਂ ਦਾ ਪੁਰਾਣਾ ਰਿਕਾਰਡ ਤੋੜਿਆ। ਬੋਲਟ ਦਾ ਫਨਿਸ਼ਿੰਗ ਲਾਈਨ ਮੂਹਰੇ ਆਸੇ-ਪਾਸੇ ਦੇਖਦਿਆਂ ਛਾਤੀ 'ਤੇ ਹੱਥ ਮਾਰ ਕੇ ਸ਼ਾਨ ਨਾਲ ਦੌੜ ਜਿੱਤਣ ਦਾ ਸਟਾਈਲ ਬਹੁਤ ਮਕਬੂਲ ਹੋਇਆ। ਉਹਦੇ ਪੈਰਾਂ ਹੇਠ ਆਇਆ ਜਲਜਲਾ ਹਾਲੇ ਹੋਰਨਾਂ ਦੌੜਾਂ ਵਿਚ ਵੀ ਆਉਣਾ ਬਾਕੀ ਸੀ। ਉਸ ਨੇ 200 ਮੀਟਰ ਦੌੜ ਵੀ 19.30 ਸਕਿੰਟਾਂ 'ਚ ਲਾ ਕੇ ਨਵਾਂ ਵਿਸ਼ਵ ਤੇ ਓਲੰਪਿਕ ਰਿਕਾਰਡ ਰੱਖਦਿਆਂ ਸੋਨ ਤਮਗਾ ਜਿੱਤਿਆ। ਬੋਲਟ ਨੇ ਗੋਲਡਨ ਹੈਟ੍ਰਿਕ 'ਤੇ ਅੱਖ ਰੱਖਦਿਆਂ 4+100 ਮੀਟਰ ਰਿਲੇਅ ਦੌੜ ਵਿਚ ਤੀਜੇ ਨੰਬਰ 'ਤੇ ਦੌੜਦਿਆਂ ਟੀਮ ਨੂੰ ਵੱਡੀ ਲੀਡ ਦਿਵਾਈ, ਜਿਸ ਨੂੰ ਅਗਾਂਹ ਅਸਾਫਾ ਪਾਵੇਲ ਨੇ ਕਾਇਮ ਰੱਖਦਿਆਂ ਜਮਾਇਕਾ ਦੀ ਟੀਮ ਨੂੰ 37.10 ਸਕਿੰਟਾਂ ਦੇ ਸਮੇਂ ਨਾਲ ਸੋਨ ਤਮਗਾ ਜਿਤਾਇਆ। ਇਹ ਵੀ ਨਵਾਂ ਵਿਸ਼ਵ ਤੇ ਓਲੰਪਿਕ ਰਿਕਾਰਡ ਸੀ।

ਓਲੰਪਿਕ ਖੇਡਾਂ ਦੌਰਾਨ ਸਭ ਤੋਂ ਵੱਧ ਸਰੂਰ ਜੱਗ ਜੇਤੂ ਖਿਡਾਰੀਆਂ ਨਾਲ ਨਿੱਜੀ ਮੁਲਾਕਾਤਾਂ ਕਰ ਕੇ ਤਸਵੀਰਾਂ ਖਿਚਵਾਉਣ ਦਾ ਸੀ। ਵਿਸ਼ਵ ਦੇ ਮਹਾਨ ਖਿਡਾਰੀਆਂ ਨੂੰ ਮਿਲਣ ਦਾ ਮੌਕਾ ਮੈਨੂੰ ਪਹਿਲੀ ਵਾਰ ਮਿਲ ਰਿਹਾ ਸੀ। ਮੈਂ ਕਈ ਵਾਰ ਕਿਸੇ ਵੱਡੇ ਖਿਡਾਰੀ ਨੂੰ ਮਿਲਣ ਲਈ ਕੋਈ ਵੱਡਾ ਖੇਡ ਮੁਕਾਬਲਾ ਵੇਖਣਾ ਛੱਡ ਵੀ ਦਿੰਦਾ। ਕਦੇ ਏਧਰ ਕਦੇ ਓਧਰ ਨੱਠਾ ਫਿਰਦਾ। ਇੰਜ ਮੈਂ ਬਥੇਰੀ ਬੇਆਰਾਮੀ ਝੱਲੀ। ਮੈਂ ਅਪਾਰਟਮੈਂਟ ਤੋਂ ਸਵੇਰੇ 6-7 ਵਜੇ ਚਲਾ ਜਾਂਦਾ ਤੇ ਰਾਤ 12 ਵਜੇ ਤੋਂ ਬਾਅਦ ਵਾਪਸ ਆਉਂਦਾ। ਕਈ ਵਾਰ ਮੈਂ ਦੇਰ ਰਾਤ ਤੱਕ ਖਿਡਾਰੀਆਂ ਨਾਲ ਮੁਲਕਾਤਾਂ ਕਰਦਾ ਅਪਾਰਟਮੈਂਟ 'ਚ ਵਾਪਸ ਆਉਂਦਾ ਹੀ ਨਾ। ਉਥੇ ਹੀ ਮੇਨ ਪ੍ਰੈਸ ਸੈਂਟਰ ਦੇ ਸੋਫਿਆਂ 'ਤੇ ਅੱਧ ਵਿਚਾਲੇ ਲੇਟ ਕੇ ਨੀਂਦ ਪੂਰੀ ਕਰ ਲੈਂਦਾ। ਸਾਥੀ ਮੈਨੂੰ ਘੂਰਦਾ, "ਤੂੰ ਅਰਾਮ ਬਿਲਕੁਲ ਨਹੀਂ ਕਰਦਾ। ਸਾਰਾ ਦਿਨ ਨੱਠ-ਭੱਜ ਠੀਕ ਨਹੀਂ।" ਮੇਰਾ ਹਰ ਵਾਰ ਸਾਥੀ ਨੂੰ ਘੜਿਆ ਘੜਾਇਆ ਜੁਆਬ ਹੁੰਦਾ, "ਸੌਣਾ ਤਾਂ ਸਾਰੀ ਉਮਰ ਹੈ, ਪਰ ਏਡੇ ਵੱਡੇ ਖਿਡਾਰੀਆਂ ਨੂੰ ਮਿਲਣ ਦਾ ਮੌਕਾ ਜ਼ਿੰਦਗੀ ਵਿਚ ਫੇਰ ਨਹੀਂ ਮਿਲਣਾ।"



ਬੀਜਿੰਗ ਓਲੰਪਿਕਸ ਦੀ ਕਵਰੇਜ ਦੌਰਾਨ ਚੀਨ ਦੀ ਦੀਵਾਰ ਦੇਖਣ ਪੁੱਜਾ ਨਵਦੀਪ

...ਓਲੰਪਿਕ ਖੇਡਾਂ ਦੇ ਸਮਾਪਤੀ ਸਮਾਰੋਹ ਦੀਆਂ ਯਾਦਾਂ ਚੇਤੇ 'ਚ ਵਸਾਉਂਦਿਆਂ 25 ਅਗਸਤ ਤੋਂ ਬੀਜਿੰਗ ਵਾਸੀਆਂ ਨੇ ਮੁੜ ਆਪਣੇ ਕੰਮਾਂ ਕਾਜਾਂ 'ਤੇ ਜਾਣਾ ਸ਼ੁਰੂ ਕਰ ਦਿੱਤਾ। 17 ਦਿਨ ਕੁੰਭ ਦੇ ਮੇਲੇ ਵਰਗੀ ਭੀੜ ਲੱਗੇ ਰਹਿਣ ਵਾਲੇ ਓਲੰਪਿਕ ਗਰੀਨ ਏਰੀਏ ਸਮੇਤ ਖੇਡ ਮੁਕਾਬਲਿਆਂ ਵਾਲੀਆਂ ਸਾਰੀਆਂ ਥਾਂਵਾਂ 'ਤੇ ਅੱਜ ਸੰਨਾਟਾ ਛਾਇਆ ਹੋਇਆ ਸੀ। ਓਲੰਪਿਕ ਮੁਕਾਬਲਿਆਂ ਵਾਲੀਆਂ ਥਾਂਵਾਂ 'ਤੇ ਲਿਜਾਣ ਲਈ ਸ਼ੁਰੂ ਕੀਤੀਆਂ ਵਿਸ਼ੇਸ਼ ਓਲੰਪਿਕ ਬੱਸਾਂ ਖਾਲੀ ਚੱਲ ਰਹੀਆਂ ਸਨ। ਇਸ ਦੇ ਮੁਕਾਬਲੇ ਆਮ ਕੰਮ ਕਾਜ 'ਤੇ ਜਾਣ ਦੇ ਰਸਤਿਆਂ, ਖਰੀਦੋ-ਫਰੋਖਤ ਦੀਆਂ ਦੁਕਾਨਾਂ, ਪਾਰਕਾਂ ਆਦਿ ਵਿਚ ਅੱਗੇ ਨਾਲੋਂ ਵੱਧ ਭੀੜ ਸੀ। ਸ਼ਹਿਰ ਵਿਚ ਓਲੰਪਿਕ ਖੇਡਾਂ ਦੇ ਲਾਏ ਝੰਡੇ ਉਤਾਰੇ ਜਾ ਰਹੇ ਸਨ ਅਤੇ ਅਗਲੇ ਮਹੀਨੇ ਹੋਣ ਵਾਲੀਆਂ ਪੈਰਾਲੰਪਿਕ ਖੇਡਾਂ ਦੇ ਝੰਡੇ ਲਾਏ ਜਾ ਰਹੇ ਸਨ।

ਬਰਡਜ਼ ਨੈਸਟ, ਇਨਡੋਰ ਸਟੇਡੀਅਮ, ਹਾਕੀ ਸਟੇਡੀਅਮ, ਟੈਨਿਸ ਕੰਪਲੈਕਸ, ਤਲਵਾਰਬਾਜ਼ੀ ਹਾਲ ਤੇ ਤੈਰਨ ਪੂਲ ਵਾਲੇ ਸਟੇਡੀਅਮ ਦੇ ਓਲੰਪਿਕ ਗਰੀਨ ਖੇਤਰ ਵਿਚ ਜਿਥੇ ਪਹਿਲਾਂ ਪੈਰ ਰੱਖਣ ਨੂੰ ਜਗ੍ਹਾ ਨਹੀਂ ਸੀ ਹੁੰਦੀ, ਉਥੇ ਹੁਣ ਚੁੱਪ ਛਾਈ ਹੋਈ ਹੈ ਤੇ ਕੋਈ ਵੀ ਖੇਡ ਦਰਸ਼ਕ ਨਹੀਂ ਸੀ ਦਿਸ ਰਿਹਾ। ਮਾਈਕਲ ਫੈਲਪਸ ਦੇ ਜਲਵੇ ਦਾ ਗਵਾਹ ਬਣਿਆ ਤੈਰਾਕੀ ਪੂਲ ਸ਼ਾਂਤ ਸੀ। ਬੋਲਟ ਦੀਆਂ ਪੈੜਾਂ ਨਾਲ ਧੜਕਣ ਵਾਲਾ ਅਥਲੈਟਿਕ ਟਰੈਕ ਉਦਾਸ ਸੀ ਤੇ ਬੀਚ ਵਾਲੀਬਾਲ ਦੇ ਕੋਰਟ ਦੀ ਰੇਤ ਸੁੱਤੀ ਪਈ ਸੀ।



ਬੀਜਿੰਗ ਓਲੰਪਿਕਸ ਦੌਰਾਨ ਆਪਣੀ ਏਸ਼ਿਆਈ ਖੇਡਾਂ ਬਾਰੇ ਪੁਸਤਕ ਦੀ ਕਾਪੀ ਤਤਕਾਲੀ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੂੰ ਭੇਟ ਕਰ ਰਿਹਾ ਨਵਦੀਪ

ਖੇਡ ਮੁਕਾਬਲਿਆਂ ਵਾਲੀ ਹਰ ਥਾਂ ਉਤੇ ਸੰਨਾਟਾ ਛਾਇਆ ਹੋਇਆ ਸੀ। ਓਲੰਪਿਕ ਖੇਡਾਂ 'ਚ ਜਾਹੋ-ਜਲਾਲ ਦਿਖਾਉਣ ਵਾਲੇ ਖਿਡਾਰੀ ਕਦੋਂ ਦੇ ਆਪੋ ਆਪਣੇ ਵਤਨਾਂ ਵੱਲ ਰਵਾਨਾ ਹੋ ਗਏ ਸਨ।

ਸਾਡਾ ਵੀ ਹਵਾਈ ਜਹਾਜ ਵਿਚ ਬੈਠਿਆਂ ਦਾ ਦਿਲ ਵੈਰਾਗਿਆ ਹੋਇਆ ਸੀ। ਅਸੀਂ ਬੀਜਿੰਗ ਦੀਆਂ ਅਭੁੱਲ ਯਾਦਾਂ ਸੰਭਾਲੀ ਸੱਤ ਘੰਟਿਆਂ ਦੇ ਸਫਰ ਪਿਛੋਂ ਪਹੁਫੁਟਾਲੇ ਤੋਂ ਵੀ ਪਹਿਲਾਂ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਉਤਰੇ। ਖਿਡਾਰੀਆਂ ਦੇ ਸਵਾਗਤ ਲਈ ਹਵਾਈ ਅੱਡੇ 'ਤੇ ਬਣੇ ਜਸ਼ਨਾਂ ਵਾਲੇ ਮਾਹੌਲ ਨੂੰ ਦੇਖਦਿਆਂ ਮਾਣ ਮਹਿਸੂਸ ਕਰਨ ਲੱਗੇ। ਭਾਵੇਂ ਅਸੀਂ ਓਲੰਪੀਅਨ ਖਿਡਾਰੀ ਨਹੀਂ ਸਾਂ, ਪਰ ਓਲੰਪੀਅਨ ਪੱਤਰਕਾਰ ਤਾਂ ਜ਼ਰੂਰ ਸਾਂ। ਮੈਂ ਸਾਥੀ ਨੂੰ ਹੱਸਣ ਲੱਗਾ ਕਿ ਆਪਾਂ ਵੀ ਕਹਿ ਦਿੰਦੇ ਕਿ ਅਸੀਂ ਹੀ ਸੁਸ਼ੀਲ ਤੇ ਵਿਜੇਂਦਰ ਹਾਂ। ਫਿਰ ਆਪਾਂ ਨੂੰ ਵੀ ਬਥੇਰੇ ਹਾਰ ਪੈ ਜਾਂਦੇ!

'ਦਾ ਟ੍ਰਿਬਿਊਨ' ਵਾਲੇ ਪ੍ਰਭਜੋਤ ਨੇ ਲਿਖਿਆ: ਬੀਜਿੰਗ ਬੇਸ਼ੱਕ ਮੇਰੀ ਪੰਜਵੀਂ ਓਲੰਪਿਕ ਸੀ, ਪਰ ਇਸ ਨੂੰ ਨਵਦੀਪ ਦੀ ਪਹਿਲਕਦਮੀ ਨੇ ਸਭ ਤੋਂ ਨਿਵੇਕਲੀ ਤੇ ਵੱਖਰੀ ਬਣਾ ਦਿੱਤਾ। ਨਵਦੀਪ ਦੀ ਭਾਵੁਕਤਾ, ਉਸ ਦੀ ਤਸਵੀਰ ਲੈਣ ਤੇ ਲਹਾਉਣ ਦੀ ਤੀਬਰਤਾ ਅਤੇ ਪੱਤਰਕਾਰੀ ਵਿਚ ਮੱਲਾਂ ਮਾਰਨ ਦੀ ਉਤੇਜਕਤਾ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਨਾਲ ਬੀਜਿੰਗ ਵਿਚ ਬਿਤਾਏ ਸਾਰੇ ਪਲ, ਇਸ ਕਿਤਾਬ ਨੇ ਨਾ ਸਿਰਫ ਸੁਰਜੀਤ ਕੀਤੇ ਹਨ, ਸਗੋਂ ਉਸ ਦਾ ਪੱਤਰਕਾਰੀ ਤੋਂ ਵੱਖ ਇਕ ਲੇਖਕ ਤੇ ਸੰਪਾਦਕ ਵਾਲਾ ਅਕਸ ਵੀ ਜੱਗ ਜਾਹਰ ਕੀਤਾ ਹੈ।

ਗੁਰਭਜਨ ਗਿੱਲ ਨੇ ਲਿਖਿਆ: ਮੈਂ ਨਵਦੀਪ ਨੂੰ ਉਸਰਦਿਆਂ ਦੇਖਿਆ ਹੈ। ਸ਼ਬਦ ਦਰ ਸ਼ਬਦ, ਪੌੜੀ ਦਰ ਪੌੜੀ ਚੜ੍ਹਦਾ। ਬਰਨਾਲੇ ਤੋਂ ਪਟਿਆਲੇ, ਪਟਿਆਲੇ ਤੋਂ ਜਲੰਧਰ ਅਤੇ ਜਲੰਧਰ ਤੋਂ ਚੰਡੀਗੜ੍ਹ ਤੱਕ ਦੇ ਸਫਰ ਦੌਰਾਨ ਉਸ ਨੇ ਭਰਪੂਰ ਮੁਹੱਬਤ ਦਾ ਪ੍ਰਕਾਸ਼ ਕਰ ਕੇ ਸਮੁੱਚੇ ਵਿਸ਼ਵ ਤੋਂ ਆਪਣੀ ਕਲਮ ਤੇ ਕਲਾ ਦਾ ਲੋਹਾ ਮਨਵਾਇਆ ਹੈ। 'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਤੁਹਾਨੂੰ ਲਾਜ਼ਮੀ ਪਹਿਲਾਂ ਨਾਲੋਂ ਵਧੇਰੇ ਗਿਆਨਵਾਨ ਬਣਾਏਗੀ।

ਮੇਰੀ ਨਜ਼ਰ 'ਚ ਨਵਦੀਪ ਹਾਲੇ ਨੌਜਵਾਨ ਹੈ ਤੇ ਜਦੋਂ ਮੇਰੀ ਉਮਰ ਦਾ ਹੋਵੇਗਾ ਤਾਂ ਖੇਡਾਂ ਤੇ ਖਿਡਾਰੀਆਂ ਬਾਰੇ ਮੈਥੋਂ ਕਿਤੇ ਵੱਧ ਲਿਖ ਚੁਕਾ ਹੋਵੇਗਾ। ਕਹਾਵਤ ਵੀ ਹੈ ਕਿ ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ!

ਨਵਦੀਪ ਸਿੰਘ ਗਿੱਲ ਨਾਲ ਸੰਪਰਕ ਫੋਨ: +91-97800-36216 ਰਾਹੀਂ ਕੀਤਾ ਜਾ ਸਕਦਾ ਹੈ।



(ਖੱਬੇ) ਪ੍ਰਿੰਸੀਪਲ ਸਰਵਣ ਸਿੰਘ ਨਾਲ ਅਤੇ (ਸੱਜੇ) ਅਭਿਨਵ ਬਿੰਦਰਾ ਨਾਲ ਨਵਦੀਪ ਗਿੱਲ

# ਜੋਗਿੰਦਰ ਤੂਰ ਦੀਆਂ 'ਅੱਖਾਂ ਖੁੱਲ੍ਹੀਆਂ, ਬੁੱਲ੍ਹ ਸੀਤੇ'

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਕੱਲ ਤੱਕ ਜੋਗਿੰਦਰ ਸਿੰਘ ਤੂਰ ਨੂੰ ਉਥੋਂ ਵਕੀਲ ਤੇ ਖੱਬੇ ਪੱਖੀ ਵਿਚਾਰਧਾਰਾ ਦੇ ਧਾਰਨੀ ਵਜੋਂ ਜਾਣਦਾ ਸਾਂ। ਉਹ ਕਹਾਣੀਕਾਰ ਵੀ ਹੈ, ਮੈਨੂੰ ਹਾਲ ਵਿਚ ਹੀ ਛਪੀ ਪੁਸਤਕ 'ਅੱਖਾਂ ਖੁੱਲ੍ਹੀਆਂ, ਬੁੱਲ੍ਹ ਸੀਤੇ' ਪੜ੍ਹਨ 'ਤੇ ਪਤਾ ਲੱਗਾ। ਰੌਚਿਕ ਤੇ ਸੰਖੇਪ ਬਿਰਤਾਂਤ ਦੀ ਨਿਵੇਕਲੀ ਕਥਾ ਵਿਧੀ ਨੂੰ ਪਰਨਾਇਆ ਉਹ ਆਪਣੀ ਤਰ੍ਹਾਂ ਦਾ ਲੇਖਕ ਹੈ। ਉਹ ਪਾਠਕ ਨੂੰ ਆਪਣੇ ਨਾਲ ਤੋਰ ਕੇ ਘਟਨਾ ਦੇ ਅੰਤ ਤੱਕ ਸਾਹ ਨਹੀਂ ਲੈਣ ਦਿੰਦਾ। ਹੋਈ ਬੀਤੀ ਗੱਲ ਨੂੰ ਨੀਝ ਨਾਲ ਤਕ ਕੇ ਚੁਪ-ਚੁਪੀਤੇ ਪੇਸ਼ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ।

ਤੂਰ-ਕਥਾ ਸਹਿਜ ਤੇ ਸੰਖੇਪ ਬਿਰਤਾਂਤ ਚੰਗੇ ਵਕੀਲਾਂ ਵਾਲਾ ਹੈ। ਜੇ ਤੁਸੀਂ ਜੱਜ ਹੋ ਤਾਂ ਤੁਹਾਡੇ ਕੋਲ ਉਸ ਦੀ ਦਲੀਲ ਮੰਨੇ ਬਿਨਾ ਹੋਰ ਕੋਈ ਚਾਰਾ ਨਹੀਂ। ਉਸ ਦੇ ਪਾਤਰਾਂ ਦੇ ਸ਼ੌਕ ਨਿਰਾਲੇ ਹਨ। ਇਕ ਨੀਲਾ ਨਾਂ ਦਾ ਪਾਤਰ ਪਸ਼ੂ-ਪੰਛੀਆਂ ਤੇ ਜੰਗਲੀ ਜਾਨਵਰਾਂ ਦੇ ਬੋਲ ਬੋਲਣ ਜਾਂ ਆਟੇ ਵਾਲੀ ਚੱਕੀ ਦੀ ਟੂਹ ਟੂਹ ਉਚਾਰਨ ਦਾ ਏਨਾ ਮਾਹਿਰ ਹੈ ਕਿ ਚੱਕੀ ਦੇ ਚਲਦੇ ਹੋਣ ਦੀ ਅਵਾਜ਼ ਸੁਣ ਕੇ ਕੋਈ ਪ੍ਰਾਣੀ ਆਪਣਾ ਜ਼ਰੂਰੀ ਕੰਮ ਛੱਡ ਕੇ ਦਾਣਿਆਂ ਦੀ ਬੋਰੀ ਚੁੱਕ ਕੇ ਚੱਕੀ ਉਤੇ ਪਹੁੰਚਦਾ ਹੈ ਤਾਂ ਉਸ ਦੀ ਨਿਰਾਸ਼ਾ ਦਾ ਕੋਈ ਅੰਤ ਨਹੀਂ ਰਹਿੰਦਾ, ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਕਈ ਦਿਨਾ ਤੋਂ ਬੰਦ ਪਈ ਚੱਕੀ ਤਾਂ ਹਾਲੀ ਵੀ ਠੀਕ ਨਹੀਂ ਹੋਈ। ਮਾਯਿਆਂ ਕੋਲੋਂ ਕੁੱਟ ਪੈਂਦੀ ਹੈ ਤਾਂ ਨੀਲਾ ਘਰੋਂ ਭੱਜ ਕੇ ਕਿਸੇ ਸਰਕਸ ਵਾਲੇ ਦਾ ਨੌਕਰ ਜਾ ਲਗਦਾ ਹੈ।

ਉਥੇ ਜਦੋਂ ਉਹ ਸਰਕਸ ਦੇ ਚੱਕਰ ਕੱਟ ਰਹੇ ਚੰਡੋਲ ਦੇ ਜੰਗਲੀ ਬੂਟਿਆਂ ਵਿਚੋਂ ਪਸ਼ੂ-ਪੰਛੀਆਂ ਦੀਆਂ ਅਵਾਜ਼ਾਂ ਕੱਢ ਕੇ ਦਰਸ਼ਕਾਂ ਤੇ ਸਰੋਤਿਆਂ ਨੂੰ ਨਿਹਾਲ ਕਰਦਾ ਹੈ ਤਾਂ ਸਰਕਸ ਵਾਲੇ ਨੂੰ ਮਾਲਾ-ਮਾਲ ਕਰ ਦਿੰਦਾ ਹੈ। ਇਹੀਓ ਸਰਕਸ ਨੀਲਾ ਦੇ ਜੱਦੀ ਪਿੰਡ ਪਹੁੰਚਦਾ ਹੈ ਤਾਂ ਪਿੰਡ ਵਾਲੇ ਨੀਲਾ ਨੂੰ ਸਰਕਸ ਦਾ ਸਭ ਤੋਂ ਹਰਮਨ



ਜੋਗਿੰਦਰ ਸਿੰਘ ਤੂਰ

ਪਿਆਰਾ ਪਾਤਰ ਦੇਖ ਕੇ ਅਚੰਭਤ ਹੁੰਦੇ ਹਨ ਤੇ ਉਸ ਉਤੇ ਮਾਣ ਵੀ ਕਰਦੇ ਹਨ।

ਤੂਰ ਦੇ ਜਾਣੇ ਪਛਾਣੇ ਤੇ ਵੇਖੇ ਸੁਣੇ ਪਾਤਰਾਂ ਦੇ ਬੁੱਲ੍ਹ ਕਿੰਨੇ ਵੀ ਸੀਤੇ ਹੋਣ, ਅੱਖਾਂ ਸਭ ਕੁਝ ਵੇਖਦੀਆਂ ਤੇ ਦਸਦੀਆਂ ਹਨ। 'ਆਸਰਾ' ਸਿਰਲੇਖ ਵਾਲੀ ਕਹਾਣੀ ਦਾ ਨਾਇਕ ਜਲਾਲੁਦੀਨ 1947 'ਚ ਮੁਸਲਮਾਨਾਂ ਦੀ ਵੱਢ ਟੁੱਕ ਸਮੇਂ ਆਪਣੀ ਜਾਨ ਬਚਾਉਣ ਖਾਤਰ ਆਪਣੇ ਘਰ ਨੂੰ ਤਾਲਾ ਮਾਰ ਕੇ ਕਿਸੇ ਮੁਸਲਿਮ ਬਹੁਗਿਣਤੀ ਵਾਲੇ ਸ਼ਹਿਰ ਕਿਰਾਏ ਦੇ ਮਕਾਨ ਵਿਚ ਰਹਿਣ ਲਗਦਾ ਹੈ। ਉਥੇ ਰਹਿੰਦਿਆਂ ਉਹ ਆਪਣਾ ਅਮੀਰੀ ਸ਼ੌਕ ਪਾਲਣ ਲਈ ਇੱਕ ਬਾਜ ਪਾਲ ਕੇ ਉਸ ਦੇ ਨਖਰੇ ਸਹਿੰਦਾ ਹੈ। ਉਧਰ ਸਮੇਂ ਦੀ ਸਰਕਾਰ ਉਸ ਦੀ ਜੱਦੀ ਤੇ ਸ਼ਾਹੀ ਕੋਠੀ ਕਿਸੇ ਸ਼ਰਨਾਰਥੀ ਨੂੰ ਅਲਾਟ ਕਰ ਦਿੰਦੀ ਹੈ ਤੇ ਉਸ ਨੂੰ ਮਜਬੂਰੀ ਬੱਸ ਕਿਰਾਏ ਵਾਲੀ ਛੋਟੀ ਕੋਠੀ ਵਿਚ ਹੀ ਰਹਿਣਾ ਪੈਂਦਾ ਹੈ। ਉਹ ਆਪਣੇ ਸ਼ਾਹੀ ਪਿਛੋਕੜ ਦੀ ਸੂਹ ਤੱਕ ਨਹੀਂ ਲੱਗਣ ਦਿੰਦਾ ਭਾਵੇਂ ਉਸ ਦਾ ਸ਼ਾਹੀ ਸ਼ੌਕ ਉਸ ਦਾ ਪਿੱਛਾ ਨਹੀਂ ਛੱਡਦਾ। ਉਹ ਉਦੋਂ ਤੱਕ ਆਪਣੇ ਮਹਿਲ ਮਾੜੀਆਂ, ਰਾਜ, ਭਾਗ ਤੇ ਫੌਜਾਂ ਲਈ, ਝੂਰਦਾ ਰਹਿੰਦਾ ਹੈ, ਜਦੋਂ ਤੱਕ ਉਸ ਨੂੰ ਏਸ ਘਰ ਦੇ ਸਾਹਮਣੇ ਵਾਲੇ ਕਿਉੜੇ ਦੇ ਬਾਗ ਵਾਲੇ ਆਦਮ ਕੱਦ ਬੂਟੇ ਉਸ ਦੀ ਜੱਦੀ ਪੁਸ਼ਤੀ ਫੌਜ ਦਾ ਸਰੂਪ ਨਹੀਂ ਧਾਰ ਲੈਂਦੇ। ਤੇਜ ਹਵਾ ਵਿਚ ਉਨ੍ਹਾਂ ਦੇ ਮੁੜ ਮੁੜ ਝੁਕਣਾ ਤੇ ਉੱਠ ਖਲੋਣ ਵਿਚੋਂ ਉਸ ਨੂੰ ਸ਼ਾਹੀ ਸਲੂਟ ਵਾਲਾ ਅਨੰਦ ਆਉਣ ਲੱਗ ਜਾਂਦਾ ਹੈ। ਏਥੋਂ ਤੱਕ ਕਿ ਜਦੋਂ ਉਸ ਦੇ ਬੇਟੇ ਨੂੰ ਬਹੁਤ ਵੱਡਾ ਬੰਗਲਾ ਅਲਾਟ ਹੋ ਜਾਂਦਾ ਹੈ ਤਾਂ ਉਹ ਆਪਣੇ ਬਾਜ ਤੇ ਕਿਉੜੇ ਦੇ ਸਲੂਟਾਂ ਨੂੰ ਤਿਆਗ ਕੇ ਉਸ ਬੰਗਲੇ ਵਿਚ ਜਾਣ ਤੋਂ ਮੁਨਕਰ ਹੋ ਜਾਂਦਾ ਹੈ।

ਪੰਜਾਬੀ ਦੇ ਕਥਾ ਜਗਤ ਵਿਚ 'ਘਟਨਾਵਾਂ 'ਤੇ ਆਧਾਰਤ ਕਹਾਣੀਆਂ ਦਾ ਤਾਂ ਕੋਈ ਅੰਤ ਨਹੀਂ, ਪਰ ਤੂਰ ਆਪਣੀ 'ਆਸਰਾ' ਨਾਂ ਦੀ ਕਹਾਣੀ ਵਿਚ ਖਾਨਦਾਨੀ ਪਰੰਪਰਾ ਦਾ ਚਿਤੇਰਾ ਹੋ ਨਿਬੜਦਾ ਹੈ। ਉਸ ਦਾ ਇਹ ਵਾਲਾ ਗੁਣ 'ਆਰਜ਼ੀ ਹਲੀਮੀ', 'ਬੇਲੋੜਾ ਦਾਜ', 'ਨਵਾਂ ਟੈਲੀਫੋਨ', 'ਪੁੱਤਰਾਂ ਦਾ ਮੋਢਾ' 'ਸਾਵਾਂ ਦਰਦ' ਆਦਿ ਬਾਕੀ ਕਹਾਣੀਆਂ ਉੱਤੇ ਵੀ ਏਨਾ ਹੀ ਢੁਕਦਾ ਹੈ। 'ਅੱਖਾਂ ਖੁੱਲ੍ਹੀਆਂ ਬੁੱਲ੍ਹ ਸੀਤੇ' ਲੋਕਗੀਤ ਪ੍ਰਕਾਸ਼ਨ ਵਲੋਂ ਛਪੀ ਪੁਸਤਕ ਦੀ ਕਥਾਕਾਰੀ ਦਾ ਮੇਰੇ ਵਲੋਂ ਉਚੇਚਾ ਸਵਾਗਤ ਹੈ। ਇਸ ਲਈ ਵੀ ਕਿ ਇਹ ਪੁਸਤਕ ਸਾਡੇ ਬਹੁਤ ਪਿਆਰੇ ਤੇ ਸਾਂਝੇ ਮਿੱਤਰ ਗੋਬਿੰਦ ਠੁਕਰਾਲ ਨੂੰ ਸਮਰਪਿਤ ਹੈ।

**ਚਿੱਠੀ-ਪੱਤਰਾਂ ਦਾ ਮਰਸੀਆ:** ਮੈਂ ਆਪਣੇ ਜੀਵਨ ਵਿਚ ਸਮਾਚਾਰ ਪੱਤਰਾਂ ਦੇ ਐਤਵਾਰੀ ਅੰਕਾਂ ਦੇ ਹੱਥੋਂ 'ਪ੍ਰੀਤ ਲੜੀ', 'ਪੰਜ ਦਰਿਆ' 'ਫੁਲਵਾੜੀ' 'ਲੋਕ ਸਾਹਿਤ' ਆਦਿ ਉੱਘੇ ਸਾਹਿਤਕ ਰਸਾਲਿਆਂ ਦੀ ਹਤਿਆ ਵੀ ਤੱਕੀ ਹੈ, ਬਿਜਲਈ ਮੀਡੀਆ ਦੇ ਹੱਥੋਂ ਸਮਾਚਾਰ ਪੱਤਰਾਂ ਦਾ ਕਤਲ ਵੀ ਤੱਕਿਆ ਹੈ; ਪਰ ਜੋ ਦੁਰਦਸ਼ਾ ਟੈਲੀਫੋਨਾਂ ਤੇ ਮੋਬਾਈਲਾਂ ਆਦਿ ਦੂਰ ਸੰਚਾਰ ਸਾਧਨਾਂ ਨੇ ਚਿੱਠੀ-ਪੱਤਰਾਂ ਦੀ ਕੀਤੀ ਹੈ, ਇਸ ਦੀ ਗੱਲ ਕਰਨਾ, ਕਿਸੇ ਜਿਉਂਦੀ ਜਾਗਦੀ ਵਿਧਾ ਦਾ ਮਰਸੀਆਂ ਪੜ੍ਹਨ ਤੋਂ ਘੱਟ ਨਹੀਂ। ਅੱਜ ਦੇ ਦਿਨ ਮਿਰਜ਼ਾ ਗਾਲਿਬ ਦੇ ਲਿਖੇ ਖ਼ਤਾਂ ਦਾ ਜ਼ਿਕਰ ਕਰਨਾ ਵੀ ਉਸ ਅਜ਼ੀਮ ਸ਼ਾਇਰ ਦੀਆਂ ਚਿੱਠੀਆਂ ਦਾ ਮਰਸੀਆਂ ਹੋ ਨਿਬੜਦਾ ਹੈ। ਪੰਜਾਬੀ ਭਾਸ਼ਾ ਵਿਚ ਮੇਰੇ ਸਮਕਾਲੀ ਕਰਮਜੀਤ ਸਿੰਘ ਦੀ ਪਤਨੀ ਪ੍ਰਿਤਪਾਲ ਕੌਰ ਨੇ ਪਤੀ ਵਲੋਂ ਲਿਖੇ ਖ਼ਤ ਸੰਭਾਲ ਕੇ ਨਾ ਰੱਖੇ ਹੁੰਦੇ ਤਾਂ ਕਰਮਜੀਤ ਨੇ ਵੀ ਲੋਕ ਚੇਤਿਆਂ ਵਿਚੋਂ ਸਦਾ ਲਈ ਖੁਰ ਜਾਣਾ ਸੀ। ਖ਼ਤ ਦਸਦੇ ਹਨ ਕਿ ਜੇ ਜਿਉਂਦੇ ਜੀਅ ਕਰਮਜੀਤ ਆਪਣੀ ਪਤਨੀ ਦਾ ਵਿਗੋਚਾ ਨਹੀਂ ਸਹਿ ਸਕਿਆ ਤਾਂ ਉਸ ਦੇ ਤੁਰ ਜਾਣ ਤੋਂ ਪਿੱਛੋਂ ਉਸ ਦੀ ਜੀਵਨ ਸਾਥਣ ਵੀ ਬਾਦ ਵਿਚ ਘੱਟ ਵਿਆਕੁਲ ਨਹੀਂ। ਇਨ੍ਹਾਂ ਚਿੱਠੀਆਂ ਨੂੰ 2020 ਵਿਚ ਛਾਪਦੇ ਸਮੇਂ ਪ੍ਰਿਤਪਾਲ ਵਲੋਂ ਹੇਠ ਲਿਖੇ ਸ਼ਬਦ ਇਸ ਦੀ ਪੁਸ਼ਟੀ ਕਰਦੇ ਹਨ,

"ਤੈਨੂੰ ਗਏ ਨੂੰ 39 ਸਾਲ ਹੋ ਗਏ ਨੇ ਤੇ ਮੈਂ ਤੇਰੇ ਵਿਯੋਗ ਵਿਚ ਬੁੱਢੀ ਹੋ ਗਈ ਹਾਂ, ਨਿਕਾਰੀ ਜਿਹੀ। ਹੁਣ ਤੇਰੀਆਂ ਚਿੱਠੀਆਂ ਹੀ ਮੇਰੀ ਸਿਮਰਨੀ, ਤੇਰਾ ਨਾਮ ਮੇਰੀ ਰਸਨਾ ਦਾ ਜਾਪ ਤੇ ਉਨ੍ਹਾਂ ਵਿਚਲਾ ਹਰ ਸ਼ਬਦ ਮੇਰੇ ਸਵਾਸ ਸਵਾਸ ਵਿਚ ਰਸਿਆ ਹੋਇਆ ਹੈ।"

ਮੈਂ ਕਰਮਜੀਤ ਸਿੰਘ ਨੂੰ ਕਦੀ ਨਹੀਂ ਮਿਲਿਆ, ਪਰ 'ਲਿਖਤੁਮ ਕਰਮਜੀਤ' ਦਾ ਪਾਠ ਦੱਸਦਾ ਹੈ ਕਿ ਛੋਟੀ ਉਮਰੇ ਤੁਰ ਜਾਣ ਵਾਲੇ ਇਸ ਜਿਉੜੇ ਦੀਆਂ ਆਪਣੀ ਧਰਮ ਪਤਨੀ ਨੂੰ ਲਿਖੀਆਂ ਚਿੱਠੀਆਂ ਵਿਚ ਏਨਾ ਨਿੱਘ ਤੇ ਦਮ ਸੀ ਕਿ ਇਸ ਦੀਆਂ ਚਾਰ ਐਡੀਸ਼ਨਾਂ ਛਪ ਚੁਕੀਆਂ ਹਨ। ਬਿਜਲਈ ਸੰਚਾਰ ਨਾਂ ਹੱਥੋਂ ਕਤਲ ਹੋਈ ਚਿੱਠੀ-ਪੱਤਰ ਵਿਧੀ ਦੇ ਏਨੇ ਪਿਆਰ ਨਾਲ ਪੜ੍ਹਿਆ ਜਾਣਾ ਅਲੌਕਿਕ ਗੱਲ ਹੈ।

**ਅੰਤਿਕਾ: ਗੁਰਚਰਨ ਕੌਰ ਕੋਚਰ**

ਜਿਉਂ ਜਿਉਂ ਹਾਂ ਮੈਂ ਪੜ੍ਹਦੀ ਜਾਂਦੀ
ਅੱਖਾਂ ਵਿਚ ਭਰ ਜਾਏ ਖੁਮਾਰੀ,
ਪਿਆਰੇ ਸੱਜਣ ਦੀ ਚਿੱਠੀ ਦਾ
ਇੱਕ ਇੱਕ ਲਫਜ਼ ਨਸ਼ਾ ਦਿੰਦਾ ਹੈ।

# ਪੰਜਾਬੀ ਸਾਹਿਤ ਸਭਾ ਦੀ ਕਵਿਤਾ ਵਰਕਸ਼ਾਪ: ਇਕ ਸਮੀਖਿਆ

***ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਆਯੋਜਿਤ ਕਵਿਤਾ ਵਰਕਸ਼ਾਪ ਦਾ ਪਹਿਲਾ ਪੜਾਅ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋ ਗਿਆ ਹੈ। ਤੇਰਾਂ ਹਫਤੇ ਨਿਰੰਤਰ ਆਨ ਲਾਈਨ ਚੱਲੀ ਇਸ ਵਰਕਸ਼ਾਪ ਦੌਰਾਨ ਤੇਰਾਂ ਸ਼ਾਇਰਾਂ ਦੀਆਂ ਛੱਬੀ ਰਚਨਾਵਾਂ-ਕਵਿਤਾਵਾਂ ਤੇ ਗਜ਼ਲਾਂ ਵਿਚਾਰੀਆਂ ਗਈਆਂ। ਇਨ੍ਹਾਂ ਵਿਚੋਂ ਨੌਂ ਸ਼ਾਇਰ-ਤਾਰਾ ਸਿੰਘ ਸਾਗਰ, ਦਵਿੰਦਰਪਾਲ ਸਿੰਘ ਭੱਟੀ, ਗਗਨ ਮਾਹਲ ਸੁਲਤਾਨਵਿੰਡ, ਹਰਜੀਤ ਸਿੰਘ ਹਠੂਰ, ਦਲਜਿੰਦਰ ਸਹੋਤਾ, ਹਰਪ੍ਰੀਤ ਕੌਰ ਧੂਤ, ਕੁਲਵੰਤ ਸਿੰਘ ਸੇਖੋਂ, ਮਨਦੀਪ ਗੋਰਾ ਅਤੇ ਪ੍ਰੋ. ਹਰਭਜਨ ਸਿੰਘ ਕੈਲੀਫੋਰਨੀਆ ਦੇ ਅਲੱਗ ਅਲੱਗ ਸ਼ਹਿਰਾਂ ਵਿਚ ਵਸਦੇ ਹਨ। ਬਾਕੀ ਚਾਰ ਸ਼ਾਇਰ-ਦਰਸ਼ਨ ਬੁਲੰਦਵੀ ਤੇ ਡਾ. ਮਹਿੰਦਰ ਗਿੱਲ ਇੰਗਲੈਂਡ; ਨਰਿੰਦਰ ਬਾਈਆ ਅਰਸ਼ੀ ਕੈਨੇਡਾ ਅਤੇ ਸੁਰਿੰਦਰ ਸੋਹਲ ਨਿਊ ਯਾਰਕ ਵਿਚ ਰਹਿੰਦੇ ਹਨ। ਇਸ ਵਰਕਸ਼ਾਪ ਵਿਚ ਕਵਿਤਾ ਦੇ ਪਾਰਖੂ ਵਿਦਵਾਨਾਂ ਤੇ ਆਲੋਚਕਾਂ-ਡਾ. ਜਸਵਿੰਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਡਾ. ਮਨਜਿੰਦਰ ਸਿੰਘ, ਡਾ. ਮਨਜੀਤ ਕੌਰ ਸੰਧੂ, ਡਾ. ਜਸਵਿੰਦਰ ਸਿੰਘ ਸੈਣੀ ਅਤੇ ਅਮਰਜੀਤ ਚਾਹਲ ਦੇ ਸੁਝਾਵਾਂ, ਵਿਚਾਰਾਂ ਅਤੇ ਟਿੱਪਣੀਆਂ ਨੇ ਸ਼ਾਨਦਾਰ ਤੇ ਅਹਿਮ ਭੂਮਿਕਾ ਨਿਭਾਈ ਹੈ। ਕਰੋਨਾ ਵਰਗੀ ਭਿਆਨਕ ਤੇ ਜਾਨਲੇਵਾ ਮਹਾਮਾਰੀ ਦੇ ਇਸ ਦੌਰ ਵਿਚ ਇਹ ਸਾਹਿਤਕ ਸਰਗਰਮੀ ਬੇਹੱਦ ਸਾਰਥਕ ਤੇ ਬੇਮਿਸਾਲ ਰਹੀ ਹੈ। ਇਸ ਬਾਰੇ ਪ੍ਰਸਿੱਧ ਵਿਦਵਾਨ ਤੇ ਆਲੋਚਕ ਡਾ. ਧਨਵੰਤ ਕੌਰ (ਪ੍ਰੋਫੈਸਰ ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਇਕ ਸਮੀਖਿਆ ਲੇਖ ਇੱਥੇ ਪੇਸ਼ ਕਰ ਰਹੇ ਹਾਂ। -ਪ੍ਰੋ. ਹਰਭਜਨ ਸਿੰਘ***

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਵਲੋਂ ਨਿਵੇਕਲੇ ਅੰਦਾਜ਼ ਵਿਚ ਵਿਉਂਤੀ ਅਤੇ ਤੇਰਾਂ ਹਫਤਿਆਂ ਤੋਂ ਵੱਡੇ ਉਤਸ਼ਾਹ ਨਾਲ ਚੱਲੀ ਕਵਿਤਾ ਵਰਕਸ਼ਾਪ ਸੰਪੰਨ ਹੋ ਗਈ ਹੈ। ਕਰੋਨਾ-ਕਾਲ ਵਿਚ ਬੁਰੀ ਤਰ੍ਹਾਂ ਸਥਗਿਤ ਹੋਈ ਜ਼ਿੰਦਗੀ ਵਿਚ ਨਿਰਸੰਦੇਹ ਇਸ ਵਰਕਸ਼ਾਪ ਨੇ ਰਚਨਾਤਮਕ ਰੰਗ ਭਰੇ ਹਨ। ਕਵੀ ਦੀ ਰਚਨਾਤਮਕ ਨਬਜ਼ ਹਰ



ਡਾ. ਧਨਵੰਤ ਕੌਰ

ਦੌਰ ਵਿਚ ਆਪਣੇ ਜੋਗੇ ਸਾਹ, ਆਪਣੇ ਜੋਗੇ ਰਾਹ ਕਿਵੇਂ ਤਲਾਸ਼ ਲੈਂਦੀ ਹੈ, ਇਸ ਦੀ ਇਕ ਉਮਦਾ ਮਿਸਾਲ ਬਣੀ ਹੈ, ਇਹ ਆਨਲਾਈਨ ਕਵਿਤਾ ਵਰਕਸ਼ਾਪ। ਅਣਕਿਆਸੇ ਢੰਗਾਂ ਨਾਲ ਠੱਲ੍ਹੇ ਹੋਏ ਸਮਕਾਲ ਵਿਚ, ਸੈਂਟਰਲ ਵੈਲੀ ਦਾ ਇਹ ਉਪਰਾਲਾ ਬੇਹੱਦ ਕਾਮਯਾਬ ਹੀ ਨਹੀਂ ਰਿਹਾ, ਇਕ ਸੰਜੀਦਾ ਸਰਗਰਮੀ ਦਾ ਪ੍ਰਮਾਣ ਵੀ ਬਣਿਆ ਹੈ।

ਦੀਨ ਦੁਨੀਆਂ ਦੇ ਵਰਤਾਰਿਆਂ ਨੂੰ ਅਨੁਭਵੀ ਸ਼ਿੱਦਤ ਅਤੇ ਵਿਵੇਕ ਨਾਲ ਪ੍ਰਤੱਖਣ ਅਤੇ ਬਿਹਤਰ ਜ਼ਿੰਦਗੀ ਦਾ ਤਸੱਵਰ ਦੇਣ ਵਾਲੇ ਕਵੀਆਂ ਦੀਆਂ ਰਚਨਾਵਾਂ ਉਡੀਕਦਿਆਂ, ਪੜ੍ਹਦਿਆਂ, ਸਮਝਦਿਆਂ, ਮਾਣਦਿਆਂ ਪਿਛਲੇ ਸੌ ਦਿਨ ਕਿਵੇਂ ਬੀਤ ਗਏ, ਪਤਾ ਹੀ ਨਹੀਂ ਲੱਗਾ। ਜਾਗਦੀਆਂ ਜ਼ਮੀਰਾਂ ਦੇ ਜਲੌਅ ਅਤੇ ਜੁਰਅਤਾਂ ਦੇ ਜਾਨਦਾਰ ਅਤੇ ਸ਼ਾਨਦਾਰ ਪ੍ਰਗਟਾਅ ਕਾਵਿ ਬੋਲਾਂ ਵਿਚੋਂ ਹੀ ਨਹੀਂ, ਕਾਵਿਕ ਹੁੰਗਾਰਿਆਂ ਵਿਚੋਂ ਵੀ ਵੇਖਣ ਨੂੰ ਮਿਲੇ। ਬਹੁਤ ਹੀ ਖ਼ੂਬਸੂਰਤ, ਭਾਵਪੂਰਤ ਸ਼ਬਦਾਂ ਅਤੇ ਅਰਥਮਈ ਸੰਰਚਨਾਵਾਂ ਵਿਚ ਬੱਝੀਆਂ ਕੁਝ ਕਾਵਿ ਸਤਰਾਂ, ਜਿਨ੍ਹਾਂ ਦੀ ਬਦੌਲਤ ਇਸ ਵਰਕਸ਼ਾਪ ਵਿਚ ਹਿੱਸਾ ਲੈਣ ਵਾਲੇ ਕਵੀਆਂ ਦੀ ਪਛਾਣ ਹਮੇਸ਼-ਹਮੇਸ਼ ਲਈ ਮੇਰੇ ਮਨ ਵਿਚ ਗੂੜ੍ਹੀ ਤੇ ਪੱਕੀ ਹੋ ਗਈ, ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹਾਂਗੀ:

1. ਉਠੋ ਕਲਮਾਂ ਵਾਲਿਓ! ਕੋਈ ਰਾਹ ਲੱਭੀਏ
   ਜ਼ਾਲਮ ਜੁੰਡਲੀ
   ਚੜ੍ਹ ਗਈ ਹੈ ਬਹੁਤੀ ਭੂਹੇ।
   (ਤਾਰਾ ਸਿੰਘ ਸਾਗਰ)

2. ਕੀ ਪਰਦੇਸ ਇਕ ਪੰਨਾ ਹੈ
   ਕਿਸੇ ਖੁੱਲ੍ਹੀ ਹੋਈ ਕਿਤਾਬ ਦਾ,
   ਜਾਂ ਫਿਰ ਕੋਈ ਕਬੀਲਾ ਹੈ
   'ਦਵਿੰਦਰ' ਦੇ ਦੇਸ ਪੰਜਾਬ ਦਾ।
   (ਦਵਿੰਦਰਪਾਲ ਭੱਟੀ)

3. ਆਣ 'ਤੇ ਹੱਸਣ,
   ਜਾਣ 'ਤੇ ਮਾਤਮ ਕਰਦੇ ਨੇ
   ਉਹ ਜੋ ਕਹਿੰਦੇ ਦੁਨੀਆਂ
   ਆਣੀ-ਜਾਣੀ ਹੈ। (ਗਗਨ ਮਾਹਲ)

4. ਇਸ ਗੁਜਰੇ ਸਾਉਣ ਪਿਛੋਂ,
   ਜੋ ਤ੍ਰੇੜਾਂ ਧੁੱਪਾਂ ਨੇ ਪਾਈਆਂ,
   ਕਦੇ ਕਦੇ ਲਗਦਾ ਇਸ ਤਰ੍ਹਾਂ
   ਜਿਵੇਂ ਬੁੱਲ੍ਹ ਟੁਕਦੀਆਂ ਛੱਤਾਂ।
   (ਹਰਜੀਤ ਸਿੰਘ ਹਠੂਰ)

5. ਮੇਰੇ ਮਗਰੋਂ ਗਜ਼ਲ ਵਿਚ
   ਇਉਂ ਮੇਰੇ ਬੋਲ ਗੂੰਜਣਗੇ,
   ਸਮੁੰਦਰ ਸੰਖ ਵਿਚੋਂ ਦੀ ਜਿਉਂ
   ਸੁਣਦੇ ਖੋਲਦਾ ਹੋਇਆ।
   (ਸੁਰਿੰਦਰ ਸੋਹਲ)

6. ਹਉ ਪਰੇ ਤੂੰ ਚੱਲ ਕੁੜੇ
   ਟੱਬਰ ਆ'ਜੂ ਪਿੱਛੇ ਪਿੱਛੇ।
   (ਦਲਜਿੰਦਰ ਸਹੋਤਾ)

7. ਉਸ ਨੇ ਤੇਰਿਆਂ ਮੋਢਿਆਂ ਦਾ
   ਭਾਰ ਹੌਲਾ ਕੀ ਕਰਨਾ ਏ,
   ਉਸ ਦਾ ਤੇ ਆਪਣਾ ਆਪ ਹੀ
   ਉਸ 'ਤੇ ਭਾਰੀ ਹੈ।
   (ਹਰਪ੍ਰੀਤ ਕੌਰ ਧੂਤ)

8. ਮੈਂ ਆਖਦਾਂ,
   ਤੂੰ ਆਪਣੇ ਸ਼ਾਸਤਰਾਂ 'ਚੋਂ ਬੋਲ
   ਮੈਂ ਆਪਣੇ ਗੀਤ ਨਾਲ ਮੁਖਾਤਬ ਹੋਵਾਂਗਾ।
   (ਦਰਸ਼ਨ ਬੁਲੰਦਵੀ)

9. ਫਸਲਾਂ ਦੇ ਜਦ ਹੋਏ ਉਜਾੜੇ
   ਆਪਣੀ ਚੁੱਪ ਵੀ ਦੋਸ਼ੀ ਸੀ,
   ਆਪਣੇ ਮੂੰਹੋ ਬੜ੍ਹਕ ਨਾ ਨਿਕਲੀ
   ਨਾ ਅਸੀਂ ਮਾਰੀ ਤਾੜੀ।
   (ਕੁਲਵੰਤ ਸਿੰਘ ਸੇਖੋਂ)

10. ਚਿਰਾਗਾਂ 'ਚ ਉਲਫਤ
    ਦਾ ਹੀ ਤੇਲ ਪਾਓ।
    ਇਹ ਨਫਰਤ ਦਾ ਨ੍ਹੇਰਾ ਹੈ,
    ਏਦਾਂ ਮਿਟਾਓ। (ਮਨਦੀਪ ਗੋਰਾ)

11. ਆਲਮ ਚੁੱਪ ਚਾਪ, ਦ੍ਰਵ ਹੋਇਆ
    ਆਪੇ ਨਾਲ ਕਰਦਾ ਸੰਵਾਦ।
    (ਡਾ. ਮਹਿੰਦਰ ਗਿੱਲ)

12. ਹੁੰਦਾ ਨਹੀਂ ਜ਼ਰਾ ਵੀ
    ਤਕਦੀਰ ਦਾ ਮਹੱਤਵ
    ਹਿੰਮਤ ਬੁਲੰਦ ਹੋਵੇ
    ਹਰ ਕਾਮਯਾਬ ਅੰਦਰ।
    (ਨਰਿੰਦਰ ਅਰਸ਼ੀ)

13. ਮੈਂ ਤਾਂ ਮਰ ਕੇ ਵੀ ਜੀਆਂਗਾ
    ਹੈ ਤਸੱਵਰ ਮੇਰਾ,
    ਇਕ ਮੌਤ ਨਾਲ ਮਰ ਗਏ ਜੋ
    ਉਹ ਹੋਰ ਹੋਣਗੇ।
    (ਪ੍ਰੋ. ਹਰਭਜਨ ਸਿੰਘ)

ਸਮਕਾਲ ਦੇ ਵਰਤਾਰਿਆਂ ਦਾ, ਸਮਕਾਲ ਵਿਚ ਮਨੁੱਖੀ ਹੋਂਦ ਦੀ ਬਿਰਤਾ ਅਸਥਿਰਤਾ ਦਾ ਹੀ ਨਹੀਂ, ਮਨੁੱਖ ਹੋਣ ਦੇ ਨਾਤੇ ਸਾਡੇ ਸਰਬਕਾਲੀ ਦਾਇਰਵ ਦੇ ਇਸ ਤੋਂ ਵਧੀਆ ਪ੍ਰਗਟਾਵੇ ਕੀ ਹੋ ਸਕਦੇ ਹਨ? ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਇਕ-ਇਕ ਸ਼ਿਅਰ ਸਾਨੂੰ ਸਮਕਾਲ ਵਿਚ ਸਾਡੇ 'ਹੋਣ' ਦੇ ਅਰਥ ਅਤੇ ਮੰਤਵ ਸਮਝਾ ਰਿਹਾ ਹੈ।

ਇਸ ਕਵਿਤਾ ਵਰਕਸ਼ਾਪ ਦਾ ਮਨੋਰਥ, 'ਸਿਰਜਨਾਤਮਕ ਮਾਹੌਲ ਸਿਰਜਣਾ ਅਤੇ ਕਾਵਿਕ ਰਚਨਾਵਾਂ ਨੂੰ ਪ੍ਰੋਤਸਾਹਿਤ ਕਰਨਾ ਹੈ।' ਇਸ ਲਿਹਾਜ਼ ਨਾਲ ਵੇਖੀਏ ਤਾਂ ਕਵਿਤਾ ਦੇ ਰਸਿਕ ਪਾਠਕਾਂ ਅਤੇ ਸਮਰੱਥ ਪਾਰਖੂਆਂ ਦੇ ਹੁੰਗਾਰਿਆਂ ਨੇ ਕਵੀਆਂ ਨੂੰ ਜ਼ਰੂਰ 'ਉਤਸ਼ਾਹਿਤ ਤੇ ਪ੍ਰੋਤਸਾਹਿਤ' ਕੀਤਾ ਹੋਵੇਗਾ।

ਵਰਕਸ਼ਾਪ ਰਾਹੀਂ ਸਿਰਜੀ ਸਾਹਿਤਕ ਸੱਥ ਵਿਚ ਅਮਰਜੀਤ ਚਾਹਲ, ਦਵਿੰਦਰ ਪਾਲ, ਨਰਿੰਦਰ ਬਾਈਆ, ਸੁਰਿੰਦਰ ਸੋਹਲ, ਦਰਸ਼ਨ ਬੁਲੰਦਵੀ, ਡਾ. ਜਸਵਿੰਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਡਾ. ਮਨਜਿੰਦਰ ਸਿੰਘ, ਪ੍ਰੋ. ਹਰਭਜਨ ਸਿੰਘ, ਡਾ. ਮਨਜੀਤ ਕੌਰ ਸੰਧੂ, ਡਾ. ਮਹਿੰਦਰ ਗਿੱਲ ਅਤੇ ਡਾ. ਜਸਵਿੰਦਰ ਸਿੰਘ ਸੈਣੀ ਨੇ ਪਾਰਖੂਆਂ ਵਾਲਾ ਰੋਲ ਬੇਹੱਦ ਜ਼ਿੰਮੇਵਾਰੀ ਅਤੇ ਸੰਜੀਦਗੀ ਨਾਲ ਨਿਭਾਉਂਦਿਆਂ ਜੋ ਸਿਰਜਣਾਤਮਕ ਮਾਹੌਲ ਸਿਰਜਿਆ, ਉਹ ਕਵੀਆਂ ਅਤੇ ਕਵਿਤਾ ਦੇ ਪਾਠਕਾਂ-ਦੋਹਾਂ ਲਈ ਲਾਹੇਵੰਦ ਹੋਵੇਗਾ, ਇਹ ਮੇਰਾ ਵਿਸ਼ਵਾਸ ਹੈ।

ਇਸ ਵਰਕਸ਼ਾਪ ਦੀ ਸੰਚਾਲਕ ਟੀਮ ਦੇ ਯਤਨਾਂ ਸਦਕਾ ਇਹ ਵਰਕਸ਼ਾਪ ਸੇਧਿਤ ਅਤੇ ਜ਼ਬਤ ਵਿਚ ਰਹੀ, ਇਸ ਲਈ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ, ਪਰ ਇਸ ਵਰਕਸ਼ਾਪ ਵਿਚ ਹਿੱਸਾ ਲੈਣ ਵਾਲੇ ਕਵੀਆਂ, ਵਿਦਵਾਨਾਂ, ਪਾਠਕਾਂ ਦੀ ਸੰਜੀਦਗੀ ਅਤੇ ਦਿਲਚਸਪੀ ਨੇ ਜੋ ਮਾਹੌਲ ਸਿਰਜਿਆ, ਉਸ ਦੇ ਦੋ ਪਸਾਰ ਬੇਹੱਦ ਦਿਲਚਸਪ ਤੇ ਜਰਖੇਜ਼ ਹਨ। ਪਹਿਲਾ ਹੈ, ਸ਼ਿਅਰ ਤੇ ਨਜ਼ਮਾਂ ਦੇ ਰੂਪ ਵਿਚ ਦਰਜ ਹੋਏ ਸਿਰਜਣਾਤਮਕ ਹੁੰਗਾਰੇ ਅਤੇ ਦੂਜਾ ਹੈ, ਪੜ੍ਹਤ ਦੇ ਸੁਆਲ। ਹੁੰਗਾਰਿਆਂ ਦੇ ਰੂਪ ਵਿਚ ਸੁੱਝੇ ਸ਼ਿਅਰ, ਬਿਹਤਰੀ ਲਈ ਦਿੱਤੇ ਸੁਝਾਅ ਹੀ ਨਹੀਂ, ਸ਼ਿਅਰਾਂ ਦੀਆਂ ਕਮਜ਼ੋਰੀਆਂ, ਤਰੁੱਟੀਆਂ ਨੂੰ ਰੁਖਸਤ ਕਰਨ ਲਈ ਅਪਨਾਇਆ ਹਾਂ-ਮੁਖੀ ਰਵੱਈਆ ਵੀ ਸ਼ਲਾਘਾਯੋਗ ਹੈ।

ਸਿੱਖਣ/ਸਿਖਾਉਣ ਦੇ ਲਿਹਾਜ਼ ਨਾਲ ਵਿਚਾਰੀਏ, ਤਾਂ ਇਸ ਵਰਕਸ਼ਾਪ ਵਿਚ ਹਿੱਸਾ ਲੈਣ ਵਾਲਿਆਂ ਵੱਲੋਂ ਉਠਾਏ ਸੁਆਲ ਹੀ ਨਹੀਂ, ਸੁਝਾਏ ਜੁਆਬ ਵੀ ਸੰਵਾਦ ਦੇ ਸਿਲਸਿਲੇ ਨੂੰ ਸਹੀ ਦਿਸ਼ਾ ਵਲ ਤੋਰਨ ਵਾਲੇ ਸਨ। ਡਾ. ਮਹਿੰਦਰ ਗਿੱਲ ਦੀ ਕਵਿਤਾ ਵਿਚ 'ਘਾਹ ਤੇ ਦਾਤੀ' ਦੇ ਪ੍ਰਤੀਕ ਨੂੰ ਜਿਨ੍ਹਾਂ ਕੋਣਾਂ ਤੋਂ ਪੜ੍ਹਿਆ/ਵਿਚਾਰਿਆ ਗਿਆ, ਉਹ ਕਵੀਆਂ ਲਈ ਇਹ ਸੁਚੇਤਤਾ ਬਣਾ ਸਕਦਾ ਹੈ ਕਿ ਕਿਸੇ ਪਹਿਲਾਂ ਵਰਤੇ ਪ੍ਰਤੀਕ ਨੂੰ ਵਰਤਣ ਵੇਲੇ ਕੀ ਕੁਝ ਧਿਆਨ ਵਿਚ ਰੱਖਣਾ ਪੈਂਦਾ ਹੈ। ਗਜ਼ਲ ਬਾਰੇ ਚੱਲੀ ਬਹਿਸ ਨੇ ਤਾਂ ਬਹਿਰਾਂ, ਤੋਲ ਤੁਕਾਂਤਾਂ ਦੀ ਖੁੱਲ੍ਹ ਅਤੇ ਬੰਦਿਸ਼ ਬਾਰੇ ਭਰਵਾਂ ਸੰਵਾਦ ਰਚਾਇਆ। ਗਜ਼ਲ ਦੇ ਚਿੰਤਨ ਨੇ ਕਾਵਿ ਕਿਰਤ ਦੇ ਰਹੱਸ ਤੇ ਸੁਹਜ ਨੂੰ ਪੜ੍ਹਨ ਤੇ ਮਾਣਨ ਦੇ ਕਈ ਗੁਰ ਸਮਝਾਏ।

ਮੈਂ ਸਮਝਦੀ ਹਾਂ ਕਿ ਇਹ ਵਰਕਸ਼ਾਪ ਆਪਣੇ ਮੁਢਲੇ ਮੰਤਵਾਂ ਨੂੰ ਪਾਉਣ ਵਿਚ ਬੇਹੱਦ ਕਾਮਯਾਬ ਰਹੀ ਹੈ। ਇਸ ਵਿਚ ਪਾਠਕਾਂ ਦੇ ਹੁੰਗਾਰੇ ਵੀ ਸਨ, ਪਾਰਖੂਆਂ ਦੀ ਰਹਿਨੁਮਾਈ ਵੀ। ਸ਼ਾਲਾ! ਏਹ ਉਦਮ ਅੱਗੋਂ ਹੋਰ ਉਡਾਣ ਭਰਨ। ਮੈਂ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਨੂੰ ਇਸ ਸੰਜੀਦਾ ਅਤੇ ਉਸਾਰੂ ਮੰਚ ਉਸਾਰਨ ਅਤੇ ਏਨੀ ਉਤਸ਼ਾਹ ਵਰਧਕ ਸਰਗਰਮੀ ਦੀ ਸਫਲਤਾ ਲਈ ਵੱਡੀਆਂ ਮੁਬਾਰਕਾਂ ਦਿੰਦੀ ਹਾਂ ਅਤੇ ਇਸ ਸ਼ਾਨਦਾਰ ਵਰਕਸ਼ਾਪ ਨੂੰ ਜਾਰੀ ਰੱਖਣ ਲਈ ਸ਼ੁੱਭ ਇੱਛਾਵਾਂ ਭੇਜਦੀ ਹਾਂ।

# ਤਸੀਹਾ ਘਰ 'ਚ ਜ਼ਿੰਦਗੀ ਦਾ ਘੋਲ: ਲਾਈਫ ਇਜ਼ ਬਿਊਟੀਫੁਲ


## ਵਿਰਾਸਤ-ਏ-ਸਿਨੇਮਾ



**ਡਾ. ਕੁਲਦੀਪ ਕੌਰ**
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਰੋਬਰਤੋ ਬੀਨਾਈਨੀ ਦੀ ਫਿਲਮ 'ਲਾਈਫ ਇਜ਼ ਬਿਊਟੀਫੁਲ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਤਸੀਹਾ ਘਰਾਂ ਦੀ ਹਕੀਕਤ ਦੱਸੀ ਗਈ ਹੈ। -ਸੰਪਾਦਕ***

ਫਿਲਮ 'ਲਾਈਫ ਇਜ਼ ਬਿਊਟੀਫੁਲ' ਦੇ ਆਰੰਭ ਵਿਚ ਹੀ ਜਦੋਂ ਸੂਤਰਧਾਰ ਬੋਲਣਾ ਸ਼ੁਰੂ ਕਰਦਾ ਹੈ ਕਿ ਇਹ ਬੜੀ ਸਾਧਾਰਨ ਕਹਾਣੀ ਹੈ ਪਰ ਇਸ ਨੂੰ ਸੁਣਾਉਣਾ ਸਾਧਾਰਨ ਨਹੀਂ, ਤਾਂ ਕੋਈ ਹੈਰਾਨੀ ਨਹੀਂ ਹੁੰਦੀ। ਨਾਜ਼ੀ ਕੈਂਪ ਬਾਰੇ ਬਣੀ ਕੋਈ ਕਹਾਣੀ ਸਾਧਾਰਨ ਹੋ ਵੀ ਕਿਵੇਂ ਸਕਦੀ ਹੈ? ਫਿਲਮਸਾਜ਼ ਰੋਬਰਤੋ ਬੀਨਾਈਨੀ ਲਈ ਇਹ ਫਿਲਮ ਲਿਖਣੀ ਔਖੀ ਸੀ। ਫਿਲਮ ਦੇ ਮੁੱਖ ਕਿਰਦਾਰ ਦਾ ਰੋਲ ਫਿਲਮ ਵਿਚ ਤਾਂ ਔਖਾ ਸੀ ਹੀ, ਇਸ ਕਾਰਨ ਹੋਰ ਵੀ ਤਕਲੀਫਦੇਹ ਹੋ ਗਿਆ ਕਿ ਉਸ ਦੇ ਆਪਣੇ ਪਿਤਾ ਨੂੰ ਨਾਜ਼ੀ ਕੈਂਪਾਂ ਵਿਚ ਉਸ ਜ਼ਲਾਲਤ ਅਤੇ ਜ਼ੁਲਮਾਂ ਵਿਚੋਂ ਲੰਘਣਾ ਪਿਆ ਜਿਸ ਨੂੰ ਉਹ ਸਾਰੀ ਫਿਲਮ ਵਿਚ ਆਪਣੇ ਮੁੰਡੇ ਦੇ ਦਿਲੋ-ਦਿਮਾਗ ਤੋਂ ਲੁਕੋ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਫਿਲਮ ਦਾ ਸਕਰੀਨ ਪਲੇਅ ਰੁਬੀਨੋ ਰੋਮੀਓ ਸਲਮੋਨੀ ਦੀ ਕਿਤਾਬ 'ਇੰਨ ਦੀ ਐਂਡ, ਆਈ ਬੀਟ ਹਿਟਲਰ' ਤੋਂ ਪ੍ਰਭਾਵਿਤ ਹੈ। ਰੁਬੀਨੋ ਰੋਮੀਓ ਸਲਮੋਨੀ ਇਟਲੀ ਦਾ ਬੁੱਧੀਮਾਨ ਯਹੂਦੀ ਸੀ ਜਿਸ ਨੂੰ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਨਾਜ਼ੀ ਕੈਂਪ ਵਿਚ ਗੁਜ਼ਾਰਨੇ ਪਏ। ਬਾਅਦ ਵਿਚ ਬੇਸ਼ੱਕ ਉਹ ਬਚ ਕੇ ਆਪਣੇ ਪਰਿਵਾਰ ਵਿਚ ਵਾਪਸ ਆ ਗਿਆ ਪਰ ਉਸ ਨੂੰ ਤਾ-ਉਮਰ ਇਸ ਗੱਲ ਦਾ ਅਫਸੋਸ ਰਿਹਾ ਕਿ ਉਹ ਆਪਣੇ ਭਰਾਵਾਂ ਨੂੰ ਨਾਜ਼ੀਆਂ ਦੇ ਤਸ਼ੱਦਦ ਤੋਂ ਨਹੀਂ ਬਚਾ ਸਕਿਆ।





*ਫਿਲਮ 'ਲਾਈਫ ਇਜ਼ ਬਿਊਟੀਫੁਲ' ਦੀ ਇਕ ਝਲਕ ਅਤੇ (ਸੱਜੇ) ਫਿਲਮਸਾਜ਼ ਰੋਬਰਤੋ ਬੀਨਾਈਨੀ।*

ਫਿਲਮਸਾਜ਼ ਰੋਬਰਤੋ ਬੀਨਾਈਨੀ ਦਾ ਪਿਤਾ ਜਦੋਂ ਖੁਦ ਨਾਜ਼ੀ ਕੈਂਪ ਵਿਚੋਂ ਬਚ ਕੇ ਆਉਂਦਾ ਹੈ ਤਾਂ ਬੱਚਿਆਂ ਦੇ ਕੋਮਲ ਦਿਲਾਂ ਨੂੰ ਸੱਟ ਲੱਗਣ ਤੋਂ ਡਰਦਾ ਉਨ੍ਹਾਂ ਨੂੰ ਕੈਂਪ ਵਿਚਲੀਆਂ ਅਣ-ਮਨੁੱਖੀ ਹਾਲਤਾਂ ਅਤੇ ਤਸੀਹਿਆਂ ਦੀਆਂ ਤਰਾਸਦੀਆਂ ਨੂੰ ਹਾਸੇ-ਤਮਾਸ਼ੇ ਵਾਲੀਆਂ ਕਹਾਣੀਆਂ ਵਿਚ ਤਬਦੀਲ ਕਰ ਕੇ ਸੁਣਾਉਂਦਾ ਹੈ। ਆਪਣੇ ਪਿਤਾ ਦੀ ਜੀਵਨ ਜਾਚ 'ਤੇ ਟਿੱਪਣੀ ਕਰਦਿਆਂ ਫਿਲਮਸਾਜ਼ ਰੋਬਰਤੋ ਬੀਨਾਈਨੀ ਆਖਦਾ ਹੈ, "ਕੀ ਹੱਸਣਾ ਤੇ ਰੋਣਾ ਆਤਮਾ ਦੇ ਇੱਕੋ ਹਿੱਸੇ ਵਿਚੋਂ ਨਹੀਂ ਆਉਂਦਾ? ਮੈਂ ਕਹਾਣੀਕਾਰ ਹਾਂ; ਮੇਰਾ ਅੰਤਿਮ ਮੰਤਵ ਖੂਬਸੂਰਤੀ ਤੇ ਕਵਿਤਾ ਤੱਕ ਪਹੁੰਚਣਾ ਹੈ, ਇਸ ਨਾਲ ਕੀ ਫਰਕ ਪੈਂਦਾ ਹੈ ਕਿ ਮੈਂ ਇਸ ਤੱਕ ਹੱਸਦੇ-ਹੱਸਦੇ ਪਹੁੰਚਦਾ ਹਾਂ ਜਾਂ ਗਮਗੀਨ ਹੋ ਕੇ। ਇੱਕ ਨੁਕਤੇ ਤੋਂ ਅੱਗੇ ਗਮ ਅਤੇ ਖੁਸ਼ੀ ਇੱਕੋ ਸਿੱਕੇ ਦੇ ਦੋ ਪਾਸੇ ਹੋ ਜਾਂਦੇ ਹਨ।"


ਫਿਲਮ ਬਣਾਉਣ ਦਾ ਕੰਮ ਸ਼ੁਰੂ ਹੁੰਦਿਆਂ ਹੀ ਰੋਬਰਤੋ ਬੀਨਾਈਨੀ ਦੇ ਦੋਸਤਾਂ ਨੇ ਉਸ ਨੂੰ ਅਜਿਹੀ ਫਿਲਮ ਬਣਾਉਣ ਤੋਂ ਵਰਜਣਾ ਸ਼ੁਰੂ ਕਰ ਦਿੱਤਾ। ਬਹੁਤ ਹੱਦ ਤੱਕ ਉਨ੍ਹਾਂ ਦੀ ਫਿਕਰ ਜਾਇਜ਼ ਵੀ ਸਨ। ਉਸ ਦੇ ਦਰਸ਼ਕਾਂ ਵਿਚ ਉਸ ਦਾ ਅਕਸ ਕਾਮੇਡੀਅਨ ਅਦਾਕਾਰ ਵਾਲਾ ਸੀ। ਉਹ ਯਹੂਦੀ ਨਹੀਂ ਸੀ। ਉਸ ਦੇ ਕੰਮ-ਕਾਜ ਦਾ ਦਾਇਰਾ ਅਤੇ ਖੇਤਰ ਇਸ ਤਰ੍ਹਾਂ ਦੇ ਕੰਮ ਨਾਲ ਵਾਰਾ ਨਹੀਂ ਸੀ ਖਾਂਦਾ। ਇਸ ਦੇ ਬਾਵਜੂਦ ਉਸ ਨੇ ਹਰ ਕਿਸਮ ਦਾ ਜੋਖਮ ਉਠਾਉਂਦੇ ਹੋਏ ਇਸ ਫਿਲਮ ਨੂੰ ਨਾ ਸਿਰਫ ਮੁਕੰਮਲ ਕੀਤਾ ਬਲਕਿ ਉਸ ਨੇ ਇਸ ਫਿਲਮ ਵਿਚਲੇ ਆਪਣੇ ਕਿਰਦਾਰ ਨੂੰ ਅਮਰ ਕਰ ਦਿੱਤਾ।

ਇਹ ਫਿਲਮ ਹੋਰ ਵੀ ਕਈ ਪੱਖਾਂ ਤੋਂ ਬੇਹੱਦ ਮਹਤੱਵਪੂਰਨ ਹੈ। ਸਾਰੀ ਫਿਲਮ ਵਿਚ ਅਜਿਹੇ ਬਹੁਤ ਸਾਰੇ ਦ੍ਰਿਸ਼ ਹਨ ਜਿਹੜੇ ਨਾਜ਼ੀ ਕੈਂਪਾਂ ਅੰਦਰਲੀ ਬਰਬਰਤਾ ਅਤੇ ਜ਼ੁਲਮ ਨੂੰ ਦਰਸ਼ਕਾਂ ਦੀਆਂ ਅੱਖਾਂ ਅੱਗੇ ਸਾਕਾਰ ਕਰ ਦਿੰਦੇ ਹਨ। ਫਿਲਮ ਵਿਚ ਮੁੱਖ ਕਿਰਦਾਰ ਵਜੋਂ ਪਿਉ ਨੇ ਆਪਣੇ ਛੋਟੇ ਮੁੰਡੇ ਨੂੰ ਨਾਜ਼ੀ ਕੈਂਪ ਵਿਚ ਹੁੰਦੀਆਂ ਗਤੀਵਿਧੀਆਂ ਬਾਰੇ ਇਹ ਪੱਕਾ ਯਕੀਨ ਦਿਵਾਇਆ ਹੋਇਆ ਹੈ ਕਿ ਇਹ ਸਾਰਾ ਕੁਝ ਇੱਕ ਖੇਡ ਦਾ ਹਿੱਸਾ ਹੈ ਅਤੇ ਜਰਮਨ ਜੇਲ੍ਹਰਾਂ ਤੋਂ ਲੈ ਕੇ ਕੈਦੀਆਂ ਤੱਕ ਸਾਰੇ ਆਪੋ-ਆਪਣੇ ਹਿੱਸੇ ਦੀ ਅਦਾਕਾਰੀ ਕਰ ਰਹੇ ਹਨ। ਸਾਰਿਆਂ ਨੇ ਆਪਣਾ ਰੋਲ ਬਹੁਤ ਚੰਗੀ ਤਰ੍ਹਾਂ ਰਟਿਆ ਹੋਇਆ ਹੈ ਅਤੇ ਜੇ ਕੋਈ ਇਸ ਰੋਲ ਤੋਂ ਇਨਕਾਰ ਕਰੇਗਾ ਤਾਂ ਨਾ ਸਿਰਫ ਉਸ ਦੀ ਹਾਰ ਹੋਵੇਗੀ ਸਗੋਂ ਉਹ ਖੂਬਸੂਰਤ ਤੇ ਮਜ਼ਬੂਤ ਫੌਜੀ ਟੈਂਕ ਜਿੱਤਣ ਤੋਂ ਵੀ ਵਾਂਝਾ ਰਹਿ ਜਾਵੇਗਾ। ਕਿਉਂਕਿ ਉਸ ਨਿੱਕੇ ਬੱਚੇ ਦੀ ਮਾਂ ਉਨ੍ਹਾਂ ਤੋਂ ਅਲੱਗ ਬੈਰਕ ਵਿਚ ਮਸ਼ੱਕਤ ਕਰ ਰਹੀ ਹੈ, ਪਿਉ ਮੁੰਡੇ ਨੂੰ ਪੱਕਾ ਕਰਦਾ ਹੈ ਕਿ ਉਹ ਕਦੇ ਵੀ ਮਾਂ ਨੂੰ ਮਿਲਣ ਦੀ ਜ਼ਿੱਦ ਨਹੀਂ ਕਰੇਗਾ, ਭੁੱਖ ਲੱਗਣ 'ਤੇ ਰੋਏਗਾ ਨਹੀਂ, ਕਿਸੇ ਨਾਲ ਆਪਣੇ ਖੇਡ ਵਾਲੇ ਗੁਪਤ ਰਾਜ਼ ਦੀ ਗੱਲ ਸਾਂਝੀ ਨਹੀਂ ਕਰੇਗਾ। ਅੰਦਰੋਂ ਪਿਉ ਨੂੰ ਹਰ ਪਲ ਇਹ ਧੜਕੂ ਲੱਗਾ ਰਹਿੰਦਾ ਹੈ ਕਿ ਕਿਸੇ ਵੀ ਪਲ ਉਸ ਦਾ ਬੱਚਾ ਜਾਂ ਉਸ ਦੀ ਪਤਨੀ ਦੀ ਮੌਤ ਦੀ ਖਬਰ ਜਾਂ ਉਸ ਦੀ ਖੁਦ ਦੀ ਮੌਤ ਹੋ ਸਕਦੀ ਹੈ ਪਰ ਕਾਇਰਤਾ ਅਤੇ ਰੋਂਦੇ-ਰੋਂਦੇ ਮਰਨਾ ਉਸ ਨੂੰ ਮਨਜ਼ੂਰ ਨਹੀਂ। ਫਿਲਮ ਦੇ ਇੱਕ ਦ੍ਰਿਸ਼ ਵਿਚ ਛੋਟੇ ਬੱਚਿਆਂ (ਕਿਉਂਕਿ ਉਹ ਭਾਰਾ ਕੰਮ ਕਰਨ ਦੇ ਯੋਗ ਨਹੀਂ) ਨੂੰ ਗੈਂਸ ਚੈਂਬਰ ਵਿਚ ਲਿਜਾਇਆ ਜਾ ਰਿਹਾ ਹੈ। ਇਹ ਛੋਟਾ ਮੁੰਡਾ ਜਾਣ ਤੋਂ ਮਨ੍ਹਾ ਕਰਦਾ ਹੈ, ਕਿਉਂਕਿ ਉਸ ਨੂੰ ਨਹਾਉਣਾ ਪਸੰਦ ਨਹੀਂ। ਇਸ ਲਈ ਉਹ ਪਿਤਾ ਨਾਲ ਲੰਮੀ ਬਹਿਸ ਕਰਦਾ ਹੈ। ਪਿਤਾ ਇਸ ਭੁਲੇਖੇ ਵਿਚ ਹੈ ਕਿ ਨਾਜ਼ੀ ਘੱਟੋ-ਘੱਟ ਬੱਚਿਆਂ ਨੂੰ ਜ਼ਰੂਰ ਬਖਸ਼ ਦੇਣਗੇ, ਤੇ ਹੋ ਸਕਦਾ ਹੈ ਕਿ ਉਨ੍ਹਾਂ ਦੇ 'ਨਹਾਉਣ' ਦਾ ਅਰਥ ਨਹਾਉਣਾ ਹੀ ਹੋਵੇ ਪਰ ਉਸ ਨੂੰ ਇਹ ਨਹੀਂ ਪਤਾ ਕਿ ਫਾਸ਼ੀਵਾਦ ਦੀ ਤਾਂ ਬੁਨਿਆਦ ਹੀ ਝੂਠ ਅਤੇ ਨਫਰਤ 'ਤੇ ਟਿਕੀ ਹੋਈ ਹੈ ਅਤੇ ਜਰਮਨਾਂ ਦਾ ਮੁੱਖ ਨਿਸ਼ਾਨਾ ਯਹੂਦੀ ਬੱਚੇ ਹੀ ਹਨ। ਉਹ ਯਹੂਦੀਆਂ ਦਾ ਬੀਜ ਹੀ ਇਸ ਧਰਤੀ ਤੋਂ ਨਾਸ਼ ਕਰਨਾ ਚਾਹੁੰਦੇ ਹਨ। ਪਿਤਾ ਬੱਚੇ ਨੂੰ ਨਹਾਉਣ ਜਾਣ ਲਈ ਮਨਾਉਂਦਾ ਹੈ ਪਰ ਬੱਚਾ ਆਪਣੀ ਚੁਸਤੀ ਨਾਲ ਇਸ ਨੂੰ ਟਾਲ ਜਾਂਦਾ ਹੈ। ਦੂਜੇ ਪਾਸੇ ਬੱਚੇ ਦੀ ਮਾਂ ਨੂੰ ਗੇਟ 'ਤੇ ਤਾਇਨਾਤ ਨਾਜ਼ੀ ਔਰਤ ਜੇਲ੍ਹਰ ਚੰਗੀ ਲੱਗਦੀ ਹੈ, ਕਿਉਂਕਿ ਉਹ ਬਜ਼ੁਰਗ ਔਰਤਾਂ ਅਤੇ ਬੱਚਿਆਂ ਨੂੰ ਕੰਮ 'ਤੇ ਲਗਾਉਣਾ ਦੀ ਬਿਜਾਏ 'ਨਹਾਉਣ-ਧੋਣ' ਲਈ ਭੇਜਦੀ ਹੈ। ਉਸ ਨੂੰ ਉਸ ਦੀ ਦੋਸਤ ਦੱਸਦੀ ਹੈ ਕਿ ਇਸ ਦਾ ਅਸਲ ਅਰਥ ਕੀ ਹੈ! ਇਹ ਸੁਣਦਿਆਂ ਹੀ ਉਸ ਦੀ ਸਾਰੀ ਦੁਨੀਆ ਢਹਿ-ਢੇਰੀ ਹੋ ਜਾਂਦੀ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਉਸ ਦਾ ਮੁੰਡਾ ਵੀ ਕਿਸੇ ਦਿਨ ਇਸੇ ਹੋਣੀ ਦਾ ਸ਼ਿਕਾਰ ਹੋਏਗਾ। ਇਨ੍ਹਾਂ ਦ੍ਰਿਸ਼ਾਂ ਰਾਹੀਂ ਸਰੀਰਕ ਜ਼ੁਲਮ ਤੋਂ ਅਗਾਂਹ ਫਾਸ਼ੀਵਾਦੀ ਪ੍ਰਬੰਧ ਦੇ ਕਿਰਦਾਰ ਨੂੰ ਨੰਗਾ ਕੀਤਾ ਗਿਆ ਹੈ ਜਿਹੜਾ ਨਿਹੱਥਿਆਂ ਤੇ ਬੇਵਸਾਂ ਦਾ ਸ਼ਿਕਾਰ ਕਰਦਾ ਹੈ ਅਤੇ ਕਮਜ਼ੋਰਾਂ ਤੇ ਗਰੀਬਾਂ ਨੂੰ ਆਪਣਾ ਪਹਿਲਾ ਨਿਸ਼ਾਨਾ ਬਣਾਉਂਦਾ ਹੈ। ਦੂਜੇ ਪਾਸੇ ਫਿਲਮ ਵਿਚ ਨਾਜ਼ੀਆਂ ਦੀ ਬਦਚਲਨੀ ਤੇ ਭ੍ਰਿਸ਼ਟਾਚਾਰ ਦੇ ਬਹੁਤ ਸਾਰੇ ਸਿੱਧੇ ਬਿਰਤਾਂਤ ਹਨ ਜਿੱਥੇ ਉਹ ਨਸਲੀ ਦੰਭ ਤੇ ਉਚਤਾ ਦੇ ਗਰੂਰ ਵਿਚ ਚੂਰ ਯਹੂਦੀਆਂ ਨਾਲ ਪਸ਼ੂਆਂ ਵਾਂਗ ਵਰਤਾਉ ਕਰਦੇ ਹਨ। ਕੈਂਪ ਦੀ ਬਣਤਰ ਅਤੇ ਉਸ ਵਿਚ ਹੁੰਦੀਆਂ ਕਾਰਵਾਈਆਂ ਤੇ ਗਤੀਵਿਧੀਆਂ ਤਸੀਹੇ ਦੇਣ ਅਤੇ ਮਨੁੱਖਾਂ ਨੂੰ ਜ਼ਿਬਾਹ ਕਰਨ ਲਈ ਤਿਆਰ ਕੀਤੀਆਂ ਗੰਦੀਆਂ, ਹਨੇਰੀਆਂ ਤੇ ਬੇਢਬੀਆਂ ਬੇਰੰਗ ਥਾਂਵਾਂ ਹਨ ਜਿਨ੍ਹਾਂ ਵਿਚ ਕਦੇ ਵੀ ਸੂਰਜ ਦੀ ਧੁੱਪ ਅਤੇ ਤਾਜ਼ੀ ਹਵਾ ਨਹੀਂ ਪਹੁੰਚਦੀ। ਸੌਣ ਦੀਆਂ ਥਾਂਵਾਂ ਅਤੇ ਬਿਸਤਰ ਅਜਿਹੀਆਂ ਤੰਗ ਤੇ ਘੁੱਟਵੀਂ ਜਗਾਹ ਵਿਚ ਬਣਾਏ ਗਏ ਹਨ ਜਿੱਥੇ ਸਿਰਫ ਉਦਾਸੀ ਤੇ ਨਿਰਾਸ਼ਾ ਦਾ ਪਸਾਰਾ ਹੋ ਸਕਦਾ ਹੈ। ਕੈਦੀਆਂ ਦੇ ਭਾਂਡਿਆਂ ਤੋਂ ਕੱਪੜਿਆਂ ਤੱਕ ਹਰ ਚੀਜ਼ ਵਿਚੋਂ ਨਾਜ਼ੀਆਂ ਨੇ ਜ਼ਿੰਦਗੀ ਦਾ ਹਰ ਤੱਤ ਜਿਵੇਂ ਨਚੋੜ ਲਿਆ ਹੈ। ਉਨ੍ਹਾਂ ਦਾ ਕੰਮ ਕਰਾਉਣ ਦਾ ਤਰੀਕਾ ਅਤੇ ਵਰਤਾਉ ਜ਼ਲੀਲ ਕਰਨ ਵਾਲਾ ਅਤੇ ਯਹੂਦੀਆਂ ਦੀਆਂ ਜ਼ਿੰਦਗੀਆਂ ਨਾਲ ਖਿਡਾਉਣਿਆਂ ਵਾਂਗ ਖੇਡਣ ਵਾਲਾ ਹੈ। ਹਰ ਨਾਜ਼ੀ ਅਫਸਰ ਤੇ ਕਰਮਚਾਰੀ ਨੂੰ ਇਹ ਹੱਕ ਹੈ ਕਿ ਉਹ ਜਿਵੇਂ ਚਾਹੇ ਕਿਸੇ ਵੀ ਕੈਦੀ ਨੂੰ ਕਿਤੇ ਵੀ ਗੋਲੀ ਮਾਰ ਸਕਦਾ ਹੈ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੇ ਮਾਮਲਿਆਂ ਵਿਚ ਇਹ ਸਾਰਾ ਕੁਝ ਹੋਰ ਵੀ ਦਰਦਨਾਕ ਹੋ ਨਿਬੜਦਾ ਹੈ। ਅਜਿਹੀਆਂ ਹਾਲਤਾਂ ਵਿਚ ਇੱਕ ਪਿਉ ਕਿਵੇਂ ਆਪਣੇ ਬੱਚੇ ਵਿਚ ਭਵਿੱਖ ਦੀ ਉਮੀਦ ਤੇ ਖੁਸ਼ੀ ਨੂੰ ਬਚਾਈ ਰੱਖਦਾ ਹੈ, ਇਸ ਨੂੰ ਸਮਝਣ ਲਈ ਇਸ ਫਿਲਮ ਨੂੰ ਦੇਖਣਾ ਜ਼ਰੂਰੀ ਹੈ। ਜਦੋਂ ਨਾਜ਼ੀ ਅਫਸਰ ਉਸ ਨੂੰ ਗੋਲੀ ਮਾਰਨ ਲਈ ਲਿਜਾ ਰਿਹਾ ਹੈ, ਤਦ ਵੀ ਉਹ ਆਪਣੇ ਬੱਚੇ ਸਾਹਮਣੇ ਝੂਠੀ ਪਰੇਡ ਕਰਦਿਆਂ ਗੁਜ਼ਰਦਾ ਹੈ ਤਾਂ ਕਿ ਉਸ ਦਾ ਬੱਚਾ ਉਦਾਸ ਨਾ ਹੋ ਜਾਵੇ।




*'ਲਾਈਫ ਇਜ਼ ਬਿਊਟੀਫੁਲ' ਦਾ ਪੋਸਟਰ।*

ਫਿਲਮ ਦੇ ਆਖਰੀ ਦ੍ਰਿਸ਼ਾਂ ਵਿਚ ਬੱਚਾ ਆਪਣੇ ਲੁਕਣ ਵਾਲੇ ਬਕਸੇ ਵਿਚੋਂ ਬਾਹਰ ਆਉਂਦਾ ਹੈ। ਉਸ ਨੂੰ ਨਹੀਂ ਪਤਾ ਕਿ ਉਸ ਦਾ ਪਿਉ ਮਾਰਿਆ ਜਾ ਚੁੱਕਾ ਹੈ। ਉਸ ਨੂੰ ਸਮਝ ਹੈ ਕਿ ਇਸ ਖੇਡ ਵਿਚ ਜਲਾਦਾਂ ਦਾ ਰੋਲ ਨਿਭਾਉਣ ਵਾਲੇ ਕੈਂਪ ਛੱਡ ਕੇ ਭੱਜ ਚੁੱਕੇ ਹਨ। ਜਦੋਂ ਲਾਲ ਸੈਨਾ ਦਾ ਅਫਸਰ ਉਸ ਨੂੰ ਆਪਣੇ ਟੈਂਕ ਉਤੇ ਬਿਠਾ ਕੇ ਸ਼ਹਿਰ ਵਿਚ ਗੇੜੀ ਦਿੰਦਾ ਹੈ ਤਾਂ ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਅਸੀਂ ਹਿਟਲਰ ਨੂੰ ਆਖਰ ਹਰਾ ਦਿੱਤਾ ਹੈ। ਸ਼ਾਇਦ ਉਸ ਨੂੰ ਬਹੁਤ ਸਾਲਾਂ ਬਾਅਦ ਇਹ ਅਹਿਸਾਸ ਹੋਵੇ ਕਿ ਉਸ ਦੇ ਜ਼ਿੰਦਾਦਿਲ ਪਿਉ ਤੇ ਮਨੁੱਖਤਾ ਨੇ ਇਸ ਜਿੱਤ ਦੀ ਕਿੰਨੀ ਵੱਡੀ ਕੀਮਤ ਅਦਾ ਕੀਤੀ ਹੈ।


*ਫਿਲਮ 'ਲਾਈਫ ਇਜ਼ ਬਿਊਟੀਫੁੱਲ' ਦੇ ਤਿੰਨ ਵੱਖ-ਵੱਖ ਦ੍ਰਿਸ਼।*

# ਗਾਖਲ ਭਰਾਵਾਂ ਅਤੇ ਸਮੂਹ ਪਰਿਵਾਰ ਵਲੋਂ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ' ਦਾ ਨਿਹੋਰਾ ਦੇਣ ਵਾਲੇ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ


## 551ਵੇਂ ਪ੍ਰਕਾਸ਼ ਪੁਰਬ ਦੀ

## ਕੁਲ ਲੋਕਾਈ ਨੂੰ ਪ੍ਰਥਮ ਪਾਤਸ਼ਾਹ

# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

# A & I Transport Inc.

123 E Lee Rd Watsonville, CA Ph: 831-763-7805

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

# ਸਿੱਖ ਧਰਮ ਦੇ ਬਾਨੀ
# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
# 551ਵੇਂ ਪ੍ਰਕਾਸ਼ ਪੁਰਬ ਦੀ
# ਕੁਲ ਲੋਕਾਈ ਨੂੰ
# ਕੋਟਾਨਿ ਕੋਟਿ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਅਤੇ ਪਰਿਵਾਰ



ਜੈਦੇਵ ਸਿੰਘ (ਸੱਤੀ) ਭੱਠਲ, ਸ਼ਿਕਾਗੋ
ਅਤੇ ਪਰਿਵਾਰ



ਸੁਖਰਾਜ ਸਿੰਘ ਤੱਖਰ, ਸ਼ਿਕਾਗੋ
ਅਤੇ ਪਰਿਵਾਰ

## Major Gurcharn Singh Jhaj
## Jaidev Singh Bhattal & Sukhraj Singh Takher

***Humble Sewadars of Baba Iqbal Singh Ji and The Kalgidhar Society, Baru Sahib***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com